
ਜਾਰੜੇ ਦਾ ਸੱਚਰ



ਗਿਆਨੀ ਭਜਨ ਸਿੰਘ

(ਨਾਵਲ)

ISBN 81-7205-182-4

ਪਹਿਲੀ ਵਾਰ ਅਗਸਤ 1959
ਚੌਥੀ ਵਾਰ ਮਾਰਚ 1997
ਪੰਜਵੀਂ ਵਾਰ ਸਤੰਬਰ 2001

ਮੁੱਲ : 50-00

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਜਾਣ-ਪਛਾਣ

ਪੰਜਾਬੀ ਦੇ ਉੱਘੇ ਨਾਵਲਕਾਰ ਤੇ ਪੱਤਰਕਾਰ ਡਾ. ਗਿਆਨੀ ਭਜਨ ਸਿੰਘ ਨੇ ਜੀਵਨ ਦੇ ਹਰ ਖੇਤਰ ਵਿਚ ਛੋਟੀ ਉਮਰੇ ਹੀ ਜਿਹੜੀਆਂ ਸਫਲਤਾਵਾਂ ਪ੍ਰਾਪਤ ਕੀਤੀਆਂ, ਉਹਨਾਂ ਨੂੰ ਵੇਖ ਕੇ ਹਰ ਕੋਈ ਅਨੁਮਾਨ ਲਾ ਸਕਦਾ ਹੈ ਕਿ ਅਨੇਕਾਂ ਜਮਾਂਦਰੂ ਗੁਣਾਂ ਦੇ ਫਲਸਰੂਪ ਥੋੜ੍ਹੇ ਸਾਲਾਂ ਵਿਚ ਹੀ ਇਹ ਪੰਜਾਬ ਦੇ ਹਰਮਨ-ਪਿਆਰੇ ਵਿਅਕਤੀ ਬਣ ਗਏ ਹਨ।

ਡਾ. ਗਿਆਨੀ ਭਜਨ ਸਿੰਘ ਦਾ ਜਨਮ 14 ਫ਼ਰਵਰੀ 1934 ਨੂੰ ਪਿੰਡ ਪਿੰਨਨਵਾਲ ਜ਼ਿਲ੍ਹਾ ਜੇਹਲਮ (ਹੁਣ ਪਾਕਿਸਤਾਨ) ਵਿਚ ਸਰਦਾਰ ਰਵੇਲ ਸਿੰਘ ਦੇ ਘਰ ਹੋਇਆ। ਪੜ੍ਹਾਈ ਦਾ ਆਰੰਭ ਇਹਨਾਂ ਜੇਹਲਮ ਸ਼ਹਿਰ ਤੋਂ ਕੀਤਾ ਪਰ ਫਿਰ ਮਾਂਗਟ, (ਸ਼ੇਖ਼ੂਪੁਰਾ) ਸਾਂਗਲਾਂ ਹਿਲ, ਦਸੂਹਾ (ਜ਼ਿਲ੍ਹਾ ਲਾਇਲਪੁਰ) ਲਾਇਲਪੁਰ ਸ਼ਹਿਰ, ਅੰਬਾਲਾ ਸ਼ਹਿਰ ਤੇ ਜਲੰਧਰ ਵਿਚ ਪੜ੍ਹਦੇ ਰਹੇ। ਅਜੇ ਸਕੂਲ ਵਿਚ ਹੀ ਪੜ੍ਹਦੇ ਸਨ, ਜਦੋਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਬਸ ਇਹ ਬਾਲ-ਕਹਾਣੀਆਂ ਹੀ ਡਾ. ਗਿਆਨੀ ਭਜਨ ਸਿੰਘ ਦੀ ਸਾਹਿਤ ਰਚਨਾ ਦਾ ਪੜੁਲ ਬਣੀਆਂ।

ਡਾ. ਗਿਆਨੀ ਭਜਨ ਸਿੰਘ ਵਿਚ ਸਵੈ-ਭਰੋਸਾ ਬੇਹੱਦ ਹੈ। ਜਿਹੜੇ ਵੀ ਕੰਮ ਨੂੰ ਹੱਥ ਪਾਉਣ,ਉਹਨਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਅਵੱਸ਼ ਸਿਰੇ ਚੜ੍ਹਾ ਲੈਣਗੇ। ਇਹਨਾਂ ਦੀ ਉਮਰ ਛੇ ਸੱਤ ਸਾਲ ਦੀ ਹੋਵੇਗੀ, ਜਦੋਂ ਵੱਡੇ ਦਾਨਿਆਂ ਵਾਂਗ ਘਰ ਦੀਆਂ ਲੋੜ ਦੀਆਂ ਚੀਜ਼ਾਂ ਇਕੱਠੀਆਂ ਮਹੀਨੇ ਭਰ ਲਈ ਖ਼ਰੀਦ ਕੇ ਲੈ ਆਉਂਦੇ ਸਨ। ਛੇਵੀਂ ਵਿਚ ਪੜ੍ਹਦਿਆਂ ਇਹਨਾਂ ਸਟੇਜ 'ਤੇ ਬੋਲਣਾ ਸ਼ੁਰੂ ਕਰ ਦਿੱਤਾ ਤੇ ਤੇਰ੍ਹਾਂ ਸਾਲ ਦੀ ਆਯੂ ਤਕ ਇਹ ਵੱਡੇ ਭਾਸ਼ਨਕਾਰਾਂ ਵਾਂਗ ਘੰਟਾ ਘੰਟਾ ਸਟੇਜ ਤੋਂ ਭਾਸ਼ਨ ਦੇਣ ਲੱਗ ਪਏ। ਹਜ਼ਾਰਾਂ ਲੋਕਾਂ ਸਾਹਮਣੇ ਸਵੈ-ਭਰੋਸੇ ਤੋਂ ਬਿਨਾਂ ਕੋਈ ਇਕ ਵਾਕ ਵੀ ਨਹੀਂ ਕਹਿ ਸਕਦਾ।

ਮੁੱਢਲਾ ਜੀਵਨ ਇਹਨਾਂ ਪਿੰਡ ਵਿਚ ਰਹਿ ਕੇ ਬਿਤਾਇਆ ਤੇ ਇਉਂ ਪੇਂਡੂ ਜੀਵਨ ਬਾਰੇ ਗਿਆਨ ਸਹਿਜ ਸੁਭਾਅ ਮਿਲ ਗਿਆ। ਫਿਰ ਵੱਡੀ ਪੜ੍ਹਾਈ ਲਈ ਸ਼ਹਿਰਾਂ ਵਿਚ

ਰਹਿਣਾ ਪਿਆ ਤੇ ਪੜ੍ਹਾਈ ਛੱਡਦਿਆਂ ਹੀ ਸ਼ਹਿਰਾਂ ਵਿਚ ਰਹਿ ਕੇ ਕਾਰ-ਵਿਹਾਰ ਆਰੰਭਿਆ। ਸ਼ਹਿਰੀ ਤੇ ਪੇਂਡੂ ਦੋਹਾਂ ਤਰ੍ਹਾਂ ਦੇ ਜੀਵਨ ਬਾਰੇ ਡਾ. ਗਿਆਨੀ ਭਜਨ ਸਿੰਘ ਦਾ ਅਨੁਭਵ ਆਪਣਾ ਹੈ। ਅੱਜ-ਕਲ੍ਹ ਆਪ ਦਿੱਲੀ ਤੇ ਜਲੰਧਰ ਵਿਚ ਬਹੁਤਾ ਸਮਾਂ ਰਹਿੰਦੇ ਹਨ।

ਨਿੱਕੇ ਹੁੰਦਿਆਂ ਤੋਂ ਧਰਮ ਦਾ ਜਜ਼ਬਾ, ਇਤਿਹਾਸ ਪੜ੍ਹਨ ਦੀ ਲਗਨ ਤੇ ਸਾਹਿਤ ਨਾਲ ਸਨੇਹ ਰਿਹਾ। ਇਹ ਸ਼ੌਕ ਹੀ ਗਿਆਨੀ ਜੀ ਨੂੰ ਲੇਖਕ ਬਣਾਉਣ ਵਾਲਾ ਹੈ। ਕਹਾਣੀਆਂ ਸੁਣਨ ਤੇ ਸੁਣਾਉਣ ਦਾ ਚਸਕਾ ਤੇ ਦੂਜੇ ਮਨੁੱਖਾਂ ਦੇ ਜੀਵਨ ਵਲ ਹਰ ਵੇਲੇ ਨੀਝ ਰੱਖਣੀ ਅਜਿਹੇ ਗੁਣ ਸਨ ਕਿ ਜਿਨ੍ਹਾਂ ਗੱਲਾਂ ਦਾ ਆਪ ਅਨੁਭਵ ਨਹੀਂ, ਉਹ ਵੀ ਛੋਟੀ ਉਮਰ ਵਿਚ ਹੀ ਸਮਝ ਆ ਗਈਆਂ। ਜੀਵਨ ਨੂੰ ਘੋਖਣਾ ਤੇ ਹਰ ਜੀਵਨ ਬਾਰੇ ਆਪਣਾ ਇਕ ਨਿਸਚਿਤ ਵਿਚਾਰ ਬਣਾਣਾ, ਗਿਆਨੀ ਜੀ ਦੇ ਸੁਭਾਅ ਦਾ ਅੰਗ ਹੈ।

ਪੜ੍ਹਾਈ ਦੇ ਸਮੇਂ ਵਿਚ ਹੀ ਰਾਜਨੀਤੀ ਦੀ ਚੇਟਕ ਲੱਗੀ ਤੇ ਸਕੂਲ ਪੜ੍ਹਦਿਆਂ ਹੀ ਕੌਮੀ ਅੰਦੋਲਨਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਕ ਰਾਜਸੀ ਪਾਰਟੀ ਦੇ ਜ਼ਿਲ੍ਹਾ ਯੂਨਿਟ ਦੇ ਦੋ ਸਾਲ ਪ੍ਰਧਾਨ ਰਹੇ। ਜਲੰਧਰ ਵਿਚ ਪਹਿਲੀ ਸਰਬ ਹਿੰਦ ਪੰਜਾਬੀ ਲੇਖਕ ਕਾਨਫ਼ਰੰਸ ਦੇ ਪ੍ਰਬੰਧਕ ਬਣੇ ਅਤੇ ਅਨੇਕਾਂ ਹੋਰ ਸਭਾ ਸੁਸਾਇਟੀਆਂ ਦੇ ਅਹੁਦੇਦਾਰ ਬਣਦੇ ਰਹੇ ਹਨ। ਆਪ ਕੁਝ ਸਾਲ ਪੰਜਾਬ ਵਰਕਿੰਗ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਭੀ ਰਹੇ ਹਨ।

ਪੜ੍ਹਾਈ ਖ਼ਤਮ ਕਰਨ ਪਿੱਛੋਂ ਆਪ ਗਿਆਨੀ ਦੀਆਂ ਕਲਾਸਾਂ ਪੜ੍ਹਾਉਣ ਲੱਗ ਪਏ ਤੇ ਇਥੋਂ ਹੀ ਆਪ ਦੇ ਨਾਂ ਨਾਲ ਗਿਆਨੀ ਸ਼ਬਦ ਜੁੜ ਗਿਆ। ਅਠਾਰ੍ਹਾਂ ਸਾਲ ਆਪ ਪੰਜਾਬੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ। ਪੰਜਾਬੀ ਦੀਆਂ ਆਨਰਜ਼ ਜਮਾਤਾਂ ਨੂੰ ਪੜ੍ਹਾਉਣਾ ਗਿਆਨੀ ਜੀ ਦਾ ਮਨ-ਪਸੰਦ ਕੰਮ ਸੀ। ਇਹਦੇ ਨਾਲ ਹੀ 1951 ਵਿਚ ਗਿਆਨੀ ਜੀ ਨੇ ਪੱਤਰਕਾਰੀ ਨੂੰ ਆਪਣਾ ਜੀਵਨ ਨਿਰਬਾਹ ਦਾ ਸਾਧਨ ਬਣਾਇਆ ਤੇ ਉਦੋਂ ਤੋਂ ਲਗਾਤਾਰ ਆਪ ਪੰਜਾਬੀ ਦੇ ਰੋਜ਼ਾਨਾ ਅਖ਼ਬਾਰਾਂ ਵਿਚ ਜਰਨਲਿਸਟ ਦੇ ਤੌਰ 'ਤੇ ਕੰਮ ਕਰਦੇ ਰਹੇ ਹਨ। ਆਪ ਨੇ ਹੁਣ ਤਕ ਰੋਜ਼ਾਨਾ ਪੰਥ ਸੇਵਕ, ਰੋਜ਼ਾਨਾ ਅਕਾਲੀ, ਰੋਜ਼ਾਨਾ ਜਥੇਦਾਰ ਜਲੰਧਰ, ਰੋਜ਼ਾਨਾ ਅੰਮ੍ਰਿਤ ਪੱਤਰਕਾ ਦਿੱਲੀ, ਰੋਜ਼ਾਨਾ ਕੌਮੀ ਦਰਦ ਜਲੰਧਰ ਵਿਚ ਚੀਫ਼ ਐਡੀਟਰ ਵਜੋਂ ਕੰਮ ਕੀਤਾ ਹੈ। ਇਉਂ ਛਤਾਲੀ ਸਾਲਾਂ ਤੋਂ ਅਖ਼ਬਾਰਾਂ ਵਿਚ ਕੰਮ ਕਰਦਿਆਂ ਆਪ ਨੂੰ ਭਿੰਨ ਭਿੰਨ ਤਰ੍ਹਾਂ ਦੇ ਵਿਸ਼ਿਆਂ 'ਤੇ ਲਿਖਣ ਦਾ ਮੌਕਾ ਮਿਲਿਆ।

ਜਦੋਂ ਰੋਜ਼ਾਨਾ ਅਖ਼ਬਾਰਾਂ ਨੇ ਕਿਸ਼ਤਵਾਰ ਨਾਵਲ ਛਾਪਣ ਦੀ ਪਰੰਪਰਾ ਸ਼ੁਰੂ

ਕੀਤੀ। ਗਿਆਨੀ ਜੀ ਨੇ ਵੀ ਇਸ ਸਮੇਂ ਨਾਵਲ ਲਿਖਣੇ ਸ਼ੁਰੂ ਕੀਤੇ ਜੋ ਪਹਿਲਾਂ ਪਹਿਲ ਅਖ਼ਬਾਰਾਂ ਵਿਚ ਕਿਸ਼ਤਵਾਰ ਪ੍ਰਕਾਸ਼ਤ ਹੁੰਦੇ ਰਹੇ। ਆਪ ਨੇ ਸੰਸਾਰ ਦੇ ਉੱਘੇ ਨਾਵਲਕਾਰਾਂ ਦੀਆਂ ਰਚਨਾਵਾਂ ਦਾ ਅਧਿਅਨ ਕੀਤਾ ਤੇ ਕੁਝ ਮਨ-ਪਸੰਦ ਰਚਨਾਵਾਂ, ਪੰਜਾਬੀ ਵਿਚ ਅਨੁਵਾਦ ਵੀ ਕੀਤੀਆਂ। ਪੁਸਤਕ ਦੇ ਰੂਪ ਵਿਚ ਆਪ ਦੀ ਪਹਿਲੀ ਰਚਨਾ *ਪਹਿਲਾ ਪਿਆਰ* ਪ੍ਰਕਾਸ਼ਤ ਹੋਈ, ਜੋ ਉੱਘੇ ਰੂਸੀ ਨਾਵਲਕਾਰ ਤੁਰਗਨੇਵ ਦੇ ਨਾਵਲਿਟ ਫਸਟ ਲਵ ਦਾ ਅਨੁਵਾਦ ਸੀ। ਉਸ ਪਿੱਛੋਂ ਆਪ ਦੀ ਪਹਿਲੀ ਮੌਲਿਕ ਰਚਨਾ *ਯਾਰੜੇ ਦਾ ਸੱਥਰ* ਅਗਸਤ 1959 ਵਿਚ ਪ੍ਰਕਾਸ਼ਤ ਹੋਈ। ਇਸ ਨਾਵਲ ਦਾ ਪੰਜਾਬੀ ਪਾਠਕਾਂ ਨੇ ਚੰਗਾ ਸਵਾਗਤ ਕੀਤਾ। ਇਸ ਤੋਂ ਉਤਸ਼ਾਹਤ ਹੋ ਕੇ ਕੁਝ ਮਹੀਨਿਆਂ ਵਿਚ ਹੀ ਦੂਜਾ ਨਾਵਲ *ਗਗਨ ਦਮਾਮਾ ਬਾਜਿਓ* ਵੀ ਮਾਰਕੀਟ ਵਿਚ ਆ ਗਿਆ। 1960 ਵਿਚ ਤੀਜਾ ਨਾਵਲ *ਅਨੋਖਾ ਸੂਹੀਆ* ਪ੍ਰਕਾਸ਼ਤ ਹੋਇਆ। ਇਹਦੇ ਪਿੱਛੋਂ *ਮਰਜੀਵੜਾ*, *ਸੂਰਾ ਸੋ* ਤੇ *ਬਲੀਦਾਨ* ਅਗਲੇ ਦੋ ਸਾਲਾਂ ਵਿਚ ਛਪ ਗਏ। ਫਿਰ ਡਾ. ਗਿਆਨੀ ਭਜਨ ਸਿੰਘ ਨੇ ਇਤਿਹਾਸਕ ਨਾਵਲਾਂ ਦੇ ਨਾਲ ਨਾਲ ਸਮਾਜਕ ਤੇ ਯਥਾਰਥਵਾਦੀ ਨਾਵਲ ਵੀ ਲਿਖਣੇ ਸ਼ੁਰੂ ਕਰ ਦਿੱਤੇ। *ਕੰਧ ਉਹਲੇ* ਜੇਲ੍ਹ ਜੀਵਨ ਬਾਰੇ ਬੜਾ ਸੁੰਦਰ ਯਥਾਰਥਵਾਦੀ ਨਾਵਲ ਹੈ। *ਰਿਸ਼ਤਾ*, *ਪੀਡੀ ਗੰਢ*, *ਇਕ ਸਾਲ*, *ਖੰਜਰ ਪਿਆਲਾ*, *ਰਿਕਸ਼ੇ ਵਾਲਾ* ਆਦਿ ਦਰਜਨ ਕੁ ਨਾਵਲ ਅਖ਼ਬਾਰਾਂ ਵਿਚ ਕਿਸ਼ਤਵਾਰ ਪ੍ਰਕਾਸ਼ਤ ਹੋ ਚੁੱਕੇ ਹਨ।

ਡਾ. ਗਿਆਨੀ ਭਜਨ ਸਿੰਘ ਨੂੰ ਇਤਿਹਾਸ ਤੇ ਖ਼ਾਸ ਕਰਕੇ ਪੰਜਾਬ ਦੇ ਇਤਿਹਾਸ ਨਾਲ ਬੇਹਦ ਪਿਆਰ ਹੈ। ਇਸ ਲਈ ਪੱਤਰਕਾਰੀ ਦੇ ਫ਼ਰਜ਼ ਨਿਭਾਉਂਦਿਆਂ ਤੇ ਨਾਵਲ ਲਿਖਣ ਦੇ ਨਾਲ ਨਾਲ ਇਤਿਹਾਸ ਦੀ ਖੋਜ ਵੀ ਕੀਤੀ ਅਤੇ ਲੱਭਦੇ ਇਤਿਹਾਸ ਨੂੰ ਆਪਣੇ ਨਿਰਾਲੇ ਲਿਖਣ ਢੰਗ ਨਾਲ ਨਵੇਂ ਰੂਪ ਵਿਚ ਪੇਸ਼ ਕੀਤਾ। *ਸਾਡੇ ਸ਼ਹੀਦ* ਅਤੇ *ਸਾਡੇ ਜਰਨੈਲ* ਇਤਿਹਾਸਕ ਵਿਅਕਤੀਆਂ ਦੇ ਜੀਵਨ ਚਿੱਤਰ ਹਨ। 1965 ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੋ ਇਤਿਹਾਸਕ ਲੜਾਈ ਹੋਈ, ਇਕ ਪੱਤਰਕਾਰ ਦੇ ਰੂਪ ਵਿਚ ਡਾ. ਗਿਆਨੀ ਭਜਨ ਸਿੰਘ ਲੜਾਈ ਦੇ ਮੁਹਰਲੇ ਮੋਰਚਿਆਂ 'ਤੇ ਜਾ ਕੇ ਬਹੁਤ ਕੁਝ ਅੱਖੀਂ ਵੇਖਦੇ ਰਹੇ, ਬਹੁਤ ਕੁਝ ਅੱਖੀਂ ਵੇਖਣ ਵਾਲਿਆਂ ਤੋਂ ਸੁਣਦੇ ਰਹੇ। ਇਉਂ ਇਹਨਾਂ ਦੀ *ਭਾਰਤ ਪਾਕਿਸਤਾਨ ਜੰਗ* ਪੁਸਤਕ ਇਕ ਵਧੀਆ ਇਤਿਹਾਸਕ ਸਾਮਗ੍ਰੀ ਦੇ ਰੂਪ ਵਿਚ ਸਾਹਮਣੇ ਆਈ। ਇਸੇ ਤਰ੍ਹਾਂ ਬੱਚਿਆਂ ਲਈ ਦਿਲਚਸਪ ਇਤਿਹਾਸਕ ਘਟਨਾਵਾਂ 'ਤੇ ਆਧਾਰਿਤ ਇਕ ਪੁਸਤਕ *ਅਨੋਖਾ ਇਤਿਹਾਸ* ਵੀ ਪ੍ਰਕਾਸ਼ਤ ਹੋਈ।

1968 ਵਿਚ ਡਾ. ਗਿਆਨੀ ਭਜਨ ਸਿੰਘ ਭਾਰਤ ਤੋਂ ਬਾਹਰ ਸੰਸਾਰ ਦੇਖਣ

ਲਈ ਗਏ ਤੇ ਇਸ ਯਾਤਰਾ ਦੌਰਾਨ ਇੰਗਲੈਂਡ, ਅਮਰੀਕਾ, ਕੈਨੇਡਾ, ਜਾਪਾਨ, ਹਾਂਗਕਾਂਗ ਤੇ ਸਿੰਘਾਪੁਰ ਵਿਚ ਜੋ ਕੁਝ ਵੇਖਿਆ, ਉਹਨੂੰ *ਮੇਰੀ ਵਿਦੇਸ਼ ਯਾਤਰਾ* ਪੁਸਤਕ ਵਿਚ ਵਰਣਨ ਕੀਤਾ ਹੈ। ਇਹ ਪੰਜਾਬੀ ਵਿਚ ਇਕ ਵੱਖਰੀ ਕਿਸਮ ਦਾ, ਪਰ ਅਤਿ ਰੌਚਿਕ ਸਫ਼ਰਨਾਮਾ ਹੈ।

ਇਉਂ ਉਮਰ ਦੇ ਤਰੇਂਠ (63) ਸਾਲ ਪੂਰੇ ਕਰਨ ਤਕ ਜਿਥੇ ਪੱਤਰਕਾਰੀ ਦੇ ਖੇਤਰ ਵਿਚ ਛਤਾਲੀ (46) ਸਾਲ ਕਲਮ ਚਲਾਈ ਹੈ ਤੇ ਮਣਾਂ-ਮੂੰਹੀਂ ਅਖ਼ਬਾਰੀ ਕਾਗ਼ਜ਼ ਲਿਖ ਲਿਖ ਕੇ ਭਰਿਆ ਹੈ। ਉਥੇ ਸੈਂਤੀ (37) ਸਾਲਾਂ ਦੀ ਪੁਸਤਕ ਪ੍ਰਕਾਸ਼ਨਾਂ ਦੀ ਆਯੂ ਵਿਚ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਦਾ ਭੰਡਾਰਾ ਵੀ ਭਰਿਆ ਹੈ, ਜਿਨ੍ਹਾਂ 'ਚ ਹੁਣ ਤਕ 21 ਨਾਵਲ ਲਿਖ ਚੁੱਕੇ ਹਨ। ਅਜੇ ਸਾਨੂੰ ਆਸ ਹੈ ਕਿ ਉਮਰ ਦੇ ਅਗਲੇ ਸਾਲਾਂ ਵਿਚ ਇਹਨਾਂ ਨਾਲੋਂ ਵੀ ਹੋਰ ਵਧੇਰੇ ਸਾਹਿਤਕ ਮਹੱਤਤਾ ਵਾਲੀਆਂ ਰਚਨਾਵਾਂ ਦੇਣਗੇ।

ਸਾਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ 'ਸਿੰਘ ਬ੍ਰਦਰਜ਼' ਅੰਮ੍ਰਿਤਸਰ ਵਾਲਿਆਂ ਨੇ *ਯਾਰੜੇ ਦਾ ਸੱਥਰ* ਦੀ ਚੌਥੀ ਐਡੀਸ਼ਨ ਪ੍ਰਕਾਸ਼ਤ ਕਰਨ ਦਾ ਉੱਦਮ ਕੀਤਾ ਹੈ।

ਪ੍ਰੀਤਮ ਘਈ

ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ (ਚੰਡੀਗੜ੍ਹ)
17 ਜੂਨ 1996

ਇਤਿਹਾਸਕ ਨਾਵਲਾਂ ਦੀ ਪਰੰਪਰਾ ਵਿਚ ਵਾਧਾ

ਯਾਰੜੇ ਦਾ ਸੱਥਰ ਜਦੋਂ ਪੜ੍ਹਨਾ ਸ਼ੁਰੂ ਕੀਤਾ ਸੀ ਤਾਂ ਮਨ ਵਿਚ ਕੁਝ ਝਿਜਕ ਸੀ; ਪਰ ਜਦੋਂ ਪੜ੍ਹ ਚੁੱਕਾ, ਮਨ ਨੂੰ ਆਸ ਨਾਲੋਂ ਬਹੁਤ ਜ਼ਿਆਦਾ ਤਸੱਲੀ ਹੋਈ। ਝਿਜਕ ਇਸ ਡਰ ਵਿਚੋਂ ਪੈਦਾ ਹੋਈ ਸੀ ਕਿ ਪਹਿਲਾਂ ਲਿਖੇ ਜਾ ਚੁੱਕੇ ਹੋਰ ਬਹੁਤ ਸਾਰੇ ਇਤਿਹਾਸਕ ਨਾਵਲਾਂ ਵਾਲੀਆਂ ਕਮਜ਼ੋਰੀਆਂ ਦੀ ਭਰਮਾਰ ਇਸ ਨਾਵਲ ਵਿਚ ਵੀ ਹੋਵੇਗੀ। ਪੜ੍ਹਨ ਤੋਂ ਪਿੱਛੋਂ ਡਰ ਨਿਰਮੂਲ ਸਾਬਤ ਹੋਇਆ ਤੇ ਮਹਿਸੂਸ ਹੋਇਆ ਕਿ ਇਸ ਨਾਵਲ ਵਿਚ 'ਕਲਪਣਾ' ਦੀ ਤਾਜ਼ਗੀ ਅਤੇ 'ਵਸਤੂ' ਵੱਲ ਬਹੁਤ ਸਾਰੀਆਂ ਥਾਵਾਂ ਉਤੇ ਲੇਖਕ ਦੇ ਦ੍ਰਿਸ਼ਟੀਕੋਣ ਦੀ ਨਵੀਨਤਾ ਹੈ।

ਇਹ ਨਾਵਲ ਅਠਾਰ੍ਹਵੀਂ ਸਦੀ ਦੀਆਂ ਕੁਝ ਘਟਨਾਵਾਂ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ। ਖਾਰੇ ਉਤੇ ਬੈਠੀ ਇਕ ਮੁਟਿਆਰ ਜੀਤੋ ਨੂੰ ਪੱਟੀ ਦੇ ਮੁਗ਼ਲ ਨਵਾਬ ਜਾਫ਼ਰ ਬੇਗ ਨੇ ਆਪਣੇ ਇਕ ਅਹਿਲਕਾਰ ਰਹੀਮ ਖ਼ਾਨ ਰਾਹੀਂ ਜ਼ਬਰਦਸਤੀ ਚੁਕਵਾ ਲਿਆਂਦਾ। ਤਿੰਨ ਲਾਵਾਂ ਹੀ ਪੜ੍ਹੀਆਂ ਗਈਆਂ ਸਨ। ਚੌਥੀ ਅਜੇ ਪੜ੍ਹੀ ਜਾਣੀ ਸੀ। ਭਾਰਤ ਦੇ ਕਈ ਇਲਾਕਿਆਂ ਵਿਚ ਇਹ ਅਨਿਆਂ-ਭਰੀ ਪ੍ਰਥਾ ਪ੍ਰਚੱਲਤ ਰਹੀ ਹੈ ਕਿ ਰਾਜਾ ਜਾਂ ਉਸ ਦੇ ਅਮੀਰ ਵਜ਼ੀਰ ਇਲਾਕੇ ਦੀ ਹਰ ਸੁੰਦਰੀ ਉਤੇ ਪਹਿਲਾ ਹੱਕ ਆਪਣਾ ਸਮਝਦੇ ਸਨ। ਨਵਾਬ ਜਾਫ਼ਰ ਬੇਗ ਵੀ ਇਹੋ ਸਮਝਦਾ ਹੈ ਤੇ ਇਸ ਉਤੇ ਅਮਲ ਕਰਦਾ ਹੈ। ਉਹ ਜੀਤੋ ਨੂੰ ਹਾਸਲ ਕਰਨ ਲਈ ਜੀਤੋ ਦੇ ਪਿਉ ਸੁਹਣੇ ਸ਼ਾਹ, ਜੋ ਪੱਟੀ ਦੇ ਨੇੜੇ ਹੀ ਇਕ ਪਿੰਡ ਦਾ ਧਨੀ ਆਦਮੀ ਸੀ, ਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਜਦੋਂ ਸੁਹਣੇ ਸ਼ਾਹ ਨਾ ਮੰਨਿਆ ਤੇ ਉਸ ਨੇ 'ਵਾਂ' ਪਿੰਡ ਦੇ ਦਲੇਰ ਤੇ ਚੇਤੰਨ ਮੁੰਡੇ ਦਿਆਲੇ ਨਾਲ ਉਸ ਦਾ ਵਿਆਹ ਰਚਾ ਦਿੱਤਾ, ਤਾਂ ਜਾਫ਼ਰ ਬੇਗ ਨੇ ਅਚਾਨਕ ਧਾਵਾ ਬੋਲ ਕੇ ਜੀਤੋ ਨੂੰ ਚੁਕਵਾ ਲਿਆਂਦਾ। **ਇਹ ਨਾਵਲ ਇਕ ਪ੍ਰਕਾਰ, ਜੀਤੋ ਨੂੰ ਚੁੱਕੇ ਜਾਣ, ਉਸ ਦੇ ਕਸ਼ਟਾਂ ਅਤੇ ਅੰਤ ਵਿਚ ਉਸ ਨੂੰ ਮੁਕਤ ਕਰਾਏ ਜਾਣ ਦੀ ਕਹਾਣੀ ਹੈ।**

ਭਾਈ ਵੀਰ ਸਿੰਘ ਦੇ ਨਾਵਲ *ਸੁੰਦਰੀ* ਵਿਚ ਵੀ, ਜਿਸ ਨਾਲ ਪੰਜਾਬੀ ਵਿਚ

ਇਤਿਹਾਸਕ ਨਾਵਲ ਲਿਖਣ ਦੀ ਪ੍ਰਥਾ ਤੁਰੀ, ਜੀਤੋ ਵਰਗੀ ਇਕ ਮੁਟਿਆਰ ਨੂੰ ਵਿਆਹ ਤੋਂ ਕੁਝ ਦਿਨ ਪਹਿਲਾਂ ਇਕ ਮੁਗ਼ਲ ਸਰਦਾਰ ਵਲੋਂ ਚੁੱਕ ਲਏ ਜਾਣ ਅਤੇ ਸਿੱਖਾਂ ਹੱਥੋਂ ਉਸ ਨੂੰ ਬਚਾਉਣ ਦੀ ਕਹਾਣੀ ਸੀ। ਪਰ ਸੁੰਦਰੀ ਦਾ ਹੋਣ ਵਾਲਾ ਪਤੀ ਉਸ ਦੀ ਸਹਾਇਤਾ ਲਈ ਨਹੀਂ ਆਉਂਦਾ। ਉਸ ਦਾ ਪਿਉ ਵੀ ਮੁਗ਼ਲ ਦਬਾਉ ਅੱਗੇ ਅੜਦਾ ਨਹੀਂ; ਜਿਵੇਂ ਇਹ ਸਭ ਲੋਕ ਬੇਸ਼ਰਮ ਅਤੇ ਕਾਇਰ ਹੋਣ। ਪਰ ਜੀਤੋ ਦਾ ਪਿਉ, ਸੁਹਣੇ ਸ਼ਾਹ ਕਾਫ਼ੀ ਅਣਖੀਲਾ ਹੈ, ਸਭ ਤੋਂ ਵੱਡੀ ਗੱਲ ਇਹ ਹੈ ਕਿ ਆਪਣੇ ਘਰ ਜੰਮੀ ਤੇ ਆਪਣੇ ਹੱਥੀਂ ਪਾਲੀ ਧੀ ਲਈ ਉਸ ਦੇ ਮਨ ਵਿਚ ਬਹੁਤ ਮੋਹ ਹੈ, ਜਿਵੇਂ ਕਿ ਹਰ ਬਾਪ ਦੇ ਮਨ ਵਿਚ ਹੁੰਦਾ ਹੈ, ਤੇ ਧੀ ਵਿਆਹ ਕੇ ਭਾਵੇਂ ਉਸ ਨੇ ਬੇਗਾਨੇ ਪੁੱਤਰ ਨਾਲ ਹੀ ਤੋਰ ਦੇਣੀ ਹੈ, ਉਹ ਉਸ ਨੂੰ ਉਸ ਘਰ ਭੇਜਣਾ ਚਾਹੁੰਦਾ ਹੈ, ਜਿਥੇ ਧੀ ਦਾ ਮਾਣ, ਤਾਣ ਅਤੇ ਖ਼ੁਸ਼ੀ ਹੋਵੇ। ਜੀਤੋ ਦਾ ਪਤੀ ਦਿਆਲਾ ਤਾਂ ਆਪਣੇ ਵਿਤ ਅਨੁਸਾਰ ਉਧਾਲੇ ਸਮੇਂ ਜੀਤੋ ਨੂੰ ਬਚਾਉਣ ਲਈ ਮੁਗ਼ਲ ਧਾੜਵੀਆਂ ਦਾ ਮੁਕਾਬਲਾ ਵੀ ਕਰਦਾ ਹੈ ਤੇ ਜਦੋਂ ਆਪਣੀ ਪਤਨੀ ਨੂੰ ਬਚਾਉਣ ਵਿਚ ਅਸਫਲ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੇ ਆਪ ਉਤੇ ਵੀ ਸ਼ਰਮ ਆਉਂਦੀ ਹੈ।

ਇਹ ਦੋਵੇਂ ਗੱਲਾਂ ਬੜੀਆਂ ਯਥਾਰਥਕ ਲੱਗੀਆਂ ਹਨ।

ਦਿਆਲੇ ਵਰਗਾ ਅਣਖੀਲਾ ਤੇ ਦਲੇਰ ਮੁੰਡਾ ਹੀ ਪਿੱਛੋਂ ਸਿਖ ਮਤ ਧਾਰਨ ਕਰ ਕੇ 'ਸਿਖ ਸਰਦਾਰ' ਦੀ ਪਦਵੀ ਹਾਸਲ ਕਰ ਸਕਦਾ ਸੀ।

ਨਾਵਲ ਦੀ ਦੂਜੀ ਬਹੁਤ ਖ਼ੂਬਸੂਰਤ ਗੱਲ ਮੈਨੂੰ ਇਹ ਲੱਗੀ ਹੈ ਕਿ ਇਸ ਨਾਵਲ ਵਿਚ ਸੰਪਰਦਾਇਕ (ਫ਼ਿਰਕੂ) ਨਫ਼ਰਤ ਨਹੀਂ ਉਭਰਦੀ। ਜਾਫ਼ਰ ਬੇਗ ਮੁਸਲਮਾਨ ਹੈ, ਪਰ ਨਾਵਲ ਵਿਚ ਇਹ ਪ੍ਰਭਾਵ ਨਹੀਂ ਪੈਂਦਾ ਕਿ ਸਾਰੇ ਮੁਸਲਮਾਨ ਜਾਂ ਸਾਰੇ ਹਿੰਦੂ ਇਕੋ ਜਿਹੇ ਹਨ। ਜੇ ਜਾਫ਼ਰ ਬੇਗ ਭੈੜਾ ਤੇ ਵਿਸ਼ਈ ਹੈ ਤੇ ਉਸੇ ਦੇ ਘਰ ਵਿਚ ਹੀ ਉਸ ਦਾ ਭਤੀਜਾ ਕਾਦਰ ਤੇ ਉਸ ਦੀ ਭਤੀਜੀ ਫ਼ਾਤਮਾ ਸੁਹਿਰਦ ਭਰਾ ਭੈਣ ਹਨ। ਕਾਦਰ ਆਪਣੇ ਚਾਚੇ ਦੀ ਹਕੂਮਤ ਦਾ ਪੁਰਜ਼ਾ ਹੈ, ਪਰ ਉਹ ਭਲੇ ਬੁਰੇ ਦੀ ਪਛਾਣ ਕਰਨਾ ਵੀ ਜਾਣਦਾ ਹੈ। ਫ਼ਾਤਮਾ ਵਿਚ ਤਾਂ ਇਕ ਮੁਟਿਆਰ ਤੇ ਸੋਹਣੀ ਤੇ ਸਿਆਣੀ ਕੁੜੀ ਵਾਲੀ ਸੁਭਾਵਕ ਦਿਆਲਤਾ, ਮਨ ਦੀ ਸ਼ੁੱਧਤਾ ਤੇ ਦੂਜੇ ਉਤੇ ਭਰੋਸਾ ਕਰ ਲੈਣ ਦੀ ਤਤਪਰਤਾ ਵੀ ਬਹੁਤ ਹੈ। ਨਾਵਲਕਾਰ ਨੇ ਬੜੀ ਸਿਆਣਪ ਨਾਲ ਇਹ ਵੀ ਸਿੱਧ ਕੀਤਾ ਹੈ ਕਿ ਬੇਗਾਨੀਆਂ ਔਰਤਾਂ ਚੁੱਕਣ ਵਾਲੇ ਲੋਕ ਸਿਰਫ਼ ਹਿੰਦੂ ਸਿਖ ਔਰਤਾਂ ਨਹੀਂ ਸਨ ਚੁੱਕਦੇ, ਦਿੱਲੀ ਫ਼ੌਜ ਦਾ ਸਰਦਾਰ ਕਾਸਮ ਖ਼ਾਨ ਮੌਕਾ ਪੈਣ ਉਤੇ ਫ਼ਾਤਮਾ ਨੂੰ ਹੀ ਚੁੱਕ ਕੇ ਲੈ ਗਿਆ ਸੀ।

ਅਸਲ ਵਿਚ ਫ਼ਾਤਮਾ ਮੈਨੂੰ ਇਸ ਨਾਵਲ ਦੀ ਨਾਇਕਾ ਪ੍ਰਤੀਤ ਹੋਈ ਹੈ। ਉਸ

ਦਾ ਪਾਤਰ ਜੀਤੋ ਦੇ ਪਾਤਰ ਨਾਲੋਂ ਬਹੁਤ ਬਲੀ ਹੈ। ਜੀਤੋ ਤਾਂ ਕੈਦ ਵਿਚ ਪਈ ਹੋਈ ਰੋਂਦੀ ਚੀਖਦੀ ਹੀ ਹੈ। ਹਾਂ, ਆਪਣਾ ਧਰਮ ਛੱਡਣ ਲਈ ਤਿਆਰ ਨਹੀਂ ਹੁੰਦੀ। ਪਰ ਫ਼ਾਤਮਾ ਤਾਂ ਸ਼ੁਰੂ ਤੋਂ ਆਖ਼ਰ ਤਕ ਹਾਲਾਤ ਨਾਲ ਟੱਕਰ ਲੈਂਦੀ ਹੈ। ਆਪਣੇ ਚਾਚੇ ਜਾਫ਼ਰ ਬੇਗ ਦੀ ਇਜ਼ਤ ਵੀ ਕਰਦੀ ਹੈ। ਉਸ ਨੂੰ ਪਹਿਲਾਂ ਉਸ ਦੇ ਨੇਕ ਪੁਰਸ਼ ਹੋਣ ਦਾ ਵੀ ਕੁਝ ਭਰੋਸਾ ਹੈ, ਪਿੱਛੋਂ ਵੀ ਜਦੋਂ ਉਸ ਨੂੰ ਚਾਚੇ ਦੀ ਬੁਰਾਈ ਦਾ ਪਤਾ ਲੱਗ ਜਾਂਦਾ ਹੈ, ਤਾਂ ਵੀ ਉਹ ਚਾਚੇ ਤੇ ਚਾਚੀ ਦੇ ਜਜ਼ਬਾਤ ਨੂੰ ਠੇਸ ਲਾ ਕੇ ਰਾਜ਼ੀ ਨਹੀਂ, ਛੋਟੇ ਦਾ ਵੱਡੇ ਵੱਲ ਸਤਿਕਾਰ ਉਸ ਦੇ ਮਨ ਵਿਚ ਬਣਿਆ ਰਹਿੰਦਾ ਹੈ। ਤਾਂ ਵੀ ਉਹ ਜੀਤੋ ਨੂੰ ਬਚਾਉਣ ਲਈ ਖ਼ਤਰੇ ਸਹੇੜ ਕੇ ਬਹੁਤ ਯਤਨ ਕਰਦੀ ਹੈ, ਰਹੀਮ ਖ਼ਾਨ ਤੋਂ ਕੰਮ ਕਢਵਾਉਣ ਲਈ 'ਖਚਰ-ਵਿਦਿਆ' ਵੀ ਵਰਤ ਲੈਂਦੀ ਹੈ। ਚਾਹੁੰਦੀ ਹੈ ਕਿ ਉਸ ਦਾ ਭਰਾ ਕਾਦਰ ਚੰਗੇ ਕੰਮ ਕਰੇ, ਜੋ ਬਹਾਦਰਾਂ ਨੂੰ ਸੋਭਦੇ ਹਨ। ਜਦੋਂ ਅਜੇ ਉਹ ਸਿਖ ਦਲਾਂ ਵਿਚ ਵੀ ਰਹਿ ਕੇ ਨਹੀਂ ਆਈ, ਸਿਖ ਜਥਿਆਂ ਦੇ ਵਿਵਹਾਰ ਦੀਆਂ ਕਹਾਣੀਆਂ ਸੁਣ ਕੇ ਉਹਨਾਂ ਦੀ ਵਡਿਆਈ ਵਾਲੀਆਂ ਗੱਲਾਂ ਦੀ ਵਡਿਆਈ ਕਰਦੀ ਹੈ। ਭਾਵੇਂ ਉਹ ਇਹ ਨਹੀਂ ਸੋਚਦੀ ਕਿ ਚੰਗੇ ਸਿਰਫ਼ ਸਿਖ ਹੀ ਹੋ ਸਕਦੇ ਹਨ, ਮੁਸਲਮਾਨ ਨਹੀਂ ਹੋ ਸਕਦੇ। ਨਾ ਹੀ ਉਸ ਨੂੰ ਇਹ ਸੋਚਣਾ ਚਾਹੀਦਾ ਹੈ।

ਸੋ, **ਇਹ ਨਾਵਲ ਆਮ ਪੰਜਾਬੀ ਇਤਿਹਾਸਕ ਨਾਵਲਾਂ ਦੇ ਪੈਟਰਨ ਉਤੇ ਲਿਖਿਆ ਹੋਇਆ ਵੀ ਉਹਨਾਂ ਤੋਂ ਵੇਰਵੇ ਵਿਚ ਬਹੁਤ ਹੱਦ ਤਕ ਵੱਖਰਾ ਹੈ।** ਜਾਪਦਾ ਹੈ ਕਿ ਲੇਖਕ ਨੇ 'ਪੰਜਾਬੀ ਇਤਿਹਾਸਕ ਨਾਵਲ' ਦੀ ਪਰੰਪਰਾ ਨੂੰ ਘੋਖ ਕੇ ਪੜ੍ਹਿਆ ਹੋਇਆ ਹੈ। ਉਸ ਦੇ ਘਾਟਿਆਂ ਤੋਂ ਵਾਕਫ਼ ਹੈ ਤੇ *ਯਾਰੜੇ ਦਾ ਸੱਥਰ* ਵਿਚ ਉਸ ਨੇ ਇਹਨਾਂ ਕਮਜ਼ੋਰੀਆਂ ਤੋਂ ਕੰਨੀ ਬਚਾ ਕੇ ਪੰਜਾਬੀ ਇਤਿਹਾਸਕ ਨਾਵਲ ਦੀ ਪਰੰਪਰਾ ਨੂੰ ਕੁਝ ਹੱਦ ਤਕ ਵਧੇਰੇ ਵਿਸ਼ਾਲਤਾ ਤੇ ਡੂੰਘਾਈ ਦੇਣ ਦੀ ਕੋਸ਼ਿਸ਼ ਕੀਤੀ, ਭਾਵੇਂ ਇਹ ਪਰੰਪਰਾ ਅਜੇ ਵੀ ਕਮਜ਼ੋਰੀਆਂ ਤੋਂ ਖ਼ਾਲੀ ਨਹੀਂ।

ਸਾਡੇ ਇਹ ਨਾਵਲ 'ਇਤਿਹਾਸਕ ਰੁਮਾਂਸ' ਹਨ, ਪਿਛੋਕੜ ਇਤਿਹਾਸ ਦਾ ਹੈ, ਪਰ ਕਹਾਣੀਆਂ ਦਾ ਤਾਣਾ ਪੇਟਾ ਮਨੋ-ਕਲਪਨਾ ਹੈ। ਸਿਖ ਇਤਿਹਾਸ ਲਈ ਸ਼ਰਧਾ ਭਰੀ ਮਨੋ-ਕਲਪਨਾ। ਇਸ ਨਾਵਲ ਦੇ ਲੇਖਕ ਨੇ ਵੀ ਮਨੋ-ਕਲਪਨਾ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਪਰ ਇਹ ਲੇਖਕ ਦੀ 'ਨਜ਼ਰ ਦੀ ਜਵਾਨੀ' ਹੈ ਕਿ ਇਸ ਦੀ ਕਲਪਨਾ ਘਸੀ ਹੋਈ ਲੀਹ ਉਤੇ ਨਹੀਂ ਤੁਰੀ, ਸਗੋਂ ਤਾਜ਼ਗੀ ਤੇ ਨਵੀਨਤਾ ਦੇ ਅੰਸ਼ਾਂ ਵਾਲੀਆਂ ਘਟਨਾਵਾਂ ਘੜੀਆਂ ਹਨ। ਮਿਸਾਲ ਦੇ ਤੌਰ 'ਤੇ, ਫ਼ਾਤਮਾ ਦਾ ਰਹੀਮ ਖ਼ਾਨ ਨਾਲ ਚਤੁਰਤਾ ਭਰਿਆ ਵਰਤਾਉ ਤੇ ਪਿੱਛੋਂ ਫ਼ਾਤਮਾ ਦਾ ਸਰਦਾਰ ਬਹਾਦਰ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਉਸ ਨਾਲ ਪਿਆਰ-ਭਾਵ ਨਾਲ ਗੱਲਾਂ ਕਰਨ ਦਾ ਯਤਨ ਕਰਨਾ, ਆਦਿ

ਘਟਨਾਵਾਂ ਵਿਚ ਬੜੀ ਨਵੀਨਤਾ ਤੇ ਸਜੀਵਤਾ ਹੈ। ਇਸੇ ਤਰ੍ਹਾਂ ਲੇਖਕ ਨੇ 'ਵਾਂ' ਪਿੰਡ ਦੀਆਂ ਮਹਿਫ਼ਲਾਂ ਦੀਆਂ ਜੋ ਤਸਵੀਰਾਂ ਖਿੱਚੀਆਂ ਹਨ, ਉਹ ਵੀ ਨਵੀਂ ਗੱਲ ਹਨ ਤੇ ਨਾਵਲ ਦੇ ਯਥਾਰਥ ਵਿਚ ਵਾਧਾ ਕਰਦੀਆਂ ਹਨ। ਸਿਰਫ਼ ਜਾਫ਼ਰ ਬੇਗ ਦੇ ਪਾਤਰ ਨੂੰ ਹੀ ਪੁਰਾਣੇ ਸੱਚੇ ਵਿਚ ਢਾਲ ਦਿੱਤਾ ਗਿਆ ਹੈ, ਉਸ ਦੇ ਪਾਤਰ ਨਾਲ ਇਨਸਾਫ਼ ਨਹੀਂ ਹੋਇਆ। ਪਰ ਸਮੁੱਚਾ ਪੰਜਾਬੀ ਨਾਵਲ ਹੀ ਅਜੇ 'ਬੁਰੇ ਤੇ ਮਨੁੱਖ-ਦੋਖੀ ਪਾਤਰ' ਨੂੰ ਯਥਾਰਥਕ ਤੇ ਸਹਾਨ-ਭੂਤੀ ਭਰੇ ਢੰਗ ਨਾਲ ਬਿਆਨ ਕਰਨ ਦੇ ਯੋਗ ਨਹੀਂ ਹੋਇਆ।

ਗਿਆਨੀ ਭਜਨ ਸਿੰਘ ਪੱਤਰਕਾਰ ਹਨ। ਪੰਜਾਬੀ ਦੇ ਦੈਨਿਕ ਪੱਤਰਾਂ ਵਿਚ ਕੰਮ ਕਰਨ ਵਾਲੇ ਬਹੁਤ ਸਾਰੇ ਦੋਸਤਾਂ ਨੇ ਪਿਛਲੇ ਦਸ ਪੰਦਰਾਂ ਸਾਲਾਂ ਵਿਚ ਇਤਿਹਾਸਕ ਨਾਵਲ ਲਿਖੇ ਹਨ। ਪਰ ਗਿਆਨੀ ਭਜਨ ਸਿੰਘ ਨੇ ਆਪਣੇ ਨਾਵਲਾਂ ਦੇ ਉਪ੍ਰੋਕਤ ਗੁਣਾਂ ਨਾਲ ਪੰਜਾਬੀ ਨਾਵਲ-ਸਾਹਿਤ ਵਿਚ ਜੋ ਸਨਮਾਨ ਪ੍ਰਾਪਤ ਕਰ ਲਿਆ ਹੈ, ਉਹ ਬਾਕੀ ਸੱਜਣ ਹਾਸਲ ਕਰਨ ਦੀ ਯੋਗਤਾ ਨਹੀਂ ਦਿਖਾ ਸਕੇ।

ਪਿਆਰਾ ਸਿੰਘ ਭੋਗਲ

ਯੂਨੀਵਰਸਲ ਕਾਲਜ,
ਕਨਾਟ ਸਰਕਸ, ਜਲੰਧਰ
1 ਦਸੰਬਰ, 1971

ਇਹ ਨਾਵਲ

ਨਾਵਲ ਸਾਹਿਤ ਦਾ ਇਕ ਪ੍ਰਧਾਨ ਰੂਪ ਹੈ। ਇਸ ਦਾ ਮੈਦਾਨ ਇਤਿਹਾਸ ਨਾਲੋਂ ਬਹੁਤ ਖੁਲ੍ਹਾ ਤੇ ਚੌੜਾ ਹੈ। ਇਤਿਹਾਸ ਵਿਸ਼ੇਸ਼ ਘਟਨਾਵਾਂ ਤੇ ਉਹਨਾਂ ਨਾਲ ਸਬੰਧ ਰੱਖਣ ਵਾਲੀਆਂ ਕੁਝ ਸ਼ਖ਼ਸੀਅਤਾਂ ਬਾਰੇ ਦੱਸ ਕੇ ਚੁੱਪ ਹੋ ਜਾਂਦਾ ਹੈ, ਉਹ ਉਪਰਲੀਆਂ ਹਵਾਵਾਂ ਵਿਚ ਵਿਚਰਦਾ ਹੈ; ਪ੍ਰੰਤੂ ਗਹਿਰਾਈ ਵਿਚ ਜਾਣਾ ਜਾਂ ਉਸ ਨੂੰ ਜਾਣਨਾ ਬਹੁਤ ਜ਼ਰੂਰੀ ਨਹੀਂ ਸਮਝਦਾ। ਇਸ ਦੇ ਮੁਕਾਬਲੇ ਨਾਵਲਕਾਰ ਆਪਣੇ ਪਲਾਟ ਨੂੰ ਇਤਿਹਾਸ ਦੇ ਕਿਸੇ ਨੁਕਤੇ ਤੋਂ ਚੁੱਕਦਾ ਹੈ, ਚਾਹੇ ਕਲਪਨਾ ਵਿੱਚੋਂ ਪ੍ਰਾਪਤ ਕਰਦਾ ਹੈ, ਉਸ ਦਵਾਰਾ ਉਹ ਬਹੁਤ ਡੂੰਘਾ ਚਲਿਆ ਜਾਂਦਾ ਹੈ ਅਤੇ ਉਸ ਡੂੰਘਾਈ ਨੂੰ ਆਪਣੇ ਪਲਾਟ ਦੇ ਪਾਤਰਾਂ ਦੇ ਕਿਰਦਾਰ ਦੁਆਰਾ ਪਾਠਕਾਂ ਦੇ ਸਾਹਮਣੇ ਲੈ ਆਉਂਦਾ ਹੈ। ਇਤਿਹਾਸਕਾਰ ਕਹਿੰਦਾ ਹੈ ਕਿ ਇਕ ਰਾਜੇ ਨੇ ਇਸ ਸਾਲ ਤੋਂ ਲੈ ਕੇ ਇਸ ਸਾਲ ਤਕ ਰਾਜ ਕੀਤਾ ਤੇ ਉਸ ਦੇ ਰਾਜ ਸਮੇਂ ਇਹ ਘਟਨਾਵਾਂ ਇਨ੍ਹਾਂ ਤਾਰੀਖ਼ਾਂ ਤੇ ਸਾਲਾਂ ਵਿਚ ਘਟੀਆਂ, ਪ੍ਰੰਤੂ ਜਦ ਉਸੇ ਇਤਿਹਾਸ ਨੂੰ ਇਕ ਨਾਵਲਕਾਰ ਆਪਣੇ ਪਲਾਟ ਵਿਚ ਲਿਆਉਂਦਾ ਹੈ ਤਾਂ ਉਸ ਅੰਦਰ ਉਸ ਸਮੇਂ ਦਾ ਸਾਰਾ ਹੀ ਆਲਾ-ਦੁਆਲਾ ਚਿੱਤਰ ਸੁੱਟਦਾ ਹੈ। ਘਟਨਾਵਾਂ ਨੂੰ ਜਨਮ ਦੇਣ ਵਾਲਾ ਜਜ਼ਬਾ ਉਜਾਗਰ ਕਰਦਾ ਹੈ ਅਤੇ ਉਸ ਦੇ ਕਾਰਨਾਂ ਨੂੰ ਚਿੱਤਰ ਕੇ ਸਭ ਦੇ ਸਾਹਮਣੇ ਖੜੇ ਕਰ ਦਿੰਦਾ ਹੈ। ਉਹ ਇਹ ਦੱਸਣ ਦੀ ਇਤਨੀ ਲੋੜ ਨਹੀਂ ਸਮਝਦਾ ਕਿ ਉਸ ਰਾਜੇ ਨੇ ਕਦ ਤੋਂ ਕਦ ਤਕ ਰਾਜ ਕੀਤਾ; ਸਗੋਂ ਇਸ ਪੱਖ ਨੂੰ ਦਰਸਾਉਣਾ ਵਧੇਰੇ ਜ਼ਰੂਰੀ ਸਮਝਦਾ ਹੈ ਕਿ ਰਾਜ ਵਿਚ ਲੋਕ ਕਿਸ ਤਰ੍ਹਾਂ ਰਹਿੰਦੇ ਸਨ ਤੇ ਰਾਜੇ ਪ੍ਰਤੀ ਉਹਨਾਂ ਦਾ ਰਵੱਈਆ ਕੀ ਸੀ ਤੇ ਉਹ ਕਿਸ ਤਰ੍ਹਾਂ ਬਣਿਆ ਸੀ? ਇਹ ਅਸਲ ਲੋਕ-ਇਤਿਹਾਸ ਹੈ; ਕਿਤਨੀਆਂ ਹੀ ਘਟਨਾਵਾਂ ਹਰ ਰਾਜ ਸਮੇਂ ਰੋਜ਼ ਵਾਪਰਦੀਆਂ ਰਹਿੰਦੀਆਂ ਹਨ; ਪ੍ਰੰਤੂ ਨਾਵਲਕਾਰ ਉਨ੍ਹਾਂ ਵਿੱਚੋਂ ਕਿਸੇ ਇਕ ਨੂੰ ਲੈ ਨਿਕਲਦਾ ਹੈ ਅਤੇ ਇਤਨਾ ਗਿਆਨ ਦੇ ਦਿੰਦਾ ਹੈ ਕਿ ਜਿਤਨਾ ਦੇਣਾ ਵਿਚਾਰੇ ਇਤਿਹਾਸਕਾਰ ਦੇ ਵੱਸ ਤੋਂ ਬਾਹਰਲੀ ਗੱਲ ਹੁੰਦੀ ਹੈ। ਉਹ ਆਮ ਲੋਕਾਂ ਦੇ ਹਿਰਦਿਆਂ

ਰੂਪੀ ਸਾਗਰਾਂ ਵਿਚ ਜਾ ਵੜਦਾ ਹੈ ਅਤੇ ਯਥਾਰਥ ਰੂਪ ਮੋਤੀ ਲਿਆ ਕੇ ਲੋਕਾਂ ਦੇ ਸਾਹਮਣੇ ਰੱਖ ਦਿੰਦਾ ਹੈ। ਇਹੋ ਹੀ ਉਸ ਵਿਚ ਇਕ ਇਤਿਹਾਸਕਾਰ ਨਾਲੋਂ ਵਾਧਾ ਹੁੰਦਾ ਹੈ। ਇਕ ਗੱਲ ਹੋਰ ਹੈ; ਇਤਿਹਾਸਕਾਰ ਬਹੁਤ ਵਾਰ ਸਵਾਰਥ ਵੱਸ ਸੱਚਾਈ ਨੂੰ ਭੰਨਣ ਤੋੜਨ ਦਾ ਯਤਨ ਵੀ ਕਰਦਾ ਹੈ, ਪ੍ਰੰਤੂ ਨਾਵਲਕਾਰ ਇਤਿਹਾਸਕ ਅਤੇ ਉਨ੍ਹਾਂ ਦੇ ਨਾਲ ਕਲਪਤ ਪਾਤਰਾਂ ਨੂੰ ਸਾਹਮਣੇ ਲਿਆ ਕੇ ਕੇਵਲ ਸੱਚਾਈ ਦੇ ਹੀ ਯਥਾਰਥ ਰੂਪ ਨੂੰ ਪ੍ਰਗਟਾਉਣ ਦਾ ਯਤਨ ਕਰਦਾ ਹੈ।

ਯਾਰੜੇ ਦਾ ਸੱਥਰ ਇਕ ਇਤਿਹਾਸਕ ਨਾਵਲ ਹੈ। ਇਸ ਦਾ ਪਲਾਟ ਅਠਾਰ੍ਹਵੀਂ ਸਦੀ ਦੇ ਆਰੰਭਕ ਸਾਲਾਂ ਵਿਚੋਂ ਚੁਣਿਆ ਗਿਆ ਹੈ। ਮੁਗ਼ਲ ਰਾਜ ਦਾ ਬੁਝਦਾ ਹੋਇਆ ਦੀਵਾ ਇਸ ਵਿੱਚੋਂ ਟਿਮਟਿਮਾਉਂਦਾ ਹੋਇਆ ਨਜ਼ਰ ਆਉਂਦਾ ਹੈ ਅਤੇ ਖ਼ਾਲਸਾ ਰਾਜ ਦੀਆਂ ਰੱਖੀਆਂ ਜਾ ਰਹੀਆਂ ਬੁਨਿਆਦਾਂ ਦਿਸਣ ਲੱਗ ਪੈਂਦੀਆਂ ਹਨ। ਇਹ ਇਕ ਸੱਚਾਈ ਹੈ ਕਿ ਜਦ ਕਿਸੇ ਰਾਜ ਦੇ ਹਾਕਮਾਂ ਦਾ ਚਲਣ ਡਿੱਗ ਜਾਵੇ ਤਾਂ ਉਹ ਬਚ ਨਹੀਂ ਸਕਦਾ, ਅਤੇ ਜਦ ਕੋਈ ਕੌਮ ਜਬਰ ਦੇ ਟਾਕਰੇ ਲਈ ਕੁਰਬਾਨੀਆਂ ਦੇ ਮੈਦਾਨ ਵਿਚ ਨਿਕਲ ਆਵੇ ਤਾਂ ਉਸ ਦੀ ਜਿੱਤ ਨੂੰ ਕੋਈ ਰੋਕ ਨਹੀਂ ਸਕਦਾ। ਉਹ ਪਹਾੜ ਨਾਲ ਟਕਰਾਉਂਦੀ ਹੈ ਅਤੇ ਉਸ ਨੂੰ ਚੀਰ ਕੇ ਆਪਣੀ ਮੰਜ਼ਲ ਵੱਲ ਅੱਗੇ ਨਿਕਲ ਜਾਂਦੀ ਹੈ, ਬਸ ਇਹੋ ਹੀ ਇਸ ਨਾਵਲ ਵਿਚ ਦੱਸਿਆ ਹੈ। ਇਸ ਦਾ ਇਕ ਪਾਤਰ ਹੈ ਪੱਟੀ ਦਾ ਫ਼ੌਜਦਾਰ ਜਾਫ਼ਰ ਬੇਗ, ਮੁਗ਼ਲ ਰਾਜ ਦਾ ਪ੍ਰਤੀਨਿਧ ਹਾਕਮ, ਪ੍ਰੰਤੂ ਉਸ ਦਾ ਕਿਰਦਾਰ ਹਾਕਮਾਂ ਜਿਹਾ ਨਹੀਂ, ਡਾਕੂਆਂ ਜਿਹਾ ਹੈ। ਜਨਤਾ ਦੇ ਜਾਨ-ਮਾਲ ਤੇ ਇੱਜ਼ਤ ਦੀ ਰੱਖਿਆ ਉਹ ਆਪਣੇ ਰਾਜ ਦੇ ਫ਼ਰਜ਼ਾਂ ਵਿਚ ਨਹੀਂ ਸਮਝਦਾ, ਸਗੋਂ ਉਸ ਦੀਆਂ ਬੇਟੀਆਂ ਦੀ ਇੱਜ਼ਤ ਤੇ ਹੁਸਨ ਨੂੰ ਲੁੱਟਣਾ ਉਹ ਆਪਣਾ ਖ਼ੁਦਾਈ ਹੱਕ ਸਮਝਦਾ ਹੈ ਅਤੇ ਫੇਰਿਆਂ ਉਪਰ ਬੈਠੀ ਕੁੜੀ ਨੂੰ ਭੀ ਆਪਣੀ ਕਾਮਚੇਸ਼ਟਾ ਦੀ ਪਿਆਸ ਬੁਝਾਉਣ ਲਈ ਚੁਕਵਾ ਲੈਂਦਾ ਹੈ। ਇਹ ਮੁਗ਼ਲ ਹਕੂਮਤ ਦੇ ਚਲਣ ਦਾ ਅਸਲ ਰੂਪ ਹੈ ਅਤੇ ਇਸ ਦੇ ਟਾਕਰੇ 'ਤੇ ਇਸ ਜਬਰ ਨੂੰ ਮੁਕਾਉਣ ਵਾਲੇ ਸਿੰਘਾਂ ਦਾ ਕਿਰਦਾਰ ਸੁਚੱਜੇ ਨਾਵਲਕਾਰ ਨੇ ਬੜੀ ਸੋਝੀ ਤੇ ਸਿਆਣਪ ਨਾਲ ਚਿੱਤਰ ਕੇ ਸਾਹਮਣੇ ਲਿਆਂਦਾ ਹੈ। ਜਾਫ਼ਰ ਬੇਗ ਦੀ ਭਤੀਜੀ ਫ਼ਾਤਮਾ ਨੂੰ ਉਹ ਮੁਗ਼ਲ ਫ਼ੌਜ ਦੇ ਇਕ ਅਫ਼ਸਰ ਤੋਂ ਬਚਾਉਂਦੇ ਹਨ; ਪ੍ਰੰਤੂ ਉਸ 'ਤੇ ਕਿਸੇ ਵਧੀਕੀ ਦਾ ਖ਼ਿਆਲ ਵੀ ਉਹਨਾਂ ਦੇ ਹਿਰਦੇ ਵਿਚ ਨਹੀਂ ਉੱਠਦਾ। ਉਹ ਬਹਾਦਰ ਸਿੰਘ ਦੀ ਬੀਰਤਾ ਤੇ ਸੁੰਦਰਤਾ 'ਤੇ ਲੱਟੂ ਹੋ ਜਾਂਦੀ ਹੈ; ਪ੍ਰੰਤੂ ਦੇਸ਼ ਤੇ ਧਰਮ ਦੀ ਆਜ਼ਾਦੀ ਲਈ ਲੜ ਰਿਹਾ ਉਹ ਸ਼ੇਰ ਮਰਦ ਫੇਰ ਵੀ ਉਸ ਨੂੰ ਪੂਰੇ ਸਨਮਾਨ ਨਾਲ ਉਸ ਦੇ ਘਰ ਪੁਚਾ ਦਿੰਦਾ ਹੈ। ਇਹ ਸੀ ਮੁਗ਼ਲ ਰਾਜ ਦੇ ਪਤਨ ਤੇ ਖ਼ਾਲਸਾ ਰਾਜ ਦੀ ਉਸਾਰੀ ਦਾ ਮੂਲ ਕਾਰਨ, ਸਾਡਾ ਨਾਵਲਕਾਰ ਜਿਸ ਨੂੰ ਬੜਾ ਨਿਖਾਰ

ਕੇ ਸਾਹਮਣੇ ਲੈ ਆਇਆ ਹੈ।

ਇਕ ਹੋਰ ਇਤਿਹਾਸਕ ਸੱਚਾਈ ਭੀ ਇਸ ਨਾਵਲ ਵਿਚ ਬੜੀ ਸੁਚੱਜਤਾ ਨਾਲ ਚਿੱਤਰੀ ਹੋਈ ਨਜ਼ਰ ਆਵੇਗੀ। ਇਕ ਬੁਰੇ ਮਨੁੱਖ ਦੇ ਕਾਰਨ ਕਿਸੇ ਸਾਰੀ ਕੌਮ ਨੂੰ ਬੁਰਾ ਕਹਿ ਦੇਣਾ ਗ਼ਲਤ ਹੁੰਦਾ ਹੈ। ਜਿਸ ਤਰ੍ਹਾਂ ਫੁਲ ਤੇ ਕੰਡਿਆਂ ਦਾ ਨਿਵਾਸ ਇਕ ਹੀ ਟਾਹਣੀ 'ਤੇ ਹੁੰਦਾ ਹੈ, ਉਸੇ ਤਰ੍ਹਾਂ ਚੰਗੇ ਤੇ ਬਦ ਵੀ ਨਾਲ ਨਾਲ ਇਕ ਕੌਮ; ਸਗੋਂ ਇਕ ਪ੍ਰਵਾਰ ਵਿਚ ਵੱਸਦੇ ਹਨ। ਜਾਬਰ, ਕਾਮੀ ਅਤੇ ਸ਼ਰਾਬੀ ਕਬਾਬੀ ਜਾਫ਼ਰ ਬੇਗ ਦੇ ਭਤੀਜੇ ਕਾਦਰ ਬਖ਼ਸ਼ ਦਾ ਕਿਰਦਾਰ ਉਸ ਦੇ ਉਲਟ ਹੈ। ਉਹ ਸਿੱਖਾਂ ਦੇ ਗੁਣ ਵੇਖ ਕੇ ਉਹਨਾਂ ਦਾ ਕਾਇਲ ਹੁੰਦਾ ਹੈ ਤੇ ਸ਼ਰਧਾਲੂ ਬਣ ਜਾਂਦਾ ਹੈ। ਉਸ ਨੂੰ ਕਿਸੇ ਤਰ੍ਹਾਂ ਵੀ ਬੁਰਾ ਨਹੀਂ ਕਿਹਾ ਜਾ ਸਕਦਾ; ਅਤੇ ਉਸੇ ਜਾਫ਼ਰ ਬੇਗ ਦੀ ਭਤੀਜੀ ਫ਼ਾਤਮਾ ਦਾ ਕਿਰਦਾਰ ਤਾਂ ਹਰ ਪਹਿਲੂ ਤੋਂ ਵੇਖਣ ਨਾਲ ਬੜਾ ਮਹਾਨ ਨਜ਼ਰ ਆਉਂਦਾ ਹੈ। ਉਹ ਮਜ਼ਬੀ ਪੱਖ-ਪਾਤ ਤੋਂ ਉੱਠ ਕੇ ਰਾਜ ਹੰਕਾਰ ਤੋਂ ਰਹਿਤ ਮਨੁੱਖੀ ਹਮਦਰਦੀ ਨਾਲ ਭਰਪੂਰ ਹਸਤੀ ਹੈ। ਉਹ ਜੀਤੋ ਨੂੰ ਆਪਣੇ ਜਾਬਰ ਚਾਚੇ ਤੋਂ ਬਚਾਉਣ ਲਈ ਦ੍ਰਿੜ੍ਹ ਇਰਾਦੇ ਨਾਲ ਉੱਠਦੀ ਹੈ ਅਤੇ ਇਸ ਲਈ ਆਪਣੀ ਇੱਜ਼ਤ ਭੀ ਦਾਅ ਉੱਪਰ ਲਾ ਦਿੰਦੀ ਹੈ। ਰਹੀਮ ਖ਼ਾਨ ਨਾਲ ਉਸ ਨੂੰ ਕੋਈ ਉਨਸ ਨਹੀਂ, ਕੋਈ ਪਿਆਰ ਨਹੀਂ, ਉਹ ਉਸ ਨੂੰ ਆਪਣੇ ਚਾਚਾ ਜਾਫ਼ਰ ਬੇਗ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਬਦਚਲਣ ਤੇ ਜਾਬਰ ਨਹੀਂ ਸਮਝਦੀ, ਪ੍ਰੰਤੂ ਜੀਤੋ ਦੀ ਆਜ਼ਾਦੀ ਲਈ ਉਸ ਨਾਲ ਪ੍ਰੇਮ ਦਾ ਨਾਟਕ ਖੇਡਦੀ ਹੈ। ਇਕ ਅਭਾਗੀ ਕੁੜੀ ਨੂੰ ਜਾਬਰ ਪੰਜੇ ਵਿੱਚੋਂ ਕੱਢਣ ਲਈ ਉਹ ਹਰ ਖ਼ਤਰਾ ਮੁੱਲ ਲੈਂਦੀ ਹੈ ਅਤੇ ਆਖ਼ਰ ਜਾਨ ਵੀ ਕੁਰਬਾਨ ਕਰ ਦਿੰਦੀ ਹੈ, ਕੇਹਾ ਸੋਹਣਾ ਕਿਰਦਾਰ ਹੈ ਉਸ ਦਾ! ਨਾਵਲਕਾਰ ਨੇ ਉਸ ਨੂੰ ਜਿਸ ਰੂਪ ਵਿਚ ਪੇਸ਼ ਕੀਤਾ ਹੈ, ਕੌਣ ਹੈ ਜੋ ਉਸ ਨੂੰ ਸਿਰ ਨਹੀਂ ਝੁਕਾਵੇਗਾ। ਇੱਕੋ ਟੱਬਰ ਵਿਚ ਇਕ ਦੈਂਤ ਜਾਫ਼ਰ ਬੇਗ, ਇਕ ਚੰਗਾ ਮਨੁੱਖ ਕਾਦਰ ਬਖ਼ਸ਼ ਤੇ ਇਕ ਦੇਵੀ ਫ਼ਾਤਮਾ ਰਹਿੰਦੇ ਹਨ।

ਸਿੰਘਾਂ ਦਾ ਕਿਰਦਾਰ ਵਿਖਾਉਂਦੇ ਹੋਏ ਜਿਸ ਸੱਚਾਈ ਨੂੰ ਦਰਸਾਇਆ ਗਿਆ ਹੈ ਕਿ ਮੁਸਲਮਾਨਾਂ ਦੇ ਉਹ ਸੱਜਣ ਸਨ ਤੇ ਇਸ ਕਰਕੇ ਚੰਗੇ ਮੁਸਲਮਾਨਾਂ ਦੀ ਹਮਦਰਦੀ ਤੇ ਹਮਾਇਤ ਵੀ ਉਹਨਾਂ ਨੂੰ ਪ੍ਰਾਪਤ ਸੀ। ਜਿਹੜਾ ਭੀ ਉਹਨਾਂ ਦੇ ਗੁਣਾਂ ਨੂੰ ਸਮਝਦਾ ਸੀ ਉਹਨਾਂ ਦਾ ਹੋ ਜਾਂਦਾ ਸੀ, ਕਾਦਰ ਬਖ਼ਸ਼ ਤੇ ਫ਼ਾਤਮਾ ਵਾਂਗ। ਉਹ ਕੇਵਲ ਜਾਬਰ ਹਕੂਮਤ ਨਾਲ ਹੀ ਟੱਕਰ ਲੈਂਦੇ ਤਾਕਿ ਜ਼ੁਲਮ ਤੇ ਜਬਰ ਦਾ ਰਾਜ ਜਾਵੇ ਤੇ ਧਰਮ ਦਾ ਆ ਜਾਵੇ।

ਇਨਕਲਾਬ ਦਾ ਦੇਵਤਾ ਕਿਥੋਂ ਤੇ ਕਿਸ ਤਰ੍ਹਾਂ ਜਨਮ ਲੈਂਦਾ ਹੈ? ਜਬਰ ਤੇ ਜ਼ੁਲਮ ਦੀ ਕੁੱਖ ਵਿੱਚੋਂ। ਜਦੋਂ ਰਾਜ ਅਧਿਕਾਰੀ ਰਾਜ ਹੰਕਾਰ ਵਿਚ ਅੰਨ੍ਹੇ ਹੋ ਕੇ ਜ਼ੁਲਮ

ਤੇ ਜਬਰ ਕਰਦੇ ਹਨ ਤਾਂ ਇਹ ਦੇਵਤਾ ਜਨਮ ਲੈਂਦਾ ਹੈ। ਜਿਉਂ ਜਿਉਂ ਰਾਜ ਅਧਿਕਾਰੀਆਂ ਦਾ ਜਬਰ ਤੇ ਜ਼ੁਲਮ ਵਧਦਾ ਹੈ, ਇਹ ਭੀ ਜਵਾਨੀ ਚੜ੍ਹਦਾ ਜਾਂਦਾ ਹੈ ਅਤੇ ਇਕ ਦਿਨ ਭਬਕ ਮਾਰ ਕੇ ਉਸ ਜਬਰ ਨੂੰ ਚਟਮ ਕਰ ਜਾਂਦਾ ਹੈ। ਦਿਆਲਾ ਇਕ ਸਾਧਾਰਨ ਹਿੰਦੂ ਘਰਾਣੇ ਦਾ ਜੰਮ ਪਲ ਸੀ, ਦੇਸ਼ ਭਗਤੀ ਦੇ ਵਾਯੂ-ਮੰਡਲ ਵਿਚ ਪ੍ਰਵਾਨ ਚੜ੍ਹਿਆ ਹੋਇਆ; ਪ੍ਰੰਤੂ ਹਾਕਮਾਂ ਦੇ ਜਬਰ ਤੇ ਜ਼ੁਲਮ ਨੇ ਉਸ ਨੂੰ ਬਾਰੂਦ ਬਣਾ ਕੇ ਭੜਕਾ ਦਿੱਤਾ। ਫੇਰਿਆਂ ਸਮੇਂ ਉਸ ਦੀ ਪਤਨੀ ਜੀਤੋ ਵੀ ਚੁੱਕੀ ਗਈ ਤੇ ਉਸ ਨੂੰ ਇਨਕਲਾਬ ਲਈ ਮਹਾਂ-ਸ਼ਕਤੀ ਪ੍ਰਾਪਤ ਹੋ ਗਈ। ਦਿਆਲੇ ਤੋਂ ਉਹ ਸ਼ੇਰ ਸਿੰਘ ਬਣ ਗਿਆ ਅਤੇ ਉਸ ਮਹਾਨ ਇਨਕਲਾਬੀ ਦਲ ਵਿਚ ਇਕ ਸਰਦਾਰ ਦੀ ਪਦਵੀ ਜਾ ਪ੍ਰਾਪਤ ਕੀਤੀ, ਜੋ ਕਿ ਆਪਣੀਆਂ ਕੁਰਬਾਨੀਆਂ ਦੇ ਬਲ-ਬੋਤੇ ਯੁਗ ਪਲਟਾਉਣ ਲਈ ਮੈਦਾਨ ਵਿਚ ਨਿਕਲਿਆ ਹੋਇਆ ਸੀ। ਇਕ ਸ਼ੇਰ ਸਿੰਘ ਦੀ ਗੱਲ ਨਹੀਂ, ਸਾਰੇ ਸਿੰਘ ਜਾਂ ਤਾਂ ਆਪਣੇ ਆਪ 'ਤੇ ਜਬਰ ਜ਼ੁਲਮ ਹੇਠ ਅਤੇ ਜਾਂ ਫੇਰ ਹੋਰ ਮਜ਼ਲੂਮਾਂ 'ਤੇ ਹੁੰਦੇ ਅੱਤਿਆਚਾਰਾਂ ਨੂੰ ਵੇਖ ਕੇ ਹੀ ਇਸ ਇਨਕਲਾਬੀ ਜਥੇਬੰਦੀ ਵਿਚ ਆਉਂਦੇ ਸਨ। ਬਹੁਤ ਵੱਡਾ ਇਨਕਲਾਬ ਕਰ ਕੇ ਵਿਖਾਇਆ ਸਿੰਘਾਂ ਦੀ ਇਸ ਜਥੇਬੰਦੀ ਨੇ; ਪ੍ਰੰਤੂ ਇਹ ਗੱਲ ਨਜ਼ਰ-ਅੰਦਾਜ਼ ਨਹੀਂ ਕੀਤੀ ਜਾਣ ਵਾਲੀ ਕਿ ਜੇਕਰ ਮੁਗ਼ਲ ਰਾਜ ਵਿਚ ਜਾਫ਼ਰ ਬੇਗ ਨਾ ਹੁੰਦੇ ਤਾਂ ਸਿੰਘਾਂ ਨੂੰ ਇਹ ਫ਼ਤਹਿ ਕਦੇ ਵੀ ਪ੍ਰਾਪਤ ਨਾ ਹੁੰਦੀ। ਉਹਨਾਂ ਦੇ ਜਬਰ ਨੇ ਸਿੰਘਾਂ ਨੂੰ ਬਲ ਦਿੱਤਾ ਤੇ ਲੋਕਾਂ ਦੀ ਹਮਦਰਦੀ ਉਹਨਾਂ ਦੇ ਨਾਲ ਹੋਈ। ਮੁਸਲਮਾਨਾਂ ਨਾਲ ਮੇਲ-ਮਿਲਾਪ ਦਾ ਅਵਸਰ ਮਿਲਣ ਪਰ ਉਹ ਉਹਨਾਂ ਨੂੰ ਵੀ ਆਪਣੇ ਨਾਲ ਮਿਲਾ ਲੈਂਦੇ ਸਨ। ਕਾਦਰ ਬਖ਼ਸ਼ ਉਹਨਾਂ ਦਾ ਕੈਦੀ ਬਣਿਆ; ਪ੍ਰੰਤੂ ਉਹਨਾਂ ਦੇ ਪਿਆਰ-ਭਰੇ ਵਰਤਾਰੇ ਤੇ ਉੱਚ ਗੁਣਾਂ ਨੇ ਉਸ ਨੂੰ ਉਹਨਾਂ ਦਾ ਨਾ ਕੇਵਲ ਮਿੱਤਰ ਹੀ,ਸਗੋਂ ਵਫ਼ਾਦਾਰ ਵੀ ਬਣਾ ਦਿੱਤਾ। ਲੋਕ ਇਨਕਲਾਬ ਲਿਆਉਣ ਵਾਲਿਆਂ ਵਿਚ ਇਸ ਗੁਣ ਦਾ ਹੋਣਾ ਜ਼ਰੂਰੀ ਸੀ।


ਇਹ ਹੈ ਇਸ ਨਾਵਲ ਦਾ ਇਕ ਝਲਕਾਰਾ ਜਿਹਾ। ਹੁਣ ਇਸ ਦੇ ਕਰਤਾ ਗਿਆਨੀ ਭਜਨ ਸਿੰਘ ਸਬੰਧੀ ਕੁਝ ਦੱਸਣਾ ਵੀ ਜ਼ਰੂਰੀ ਭਾਸਦਾ ਹੈ। ਮੈਨੂੰ ਆਪਣੇ ਇਸ ਨੌਜਵਾਨ ਸਾਥੀ 'ਤੇ ਸਭ ਤੋਂ ਵਧੇਰੇ ਮਾਣ ਹੈ। ਅੱਜ ਮੈਂ ਇਸ ਦੀ ਪਾਠਕਾਂ ਨਾਲ ਇਕ ਨਾਵਲਕਾਰ ਦੀ ਹੈਸੀਅਤ ਵਿਚ ਜਾਣਕਾਰੀ ਕਰਾ ਕੇ ਖ਼ੁਸ਼ੀ ਅਨੁਭਵ ਕਰ ਰਿਹਾ ਹਾਂ; ਪ੍ਰੰਤੂ ਇਹ ਕੇਵਲ ਇਕ ਨਾਵਲਕਾਰ ਹੀ ਨਹੀਂ; ਸਗੋਂ ਇਸ ਦੇ ਨਾਲ ਹੀ ਇਕ ਉਭਰ ਰਿਹਾ ਲੀਡਰ ਵੀ ਹੈ। ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਜਿਨ੍ਹਾਂ ਨੂੰ ਪੰਥਕ ਅਗਵਾਈ ਸੰਭਾਲਣੀ ਪਵੇ, ਉਹਨਾਂ ਦੀ ਮੋਹਰਲੀ ਕਤਾਰ ਵਿਚ ਮੇਰਾ ਇਹ ਸਾਥੀ ਵੀ ਹੋਵੇ। ਇਸ ਦੀ ਲੋਕਾਂ ਨਾਲ ਗਹਿਰੀ ਨੇੜਤਾ ਇਸ ਦੇ ਇਸ ਤਰ੍ਹਾਂ ਦੇ ਭਵਿੱਖਤ

ਦਾ ਝਲਕਾਰਾ ਮੇਰੀਆਂ ਨਿਗਾਹਾਂ ਦੇ ਸਾਹਮਣੇ ਲੈ ਆਉਂਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਲੋਕਾਂ ਨਾਲ ਗਹਿਰੇ ਮਿਲਵਰਤਣ ਤੇ ਪਿਆਰ ਨੇ ਹੀ ਇਸ ਨੂੰ ਇਕ ਨਾਵਲਕਾਰ ਦੇ ਰੂਪ ਵਿਚ ਸਾਹਮਣੇ ਲਿਆਂਦਾ ਹੈ। ਇਸ ਨੇ ਇਸ ਲੋਕ-ਮਿਲਵਰਤਣ ਵਿਚ ਲੋਕ-ਜਜ਼ਬਾਤ ਨੂੰ ਪੜਤਾਲਿਆ ਅਤੇ ਉਸ ਤੋਂ ਪ੍ਰਾਪਤ ਅਨੁਭਵਕਤਾ ਨਾਲ ਅਠਾਰ੍ਹਵੀਂ ਸਦੀ ਦੇ ਪੰਜਾਬ ਦੇ ਜਜ਼ਬੇ ਨੂੰ ਇਸ ਨਾਵਲ ਦੀ ਸ਼ਕਲ ਵਿਚ ਚਿੱਤਰ ਦਿੱਤਾ ਹੈ। ਇਸ ਦਾ ਇਹ ਦੂਜਾ ਨਾਵਲ ਹੈ। ਪਹਿਲਾਂ ਇਕ ਰੂਸੀ ਨਾਵਲ ਦਾ ਸਫਲ ਅਨੁਵਾਦ *ਪਹਿਲਾ ਪਿਆਰ* ਸੀ ਤੇ ਇਹ ਦੂਜਾ ਨਾਵਲ ਮੌਲਿਕ ਹੈ, ਜਿਸ ਦੀ ਅੱਜ ਮੈਂ *ਯਾਰੜੇ ਦਾ ਸੱਥਰ* ਦੇ ਰੂਪ ਵਿਚ ਪਾਠਕਾਂ ਨਾਲ ਜਾਣ-ਪਛਾਣ ਕਰਾ ਰਿਹਾ ਹਾਂ। ਮੈਨੂੰ ਨਿਸਚਾ ਹੈ ਕਿ ਇਸ ਨਾਵਲ ਦਾ ਪੰਜਾਬੀ ਦੁਨੀਆਂ ਵਿਚ ਸਰਗਰਮ ਸਵਾਗਤ ਹੋਵੇਗਾ ਅਤੇ ਇਸ ਤੋਂ ਹੌਸਲਾ ਲੈ ਕੇ ਗਿਆਨੀ ਭਜਨ ਸਿੰਘ ਪੰਜਾਬੀ ਸਾਹਿਤ ਨੂੰ ਇਤਨਾ ਕੁਝ ਦੇਵੇਗਾ ਕਿ ਜਿਸ ਉੱਤੇ ਠੀਕ ਅਰਥਾਂ ਵਿਚ ਪੰਜਾਬੀ ਪਿਆਰੇ ਤੇ ਪੰਜਾਬੀ ਮਾਤਾ ਫ਼ਖ਼ਰ ਕਰ ਸਕੇਗੀ।

ਜਲੰਧਰ
17-9-59

ਕਰਮ ਸਿੰਘ ਜ਼ਖ਼ਮੀ
ਐਡੀਟਰ ਰੋਜ਼ਾਨਾ 'ਅਕਾਲੀ'

ਜਾਰੜੇ ਦਾ ਸੱਚਰ



ਗਿਆਨੀ ਭਜਨ ਸਿੰਘ

1

ਸ਼ਾਮ ਦਾ ਵੇਲਾ ਸੀ, ਜਦੋਂ ਸੂਰਜ ਆਪਣੀ ਸਾਰੀ ਦਿਹਾੜੀ ਦਾ ਪਹਿਰਾ ਦੇ ਕੇ ਪੱਛਮ ਵਿਚ ਅਲੋਪ ਹੋ ਰਿਹਾ ਸੀ ਤੇ ਡੁੱਬਦੇ ਸੂਰਜ ਦੀ ਲਾਲੀ ਚਾਰ-ਚੁਫ਼ੇਰੇ ਖਿੱਲਰ ਰਹੀ ਸੀ। ਵਾਗੀ ਡੰਗਰ ਚਾਰ ਕੇ ਘਰ ਮੁੜ ਰਹੇ ਸਨ। ਪੱਟੀ ਨੂੰ ਆਉਂਦੇ ਰਾਹਾਂ 'ਤੇ ਵੱਗਾਂ ਦੇ ਖੁਰਾਂ ਨੇ ਧੂੜ ਉਡਾਈ ਹੋਈ ਸੀ। ਸਾਰੇ ਦਿਨ ਦੀ ਭੱਜ ਨੱਠ ਪਿੱਛੋਂ ਪੰਛੀ ਵੀ ਇਧਰ ਉਧਰ ਆਪਣੇ ਆਲ੍ਹਣਿਆਂ ਨੂੰ ਜਾ ਰਹੇ ਸਨ। ਇਸ ਵੇਲੇ ਜਾਫ਼ਰ ਬੇਗ ਆਪਣੀ ਹਵੇਲੀ ਵਿਚ ਮੰਜਾ ਡਾਹੀ ਬੈਠਾ ਸੀ। ਵੱਡੇ ਵੱਡੇ ਪਾਵਿਆਂ ਵਾਲਾ ਵੱਡਾ ਸਾਰਾ ਮੰਜਾ ਉਸ ਇਕੱਲੇ ਮੱਲਿਆ ਹੋਇਆ ਸੀ। ਆਸੇ ਪਾਸੇ ਹੋਰ ਇਕ ਦੋ ਮੰਜੇ ਪਏ ਸਨ, ਜਿਨ੍ਹਾਂ 'ਤੇ ਜਾਫ਼ਰ ਬੇਗ ਦੇ ਦੁਆਲੇ ਰਹਿਣ ਵਾਲੇ ਸਭ ਗਾਮੇ ਮਾਝੇ ਬੈਠੇ ਸਨ। ਮੰਜੇ ਕੋਲ ਇਕ ਹੁੱਕਾ ਰੱਖਿਆ ਹੋਇਆ ਸੀ। ਉਹਦੀ ਸੱਪ ਵਾਂਗ ਵਲ ਖਾਂਦੀ ਲੰਮੀ ਨੜੀ ਮੂੰਹ ਵਿਚ ਪਾਈ ਜਾਫ਼ਰ ਬੇਗ ਗੱਲਾਂ ਕਰ ਰਿਹਾ ਸੀ। ਹਰ ਵਾਕ ਪੂਰਾ ਕਰਨ ਪਿੱਛੋਂ ਉਹ ਗੁੜ ਗੁੜ ਕਰ ਕੇ ਸੂਟਾ ਲਾ ਲੈਂਦਾ।

ਕੋਲ ਬੈਠੇ ਇਕ ਖੱਬੀ ਪੱਗ ਬੱਧੀ ਤੁਰਲੇ ਵਾਲੇ ਪਹਿਲਵਾਨ ਨੇ ਕਿਹਾ, "ਹੁਣ ਤੇ ਚਾਰੇ ਚੱਕ ਆਪਣਾ ਰਾਜ ਏ, ਕਿਸੇ ਦੀ ਜੁਰਅੱਤ ਨਹੀਂ ਕਿ ਚੂੰ ਵੀ ਕਰ ਸਕੇ। ਇਲਾਕੇ ਦੇ ਸਾਰੇ ਨਾਢੂ ਖ਼ਾਂ ਹੁਣ ਤੇ ਸਾਡਾ ਪਾਣੀ ਭਰਦੇ ਨੇ," ਜਾਫ਼ਰ ਬੇਗ ਨੂੰ ਸੰਬੋਧਨ ਕਰ ਕੇ ਉਸ ਫਿਰ ਕਿਹਾ, "ਤੁਹਾਡੇ ਪ੍ਰਤਾਪ ਨਾਲ ਅਸੀਂ ਜਿਧਰ ਨਜ਼ਰ ਕਰੀਏ, ਕੰਮ ਰਾਸ ਆ ਜਾਂਦੇ ਨੇ।"

"ਤੈਨੂੰ ਕਿਹਾ ਸੀ ਕਿ ਸੁਹਣੇ ਸ਼ਾਹ ਨਾਲ ਗੱਲ ਕਰੀਂ, ਉਹਨੇ ਕੁੜੀ ਦਾ ਆਚਾਰ ਤੇ ਨਹੀਂ ਪਾਉਣਾ। ਅਖ਼ੀਰ ਉਸ ਵਿਆਹੁਣੀ ਏ ਤੇ ਜੇ ਉਹ ਸਾਡੀ ਗੱਲ ਮੰਨ ਲਵੇ ਤਾਂ ਫਿਰ ਤੁਹਾਨੂੰ ਪਤਾ ਈ ਏ, ਅਸੀਂ ਖ਼ੁਸ਼ ਹੋ ਕੇ ਉਸ ਦੇ ਭੰਡਾਰੇ ਭਰ ਦਿਆਂਗੇ। ਇਹ ਕਰਾੜ ਨਿਰੇ ਪੈਸੇ ਦੇ ਪੁੱਤਰ ਨੇ।" ਜਾਫ਼ਰ ਬੇਗ ਨੇ ਜ਼ਰਾ ਸਖ਼ਤ ਜਿਹੇ ਢੰਗ ਨਾਲ ਇਹ ਗੱਲਾਂ ਕਹੀਆਂ। ਕੋਲ ਹੀ ਭੁੰਜੇ ਪੈਰਾਂ ਭਾਰ ਬੈਠੇ ਇਕ ਹੋਰ ਨੇ ਮੁੱਛ ਨੂੰ ਵੱਟ ਦੇਂਦਿਆਂ ਕਿਹਾ, "ਮੈਂ ਤੇ ਤੁਹਾਨੂੰ ਕਦੋਂ ਦਾ ਕਹਿੰਦਾ ਸਾਂ ਕਿ ਕਰਾੜ ਨੇ ਇਸ ਤਰ੍ਹਾਂ ਨਹੀਂ ਮੰਨਣਾ, ਜਿਵੇਂ

ਤੁਸੀਂ ਕਹਿੰਦੇ ਹੋ।"

"ਹੋਰ ਕਿਵੇਂ ਮੰਨੇਗਾ ?" ਜਾਫ਼ਰ ਬੇਗ ਨੇ ਪੁੱਛਿਆ।

"ਸੁਣਿਆ ਨਹੀਂ ਜਨਾਬ ਨੇ, ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ। ਇਨ੍ਹਾਂ ਨੂੰ ਉਸੇ ਤਰ੍ਹਾਂ ਠੀਕ ਕਰਨਾ ਪਵੇਗਾ, ਜਿਵੇਂ ਮੈਂ ਕਹਿੰਦਾ ਹਾਂ," ਉਹਨੇ ਪਾਸਾ ਮਾਰਦਿਆਂ ਤੇ ਦੂਜਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ।

"ਹੱਛਾ ਇਹ ਵੀ ਤਰੀਕਾ ਵਰਤ ਲਵਾਂਗੇ, ਕਿਹੜਾ ਨੱਸਾ ਜਾਂਦਾ ਏ ਉਹ ਇਥੋਂ। ਪਰ ਰਹੀਮਿਆਂ ਤੈਨੂੰ ਕਿਹਾ ਸੀ ਉਸ ਨਾਲ ਗੱਲ ਕਰੀਂ। ਤੂੰ ਕੀਤੀ ਏ ਕਿ ਨਹੀਂ ?" ਜਾਫ਼ਰ ਬੇਗ ਨੇ ਕਿਹਾ।

ਰਹੀਮ ਕੋਲ ਮੰਜੇ 'ਤੇ ਬੈਠਾ ਇਹ ਸਾਰੀਆਂ ਗੱਲਾਂ ਸੁਣਦਾ ਰਿਹਾ, ਪਰ ਜਦ ਜਾਫ਼ਰ ਬੇਗ ਨੇ ਉਸ ਨੂੰ ਸੰਬੋਧਨ ਕਰ ਕੇ ਉਸ ਤੋਂ ਪੁੱਛਿਆ ਤਾਂ ਉਸ ਕਿਹਾ, "ਮੈਂ ਗੱਲ ਕੀਤੀ ਸੀ ਜਨਾਬ, ਪਰ ਉਹ ਨਹੀਂ ਮੰਨਦਾ।"

"ਕਿਉਂ ?"

"ਉਹ ਕਹਿੰਦਾ ਏ ਕਿ ਅਸੀਂ ਹਿੰਦੂ ਹੋਏ ਤੇ ਤੁਸੀਂ ਮੁਸਲਮਾਨ। ਮੈਂ ਆਪਣੀ ਲੜਕੀ ਦਾ ਵਿਆਹ ਕਿਸ ਤਰ੍ਹਾਂ ਕਰ ਦਿਆਂ ਤੁਹਾਡੇ ਨਾਲ ?" ਰਹੀਮ ਨੇ ਕਿਹਾ।

"ਉਹਨੂੰ ਕਹਿਣਾ ਸੀ ਕਿ ਤੂੰ ਵੀ ਮੁਸਲਮਾਨ ਬਣ ਜਾ। ਤੂੰ ਹਿੰਦੂ ਰਹਿ ਕੇ ਕੀ ਲੈਣਾ ਏਂ। ਨਾਲੇ ਉਹਨੂੰ ਜ਼ਰਾ ਪੈਸੇ ਦੀ ਛਣਕਾਰ ਵਿਖਾਣੀ ਸੀ," ਜਾਫ਼ਰ ਬੇਗ ਨੇ ਬੜੀ ਗੰਭੀਰਤਾ ਨਾਲ ਇਹ ਗੱਲ ਕਹੀ।

"ਉਹਨੂੰ ਕਈ ਲਾਲਚ ਦਿੱਤੇ ਨੇ ਪਰ ਉਸ ਇਕ ਨਾ ਮੰਨੀ। ਉਹ ਕਹਿੰਦਾ ਸੀ ਕਿ ਇਹ ਰਿਸ਼ਤਾ ਨਹੀਂ ਹੋ ਸਕਦਾ। ਜਨਾਬ ਉਹ ਇਹ ਵੀ ਕਹਿੰਦਾ ਸੀ ਕਿ ਤੁਹਾਡੀ ਤੇ ਉਹਦੀ ਕੁੜੀ ਦੀ ਉਮਰ ਦਾ ਫ਼ਰਕ ਏ। ਤੁਸੀਂ ਬੁੱਢੇ ਹੋ ਗਏ ਹੋ ਤੇ ਉਹ ਤੇ ਤੁਹਾਡੀ ਧੀਆਂ ਵਰਗੀ ਏ।"

"ਕੌਣ ਕੰਜਰ ਕਹਿੰਦਾ ਏ ਕਿ ਮੈਂ ਬੁੱਢਾ ਹੋ ਗਿਆ ਹਾਂ," ਜਾਫ਼ਰ ਬੇਗ ਨੇ ਮਹਿੰਦੀ ਰੰਗੀ ਦਾਹੜੀ 'ਤੇ ਹੱਥ ਫੇਰਦਿਆਂ ਤੇ ਮੁੱਛਾਂ ਦੇ ਕੁੰਡਲਾਂ ਨੂੰ ਉੱਚਿਆਂ ਕਰਦਿਆਂ ਕਿਹਾ, "ਅਜੇ ਮੈਂ ਚਾਰ ਚਾਰ ਗਭਰੂਆਂ ਨੂੰ ਢਾਹ ਲੈਂਦਾ ਵਾਂ ਤੇ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮਾਝੇ ਵਿਚ ਮੇਰੇ ਨਾਲ ਕੋਈ ਕੁਸ਼ਤੀ ਨਹੀਂ ਕਰ ਸਕਦਾ ਤੇ ਉਹ ਚੌਗਾ ਮੈਨੂੰ ਬੁੱਢਾ ਕਹਿੰਦਾ ਏ।"

"ਜਨਾਬ, ਗੱਲ ਹੋਰ ਵੀ ਏ।"

"ਕੀ ਗੱਲ ਏ ਹੋਰ ?"

"ਮੈਨੂੰ ਤੇ ਇਉਂ ਜਾਪਦਾ ਏ ਕਿ ਕਿਸੇ ਦੀ ਉਹਨੂੰ ਚੁੱਕ ਏ," ਰਹੀਮ ਨੇ ਕਿਹਾ।

"ਚੁੱਕ ਦੇਣ ਵਾਲਾ ਕੌਣ ਏ ? ਸਾਡੇ ਇਲਾਕੇ ਵਿਚ ਜੇ ਕੋਈ ਸ਼ਰੀਕ ਜੰਮ ਪਿਆ ਏ ਤਾਂ ਰਗੜ ਦਿਓ ਉਹਨੂੰ," ਜਾਫ਼ਰ ਬੇਗ ਨੇ ਗੁੱਸੇ ਨਾਲ ਅੱਖਾਂ ਲਾਲ ਕਰ ਕੇ ਕਿਹਾ।

"ਪਿੱਛੇ ਜਿਹੇ ਇਥੋਂ ਕੁਝ ਸਿਖ ਘੋੜਿਆਂ 'ਤੇ ਲੰਘੇ ਨੇ ਤੇ ਮੇਰੇ ਕਿਆਸ ਵਿਚ ਉਹਨਾਂ ਦੀ ਸ਼ਰਾਰਤ ਹੋਣੀ ਏ," ਰਹੀਮ ਨੇ ਖ਼ਾਸ ਅੰਦਾਜ਼ੇ ਨਾਲ ਸਿਰ ਹਿਲਾਂਦਿਆਂ ਕਿਹਾ।

"ਸਿਖ ਫਿਰ ਜੰਮ ਪਏ ਨੇ। ਬੰਦੇ ਦਾ ਹਸ਼ਰ ਭੁੱਲ ਗਿਆ ਨੇ," ਜਾਫ਼ਰ ਬੇਗ ਨੇ ਉੱਤਰ ਦਿੱਤਾ ਤੇ ਸੋਚਾਂ ਵਿਚ ਪੈ ਗਿਆ। ਉਹਦੀਆਂ ਅੱਖਾਂ ਸਾਹਮਣੇ ਬੰਦਾ ਸਿੰਘ ਬਹਾਦਰ ਦੀਆਂ ਚੜ੍ਹਾਈਆਂ ਦਾ ਸਮਾਂ ਆ ਗਿਆ। ਸ਼ਾਹੀ ਫ਼ੌਜ ਦੀ ਭਾਜੜ ਦੇ ਦ੍ਰਿਸ਼ ਚੇਤੇ ਆਉਣ ਨਾਲ ਇਸ ਵਾਰੀ ਉਹਦੇ ਸਰੀਰ ਨੂੰ ਕਾਂਬਾ ਛਿੜ ਗਿਆ ਪਰ ਕੋਲ ਬੈਠਿਆਂ ਤੋਂ ਆਪਣੀ ਕਮਜ਼ੋਰੀ ਛੁਪਾਂਦਿਆਂ ਉਸ ਕਿਹਾ, "ਮੈਂ ਤੇ ਸੁਣਿਆ ਸੀ ਕਿ ਹੁਣ ਸਿਖ ਮਰ ਖਪ ਗਏ ਨੇ। ਇਹਨਾਂ ਵਿਚ ਫੁੱਟ ਪੈ ਗਈ ਏ ਤੇ ਆਪਸ ਵਿਚ ਹੀ ਲੜਨ ਡਹੇ ਹੋਏ ਨੇ।"

"ਕਦੋਂ ਦੀਆਂ ਗੱਲਾਂ ਕਰਦੇ ਹੋ ਭੋਲਿਓ। ਇਹਨਾਂ ਦੀ ਆਪਸ ਵਿਚ ਲੜਾਈ ਤਾਂ ਕਦੋਂ ਦੀ ਮੁੱਕ ਗਈ ਏ। ਅੱਜ-ਕਲ੍ਹ ਤਾਂ ਉਹ ਜਥੇ ਬਣਾਈ ਪਿੰਡਾਂ ਵਿਚ ਟੁਰੇ ਫਿਰਦੇ ਨੇ। ਮੈਂ ਕਈ ਵਾਰ ਤੱਕਿਆ ਏ ਕਿ ਉਹ ਘੋੜੇ ਭਜਾਈ ਕਦੇ ਏਧਰ ਜਾਂਦੇ ਨੇ ਤੇ ਕਦੇ ਓਧਰ। ਪਤਾ ਨਹੀਂ ਕੀ ਕਰਦੇ ਨੇ," ਕੋਲ ਬੈਠਿਆਂ ਵਿੱਚੋਂ ਇਕ ਹੋਰ ਆਦਮੀ ਬੋਲਿਆ।

"ਇਹ ਨਿਰੇ ਸੱਪ ਜੇ। ਇਹਨਾਂ ਦੀਆਂ ਸਿਰੀਆਂ ਹੁਣੇ ਫੇਹ ਦਿਓ ਨਹੀਂ ਤਾਂ ਔਖਾ ਕਰਨਗੇ। ਇਹਨਾਂ ਦਾ ਮੱਕੂ ਠੱਪ ਦਿਓ ਤਾਂ ਹੀ ਬਚ ਸਕਦੇ ਹੋ। ਨਹੀਂ ਤੇ ਇਹ ਤਾਂ ਲੋਹਾ ਰਗੜ ਰਗੜ ਕੇ ਲੋਕਾਂ ਨੂੰ ਪਾਣੀ ਪਿਆਈ ਜਾਂਦੇ ਜੇ। ਜਿਸ ਪਿੱਛੋਂ ਇਹ ਜ਼ਾਤ ਦੀਆਂ ਕੋਹੜ ਕਿਰਲੀਆਂ ਛਤੀਰਾਂ ਨੂੰ ਜੱਫੇ ਮਾਰਨ ਲੱਗ ਪੈਂਦੀਆਂ ਨੇ," ਰਹੀਮ ਨੇ ਇਹ ਗੱਲ ਇਸ ਢੰਗ ਨਾਲ ਕਹੀ ਕਿ ਜਾਫ਼ਰ ਬੇਗ ਗੁੱਸੇ ਵਿਚ ਆਵੇ ਤੇ ਇਹਨਾਂ ਨੂੰ ਖੁੱਲ੍ਹੀ ਛੁੱਟੀ ਦੇ ਦੇਵੇ।

"ਛੱਡੋ ਸਿੱਖਾਂ ਨਾਲ ਫਿਰ ਨਿਬੜ ਲਵਾਂਗੇ, ਪਹਿਲਾਂ ਸੁਹਣੇ ਸ਼ਾਹ ਦੀ ਕੁੜੀ ਵਾਲਾ ਮਸਲਾ ਤਾਂ ਨਜਿੱਠ ਲਵੋ," ਕੋਲ ਬੈਠੇ ਇਕ ਆਦਮੀ ਨੇ ਕਿਹਾ।

"ਨਹੀਂ, ਇਹ ਵਾਧੂ ਗੱਲਾਂ ਨਾ ਸਮਝੋ। ਅੱਜ ਸੁਹਣੇ ਸ਼ਾਹ ਆਕੜਦਾ ਏ ਤੇ ਕਲ੍ਹ ਹੋਰ ਆਕੜਨਗੇ। ਫਿਰ ਤਾਂ ਸਾਡੀ ਕੋਈ ਥਾਂ ਨਹੀਂ। ਵੱਸੇ ਸਾਡੇ ਨਗਰਾਂ ਵਿਚ ਤੇ ਸਾਡੀਆਂ ਗੱਲਾਂ ਨਾ ਮੰਨੇ, ਉਹਦੇ ਟੋਟੇ ਕਰ ਕੇ ਕੁੱਤਿਆਂ ਅੱਗੇ ਨਹੀਂ ਪਾਏ ਜਾਂਦੇ। ਸਵਾਲ ਇਹ ਹੈ ਕਿ ਬੁਰੇ ਨੂੰ ਮਾਰਨ ਨਾਲੋਂ ਬੁਰੇ ਦੀ ਮਾਂ ਨੂੰ ਕਿਉਂ ਨਹੀਂ ਮਾਰਦੇ, ਜਿਹੜੀ ਹੋਰ ਬੁਰੇ ਜੰਮੇ ਹੀ ਨਾ। ਇਸ ਲਈ ਮੇਰਾ ਤਾਂ ਇਹੋ ਵਿਚਾਰ ਏ ਕਿ ਪਹਿਲਾਂ ਆਪਣਾ ਇਲਾਕਾ ਸਿੱਖਾਂ ਤੋਂ ਸਾਫ਼ ਕਰ ਦਿਓ, ਨਹੀਂ ਤੇ ਇਹਨਾਂ ਚੈਨ ਨਹੀਂ ਲੈਣ ਦੇਣਾ। ਹੋਣ ਕਿਹੜੇ ਢਾਈ ਟੋਟੜੂ, ਵਖ਼ਤ ਪਾਇਆ ਹੋਇਆ ਨੇ," ਰਹੀਮ ਖ਼ਾਨ ਨੇ ਕਿਹਾ।

ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਹਵੇਲੀ ਦਾ ਬਾਹਰਲਾ ਦਰਵਾਜ਼ਾ ਖੜਕਿਆ। ਹਵੇਲੀ ਕਿਲ੍ਹੇ ਦੀ ਸ਼ਕਲ ਵਿਚ ਸੀ ਤੇ ਉਹਦੇ ਬਾਹਰ ਲੋਹੇ ਦਾ ਇਕ ਵੱਡਾ ਦਰਵਾਜ਼ਾ ਸੀ। ਇਕ ਨੌਕਰ ਭੱਜਾ ਗਿਆ ਤੇ ਉਸ ਜਾ ਕੇ ਦਰਵਾਜ਼ੇ ਨਾਲ ਬਣੀ ਹੋਈ ਨਿੱਕੀ ਜਿਹੀ ਤਾਕੀ ਥੋੜ੍ਹੀ ਜਿਹੀ ਖੋਲ੍ਹੀ ਤਾਂ ਉਹਨੂੰ ਬਾਹਰ ਘੋੜਿਆਂ ਦੀਆਂ ਖੁਰੀਆਂ ਹੀ ਖੁਰੀਆਂ ਨਜ਼ਰ ਆਈਆਂ। ਨੌਕਰ ਘਬਰਾ ਗਿਆ ਤੇ ਉਸ ਦਰਵਾਜ਼ਾ ਪੂਰਾ ਖੋਲ੍ਹੇ ਬਿਨਾਂ ਹੀ ਬੰਦ ਕਰ ਦਿੱਤਾ। ਘਬਰਾਇਆ ਹੋਇਆ ਉਹ ਭੱਜਾ ਆਇਆ ਤੇ ਆ ਕੇ ਜਾਫ਼ਰ ਬੇਗ ਨੂੰ ਦੱਸਿਆ ਕਿ ਬਾਹਰ ਤਾਂ ਕੋਈ ਹਮਲਾ ਕਰ ਕੇ ਆ ਗਿਆ ਏ। ਘੋੜੇ ਹੀ ਘੋੜੇ ਦਿੱਸਦੇ ਹਨ।

ਇਹ ਸੁਣਦਿਆਂ ਕਈਆਂ ਦੀ ਖਾਨਿਉਂ ਗਈ। ਜਾਫ਼ਰ ਬੇਗ ਕੋਲ ਬੈਠ ਕੇ ਬੜੀਆਂ ਫੜ੍ਹਾਂ ਮਾਰਨ ਵਾਲਿਆਂ ਦਾ ਚਿਹਰਾ ਉਡ ਗਿਆ। ਇਕ ਬੋਲ ਪਿਆ, "ਹੋਵੇ ਨਾ ਤੇ ਭਾਵੇਂ ਸਿਖ ਹੀ ਆ ਗਏ ਹੋਣ। ਲਓ ਵੇਖ ਲਵੋ, ਅਜੇ ਕੱਲ੍ਹ ਮਰਦੇ ਪਏ ਜੇ ਤੇ ਅੱਜ ਉਹਨਾਂ ਵਿਚ ਇੰਨਾ ਹੌਂਸਲਾ ਜੇ ਕਿ ਪੱਟੀ 'ਤੇ ਹਮਲਾ ਕਰਨ ਲਈ ਆ ਗਏ ਜੇ।" ਇਕ ਆਦਮੀ ਝੱਟ-ਪਟ ਉਠਿਆ ਤੇ ਉਸ ਪੌੜੀ ਲਾ ਕੇ ਕੰਧ ਦੇ ਉਪਰ ਜ਼ਰਾ ਕੁ ਸਿਰ ਕਰ ਕੇ ਤੱਕਿਆ ਤਾਂ ਬਾਹਰ ਦਸ ਕੁ ਘੋੜ ਸਵਾਰ ਖੜੇ ਦਰਵਾਜ਼ਾ ਖੁਲ੍ਹਣ ਦੀ ਉਡੀਕ ਕਰ ਰਹੇ ਸਨ ਤੇ ਉਹਨਾਂ ਵਿੱਚੋਂ ਇਕ ਵੀ ਸਿਖ ਨਹੀਂ ਸੀ। ਉਹ ਥੱਲੇ ਉਤਰ ਆਇਆ ਤੇ ਉਸ ਜਾਫ਼ਰ ਬੇਗ ਨੂੰ ਦੱਸਿਆ ਕਿ ਬਾਹਰ ਸਿਖ ਤਾਂ ਨਹੀਂ ਆਏ। ਇਹ ਕੋਈ ਤੁਹਾਨੂੰ ਉਂਝ ਹੀ ਮਿਲਣ ਆਏ ਨੇ। ਇਕ ਤਾਂ ਅੱਗੇ ਵੀ ਕਈ ਵਾਰ ਆਉਂਦਾ ਤੱਕਿਆ ਏ, ਉਂਝ ਮੈਂ ਉਹਨੂੰ ਜਾਣਦਾ ਨਹੀਂ।

ਦਰਵਾਜ਼ਾ ਖੋਲ੍ਹਿਆ ਗਿਆ ਤਾਂ ਨੌਸ਼ਹਿਰੇ ਦਾ ਚੌਧਰੀ ਸਾਹਿਬ ਰਾਏ ਅੰਦਰ ਆ ਗਿਆ। ਉਸ ਆਉਂਦਿਆਂ ਮਿਰਜ਼ਾ ਜਾਫ਼ਰ ਬੇਗ ਨੂੰ ਮੁਸਲਮਾਨੀ ਢੰਗ ਨਾਲ ਸਲਾਮ ਕੀਤੀ ਤੇ ਇਸੇ ਤਰ੍ਹਾਂ ਉਹਦੇ ਨਾਲ ਆਏ ਦੂਜੇ ਘੋੜ ਸਵਾਰਾਂ ਨੇ ਕੀਤਾ ਤੇ ਸਾਰੇ ਮੰਜਿਆਂ 'ਤੇ ਆ ਕੇ ਬੈਠ ਗਏ। ਦੋ-ਚਾਰ ਮਿੰਟ ਤਾਂ ਕਿਸੇ ਗੱਲ ਨਾ ਸ਼ੁਰੂ ਕੀਤੀ। ਸਾਹਿਬ ਰਾਏ ਹੋਰੀਂ ਥੱਕੇ ਹੋਏ ਸਨ ਤੇ ਅਜੇ ਉਹ ਟਿਕਾਣੇ ਨਹੀਂ ਸਨ ਆਏ। ਅਖ਼ੀਰ ਸਾਹਿਬ ਰਾਏ ਨੇ ਹੀ ਗੱਲ ਸ਼ੁਰੂ ਕੀਤੀ।

"ਅਸੀਂ ਅੱਜ ਤੁਹਾਨੂੰ ਖ਼ਾਸ ਖੇਚਲ ਦੇਣ ਆਏ ਹਾਂ। ਉਂਝ ਤਾਂ ਤੁਹਾਡੀ ਮਿਹਰ ਤੇ ਪ੍ਰਤਾਪ ਦਾ ਸਦਕਾ ਸਾਰਾ ਇਲਾਕਾ ਆਪਣਾ ਪਾਣੀ ਭਰਦਾ ਏ ਪਰ ਪਿੰਡ 'ਵਾਂ' ਵਿਚ ਇਕ ਸਿਖ ਰਹਿੰਦਾ ਏ ਤਾਰਾ ਸਿਹੁੰ, ਉਸ ਤੋਂ ਬੜੇ ਦੁਖੀ ਆਂ।"

"ਕਿਉਂ ?" ਜਾਫ਼ਰ ਬੇਗ ਨੇ ਪੁੱਛਿਆ।

"ਪਹਿਲਾਂ ਤਾਂ ਉਹ ਕਦੇ ਹਾਜ਼ਰੀ ਭਰਨ ਨਹੀਂ ਆਇਆ। ਜੇ ਅਸੀਂ ਕਦੇ ਓਧਰੋਂ

ਲੰਘੀਏ ਤਾਂ ਉਹ ਸਲਾਮ ਕਰਨਾ ਆਪਣੀ ਹੱਤਕ ਸਮਝਦਾ ਹੈ। ਫਿਰ ਉਹਨੇ ਆਪਣੀ ਜ਼ਮੀਨ ਵਿਚ ਇਕ ਬੁਰਜ ਬਣਾਇਆ ਹੋਇਆ ਏ। ਉਹ ਬੁਰਜ ਕਾਹਦਾ ਏ, ਸਿੱਖਾਂ ਦੀ ਸਰਾਂ ਏ। ਆਉਂਦੇ ਜਾਂਦੇ ਘੋੜਿਆਂ ਵਾਲੇ ਤੇ ਪੈਦਲ ਸਿਖ ਉਹਦੇ ਕੋਲ ਹੀ ਰਹਿੰਦੇ ਨੇ। ਨਾਲੇ ਸਾਡੇ ਇਲਾਕੇ ਵਿਚ ਰਹਿੰਦੇ ਤੇ ਰੋਟੀਆਂ ਪਾੜਦੇ ਨੇ ਤੇ ਨਾਲੇ ਸਾਡੇ ਵਿਰੁੱਧ ਸਾਜ਼ਸ਼ਾਂ ਕਰਦੇ ਨੇ। ਮੈਂ ਉਹਨੂੰ ਕਈ ਵਾਰ ਰੋਕਿਆ ਏ ਕਿ ਤੂੰ ਸਿੱਖਾਂ ਨੂੰ ਇਸ ਤਰ੍ਹਾਂ ਨਾ ਰਖਿਆ ਕਰ, ਇਲਾਕੇ ਦੇ ਅਮਨ ਨੂੰ ਖ਼ਤਰਾ ਏ ਪਰ ਉਹ ਮੇਰੀ ਕੋਈ ਗੱਲ ਵੀ ਸੁਣਨ ਲਈ ਤਿਆਰ ਨਹੀਂ," ਸਾਹਿਬ ਰਾਏ ਨੇ ਇਸ ਤਰ੍ਹਾਂ ਕਹਿ ਕੇ ਜਾਫ਼ਰ ਬੇਗ ਨੂੰ ਭੜਕਾਇਆ।

"ਮਾਰ ਮਾਰ ਦੂੰਬਾ ਬਣਾਨਾ ਸੀ ਉਹਨੂੰ, ਮੇਰੇ ਕੋਲ ਫਿਰ ਆਉਣਾ ਸੀ," ਜਾਫ਼ਰ ਬੇਗ ਨੇ ਜ਼ਰਾ ਦੰਦਾਂ ਨੂੰ ਪੀਂਹਦਿਆਂ ਗੁੱਸੇ ਭਰੇ ਢੰਗ ਵਿਚ ਕਿਹਾ।

"ਜੇ ਮੈਥੋਂ ਮਰਦਾ ਤਾਂ ਤੁਹਾਡੇ ਕੋਲ ਕਾਹਦੇ ਲਈ ਆਉਂਦਾ। ਉਸ ਕੋਲ ਹਰ ਵੇਲੇ ਹੀ ਕੁਝ ਨਾ ਕੁਝ ਬੰਦੇ ਰਹਿੰਦੇ ਨੇ ਤੇ ਨਾਲੇ ਉਸ ਬੜੇ ਹਥਿਆਰ ਇਕੱਠੇ ਕੀਤੇ ਹੋਏ ਹਨ। ਜਨਾਬ, ਸਾਡੇ ਇਲਾਕੇ ਵਿਚ ਹੁਣ ਸਿੱਖਾਂ ਦਾ ਉਹੀ ਇਕ ਵੱਡਾ ਅੱਡਾ ਏ। ਜੇ ਉਹ ਖ਼ਤਮ ਕਰ ਦੇਈਏ ਤਾਂ ਨਿਸਚੇ ਹੀ ਫੇਰ ਸਿੱਖਾਂ ਨੂੰ ਕਿਧਰੇ ਪੈਰ ਧਰਨ ਨੂੰ ਥਾਂ ਨਹੀਂ ਲੱਭੇਗੀ," ਸਾਹਿਬ ਰਾਏ ਨੇ ਹੋਰ ਕਿਹਾ, "ਜੇ ਅੱਜ ਉਹਨਾਂ ਨੂੰ ਖ਼ਤਮ ਨਾ ਕੀਤਾ ਗਿਆ ਤਾਂ ਮੈਨੂੰ ਤਾਂ ਇਉਂ ਜਾਪਦਾ ਏ ਕਿ ਉਹ ਦੁਆਬੇ ਤੇ ਮਾਲਵੇ ਤੋਂ ਹੋਰ ਸਿੱਖਾਂ ਨੂੰ ਸੱਦ ਲੈਣਗੇ ਤੇ ਇਸ ਇਲਾਕੇ ਵਿਚ ਖਰੂਦ ਮਚਾਣ ਦਾ ਯਤਨ ਕਰਨਗੇ। ਤੁਹਾਨੂੰ ਅੱਗੇ ਹੀ ਪਤਾ ਹੈ ਕਿ ਉਹ ਧਰਮ ਪ੍ਰਚਾਰ ਤੇ ਅੰਮ੍ਰਿਤ ਪ੍ਰਚਾਰ ਦੇ ਬਹਾਨੇ ਲੋਕਾਂ ਨੂੰ ਭੜਕਾਈ ਤੁਰੇ ਜਾਂਦੇ ਨੇ, ਜਿਨ੍ਹਾਂ ਕਦੇ ਛਿਟੀ ਨਹੀਂ ਸੀ ਮਾਰੀ, ਉਹ ਵੀ ਗਜ਼ ਗਜ਼ ਦੀਆਂ ਤਲਵਾਰਾਂ ਚੁੱਕੀ ਫਿਰਦੇ ਨੇ।"

ਜਾਫ਼ਰ ਬੇਗ ਨੇ ਸਾਰੀ ਗੱਲ ਸੁਣ ਕੇ ਉਸ ਬਾਰੇ ਆਪਣੇ ਇਕ ਦੋ ਸਾਥੀਆਂ ਦੀ ਸਲਾਹ ਲਈ ਤੇ ਅਖ਼ੀਰ ਇਹੀ ਫ਼ੈਸਲਾ ਕੀਤਾ ਗਿਆ ਕਿ ਕਲ੍ਹ ਸਵੇਰੇ ਦਿਨ ਚੜ੍ਹਦਿਆਂ ਕੂਚ ਕਰ ਦਿੱਤਾ ਜਾਏ ਤੇ ਜਾ ਕੇ ਉਸ ਸਿਖ ਨੂੰ ਗ੍ਰਿਫ਼ਤਾਰ ਕਰ ਲਿਆ ਜਾਏ, ਜਿਸ ਨੇ ਇਲਾਕੇ ਵਿਚ ਸਿੱਖਾਂ ਦੀ ਇਕ ਛਾਉਣੀ ਬਣਾ ਕੇ ਵਖਤ ਪਾਇਆ ਹੋਇਆ ਹੈ। ਸਾਹਿਬ ਰਾਏ ਨੂੰ ਜਾਫ਼ਰ ਬੇਗ ਨੇ ਉਸੇ ਵੇਲੇ ਟੋਰ ਦਿੱਤਾ ਤਾਂ ਜੋ ਉਹ ਜਾ ਕੇ ਆਪਣੀ ਥਾਂ 'ਤੇ ਤਿਆਰੀ ਕਰੇ ਤੇ ਅਗਲੇ ਦਿਨ ਪਿੰਡ 'ਵਾਂ' ਨੇੜੇ ਆਪਣੇ ਜਵਾਨਾਂ ਨੂੰ ਲਿਆ ਕੇ ਮਿਲੇ। ਜਾਫ਼ਰ ਬੇਗ ਨੇ ਆਪਣੇ ਬੰਦਿਆਂ ਨੂੰ ਵੀ ਜ਼ਰੂਰੀ ਹਦਾਇਤਾਂ ਦੇ ਕੇ ਤਿਆਰੀ ਕਰਨ ਲਈ ਟੋਰ ਦਿੱਤਾ ਤੇ ਆਪ ਘਰ ਚਲਾ ਗਿਆ।

ਜਾਫ਼ਰ ਬੇਗ ਦਾ ਪਰਵਾਰ ਚੰਗਾ ਲੰਮਾ ਚੌੜਾ ਸੀ। ਕਈ ਬੇਗਮਾਂ ਸਨ ਤੇ ਅੱਗੋਂ ਉਹਨਾਂ ਦੇ ਬਹੁਤ ਸਾਰੇ ਬੱਚੇ ਸਨ ਪਰ ਇਹਨੂੰ ਸਭ ਤੋਂ ਵੱਧ ਪਿਆਰ ਆਪਣੀ ਭਤੀਜੀ

ਫ਼ਾਤਮਾ ਤੇ ਭਤੀਜੇ ਕਾਦਰ ਬਖ਼ਸ਼ ਨਾਲ ਸੀ। ਇਹਦਾ ਸ਼ਾਇਦ ਇਹ ਕਾਰਨ ਸੀ ਕਿ ਇਹਨਾਂ ਦੇ ਨਿੱਕੇ ਹੁੰਦਿਆਂ ਮਾਤਾ ਪਿਤਾ ਚਲਾਣਾ ਕਰ ਗਏ ਸਨ ਤੇ ਇਹ ਚਾਚੇ ਜਾਫ਼ਰ ਬੇਗ ਪਾਸ ਹੀ ਪਲੇ ਸਨ। ਉਦੋਂ ਜਾਫ਼ਰ ਬੇਗ ਦੇ ਕੋਈ ਸੰਤਾਨ ਨਹੀਂ ਸੀ ਤੇ ਇਹ ਇਕ ਨੂੰ ਉਂਗਲੀ ਲਾਈ ਤੇ ਦੂਜੇ ਨੂੰ ਕੁੱਛੜ ਚੁੱਕੀ ਖਿਡਾਂਦਾ ਰਹਿੰਦਾ ਸੀ। ਫ਼ਾਤਮਾ ਦੀਆਂ ਬਚਪਨ ਦੀਆਂ ਗੱਲਾਂ ਇਹਨੂੰ ਚੰਗੀਆਂ ਲੱਗਦੀਆਂ ਸਨ ਤੇ ਭਾਵੇਂ ਪਿੱਛੋਂ ਇਹਦੇ ਆਪਣੇ ਬੜੀ ਸੰਤਾਨ ਹੋ ਗਈ ਪਰ ਫਿਰ ਵੀ ਇਹਦਾ ਫ਼ਾਤਮਾ ਤੇ ਕਾਦਰ ਬਖ਼ਸ਼ ਨਾਲ ਪਿਆਰ ਨਾ ਘਟਿਆ। ਫ਼ਾਤਮਾ ਬਹੁਤ ਸੁਹਣੀ, ਜੋਬਨ ਭਰੀ, ਮਿੱਠ ਬੋਲੜੀ ਤੇ ਸਿਆਣੀ ਕੁੜੀ ਸੀ। ਜਦੋਂ ਕਿਧਰੇ ਜਾਫ਼ਰ ਬੇਗ ਨੂੰ ਕੋਈ ਔਕੜ ਪੇਸ਼ ਆਉਂਦੀ ਤਾਂ ਘਰ ਵਿੱਚੋਂ ਇਹੀ ਇਕ ਜੀਅ ਸੀ ਜੋ ਉਹਨੂੰ ਠੀਕ ਸਲਾਹ ਦਿੰਦੀ ਤੇ ਜਾਫ਼ਰ ਬੇਗ ਵੀ ਉਸ 'ਤੇ ਬੜਾ ਭਰੋਸਾ ਕਰਦਾ ਸੀ। ਕਈ ਵੱਡੀਆਂ ਵੱਡੀਆਂ ਸਮੱਸਿਆਵਾਂ ਸੁਲਝਾਣ ਲਈ ਇਸ ਸਾਧਾਰਨ ਬੁੱਧੀ ਨੂੰ ਵਧੇਰੇ ਚੰਗੇ ਤਰੀਕੇ ਸੁੱਝ ਪੈਂਦੇ ਸਨ। ਜਾਫ਼ਰ ਬੇਗ ਵੀ ਕਈ ਵਾਰ ਕਿਹਾ ਕਰਦਾ ਸੀ ਕਿ ਫ਼ਾਤਮਾ ਤਾਂ ਰਾਜ ਕਰੇਗੀ। ਇਹ ਇਕ ਚੰਗੀ ਪ੍ਰਬੰਧਕ ਸਾਬਤ ਹੋ ਸਕਦੀ ਹੈ।

ਅੱਜ ਜਦੋਂ ਜਾਫ਼ਰ ਬੇਗ ਘਰ ਮੁੜਿਆ ਤਾਂ ਕਾਫ਼ੀ ਸੋਚਾਂ ਵਿਚ ਪਿਆ ਹੋਇਆ ਸੀ। ਅਸਲ ਵਿਚ ਉਹਦੀ ਆਦਤ ਵੀ ਇਹ ਸੀ ਕਿ ਉਹ ਲੜਾਈ ਲਈ ਚੜ੍ਹਨ ਤੋਂ ਪਹਿਲਾਂ ਇਸ ਬਾਰੇ ਪੂਰੀ ਤਿਆਰੀ ਕਰਦਾ ਤੇ ਸੋਚਦਾ, ਵਿਚਾਰਦਾ ਤੇ ਦੁਸ਼ਮਣ ਨੂੰ ਬਹੁਤ ਤਾਕਤਵਰ ਸਮਝ ਕੇ ਮੁਕਾਬਲੇ ਲਈ ਵਿਓਂਤ ਬਣਾ ਕੇ ਟੁਰਦਾ ਸੀ। ਫ਼ਾਤਮਾ ਨੇ ਉਹਨੂੰ ਸੋਚੀਂ ਪਏ ਨੂੰ ਤਾੜ ਲਿਆ ਤੇ ਕੋਲ ਆ ਬੈਠੀ।

"ਚਾਚਾ ਜੀ! ਅੱਜ ਕੀ ਗੱਲ ਏ ? ਤੁਸੀਂ ਉਦਾਸ ਕਿਉਂ ਹੋ ?" ਉਸ ਬੜੇ ਪਿਆਰ ਨਾਲ ਉਹਦੇ ਮੋਢੇ 'ਤੇ ਹੱਥ ਧਰਦਿਆਂ ਤੇ ਥੋੜ੍ਹਾ ਜਿਹਾ ਅੱਗੇ ਝੁਕਦਿਆਂ ਕਿਹਾ।

"ਕੁਝ ਨਹੀਂ।"

"ਕੁਝ ਤਾਂ ਜ਼ਰੂਰ ਏ।"

"ਹਮਲਾ ਕਰਨ ਜਾਣਾ ਏਂ, ਇਕ ਸਿਖ ਨੇ ਬੜਾ ਤੰਗ ਕੀਤਾ ਹੋਇਆ ਏ," ਅਖ਼ੀਰ ਜਾਫ਼ਰ ਬੇਗ ਨੇ ਦੱਸਿਆ।

"ਕੀ ਤੰਗ ਕਰਦਾ ਏ ਉਹ ?"

"ਆਪਣਾ ਘਰ ਉਹਨੇ ਸਿੱਖਾਂ ਲਈ ਸਰਾਂ ਬਣਾਇਆ ਹੋਇਆ ਏ। ਆਕੜ ਉਸ ਵਿਚ ਇੰਨੀ ਏ ਕਿ ਕਿਸੇ ਅੱਗੇ ਝੁਕਦਾ ਨਹੀਂ," ਜਾਫ਼ਰ ਬੇਗ ਨੇ ਜ਼ਰਾ ਮੂੰਹ ਉਪਰ ਕਰ ਕੇ ਫ਼ਾਤਮਾ ਵੱਲ ਵੇਖਦਿਆਂ ਕਿਹਾ।

"ਤਾਂ ਤੇ ਚੰਗਾ ਆਦਮੀ ਹੋਇਆ ਜੋ ਕਿਸੇ ਅੱਗੇ ਨਹੀਂ ਝੁਕਦਾ, ਸਾਡੇ ਦੇਸ਼ ਨੂੰ

ਅਜਿਹੇ ਬਹਾਦਰ ਬੰਦਿਆਂ ਦੀ ਲੋੜ ਏ," ਫ਼ਾਤਮਾ ਨੇ ਬੜੀ ਮਾਸੂਮਤਾ ਨਾਲ ਕਿਹਾ।

"ਹੈਂ, ਕੀ ਪਈ ਕਹਿੰਨੀ ਏਂ, ਬਹਾਦਰ ਏ, ਉਹ ਇਥੇ ਬਗ਼ਾਵਤ ਕਰਾਉਣ ਲੱਗਾ ਏ ਤੇ ਤੂੰ ਉਹਨੂੰ ਚੰਗਾ ਕਹਿਨੀ ਏਂ। ਮੈਂ ਉਹਦੀ ਹੱਡੀ ਹੱਡੀ ਵੱਖ ਕਰ ਦਿਆਂਗਾ। ਵੇਖਾਂਗਾ ਕੌਣ ਉਹਦੀ ਮਦਦ 'ਤੇ ਆਉਂਦਾ ਏ," ਜਾਫ਼ਰ ਬੇਗ ਨੂੰ ਗੁੱਸਾ ਚੜ੍ਹ ਗਿਆ। ਉਹ ਬਰਦਾਸ਼ਤ ਨਾ ਕਰ ਸਕਿਆ ਕਿ ਕੋਈ ਕਿਸੇ ਸਿਖ ਨੂੰ ਚੰਗਾ ਕਹੇ।

"ਨਹੀਂ, ਮੈਂ ਨਹੀਂ ਕੋਈ ਗੱਲ ਸੁਣਨੀ ਚਾਹੁੰਦਾ। ਅੱਜ ਦਿਮਾਗ਼ ਖ਼ਰਾਬ ਜਾਪਦਾ ਏ। ਕਿਥੇ ਈ ਭਰਾ ਕਾਦਰ ਬਖ਼ਸ਼ ? ਉਹਨੂੰ ਕਹਿ ਦੇ ਕਿ ਤਿਆਰੀ ਕਰੇ ਕਿ ਕੱਲ੍ਹ ਹਮਲਾ ਕਰਨ ਲਈ ਜੋ ਫ਼ੌਜ ਭੇਜੀ ਜਾ ਰਹੀ ਹੈ, ਉਸ ਦੀ ਉਹਨੇ ਮੇਰੇ ਨਾਲ ਅਗਵਾਈ ਕਰਨੀ ਏਂ।"

"ਚਾਚਾ ਜੀ! ਮੈਨੂੰ ਤੁਹਾਡੀਆਂ ਇਸ ਤਰ੍ਹਾਂ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ। ਤੁਸੀਂ ਇਸ ਸਮੇਂ ਗੁੱਸੇ ਵਿਚ ਹੋ। ਭਾਊ ਆ ਲਵੇ, ਮੈਂ ਉਹਨੂੰ ਵੀ ਸਮਝਾਵਾਂਗੀ," ਫ਼ਾਤਮਾ ਨੇ ਪਿਆਰ ਨਾਲ ਕਿਹਾ।

"ਕੀ ਸਮਝਾਏਂਗੀ ਤੂੰ ?" ਜਾਫ਼ਰ ਬੇਗ ਨੇ ਜ਼ਰਾ ਖਿਝ ਕੇ ਕਿਹਾ, "ਵੇਖ ਫ਼ਾਤਮਾ! ਉਹਦਾ ਸਿਰ ਹੁਣ ਨਾ ਫੇਹਿਆ ਗਿਆ ਤਾਂ ਉਹ ਕਦੇ ਸਾਡੀ ਗੱਦੀ ਨੂੰ ਵੀ ਹੱਥ ਪਾਏਗਾ। ਇਹਨਾਂ ਸਿੱਖਾਂ ਬਾਰੇ ਤੂੰ ਨਹੀਂ ਜਾਣਦੀ। ਇਹਨਾਂ ਵਿਚ ਪਤਾ ਨਹੀਂ ਕੀ ਤਾਕਤ ਆ ਗਈ ਏ ਕਿ ਲੜਨ ਮਰਨ ਤੋਂ ਡਰਦੇ ਹੀ ਨਹੀਂ। ਇਕ ਵੀ ਆਪਣੇ ਆਪ ਨੂੰ ਸਵਾ ਲੱਖ ਕਹਿੰਦਾ ਏ। ਥੋੜ੍ਹੀ ਤਬਾਹੀ ਨਹੀਂ ਸੀ ਹੋਈ ਕੁਝ ਸਾਲ ਪਹਿਲਾਂ, ਜਦੋਂ ਬਾਬਾ ਬੰਦੇ ਦੀ ਅਗਵਾਈ ਵਿਚ ਇਹਨਾਂ ਸਿਰ ਚੁੱਕਿਆ ਸੀ।"

ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਕਾਦਰ ਬਖ਼ਸ਼ ਵੀ ਬਾਹਰੋਂ ਆ ਗਿਆ। ਜਾਫ਼ਰ ਬੇਗ ਨੇ ਉਹਨੂੰ ਆਪਣੇ ਕੋਲ ਸੱਦਿਆ ਤੇ ਦੱਸਿਆ ਕਿ ਪਿੰਡ 'ਵਾਂ' ਦੇ ਤਾਰਾ ਸਿੰਘ ਨੂੰ ਸੋਧਣ ਜਾਣਾ ਹੈ, ਇਸ ਲਈ ਤਿਆਰੀ ਕਰੋ।

"ਬੰਦੇ ਇਕ ਨੂੰ ਠੀਕ ਕਰਨਾ ਏ ਤੇ ਕਰੀਏ ਫ਼ੌਜੀ ਤਿਆਰੀ ?" ਹੈਰਾਨ ਹੋ ਕੇ ਕਾਦਰ ਬਖ਼ਸ਼ ਨੇ ਪੁੱਛਿਆ।

"ਉਹ ਇਕੱਲਾ ਨਹੀਂ, ਉਹਦੇ ਕੋਲ ਸਿੱਖਾਂ ਦੇ ਜਥੇ ਰਹਿੰਦੇ ਨੇ। ਇਸ ਲਈ ਉਹਨੂੰ ਠੀਕ ਕਰਨ ਲਈ ਪੂਰਾ ਵੱਡਾ ਹਮਲਾ ਕਰਨ ਦੀ ਤਿਆਰੀ ਕਰ ਕੇ ਜਾਣਾ ਪਏਗਾ। ਜੇ ਇਕੱਲਾ ਹੁੰਦਾ ਤਾਂ ਸਾਹਿਬ ਰਾਏ ਮੇਰੇ ਪਾਸ ਕਿਉਂ ਆਉਂਦਾ ?" ਜਾਫ਼ਰ ਬੇਗ ਨੇ ਉਹਨੂੰ ਸਾਰੀ ਹਾਲਤ ਦੱਸੀ ਤੇ ਕਾਦਰ ਬਖ਼ਸ਼ ਨੂੰ ਇਸ ਗੱਲ ਲਈ ਤਿਆਰ ਕਰਨ ਦਾ ਯਤਨ ਕੀਤਾ ਕਿ ਉਹ ਹਮਲੇ ਦੀ ਅਗਵਾਈ ਕਰੇ।

ਕਾਦਰ ਬਖ਼ਸ਼ ਬੜਾ ਦਲੇਰ ਤੇ ਬਹਾਦਰ ਜਵਾਨ ਸੀ। ਲੜਾਈ ਵਿਚ ਉਹਦੇ ਨਾਲ

ਜਦੋਂ ਜਵਾਨਾਂ ਦਾ ਦਸਤਾ ਆਪਣੇ ਹੱਥ ਵਿਖਾਉਂਦਾ ਤਾਂ ਵੱਡੇ ਵੱਡੇ ਨਾਢੂ ਖ਼ਾਂ ਵੀ ਈਨ ਮੰਨ ਜਾਂਦੇ ਸਨ। ਜਾਫ਼ਰ ਬੇਗ ਮਾਣ ਨਾਲ ਕਿਹਾ ਕਰਦਾ ਸੀ ਕਿ ਮੇਰੇ ਭਤੀਜੇ ਕਾਦਰ ਬਖ਼ਸ਼ ਦੀਆਂ ਧੁੰਮਾਂ ਸਾਰੇ ਹਿੰਦੁਸਤਾਨ ਵਿਚ ਪੈਣਗੀਆਂ ਤੇ ਸੁਪਨੇ ਲੈਂਦਾ ਸੀ ਕਿ ਉਹ ਦਿਨ ਛੇਤੀ ਆਉਣ ਵਾਲਾ ਹੈ, ਜਦੋਂ ਦਿੱਲੀ ਦੀ ਸ਼ਾਹੀ ਫ਼ੌਜ ਵਿਚ ਇਹਨੂੰ ਜਰਨੈਲੀ ਦੀ ਪਦਵੀ ਮਿਲ ਜਾਏਗੀ। ਇਸ ਲਈ ਨਿੱਕੀਆਂ ਨਿੱਕੀਆਂ ਮੁਹਿੰਮਾਂ ਦੀ ਅਗਵਾਈ ਇਸ ਤੋਂ ਕਰਵਾਈ ਜਾਂਦੀ ਸੀ ਤਾਕਿ ਆਪਣੇ ਜੰਗੀ ਹੁਨਰ ਵਿਚ ਪਰਪੱਕ ਹੋ ਜਾਏ। ਇਸ ਨੌਜਵਾਨ 'ਤੇ ਭੈਣ ਫ਼ਾਤਮਾ ਦਾ ਵੀ ਬੜਾ ਅਸਰ ਸੀ ਅਤੇ ਉਹਦੇ ਖ਼ਿਆਲਾਂ ਨੂੰ ਠੀਕ ਅਨੁਭਵ ਕਰਦਾ ਸੀ।

ਚਾਚੇ ਦਾ ਹੁਕਮ ਮਿਲਦਿਆਂ ਕਾਦਰ ਬਖ਼ਸ਼ ਨੇ ਭੈਣ ਵੱਲ ਵੇਖਿਆ। ਉਹਦੀਆਂ ਅੱਖਾਂ ਦੀ ਤੱਕਣੀ ਇਸ ਦੇ ਹੱਕ ਵਿਚ ਨਹੀਂ ਸੀ, ਕਿਉਂਕਿ ਉਹ ਪਸੰਦ ਨਹੀਂ ਸੀ ਕਰਦੀ ਕਿ ਜਿਹੜਾ ਵੀ ਜ਼ਰਾ ਸਾਡੀ ਗੱਲ ਨਾ ਮੰਨੇ ਤੇ ਆਪਣੇ ਵਿਚਾਰ ਸੁਤੰਤਰ ਰੱਖੇ ਉਸ ਨੂੰ ਹੀ ਕੁਚਲ ਦਿੱਤਾ ਜਾਵੇ। ਕਾਦਰ ਬਖ਼ਸ਼ ਸਮਝ ਗਿਆ ਪਰ ਚਾਚੇ ਦਾ ਰੋਹਬ ਉਹਨੂੰ ਨਾਂਹ ਕਰਨ ਤੋਂ ਰੋਕਦਾ ਰਿਹਾ। ਅਖ਼ੀਰ ਜਾਫ਼ਰ ਬੇਗ ਨੇ ਕਿਹਾ, "ਕੀ ਸੋਚੀਂ ਪੈ ਗਿਆ ਏਂ।"

"ਕੁਝ ਨਹੀਂ," ਕਾਦਰ ਬਖ਼ਸ਼ ਨੇ ਕਿਹਾ, "ਮੈਂ ਤਿਆਰੀ ਕਰਦਾ ਹਾਂ, ਤੁਸੀਂ ਵੀ ਨਾਲ ਚੱਲੋਗੇ ਨਾ?"

"ਜ਼ਰੂਰ ਚੱਲਾਂਗਾ," ਜਾਫ਼ਰ ਬੇਗ ਨੇ ਜ਼ਰਾ ਉੱਚੀ ਸਾਰੀ ਕਿਹਾ ਤੇ ਵਿਹੜੇ 'ਚੋਂ ਉੱਠ ਕੇ ਆਪਣੇ ਕਮਰੇ ਵਿਚ ਚਲਾ ਗਿਆ।

2

ਗਰਮੀ ਆਪਣੇ ਪੂਰੇ ਜੋਬਨ 'ਤੇ ਸੀ। ਕਈ ਦਿਨਾਂ ਤੋਂ ਮੀਂਹ ਦੀ ਇਕ ਕਣੀ ਨਹੀਂ ਸੀ ਪਈ, ਜਿਸ ਕਰ ਕੇ ਹਰ ਪਾਸੇ ਤੜਫਾਟ ਮਚੀ ਹੋਈ ਸੀ। ਇਸ ਤਪਸ਼ ਵਿਚ ਕਾਂ ਬਾਹਰ ਚੁੰਝ ਨਹੀਂ ਸੀ ਕੱਢਦਾ। ਦੁਪਹਿਰ ਹੋ ਜਾਣ 'ਤੇ ਵਾਗੀਆਂ ਨੇ ਡੰਗਰ ਲਿਆ ਕੇ ਪਿੰਡ ਦੇ ਬਾਹਰ ਵੱਡੇ ਬੋਹੜ ਥੱਲੇ ਖੜੇ ਕਰ ਦਿੱਤੇ। ਬੋਹੜ ਦੇ ਨੇੜੇ ਇਕ ਛੱਪੜ ਸੀ। ਕੁਝ ਮੱਝਾਂ ਉਸ ਵਿਚ ਭੱਜ ਕੇ ਜਾ ਵੜੀਆਂ। ਡੰਗਰਾਂ ਦੇ ਵਿਚਕਾਰ ਹੀ ਬੋਹੜ ਦੇ ਮੁੱਢ ਕੋਲ ਕੁਝ ਮੰਜੇ ਵਿਛੇ ਹੋਏ ਸਨ ਜਿਨ੍ਹਾਂ 'ਤੇ ਪਿੰਡ ਦੇ ਬਜ਼ੁਰਗ ਬੈਠੇ ਸਨ। ਇਕ ਪਾਸੇ

ਪਿੰਡ ਦੇ ਚੌਧਰੀ ਕਰਮ ਚੰਦ ਤੇ ਨਾਲ ਹੀ ਉਹਦੇ ਦੂਜੇ ਮੰਜੇ ’ਤੇ ਨੂਰਦੀਨ ਸਾਫ਼ਾ ਲੱਤਾਂ ਤੇ ਲੱਕ ਦੁਆਲੇ ਲਪੇਟੀ ਬੈਠਾ ਸੀ। ਹੌਲੀ ਹੌਲੀ ਕਰ ਕੇ ਪਿੰਡ ਦੇ ਬਹੁਤ ਸਾਰੇ ਗੱਭਰੂ ਆਪਣੇ ਕੰਮ ਕਾਜ ਛੱਡ ਕੇ ਉਥੇ ਹੀ ਪਹੁੰਚ ਗਏ। ਉਥੇ ਚੰਗਾ ਤਕੜਾ ਇਕੱਠ ਹੋ ਗਿਆ।

ਬਾਹਰ ਦੂਰ ਤਕ ਕੋਈ ਬੰਦਾ ਆਉਂਦਾ ਜਾਂਦਾ ਨਜ਼ਰ ਨਹੀਂ ਸੀ ਆ ਰਿਹਾ। ਗਰਮੀ ਵਿਚ ਕਿਸੇ ਦਾ ਜੀਅ ਨਹੀਂ ਸੀ ਕਰਦਾ ਕਿ ਉਹ ਬਾਹਰ ਵੱਲ ਮੂੰਹ ਕਰੇ।

ਸਾਹਮਣਿਉਂ ਪਿੰਡ ਦੀ ਗਲੀ ਵਿਚੋਂ ਇਕ ਬਜ਼ੁਰਗ ਸਿਖ ਸਿਰ ’ਤੇ ਟੋਕਰੀ ਤੇ ਹੱਥ ਵਿਚ ਬਾਲਟੀ ਫੜੀ ਆਉਂਦਾ ਦਿਸਿਆ ਤੇ ਉਸ ਬਾਰੇ ਹੀ ਗੱਲਾਂ ਚੱਲ ਪਈਆਂ। ਨੂਰ ਦੀਨ ਨੇ ਕਿਹਾ, “ਇਹਦਾ ਦਿਮਾਗ਼ ਖ਼ਰਾਬ ਹੋ ਗਿਆ ਲੱਗਦਾ ਏ, ਇਤਨੀ ਧੁੱਪ ਵਿਚ ਕਿਧਰ ਚੱਲਿਆ ਏ ?”

“ਜਾਣਾ ਕਿਧਰ ਸੂ, ਸਿਖ ਬਾਹਰ [illegible] ’ਤੇ ਆਏ ਹੋਣੇ ਨੇ, ਉਹਨਾਂ ਲਈ ਰੋਟੀਆਂ ਲਿਜਾ ਰਿਹਾ ਹੋਣਾ ਏ। ਮੈਨੂੰ ਤਾਂ ਟੋਕਰੀ ਤੇ ਬਾਲਟੀ ਤੋਂ ਇਉਂ ਹੀ ਜਾਪਦਾ ਏ,” ਇਕ ਹੋਰ ਬੋਲ ਪਿਆ।

“ਸੱਚਮੁੱਚ ਤਾਰਾ ਸਿੰਘ ਬੜਾ ਚੰਗਾ ਬੰਦਾ ਸੀ ਪਰ ਹੁਣ ਤੇ ਇਹਦੀ ਮੱਤ ਨੂੰ ਪਤਾ ਨਹੀਂ ਕੀ ਹੋ ਗਿਆ ਏ। ਘਰ ਉਜਾੜੀ ਜਾਂਦਾ ਏ। ਰੋਜ਼ ਹੀ ਕੋਈ ਨਾ ਕੋਈ ਇਹਦੇ ਕੋਲ ਆਇਆ ਰਹਿੰਦਾ ਏ ਤੇ ਫਿਰ ਸੇਵਾ ਵੀ ਕਿਹੜੀ ਥੋੜ੍ਹੀ ਕਰਦਾ ਏ,” ਨੂਰਦੀਨ ਨੇ ਕਿਹਾ। ਉਹਦੀ ਗੱਲ ਵਿੱਚੇ ਟੋਕ ਕੇ ਕਰਮ ਚੰਦ ਬੋਲ ਪਿਆ, “ਮੈਂ ਉਹਨੂੰ ਸਮਝਾਇਆ ਵੀ ਸੀ ਕਿ ਕਿਉਂ ਤੇਰੀ ਮੌਤ ਆਈ ਏ। ਨੌਸ਼ਹਿਰੇ ਦਾ ਚੌਧਰੀ ਏ ਨਾ ਸਾਹਿਬ ਰਾਏ, ਉਸ ਵੀ ਕਈ ਵਾਰ ਸੁਨੇਹਾ ਭੇਜਿਆ ਏ ਕਿ ਇਥੇ ਸਿੱਖਾਂ ਦੀ ਛਾਉਣੀ ਨਾ ਬਣਾਓ ਨਹੀਂ ਤੇ ਅਸੀਂ ਬੁਰੀ ਕਰਾਂਗੇ, ਪਰ ਇਹ ਇੱਡਾ ਸਿਰੜੀ ਏ ਕਿ ਇਹਨੂੰ ਕਿਸੇ ਗੱਲ ਦੀ ਪਰਵਾਹ ਨਹੀਂ।”

ਇਕ ਨੌਜਵਾਨ ਗੱਭਰੂ ਸਾਹਮਣੇ ਬੈਠਾ ਇਹ ਸਾਰੀਆਂ ਗੱਲਾਂ ਸੁਣਦਾ ਰਿਹਾ ਪਰ ਉਹਦਾ ਚਿਹਰਾ ਦੱਸਦਾ ਸੀ ਕਿ ਉਹਨੂੰ ਇਹ ਗੱਲਾਂ ਚੰਗੀਆਂ ਨਹੀਂ ਲੱਗ ਰਹੀਆਂ। ਕੁਝ ਦੇਰ ਤਾਂ ਉਹ ਚੁੱਪ ਰਿਹਾ ਪਰ ਅਖ਼ੀਰ ਉਸ ਤੋਂ ਰਿਹਾ ਨਾ ਗਿਆ ਤੇ ਉਹ ਬੋਲ ਪਿਆ, “ਮੈਨੂੰ ਸਮਝ ਨਹੀਂ ਆਉਂਦੀ ਮਾੜੀ ਗੱਲ ਕੀ ਏ। ਭਾਈ ਹੋਰੀਂ ਕਿਸੇ ਦੇ ਘਰੋਂ ਤੇ ਨਹੀਂ ਖੁਆਂਦੇ, ਆਏ ਸੱਜਣਾਂ ਮਿੱਤਰਾਂ ਨੂੰ ਪੁੱਛਣਾ ਤੇ ਸੇਵਾ ਕਰਨੀ ਕਿਹੜਾ ਜੁਰਮ ਏ ? ਫਿਰ ਜਿਨ੍ਹਾਂ ਬੰਦਿਆਂ ਦੀ ਉਹ ਸੇਵਾ ਕਰਦੇ ਨੇ ਉਹ ਕੋਈ ਚੋਰ ਤੇ ਡਾਕੂ ਨਹੀਂ। ਉਹ ਲੋਕਾਂ ਦੇ ਸੇਵਾਦਾਰ ਹਨ। ਉਹਨਾਂ ਦੇ ਡਰ ਤੋਂ ਸਰਕਾਰੀ ਚੌਧਰੀ ਜ਼ਰਾ ਠੰਡੇ ਪਏ ਹੋਏ ਨੇ, ਨਹੀਂ ਤੇ ਉਹ ਕਿਸੇ ਦੀ ਇੱਜ਼ਤ ਤੇ ਸੁਖ ਨੂੰ ਬਰਬਾਦ ਕਰਨ ਲੱਗਿਆਂ ਸੋਚਦੇ ਹੀ ਨਹੀਂ। ਮੈਂ ਸਮਝਦਾ ਹਾਂ ਕਿ ਜੇ ਸਾਡੇ ਵਿਚ ਜ਼ਰਾ ਵੀ ਅਣਖ ਹੈ ਤਾਂ ਸਾਨੂੰ ਆਪ ਉੱਦਮ ਕਰ ਕੇ ਕਹਿ ਦੇਣਾ ਚਾਹੀਦਾ ਹੈ ਕਿ ਬਾਹਰੋਂ ਆਏ ਸਿਖ ਪਿੰਡ ਵਿਚ ਰਿਹਾ ਕਰਨ ਤੇ ਸਾਰਾ

ਪਿੰਡ ਉਹਨਾਂ ਦੀ ਸੇਵਾ ਕਰੇਗਾ।"

ਨੂਰਦੀਨ ਤੇ ਕਰਮ ਚੰਦ ਦੋਵੇਂ ਇਸ ਨੌਜਵਾਨ ਦੀਆਂ ਗੱਲਾਂ ਤੋਂ ਖਿਝ ਰਹੇ ਸਨ, ਪਰ ਉਹਨੂੰ ਆਖ ਕੁਝ ਨਹੀਂ ਸਕਦੇ ਸਨ। ਇਕ ਤਾਂ ਉਹ ਖਾਂਦੇ ਪੀਂਦੇ ਟੱਬਰ ਦਾ ਨੌਜਵਾਨ ਸੀ ਤੇ ਦੂਜਾ ਪਿੰਡ ਦੇ ਸਾਰੇ ਗੱਭਰੂ ਉਹਦੇ ਪਿੱਛੇ ਹਰ ਸਮੇਂ ਹਰ ਤਰ੍ਹਾਂ ਦਾ ਕਸ਼ਟ ਸਹਿਣ ਲਈ ਤਿਆਰ ਰਹਿੰਦੇ ਸਨ।

ਭਾਈ ਤਾਰਾ ਸਿੰਘ ਇਹਨਾਂ ਦੇ ਗੱਲਾਂ ਕਰਦਿਆਂ ਪਿੰਡੋਂ ਦੂਰ ਖੇਤਾਂ ਦੀਆਂ ਵੱਟਾਂ 'ਤੇ ਜਾਂਦਾ ਅਲੋਪ ਹੋ ਗਿਆ। ਇਕ ਸਿਆਣੇ ਨੇ ਕਿਹਾ, "ਛੱਡੋ ਇਸ ਵਾਧੂ ਬਹਿਸ ਵਿਚ ਕਿਉਂ ਪੈ ਗਏ ਹੋ। ਜੋ ਕਰੇਗਾ ਉਹ ਭਰ ਲਏਗਾ, ਸਾਨੂੰ ਕੀ ਲੱਗੇ ਇਹਨਾਂ ਗੱਲਾਂ ਨਾਲ।"

"ਲਓ ਹੁਣ ਤਾਂ ਭਗਤੂ ਵੀ ਆ ਗਿਆ ਜੇ। ਹੋ ਜਾਣ ਫਿਰ ਦੋ-ਚਾਰ ਬੋਲ ਤੇ ਸੁਆਦ ਆ ਜਾਏ," ਭਗਤੂ ਨੂੰ ਆਉਂਦਾ ਵੇਖ ਕੇ ਇਕ ਗੱਭਰੂ ਬੋਲ ਪਿਆ।

ਸਾਰਿਆਂ ਦੀਆਂ ਨਜ਼ਰਾਂ ਭਗਤੂ ਵੱਲ ਲੱਗ ਗਈਆਂ। ਝੱਟ ਮੰਜੀਆਂ 'ਤੇ ਬੈਠੇ ਬੰਦੇ ਸਰਕਣ ਲੱਗ ਪਏ ਤੇ ਹਰ ਕੋਈ ਉਹਨੂੰ ਆਪਣੇ ਕੋਲ ਬਿਠਾਣ ਲਈ ਇਸ਼ਾਰੇ ਕਰਨ ਲੱਗ ਪਿਆ। ਉਹ ਇਕ ਮੰਜੇ 'ਤੇ ਬਹਿ ਗਿਆ ਪਰ ਗਰਮੀ ਵਿਚ ਆਇਆ ਸੀ ਇਸ ਲਈ ਜ਼ਰਾ ਦਮ ਲੈਣ ਲੱਗਾ। ਸਾਰੇ ਬੇਸਬਰੀ ਨਾਲ ਉਡੀਕਣ ਲੱਗ ਪਏ ਕਿ ਕਦੋਂ ਉਹ ਗਾਉਣਾ ਸ਼ੁਰੂ ਕਰਦਾ ਹੈ। ਭਗਤੂ ਪਿੰਡ ਦਾ ਚੰਗਾ ਗਵੱਈਆ ਸੀ। ਦੁਪਹਿਰਾਂ ਵੇਲੇ ਇਹ ਦੋ-ਚਾਰ ਹੇਕਾਂ ਲਾ ਲੈਂਦਾ ਤੇ ਵੇਲਾ ਸੁਹਣਾ ਟੱਪ ਜਾਂਦਾ। ਝੱਟ ਸਾਹ ਲੈ ਕੇ ਉਹ ਬੋਲਿਆ, "ਹਾਂ ਭਈ ਦੱਸੋ, ਅੱਜ ਕੀ ਸੁਣੋਗੇ?"

ਇਕ ਗੱਭਰੂ ਬੋਲ ਪਿਆ, "ਅੱਜ ਤਾਂ ਅਸੀਂ ਮਿਰਜ਼ਾ ਸਾਹਿਬਾਂ ਸੁਣਾਂਗੇ।" ਉਸ ਕੰਨਾਂ 'ਤੇ ਹੱਥ ਧਰਿਆ ਤੇ ਜ਼ਰਾ ਖੰਗੂਰਾ ਮਾਰ ਕੇ ਗਲਾ ਸਾਫ਼ ਕੀਤਾ ਤੇ ਸੁਣਾਉਣਾ ਸ਼ੁਰੂ ਕਰ ਦਿੱਤਾ:

ਮੰਦਾ ਕੀਤਾ ਈ ਸੁਣ ਸਾਹਿਬਾਂ,
ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ,
ਦਿਆਂ ਸਿਆਲਾਂ ਨੂੰ ਵੰਡ।
ਪਹਿਲੀ ਮਾਰਾਂ ਵੀਰ ਸ਼ਮੀਰ ਦੇ,
ਦੂਜੀ ਕੁੱਲੇ ਦੇ ਤੰਗ।
ਤੀਜੀ ਮਾਰਾਂ ਜੋੜ ਕੇ,
ਜਿਸ ਦੀ ਹੈਂ ਤੂੰ ਮੰਗ।

ਸੱਦ ਵਾਲੀ ਲੰਮੀ ਹੇਕ ਨਾਲ ਭਗਤੂ ਨੇ ਜਿਸ ਵੇਲੇ ਲੰਮੀ ਬਾਂਹ ਉਲਾਰ ਕੇ ਗਾਇਆ ਤਾਂ ਸਾਰਿਆਂ ਦਾ ਦਿਲ ਫੜਕ ਉਠਿਆ। 'ਵਾਹ ਬਈ ਵਾਹ' ਦੀਆਂ ਆਵਾਜ਼ਾਂ ਸਾਰਿਆਂ ਦੇ ਮੂੰਹੋਂ ਨਿਕਲੀਆਂ।

ਕਰਮ ਚੰਦ ਨੇ ਹੋਰ ਫ਼ਰਮਾਇਸ਼ ਕੀਤੀ, "ਅੱਜ ਮਾਹੀਏ ਦੇ ਬੋਲ ਸੁਣਾ ਬਈ।" ਭਗਤੂ ਨੇ ਇਕ ਨਜ਼ਰ ਸਾਰਿਆਂ ਵੱਲ ਮਾਰੀ ਤੇ ਇਹੀ ਅਨੁਮਾਨ ਲੱਗਾ ਕਿ ਸਾਰੇ ਸੁਣਨ ਦੇ ਚਾਹਵਾਨ ਹਨ, ਉਸ ਜ਼ਰਾ ਸੋਚਿਆ ਤੇ ਫਿਰ ਇਕ ਬੋਲ ਕੱਢਿਆ:

ਬਾਗੇ ਵਿਚ ਆ ਮਾਹੀਆ।
ਨਾਲੇ ਮੇਰੀ ਗੱਲ ਸੁਣ ਜਾ,
ਨਾਲੇ ਘ਼ੜਾ ਚੁਕਾ ਮਾਹੀਆ।

ਉਸ ਮਸਾਂ ਅਜੇ ਅਖ਼ੀਰੀ ਤੁਕ ਬੋਲੀ ਹੀ ਸੀ ਕਿ ਦੂਰੋਂ ਖੇਤਾਂ ਵਿਚੋਂ ਆਉਂਦੇ,ਵਲ ਪਾ ਕੇ ਰਾਹ 'ਤੇ ਧੂੜ ਉੱਡਦੀ ਦਿੱਸੀ। ਸਾਰਿਆਂ ਦਾ ਧਿਆਨ ਓਧਰ ਹੋ ਗਿਆ। ਹੌਲੀ ਹੌਲੀ ਧੂੜ ਨੇੜੇ ਹੁੰਦੀ ਗਈ ਤੇ ਅਖ਼ੀਰ ਨਜ਼ਰ ਆ ਗਿਆ ਕਿ ਬਹੁਤ ਸਾਰੇ ਘੋੜ ਸਵਾਰ ਆ ਰਹੇ ਹਨ। ਇੰਨੇ ਘੋੜੇ ਫ਼ੌਜ ਦੇ ਹੀ ਹੋ ਸਕਦੇ ਹਨ। ਇਹ ਸੋਚ ਕੇ ਸਾਰਿਆਂ ਦੀ ਖਾਨਿਉਂ ਗਈ। ਸਭ ਸੋਚ ਰਹੇ ਸਨ ਕਿ ਅੱਜ ਜ਼ਰੂਰ ਕੋਈ ਬਿਪਤਾ ਆਉਣ ਵਾਲੀ ਏ। ਕਰਮ ਚੰਦ ਦੀ ਹਾਲਤ ਬਹੁਤ ਹੀ ਵਿਗੜ ਗਈ। ਉਹਦੇ ਚਿਹਰੇ 'ਤੇ ਇਕ ਰੰਗ ਆਉਣ ਤੇ ਇਕ ਰੰਗ ਜਾਣ ਲੱਗਾ। ਇਕੱਠ ਦੇ ਬੱਝੇ ਸੁਆਦ ਵਿਚ ਵਿਘਨ ਪੈ ਗਿਆ। ਲੋਕਾਂ ਨੂੰ ਭਗਤੂ ਦਾ ਗਾਣਾ ਭੁੱਲ ਗਿਆ ਤੇ ਸਭ ਇਹੀ ਦੇਖਣ ਲੱਗ ਪਏ ਕਿ ਅੱਜ ਫ਼ੌਜ ਕਿਧਰ ਚੜ੍ਹਾਈ ਕਰ ਕੇ ਆ ਰਹੀ ਏ।

ਝੱਟ ਪਿੱਛੋਂ ਫ਼ੌਜ ਬੋਹੜ ਨੇੜੇ ਆ ਗਈ। ਸਭ ਤੋਂ ਅੱਗੇ ਚੌਧਰੀ ਸਾਹਿਬ ਰਾਏ ਤੇ ਜਾਫ਼ਰ ਬੇਗ ਸਨ ਤੇ ਉਹਨਾਂ ਦੇ ਪਿੱਛੇ ਕਾਦਰ ਬਖ਼ਸ਼। ਉਸ ਪਿੱਛੇ ਫ਼ੌਜ ਦੇ ਢਾਈ ਸੌ ਜਵਾਨਾਂ ਦਾ ਦਸਤਾ ਸੀ। ਬੋਹੜ ਸਾਹਮਣੇ ਆ ਕੇ ਘੋੜੇ ਰੁਕ ਗਏ, ਸਾਰੇ ਪੇਂਡੂ ਮੰਜਿਆਂ ਤੋਂ ਉੱਠ ਖਲੋਤੇ। ਚੌਧਰੀ ਨੂਰਦੀਨ ਤੇ ਕਰਮ ਚੰਦ ਹੱਥ ਜੋੜੀ ਅੱਗੇ ਵਧੇ।

ਚੌਧਰੀ ਸਾਹਿਬ ਰਾਏ ਨੇ ਬੜੇ ਰੋਹਬ ਭਰੇ ਢੰਗ ਨਾਲ ਪੁੱਛਿਆ, "ਤਾਰਾ ਸਿਹੁੰ ਕਿਥੇ ਵੇ ?"

"ਇਥੇ ਤਾਂ ਜਨਾਬ ਕਦੇ ਨਹੀਂ ਬੈਠਾ। ਹੁਣੇ ਖੇਤਾਂ ਨੂੰ ਗਿਆ ਏ," ਨੂਰਦੀਨ ਬੋਲਿਆ।

"ਨਹੀਂ, ਮੈਨੂੰ ਤਾਂ ਹੁਣੇ ਖ਼ਬਰ ਮਿਲੀ ਸੀ ਕਿ ਉਹ ਘਰ ਬੈਠਾ ਹੋਇਆ ਏ। ਉਹਦਾ ਘਰ ਕਿਹੜਾ ਏ ?" ਚੌਧਰੀ ਸਾਹਿਬ ਰਾਏ ਨੇ ਫੇਰ ਜ਼ਰਾ ਉੱਚੀ ਸਾਰੀ ਕਿਹਾ।

"ਅਸੀਂ ਠੀਕ ਦੱਸ ਰਹੇ ਹਾਂ, ਹਜ਼ੂਰ! ਉਹ ਘਰ ਆਇਆ ਸੀ ਤੇ ਹੁਣੇ ਰੋਟੀਆਂ

ਦੀ ਟੋਕਰੀ ਲੈ ਕੇ ਗਿਆ ਏ ਖੇਤਾਂ ਨੂੰ, ਅਜੇ ਉਹ ਆਪਣੇ ਖੂਹ 'ਤੇ ਮਸਾਂ ਪੁੱਜਾ ਹੀ ਹੋਣਾ ਏਂ। ਬਾਕੀ ਜਨਾਬ, ਉਹਦਾ ਘਰ ਸਾਹਮਣੇ ਵਾਲੀ ਗਲੀ ਵਿਚ ਜਾ ਕੇ ਅਖ਼ੀਰ 'ਤੇ ਹੈ," ਨੂਰਦੀਨ ਨੇ ਉੱਤਰ ਦਿੱਤਾ। ਕਰਮ ਚੰਦ ਕੋਲ ਖਲੋਤਾ ਕੰਬੀ ਜਾ ਰਿਹਾ ਸੀ ਤੇ ਉਹਨੂੰ ਇੰਨਾ ਹੌਸਲਾ ਨਾ ਪਿਆ ਕਿ ਉਹ ਕਿਸ਼ੇ ਇਕ ਵੀ ਸਵਾਲ ਦਾ ਉੱਤਰ ਦਏ।

ਚੌਧਰੀ ਸਾਹਿਬ ਰਾਏ ਨੇ ਜਾਫ਼ਰ ਬੇਗ ਵੱਲ ਤੱਕਿਆ। ਜਾਫ਼ਰ ਬੇਗ ਵੀ ਸਮਝ ਗਿਆ ਕਿ ਇਹ ਹੁਣ ਅਗਲੇ ਪ੍ਰੋਗਰਾਮ ਬਾਰੇ ਪੁੱਛਦਾ ਹੈ। ਇਸ ਲਈ ਜਾਫ਼ਰ ਬੇਗ ਨੇ ਕਿਹਾ, "ਹੁਣ ਉਹਦੇ ਖੇਤ ਵੱਲ ਹੀ ਚੱਲਣਾ ਚਾਹੀਦਾ ਹੈ," ਫੇਰ ਉਸ ਨੂਰਦੀਨ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਹਾਨੂੰ ਪਤਾ ਹੋਣਾ ਏ ਕਿ ਉਸ ਦੇ ਖੂਹ 'ਤੇ ਕਿੰਨੇ ਕੁ ਸਿਖ ਠਹਿਰੇ ਹੋਏ ਨੇ?"

"ਨਹੀਂ ਹਜ਼ੂਰ, ਅਸੀਂ ਓਧਰ ਕਦੇ ਨਹੀਂ ਗਏ। ਉਂਝ ਅੱਜ ਸਵੇਰੇ ਆਪਣੇ ਖੇਤਾਂ ਨੂੰ ਜਾਂਦਿਆਂ ਕੁਝ ਬੰਦਿਆਂ ਨੂੰ ਖੂਹ ਨੇੜੇ ਵੱਟਾਂ 'ਤੇ ਟਹਿਲਦਿਆਂ ਦੇਖਿਆ ਸੀ। ਇਹ ਪਤਾ ਨਹੀਂ ਕਿ ਉਹਦੇ ਬੁਰਜ ਵਿਚ ਕਿੰਨੇ ਕੁ ਸਨ। ਜਿਹੜੀ ਉਹ ਟੋਕਰੀ ਰੋਟੀਆਂ ਦੀ ਲੈ ਕੇ ਗਿਆ ਏ, ਉਸ ਤੋਂ ਇਉਂ ਜਾਪਦਾ ਏ ਕਿ ਚੋਖੇ ਬੰਦੇ ਹਨ। ਵੀਹਾਂ ਤੋਂ ਘੱਟ ਕੀ ਹੋਣੇ ਨੇ," ਨੂਰਦੀਨ ਨੇ ਉੱਤਰ ਦਿੱਤਾ।

ਜਾਫ਼ਰ ਬੇਗ ਨੂਰਦੀਨ ਨੂੰ ਇਕ ਪਾਸੇ ਲੈ ਗਿਆ ਤੇ ਘੋੜੇ ਤੋਂ ਥੱਲੇ ਉਤਰ ਕੇ ਉਹਦੇ ਨਾਲ ਕੁਝ ਗੱਲਾਂ ਕੀਤੀਆਂ। ਦੋ-ਤਿੰਨ ਵਾਰੀ ਜਾਫ਼ਰ ਬੇਗ ਨੇ ਨੂਰਦੀਨ ਨੂੰ ਥਾਪੀ ਦਿੱਤੀ ਤੇ ਇਕ ਵਾਰ ਜਾਫ਼ਰ ਬੇਗ ਦੀਆਂ ਗੱਲਾਂ ਵਿਚਕਾਰ ਨੂਰਦੀਨ ਨੇ ਸਿਰ ਮਾਰਿਆ, ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ ਉਹ ਕਿਸੇ ਗੱਲ ਤੋਂ ਇਨਕਾਰ ਕਰ ਰਿਹਾ ਹੈ। ਏਧਰ ਬੋਹੜ ਥੱਲੇ ਇਕ ਦੋ ਨੌਜਵਾਨਾਂ ਨੂੰ ਇਸ ਗੱਲ 'ਤੇ ਬੜਾ ਗੁੱਸਾ ਚੜ੍ਹ ਰਿਹਾ ਸੀ ਕਿ ਨੂਰਦੀਨ ਕਿਉਂ ਪਿੰਡ ਦੇ ਇਕ ਚੰਗੇ ਬੰਦੇ ਵਿਰੁੱਧ ਸਾਜ਼ਸ਼ਾਂ ਵਿਚ ਸ਼ਾਮਲ ਹੋ ਰਿਹਾ ਹੈ। ਉਹੀ ਨੌਜਵਾਨ ਜਿਸ ਨੇ ਪਹਿਲਾਂ ਅੱਗੇ ਇਹਨਾਂ ਨੂੰ ਭਾਈ ਤਾਰਾ ਸਿੰਘ ਵਿਰੁੱਧ ਗੱਲਾਂ ਕਰਨ ਤੋਂ ਰੋਕਿਆ ਸੀ, ਉਠ ਕੇ ਪਿਛਲੇ ਪਾਸਿਉਂ ਟੁਰ ਗਿਆ। ਨਾਲ ਦੇ ਖੂਹ ਦੇ ਉਹਲੇ ਜਾ ਕੇ ਉਹ ਦੌੜ ਪਿਆ ਤੇ ਇਉਂ ਜਾਪਦਾ ਸੀ ਜਿਵੇਂ ਉਹ ਭਾਈ ਤਾਰਾ ਸਿੰਘ ਨੂੰ ਇਤਲਾਹ ਦੇਣ ਲਈ ਉਹਦੇ ਬੁਰਜ ਵੱਲ ਜਾ ਰਿਹਾ ਹੈ।

ਨੂਰਦੀਨ ਨਾਲ ਪੰਜ ਸੱਤ ਮਿੰਟ ਗੱਲਾਂ ਕਰਨ ਪਿੱਛੋਂ ਜਾਫ਼ਰ ਬੇਗ ਨੇ ਚੌਧਰੀ ਸਾਹਿਬ ਰਾਏ ਤੇ ਕਾਦਰ ਬਖ਼ਸ਼ ਨੂੰ ਵੀ ਕੋਲ ਸੱਦ ਲਿਆ ਤੇ ਉਹਨਾਂ ਨੂੰ ਦੱਸਿਆ ਕਿ ਤਾਰਾ ਸਿੰਘ ਨਾਲ ਪਿੰਡ ਦੇ ਲੋਕੀਂ ਨਹੀਂ ਹਨ। ਕੁਝ ਕੁ ਨੌਜਵਾਨ ਭਾਵੇਂ ਉਹਦੀ ਮਦਦ ਕਰਨ ਪਰ ਜਿਤਨੇ ਵੱਡੇ ਆਦਮੀ ਹਨ ਉਹ ਸਾਰੇ ਸਰਕਾਰ ਨਾਲ ਹੀ ਹਨ। ਇਸ ਲਈ ਉਸ ਨੂੰ ਅੱਜ ਠੀਕ ਕਰ ਦੇਣਾ ਚਾਹੀਦਾ ਹੈ। ਨੂਰਦੀਨ ਨੇ ਦੱਸਿਆ ਹੈ ਕਿ ਇਲਾਕੇ ਵਿਚ

ਉਹਦਾ ਬੜਾ ਸਤਿਕਾਰ ਏ ਤੇ ਹੋ ਸਕਦਾ ਏ ਕਿ ਉਹਦੀ ਮੌਤ 'ਤੇ ਕੁਝ ਖੱਪ ਪੈ ਜਾਏ।

ਕਾਦਰ ਬਖ਼ਸ਼ ਬੋਲ ਪਿਆ, "ਬੜੀ ਅਜੀਬ ਗੱਲ ਏ, ਉਹਦਾ ਪਿੰਡ ਵਿਚ ਸਾਥ ਕੋਈ ਨਹੀਂ ਦੇਵੇਗਾ, ਪਰ ਇਲਾਕੇ ਵਿਚ ਲੋਕ ਉਹਦੇ ਪਿੱਛੋਂ ਖੱਪ ਪਾਉਣਗੇ।"

"ਨਹੀਂ ਜੀ, ਅਸਲ ਗੱਲ ਇਹ ਹੈ ਕਿ ਇਸ ਪਿੰਡ ਵਿਚ ਸਾਰੇ ਸਾਡੇ ਪਾਸੋਂ ਡਰਦੇ ਹਨ। ਜਦ ਅਸੀਂ ਸਰਕਾਰ ਦੇ ਨਾਲ ਹਾਂ ਤਾਂ ਕਿਸੇ ਨੂੰ ਜੁਰਅੱਤ ਨਹੀਂ ਪੈ ਸਕਦੀ," ਨੂਰਦੀਨ ਨੇ ਕਿਹਾ, "ਤੁਸੀਂ ਹਜ਼ੂਰ, ਜਿਸ ਤਰ੍ਹਾਂ ਚਾਹੋਗੇ ਉਸੇ ਤਰ੍ਹਾਂ ਹੋਵੇਗਾ।"

ਅਖ਼ੀਰ ਚੜ੍ਹਾਈ ਦਾ ਪ੍ਰੋਗਰਾਮ ਬਣਾ ਕੇ ਘੋੜਿਆਂ ਦੀਆਂ ਵਾਗਾਂ ਭਾਈ ਤਾਰਾ ਸਿੰਘ ਦੇ ਖੂਹ ਵੱਲ ਮੋੜ ਲਈਆਂ ਗਈਆਂ। ਪਿੰਡੋਂ ਬਾਹਰ ਜਾ ਕੇ ਘੋੜੇ ਖੜੇ ਹੋ ਗਏ। ਇਕ ਘੋੜ-ਸਵਾਰ ਅੱਗੇ ਵਧਿਆ ਤੇ ਉਸ ਇਕ ਬੜੀ ਸ਼ਾਨਦਾਰ ਚਿਤਰੀ ਮਿਤਰੀ ਸੁਰਾਹੀ ਵਿੱਚੋਂ ਸ਼ਰਾਬ ਕੱਢੀ ਤੇ ਇਕ ਗਲਾਸ ਵਿਚ ਪਾ ਕੇ ਜਾਫ਼ਰ ਬੇਗ ਨੂੰ ਪੇਸ਼ ਕੀਤੀ। ਜਾਫ਼ਰ ਬੇਗ ਨੂੰ ਆਦਤ ਸੀ ਕਿ ਉਹ ਜਦ ਕਦੇ ਵੀ ਕਿਸੇ ਲੜਾਈ ਲਈ ਜਾਂਦਾ ਤਾਂ ਸ਼ਰਾਬ ਦੇ ਇਕ ਦੋ ਗਲਾਸ ਚਾੜ੍ਹ ਲੈਂਦਾ। ਉਹਦਾ ਵਿਚਾਰ ਸੀ ਕਿ ਸ਼ਰਾਬ ਪੀ ਕੇ ਬੰਦਾ ਅਜਿਹੇ ਲੋਰ ਵਿਚ ਹੋ ਜਾਂਦਾ ਹੈ ਕਿ ਫਿਰ ਲੜਾਈ ਦੇ ਫੱਟ ਦੁਖਦੇ ਨਹੀਂ ਤੇ ਨਾ ਹੀ ਲੜਦਿਆਂ ਮੌਤ ਦਾ ਭੈ ਆਉਂਦਾ ਹੈ। ਮਨ ਦੀ ਮਜ਼ਬੂਤੀ ਦਾ ਸਾਧਨ ਸਮਝ ਕੇ ਉਸ ਸ਼ਰਾਬ ਪੀ ਲਈ। ਉਹਦੇ ਸਾਥੀ ਆਗੂਆਂ ਵੀ ਥੋੜ੍ਹੀ ਥੋੜ੍ਹੀ ਪੀ ਲਈ। ਝੱਟ ਹੀ ਮਸਤੀ ਦੇ ਝੂਟੇ ਆਉਣ ਲੱਗ ਪਏ ਤੇ ਇਸੇ ਲੋਰ ਵਿਚ ਉਹ ਭਾਈ ਤਾਰਾ ਸਿੰਘ ਦੇ ਖੂਹ ਵੱਲ ਵਧਦੇ ਚਲੇ ਗਏ।

ਜਦ ਘੋੜੇ ਬੁਰਜ ਤੋਂ ਕਿੱਲੇ ਕੁ ਦੀ ਵਿੱਥ 'ਤੇ ਪੁੱਜੇ ਤਾਂ 'ਠਾਹ' ਕਰਕੇ ਬੰਦੂਕ ਚੱਲਣ ਦੀ ਆਵਾਜ਼ ਆਈ ਤੇ ਜਾਫ਼ਰ ਬੇਗ ਦੇ ਸੱਜੇ ਪਾਸੇ ਉਹਦੇ ਨਾਲ ਜਾ ਰਿਹਾ ਜਵਾਨ ਘੋੜੇ ਤੋਂ ਥੱਲੇ ਡਿੱਗ ਪਿਆ। ਬਸ, ਬੰਦੂਕ ਦੇ ਇਕ ਫ਼ਾਇਰ ਨੇ ਸ਼ਰਾਬ ਦਾ ਨਸ਼ਾ ਉਤਾਰ ਦਿੱਤਾ ਤੇ ਜਾਫ਼ਰ ਬੇਗ ਦੇ ਸਵਾਰ ਝੱਟ ਪਿੱਛੇ ਮੁੜ ਕੇ ਕਮਾਦ ਦੇ ਖੇਤ ਓਹਲੇ ਹੋ ਗਏ। ਉਹਨਾਂ ਦਾ ਖ਼ਿਆਲ ਸੀ ਕਿ ਭਾਈ ਤਾਰਾ ਸਿੰਘ ਨੂੰ ਪਤਾ ਹੀ ਨਹੀਂ ਹੋਵੇਗਾ ਤੇ ਅਸੀਂ ਅਚਾਨਕ ਜਾ ਕੇ ਉਹਨੂੰ ਗ੍ਰਿਫ਼ਤਾਰ ਕਰ ਲਵਾਂਗੇ, ਪਰ ਪਿੰਡ ਦੇ ਇਕ ਗੱਭਰੂ ਨੇ ਬੋਹੜ ਥੱਲਿਉਂ ਆ ਕੇ ਭਾਈ ਤਾਰਾ ਸਿੰਘ ਨੂੰ ਦੱਸ ਦਿੱਤਾ ਕਿ ਜਾਫ਼ਰ ਬੇਗ ਪੱਟੀ ਦਾ ਫ਼ੌਜਦਾਰ ਤੇ ਨੌਸ਼ਹਿਰੇ ਦਾ ਚੌਧਰੀ ਸਾਹਿਬ ਰਾਏ ਚੜ੍ਹਾਈ ਕਰ ਕੇ ਆ ਗਏ ਹਨ ਤੇ ਪਿੰਡ ਵਿਚ ਉਹ ਤੁਹਾਡਾ ਪਤਾ ਕਰ ਰਹੇ ਹਨ। ਇਹ ਇਤਲਾਹ ਮਿਲਦਿਆਂ ਸਿੰਘਾਂ ਨੇ ਪ੍ਰਸ਼ਾਦਾ ਛਕਣਾ ਬੰਦ ਕਰ ਦਿੱਤਾ ਤੇ ਤਿਆਰੀ ਸ਼ੁਰੂ ਕਰ ਦਿੱਤੀ।

ਇਸ ਸਮੇਂ ਬੁਰਜ ਵਿਚ 24-25 ਸਿੰਘ ਸਨ ਪਰ ਉਹਨਾਂ ਵਿੱਚੋਂ ਕੁਝ ਕੋਲ ਹੀ ਬੰਦੂਕਾਂ ਸਨ। ਬਾਕੀ ਸਾਰਿਆਂ ਪਾਸ ਇਕ ਇਕ ਬਰਛਾ ਤੇ ਇਕ ਇਕ ਵੱਡੀ ਕਿਰਪਾਨ ਸੀ। ਸਿੰਘ ਭਾਵੇਂ ਬੜੇ ਥੱਕੇ ਹੋਏ ਦੂਰੋਂ ਪੈਂਡਾ ਕਰ ਕੇ ਆਏ ਸਨ ਤੇ ਭੁੱਖ ਨੇ ਵੀ ਕਾਫ਼ੀ

ਸਤਾਇਆ ਹੋਇਆ ਸੀ ਪਰ ਦੁਸ਼ਮਣ ਦੇ ਹਮਲੇ ਦੀ ਖ਼ਬਰ ਸੁਣਦਿਆਂ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ ਤੇ ਝੱਟ-ਪਟ ਤਿਆਰੀ ਵਿਚ ਰੁੱਝ ਗਏ। ਖੂਹ ਤੋਂ ਚਾਰ ਬਾਲਟੀਆਂ ਪਾਣੀ ਕੱਢ ਕੇ ਅੰਦਰ ਰੱਖ ਲਈਆਂ ਤੇ ਬੁਰਜ ਦੇ ਦਰਵਾਜ਼ੇ ਬੰਦ ਕਰ ਦਿੱਤੇ। ਕੁਝ ਸਿੰਘ ਬੁਰਜ ਦੇ ਬਾਹਰ ਇਕ ਖੇਤ ਦੇ ਓਹਲੇ ਲੁਕ ਗਏ। ਬੁਰਜ ਵਿਚ ਬੈਠੇ ਸਿੰਘਾਂ ਨੇ ਛੋਟੀਆਂ ਛੋਟੀਆਂ ਮੋਰੀਆਂ ਰਾਹੀਂ ਬੰਦੂਕਾਂ ਦੀਆਂ ਨਾਲੀਆਂ ਅੱਗੇ ਕਰ ਲਈਆਂ ਤੇ ਜਦ ਦੇਖਿਆ ਕਿ ਹੁਣ ਵੈਰੀ ਸਾਡੇ ਨਿਸ਼ਾਨੇ ਦੀ ਮਾਰ ਵਿਚ ਆ ਗਿਆ ਹੈ ਤਾਂ ਗੋਲੀ ਚਲਾ ਦਿੱਤੀ। ਇਕ ਸਿੰਘ ਦੇ ਕੀਤੇ ਫ਼ਾਇਰ ਨੇ ਦੁਸ਼ਮਣ ਦੀ ਫ਼ੌਜ ਦਾ ਇਕ ਸਿਰ-ਕੱਢ ਜਵਾਨ ਲੈ ਲਿਆ।

ਜਾਫ਼ਰ ਬੇਗ ਦੀ ਫ਼ੌਜ ਨੇ ਕਮਾਦ ਓਹਲੇ ਹੋ ਕੇ ਮੋਰਚੇ ਸੰਭਾਲ ਲਏ। ਉਥੋਂ ਉਹ ਬੁਰਜ 'ਤੇ ਗੋਲੀਆਂ ਚਲਾਂਦੇ ਰਹੇ, ਪਰ ਉਸ ਹਮਲੇ ਦਾ ਬੁਰਜ 'ਤੇ ਕੀ ਅਸਰ ਹੋ ਸਕਦਾ ਸੀ। ਤਿੰਨ ਘੰਟੇ ਇਸ ਤਰ੍ਹਾਂ ਹਮਲਾ ਜਾਰੀ ਰੱਖਿਆ ਪਰ ਉਸ ਵਿਚ ਕੋਈ ਲਾਭ ਨਾ ਦਿਸਿਆ। ਉਪਰੋਂ ਸ਼ਾਮਾਂ ਪੈ ਗਈਆਂ। ਸੂਰਜ ਪੱਛਮ ਵਿਚ ਆਪਣਾ ਮੂੰਹ ਸੰਭਾਲ ਰਿਹਾ ਸੀ। ਜਾਫ਼ਰ ਬੇਗ ਨੇ ਮੁਖੀ ਇਕੱਠੇ ਕੀਤੇ ਤੇ ਉਹਨਾਂ ਨਾਲ ਇਸ ਮਸਲੇ 'ਤੇ ਵਿਚਾਰ-ਵਟਾਂਦਰਾ ਸ਼ੁਰੂ ਕਰ ਦਿੱਤਾ ਕਿ ਹੁਣ ਕੀ ਕੀਤਾ ਜਾਏ। ਅੱਗੇ ਵਰ੍ਹਦੀਆਂ ਗੋਲੀਆਂ ਵਿਚ ਜਾਣ ਦਾ ਕਿਸੇ ਨੂੰ ਹੌਸਲਾ ਨਹੀਂ ਸੀ ਪੈਂਦਾ। ਜਾਫ਼ਰ ਬੇਗ ਪਛਤਾਣ ਲੱਗ ਪਿਆ ਕਿ ਜੇ ਪਤਾ ਹੁੰਦਾ ਕਿ ਇਸ ਇਤਨਾ ਪੱਕਾ ਪ੍ਰਬੰਧ ਕੀਤਾ ਹੋਇਆ ਹੈ ਤਾਂ ਲਾਹੌਰ ਤੋਂ ਤੋਪਾਂ ਹੀ ਮੰਗਵਾ ਲੈਂਦੇ, ਜਿਨ੍ਹਾਂ ਦੀ ਮਦਦ ਨਾਲ ਅੱਜ ਇਹ ਬੁਰਜ ਝਟ ਮਿੱਟੀ ਵਿਚ ਢੇਰੀ ਕੀਤਾ ਹੁੰਦਾ। ਉਹਨਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਅੰਦਰ ਕਿਤਨੇ ਸਿੰਘ ਹਨ। ਦਰਜਨ ਸਿੰਘਾਂ ਦਾ ਜਥਾ ਉਹਨਾਂ ਲਈ ਪੂਰੀ ਪਲਟਨ ਪ੍ਰਤੀਤ ਹੋ ਰਿਹਾ ਸੀ।

ਕੁਝ ਸਿੰਘ ਬੁਰਜ ਦੇ ਬਾਹਰ ਪਿਛਲੇ ਪਾਸੇ ਖੇਤਾਂ ਵਿਚ ਲੁਕੇ ਹੋਏ ਸਨ। ਉਹ ਇਸ ਤਾੜ ਵਿਚ ਬੈਠੇ ਸਨ ਕਿ ਦੁਸ਼ਮਣ ਪਾਸ ਜਿਤਨਾ ਦਾਰੂ ਸਿੱਕਾ ਹੈ, ਉਹ ਚਲਾ ਲਵੇ ਫੇਰ ਉਸ 'ਤੇ ਹਮਲਾ ਕੀਤਾ ਜਾਏ। ਅਸਲ ਵਿਚ ਉਹਨਾਂ ਹਮਲਾ ਉਦੋਂ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ ਜਦੋਂ ਵੈਰੀ ਬੁਰਜ ਦੇ ਨੇੜੇ ਆ ਜਾਵੇਗਾ ਪਰ ਬੁਰਜ ਵਿਚ ਮੋਰਚੇ ਸੰਭਾਲੀ ਬੈਠਿਆਂ ਨੇ ਵੈਰੀ ਨੂੰ ਬੁਰਜ ਦੇ ਨੇੜੇ ਨਾ ਫਟਕਣ ਦਿੱਤਾ।

ਤਰਕਾਲਾਂ ਵੇਲਾ ਹੋ ਗਿਆ ਤਾਂ ਖੇਤਾਂ ਵਿਚ ਲੁਕੇ ਸਿੰਘਾਂ ਦੇ ਸਬਰ ਦਾ ਪਿਆਲਾ ਭਰਿਆ ਛਲਕ ਪਿਆ। ਉਹਨਾਂ ਤੋਂ ਰਿਹਾ ਨਾ ਗਿਆ ਤੇ ਝੱਟ-ਪਟ ਖੇਤਾਂ ਦੇ ਉਤੋਂ ਦੀ ਕੋਡੇ ਹੋ ਕੇ ਉਹ ਚੱਕਰ ਕੱਟ ਕੇ ਦੁਸ਼ਮਣ ਫ਼ੌਜਾਂ ਦੇ ਪਿਛਲੇ ਪਾਸੇ ਪਹੁੰਚ ਗਏ।

ਜਾਫ਼ਰ ਬੇਗ ਨੇ ਕੁਝ ਆਦਮੀਆਂ ਨੂੰ ਪਿੰਡ ਭੇਜ ਦਿੱਤਾ ਸੀ ਤਾਕਿ ਉਹ ਜਾ ਕੇ ਰਾਸ਼ਨ ਪਾਣੀ ਦਾ ਪ੍ਰਬੰਧ ਕਰਨ ਤੇ ਕੁਝ ਕਈ ਘੰਟਿਆਂ ਦੇ ਮੋਰਚੇ ਵਿਚ ਥੱਕ ਗਏ ਸਨ।

ਇਕ ਦਮ ਹੀ ਉਹਨਾਂ ਦੇ ਪਿਛਲੇ ਪਾਸੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜ ਉਠੇ ਤੇ ਉਹਦੇ ਨਾਲ ਹੀ ਸਿੰਘ ਬਿਜਲੀ ਦੀ ਤੇਜ਼ੀ ਨਾਲ ਦੁਸ਼ਮਣ 'ਤੇ ਟੁੱਟ ਪਏ। ਦੁਸ਼ਮਣ ਦੇ ਸੰਭਲਣ ਤੋਂ ਪਹਿਲਾਂ ਹਰ ਸਿੰਘ ਨੇ ਦੋ ਦੋ ਫ਼ੌਜੀ ਖ਼ਤਮ ਕਰ ਦਿੱਤੇ। ਜਾਫ਼ਰ ਬੇਗ ਦੀ ਫ਼ੌਜ ਵਿਚ ਘਬਰਾਹਟ ਮੱਚ ਗਈ। ਉਹ ਹੈਰਾਨ ਸੀ ਕਿ ਸਿੰਘਾਂ ਦਾ ਇਹ ਜਥਾ ਕਿਧਰੋਂ ਆ ਗਿਆ ਹੈ। ਇਸ ਵੇਲੇ ਬੰਦੂਕਾਂ ਸੰਭਾਲਣੀਆਂ, ਬਾਰੂਦ ਭਰਨਾ ਤੇ ਨਿਸ਼ਾਨਾ ਬੰਨ੍ਹਣਾ ਔਖਾ ਹੋ ਗਿਆ। ਜਿਸ ਕਾਰਨ ਤਲਵਾਰ ਦੀ ਲੜਾਈ ਸ਼ੁਰੂ ਹੋ ਗਈ। ਸਿੰਘਾਂ ਵੱਲੋਂ ਇਹ ਲੜਾਈ ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ ਤੇ ਜ਼ਿੰਦਗੀ ਮੌਤ ਦਾ ਸਵਾਲ ਬਣਾ ਕੇ ਲੜੀ ਜਾ ਰਹੀ ਸੀ ਪਰ ਦੂਜੇ ਪਾਸੇ ਤਨਖ਼ਾਹ ਲੈਣ ਵਾਲੇ ਕਿਵੇਂ ਲੜ ਸਕਦੇ ਸਨ। ਉਹ ਫ਼ੌਜ ਵਿਚ ਮਰਨ ਲਈ ਤਾਂ ਨਹੀਂ ਸਨ ਭਰਤੀ ਹੋਏ। ਉਹਨਾਂ ਦਾ ਮੰਤਵ ਤਾਂ ਲੁੱਟ ਮਾਰ ਕਰਨੀ, ਲੋਕਾਂ ਦੀ ਪੱਤ ਲੁੱਟਣੀ ਤੇ ਐਸ਼ ਕਰਨਾ ਸੀ।

ਸਿੰਘਾਂ ਦੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਆਵਾਜ਼ ਸੁਣ ਕੇ ਬੁਰਜ ਵਾਲੇ ਸਿੰਘ ਵੀ ਬਾਹਰ ਨਿਕਲ ਆਏ। ਉਹਨਾਂ ਵੀ ਸਮਝ ਲਿਆ ਕਿ ਹੁਣ ਦੋ ਹੱਥ ਕਰਨ ਦਾ ਸਮਾਂ ਆ ਗਿਆ ਹੈ। ਭਾਈ ਤਾਰਾ ਸਿੰਘ ਵਰਗੇ ਪਰਉਪਕਾਰੀ ਸੰਤ ਸਰੂਪ ਨੇ ਵੀ ਤਲਵਾਰ ਸੂਤ ਲਈ ਤੇ ਦੁਸ਼ਮਣ ਦੀਆਂ ਫ਼ੌਜਾਂ 'ਤੇ ਟੁੱਟ ਪਏ। ਇਸ ਸਮੇਂ ਜਾਫ਼ਰ ਬੇਗ ਦੀਆਂ ਫ਼ੌਜਾਂ ਦੋਪਾਸੜ ਹਮਲੇ ਵਿਚ ਘਿਰ ਗਈਆਂ। ਹਮਲਾ ਕਰਨ ਆਈ ਫ਼ੌਜ ਨੂੰ ਰੱਖਿਆ ਕਰਨੀ ਪਈ ਤੇ ਉਲਟਾ ਹਮਲੇ ਦਾ ਟਾਕਰਾ ਕਰਨਾ ਪੈ ਗਿਆ।

ਜਾਫ਼ਰ ਬੇਗ ਦੀ ਫ਼ੌਜ ਦੇ ਪੈਰ ਉਖੜਨ ਲੱਗੇ। ਇਹ ਦੇਖ ਕੇ ਜਾਫ਼ਰ ਬੇਗ ਨੇ ਫ਼ੌਜ ਨੂੰ ਲਲਕਾਰਾ ਮਾਰਿਆ ਤੇ ਕਾਦਰ ਬਖ਼ਸ਼ ਨੂੰ ਲੈ ਕੇ ਆਪ ਅੱਗੇ ਹੋ ਕੇ ਮੁਕਾਬਲਾ ਕਰਨ ਲੱਗ ਪਿਆ। ਭਾਈ ਤਾਰਾ ਸਿੰਘ ਦੇ ਸਾਹਮਣੇ ਜਾਫ਼ਰ ਬੇਗ ਦਾ ਭਤੀਜਾ ਕਾਦਰ ਬਖ਼ਸ਼ ਆ ਗਿਆ। ਉਹਨੂੰ ਆਪਣੇ ਡੌਲਿਆਂ 'ਤੇ ਮਾਣ ਸੀ। ਆਪਣੀ ਉਮਰ ਦੇ ਪਿਛਲੇ ਸਾਲਾਂ ਵਿਚ ਉਹ ਜਿਤਨੀਆਂ ਵੀ ਲੜਾਈਆਂ ਵਿਚ ਗਿਆ, ਉਸ ਕਿਧਰੇ ਵੀ ਹਾਰ ਨਹੀਂ ਸੀ ਖਾਧੀ। ਉਹਨੇ ਦੁਸ਼ਮਣ ਨੂੰ ਆਪਣੀ ਤਲਵਾਰ ਨਾਲ ਮਰਦਿਆਂ ਤੇ ਡਿੱਗਦਿਆਂ ਹੀ ਦੇਖਿਆ ਸੀ। ਆਪ ਕਦੇ ਲੜਾਈ ਵਿਚ ਸੱਟ ਨਹੀਂ ਸੀ ਖਾਧੀ। ਉਹ ਸਮਝਦਾ ਸੀ ਕਿ ਤਾਰਾ ਸਿੰਘ ਉਹਦਾ ਕੀ ਮੁਕਾਬਲਾ ਕਰੇਗਾ। ਹਲ ਵਾਹੁਣ ਵਾਲਾ ਸਾਧਾਰਨ ਆਦਮੀ ਜੰਗੀ ਕਰਤਬਾਂ ਸਾਹਮਣੇ ਕਿਵੇਂ ਖਲੋ ਸਕਦਾ ਹੈ, ਉਹਨੂੰ ਨਹੀਂ ਸੀ ਪਤਾ ਕਿ ਤਲਵਾਰ ਚਲਾਣੀ ਸਿੰਘਾਂ ਦੇ ਜੀਵਨ ਦਾ ਕਰਤੱਵ ਬਣ ਗਿਆ ਸੀ ਤੇ ਇਹ ਨਿਰੇ ਸੰਤ ਨਹੀਂ, ਸਗੋਂ ਜ਼ਬਰਦਸਤ ਸਿਪਾਹੀ ਵੀ ਹਨ।

ਉਸ ਤੇਜ਼ੀ ਨਾਲ ਘੋੜਾ ਅੱਗੇ ਕਰ ਕੇ ਭਾਈ ਤਾਰਾ ਸਿੰਘ ਜੀ ਦੇ ਸਿਰ 'ਤੇ ਤਲਵਾਰ ਦਾ ਵਾਰ ਕੀਤਾ ਪਰ ਭਾਈ ਸਾਹਿਬ ਨੇ ਕਮਾਲ ਦੀ ਫੁਰਤੀ ਨਾਲ ਢਾਲ ਅੱਗੇ

ਕਰ ਕੇ ਉਹਦਾ ਵਾਰ ਰੋਕ ਲਿਆ। ਉਸ ਫਿਰ ਤੇਜ਼ੀ ਨਾਲ ਦੂਜਾ ਵਾਰ ਕੁਝ ਤਿਰਛਵਾਂ ਜਿਹਾ ਕੀਤਾ ਪਰ ਭਾਈ ਸਾਹਿਬ ਨੇ ਉਹ ਵੀ ਰੋਕ ਲਿਆ। ਦੂਜਾ ਵਾਰ ਰੋਕਦਿਆਂ ਹੀ ਫੁਰਤੀ ਨਾਲ ਭਾਈ ਤਾਰਾ ਸਿੰਘ ਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਕਾਦਰ ਬਖ਼ਸ਼, ਜੋ ਘੋੜੇ 'ਤੇ ਸੀ, ਤਲਵਾਰ ਉਹਦੀ ਲੱਤ 'ਤੇ ਵੱਜੀ। ਕਾਦਰ ਬਖ਼ਸ਼ ਚੀਸ ਨਾਲ ਕੁਰਲਾਇਆ ਤੇ ਜ਼ਖ਼ਮੀ ਲੱਤ ਵੱਲ ਝੁਕਿਆ। ਭਾਈ ਸਾਹਿਬ ਨੇ ਦੂਜਾ ਵਾਰ ਵੀ ਕਰ ਦਿੱਤਾ ਜੋ ਮੋਢੇ 'ਤੇ ਲੱਗਾ ਤੇ ਖ਼ੂਨ ਦੀਆਂ ਧਾਰੀਆਂ ਵਗ ਪਈਆਂ। ਕਾਦਰ ਬਖ਼ਸ਼ ਘੋੜੇ ਤੋਂ ਡਿੱਗ ਪਿਆ। ਜਾਫ਼ਰ ਬੇਗ ਦੀ ਫ਼ੌਜ ਵਿਚ ਭਾਜੜ ਪੈ ਗਈ ਤੇ ਉਹ ਨੱਸ ਪਈ। ਸਿੰਘਾਂ ਨੇ ਲਲਕਾਰਿਆ ਪਰ ਜਾਫ਼ਰ ਬੇਗ ਤੇ ਉਹਦੀ ਫ਼ੌਜ ਦੇ ਬਾਕੀ ਆਦਮੀ ਨੱਸ ਗਏ। ਉਹਨਾਂ ਜਾਂਦਿਆਂ ਉਹਨਾਂ ਦਾ ਵੀ ਖ਼ਿਆਲ ਨਾ ਕੀਤਾ ਜਿਨ੍ਹਾਂ ਨੂੰ ਰੋਟੀਆਂ ਦਾ ਪ੍ਰਬੰਧ ਕਰਨ ਲਈ ਪਿੰਡ ਭੇਜਿਆ ਗਿਆ ਸੀ।

ਕਈ ਦਰਜਨ ਆਦਮੀ ਜਾਫ਼ਰ ਬੇਗ ਮਰਵਾ ਕੇ ਤੇ ਜ਼ਖ਼ਮੀ ਭਤੀਜੇ ਨੂੰ ਮੈਦਾਨ ਵਿਚ ਹੀ ਛੱਡ ਕੇ ਮੈਦਾਨ ਵਿੱਚੋਂ ਨੱਸ ਗਿਆ।

ਸਿੰਘਾਂ ਦਾ ਸੁਭਾਅ ਏ ਕਿ ਇਹ ਭੱਜੇ ਜਾਂਦੇ ਵੈਰੀ ਦਾ ਪਿੱਛਾ ਨਹੀਂ ਕਰਦੇ। ਸਿੰਘ ਸਮਝਦੇ ਹਨ ਕਿ ਜੋ ਦਿਲ ਹਾਰ ਜਾਏ ਉਸ ਮਰੇ ਹੋਏ ਨੂੰ ਕੀ ਮਾਰਨਾ ਹੋਇਆ। ਇਸ ਵਿਚਾਰ ਨਾਲ ਭਾਈ ਤਾਰਾ ਸਿੰਘ ਨੇ ਜਾਫ਼ਰ ਬੇਗ ਦਾ ਪਿੱਛਾ ਨਾ ਕੀਤਾ। ਜੇ ਚਾਹੁੰਦੇ ਤਾਂ ਉਹਦਾ ਪਿੱਛਾ ਕਰ ਕੇ ਉਹਨੂੰ ਹੋਰ ਨੁਕਸਾਨ ਪਹੁੰਚਾ ਸਕਦੇ ਸਨ। ਪਰ ਇਹਨਾਂ ਇਸ ਤਰ੍ਹਾਂ ਕਰਨਾ ਯੋਗ ਨਾ ਸਮਝਿਆ।

ਭਾਈ ਤਾਰਾ ਸਿੰਘ ਨੇ ਖੇਤਾਂ ਵਿਚ ਪਈਆਂ ਲਾਸ਼ਾਂ ਨੂੰ ਚੰਗੀ ਤਰ੍ਹਾਂ ਤੱਕਿਆ। ਉਹਨਾਂ ਵਿੱਚੋਂ ਬਹੁਤੇ ਮਰ ਚੁੱਕੇ ਸਨ। ਦੋ ਤਿੰਨ ਅਜੇ ਸਹਿਕ ਰਹੇ ਸਨ। ਉਹਨਾਂ ਨੂੰ ਖੂਹ 'ਤੇ ਲੈ ਗਏ। ਜਾਫ਼ਰ ਬੇਗ ਦਾ ਭਤੀਜਾ ਕਾਦਰ ਬਖ਼ਸ਼ ਵੀ ਲਹੂ ਵਿਚ ਲੱਥ ਪੱਥ ਬੇਹੋਸ਼ ਪਿਆ ਸੀ, ਉਹਨੂੰ ਵੀ ਚੁੱਕ ਕੇ ਖੂਹ 'ਤੇ ਲੈ ਗਏ।

3

ਸੁਹਣੇ ਸ਼ਾਹ ਬੜਾ ਘਬਰਾਇਆ ਹੋਇਆ ਘਰ ਆਇਆ। ਉਹਦੇ ਚਿਹਰੇ 'ਤੇ ਜਿਤਨੀ ਬੇਚੈਨੀ ਅੱਜ ਸੀ, ਉਹਦੀ ਪਤਨੀ ਬਸੰਤੀ ਨੇ ਪਹਿਲਾਂ ਕਦੇ ਨਹੀਂ ਸੀ ਦੇਖੀ। ਇਸੇ ਲਈ ਉਹਦੇ ਵੀ ਹੋਸ਼ ਉੱਡ ਗਏ ਕਿ ਰੱਬ ਸੁੱਖ ਰੱਖੇ, ਅੱਜ ਕੀ ਭਾਣਾ ਵਰਤ ਗਿਆ

ਹੈ। ਸੁਹਣੇ ਸ਼ਾਹ ਘਰ ਵੜਦਿਆਂ ਹੀ ਉਸ ਬੋਰੀ 'ਤੇ ਬਹਿ ਗਿਆ, ਜੋ ਬਸੰਤੀ ਨੇ ਚਰਖਾ ਡਾਹੁਣ ਲਈ ਵਿਛਾਈ ਹੋਈ ਸੀ। ਬਸੰਤੀ ਨੇ ਝੱਟ-ਪਟ ਮੰਜਾ ਡਾਹਿਆ ਤੇ ਸੁਹਣੇ ਸ਼ਾਹ ਨੂੰ ਉਸ 'ਤੇ ਬੈਠਣ ਲਈ ਕਿਹਾ।

"ਕੁੜੇ ਜੀਤੋ! ਅੰਦਰੋਂ ਪੱਖੀ ਲਿਆਈਂ," ਉਸ 'ਵਾਜ਼ ਮਾਰਦਿਆਂ ਸੁਹਣੇ ਸ਼ਾਹ ਨੂੰ ਬਾਹੋਂ ਫੜ ਕੇ ਬਿਠਾ ਦਿੱਤਾ ਤੇ ਕੋਲ ਹੀ ਆਪ ਵੀ ਬੈਠ ਗਈ।

"ਕੀ ਗੱਲ ਏ ?" ਉਸ ਬੜੀ ਘਬਰਾਹਟ ਵਿਚ ਹੋ ਕੇ ਪੁੱਛਿਆ, "ਇਹ ਗਰਮੀ ਦੀ ਘਬਰਾਹਟ ਤੇ ਨਹੀਂ।" ਜੀਤੋ ਅੰਦਰੋਂ ਪੱਖੀ ਲੈ ਆਈ। ਬਸੰਤੀ ਨੇ ਪੱਖੀ ਫੜ ਲਈ ਤੇ ਸੁਹਣੇ ਸ਼ਾਹ ਦੇ ਮੂੰਹ ਨੇੜੇ ਝੱਲ ਮਾਰਨ ਲੱਗ ਪਈ। ਫਿਰ ਉਸ ਜੀਤੋ ਨੂੰ ਪਾਣੀ ਦਾ ਛੰਨਾ ਲਿਆਉਣ ਲਈ ਕਿਹਾ। ਜੀਤੋ ਝੱਟ ਪਾਣੀ ਦਾ ਛੰਨਾ ਲੈ ਆਈ। ਸੁਹਣੇ ਸ਼ਾਹ ਨੇ ਪਾਣੀ ਪੀਤਾ ਤੇ ਦੋ-ਤਿੰਨ ਛੱਟੇ ਪਾਣੀ ਦੇ ਮੂੰਹ 'ਤੇ ਵੀ ਮਾਰੇ।

"ਦੱਸੋ ਅੱਜ ਹੋਇਆ ਕੀ ਏ ?" ਬਸੰਤੀ ਨੇ ਫਿਰ ਤਰਲੇ ਭਰੇ ਢੰਗ ਨਾਲ ਕਿਹਾ।

"ਕੁਝ ਨਹੀਂ।"

"ਕੁਝ ਤਾਂ ਹੋਇਆ ਏ।" ਸੁਹਣੇ ਸ਼ਾਹ ਨੇ ਆਪਣੀ ਜਵਾਨ ਲੜਕੀ ਜੀਤੋ ਵੱਲ ਤੱਕਿਆ ਤੇ ਝੱਟ ਹੀ ਜਾਫ਼ਰ ਬੇਗ ਦੀਆਂ ਗੱਲਾਂ ਉਹਦੀਆਂ ਅੱਖਾਂ ਸਾਹਮਣੇ ਫ਼ਿਲਮ ਵਾਂਗ ਘੁੰਮਣ ਲੱਗ ਪਈਆਂ। ਜੀਤੋ ਵੀ ਕਾਫ਼ੀ ਘਬਰਾਹਟ ਮਹਿਸੂਸ ਕਰ ਰਹੀ ਸੀ। ਜਦ ਪਿਤਾ ਨੇ ਉਹਦੇ ਵੱਲ ਅੱਖ ਪੁੱਟ ਕੇ ਤੱਕਿਆ ਤਾਂ ਉਹਨੂੰ ਖੁੜਕ ਗਈ ਕਿ ਇਹ ਜ਼ਰੂਰ ਕੋਈ ਮੇਰੇ ਨਾਲ ਸੰਬੰਧਤ ਗੱਲ ਏ।

"ਰੋਟੀ ਪਕਾਈ ਏ ?"

"ਨਹੀਂ, ਅਜੇ ਨਹੀਂ ਪਕਾਈ। ਮੈਂ ਕਿਹਾ ਪਤਾ ਨਹੀਂ ਕਦੋਂ ਪੱਟੀ ਗਏ ਮੁੜੋ ਤੇ ਐਵੇਂ ਰੋਟੀ ਠੰਢੀ ਹੋ ਜਾਏਗੀ। ਤੁਸੀਂ ਗੱਲ ਤਾਂ ਦੱਸੋ ਕਿ ਅੱਜ ਕੀ ਵਾਪਰੀ ਜੇ। ਸੌਦਾ ਲੈਣ ਗਏ ਸਓ, ਪਰ ਖ਼ਾਲੀ ਹੱਥ ਆ ਗਏ ਹੋ। ਕੀ ਰਾਹ ਵਿਚ ਕਿਸੇ ਖੋਹ ਲਿਆ ਏ ?" ਬਸੰਤੀ ਨੂੰ ਖੁਦਖੁਦੀ ਲੱਗੀ ਹੋਈ ਸੀ ਕਿ ਉਹ ਝੱਟ-ਪਟ ਜਾਣੇ ਕਿ ਅੱਜ ਕੀ ਵਾਪਰੀ ਹੈ, ਜਿਸ ਕਾਰਨ ਸੁਹਣੇ ਸ਼ਾਹ ਇਤਨਾ ਪਰੇਸ਼ਾਨ ਹੈ। ਪੱਟੀ ਤੋਂ ਕੋਈ ਸੌਦਾ ਵੀ ਨਹੀਂ ਲਿਆਂਦਾ। ਉਸ ਬਾਹਰ ਵੱਲ ਨਜ਼ਰ ਮਾਰੀ ਤਾਂ ਘੋੜੀ 'ਤੇ ਛੱਟ ਵੀ ਉਸੇ ਤਰ੍ਹਾਂ ਲਪੇਟੀ ਹੋਈ ਪਈ ਸੀ ਜਿਵੇਂ ਜਾਣ ਲੱਗਿਆਂ ਲੈ ਗਏ ਸਨ। ਉਸ ਫਿਰ ਪੁੱਛਿਆ, "ਪੱਟੀ ਗਏ ਵੀ ਸੀ ਕਿ ਰਾਹ ਵਿਚੋਂ ਹੀ ਮੁੜ ਆਏ ਹੋ ?"

"ਗਿਆ ਤਾਂ ਸਾਂ," ਸੁਹਣੇ ਸ਼ਾਹ ਨੇ ਕਿਹਾ, "ਚੱਲ ਪੁੱਤਰ, ਚੱਲ ਕੇ ਰੋਟੀ ਪਕਾ ਮੈਨੂੰ ਭੁੱਖ ਲੱਗੀ ਏ।"

ਭੁੱਖ ਤਾਂ ਸੁਹਣੇ ਸ਼ਾਹ ਨੂੰ ਕੋਈ ਨਹੀਂ ਸੀ ਪਰ ਉਹ ਜੀਤੋ ਨੂੰ ਇਥੋਂ ਟੋਰਨਾ ਚਾਹੁੰਦਾ

ਸੀ। ਬਸੰਤੀ ਵੀ ਸਮਝ ਗਈ ਕਿ ਗੱਲ ਜੀਤੋ ਸਾਹਮਣੇ ਕਰਨ ਵਾਲੀ ਨਹੀਂ, ਇਸ ਲਈ ਇਹਨਾਂ ਅੱਜ ਮੈਨੂੰ ਰੋਟੀ ਪਕਾਣ ਲਈ ਨਹੀਂ ਕਿਹਾ ਸਗੋਂ ਉਚੇਚੇ ਤੌਰ 'ਤੇ ਜੀਤੋ ਨੂੰ ਕਹਿ ਰਹੇ ਹਨ। ਉਸ ਜੀਤੋ ਨੂੰ ਸੰਬੋਧਨ ਕਰ ਕੇ ਕਿਹਾ, "ਛਿੱਕੂ ਵਿਚ ਕੁਝ ਆਲੂ ਪਏ ਨੀ, ਪਹਿਲਾਂ ਉਹਨਾਂ ਨੂੰ ਸੋੜ ਲੈ ਫਿਰ ਰੋਟੀ ਪਕਾਵੀਂ। ਆਟਾ ਜ਼ਰਾ ਵਧੇਰੇ ਗੁੰਨ੍ਹ ਲਈਂ। ਹੱਟੀ 'ਤੇ ਨੌਕਰ ਨੂੰ ਵੀ ਅੱਜ ਰੋਟੀ ਭੇਜਣੀ ਏ।"

ਜੀਤੋ ਦਾ ਦਿਲ ਨਹੀਂ ਸੀ ਕਰਦਾ ਕਿ ਉਹ ਪਤਾ ਕੀਤੇ ਬਿਨਾਂ ਚਲੀ ਜਾਏ ਕਿ ਪਿਤਾ ਜੀ ਵਾਪਸ ਕਿਉਂ ਆ ਗਏ ਹਨ ਤੇ ਉਹ ਘਬਰਾਏ ਹੋਏ ਕਿਉਂ ਹਨ, ਪਰ ਮਾਤਾ ਪਿਤਾ ਦਾ ਕਹਿਣਾ ਮੋੜਨਾ ਵੀ ਉਹਦੇ ਲਈ ਮੁਸ਼ਕਿਲ ਸੀ। ਇਸ ਲਈ ਉਹ ਬੈਠਕ ਦੇ ਪਿਛਲੇ ਪਾਸੇ ਨਿੱਕੀ ਜਿਹੀ ਭਿਤਨੀ ਵਿੱਚੋਂ ਲੰਘ ਕੇ ਪਿੱਛੇ ਚਲੀ ਗਈ ਤੇ ਭਿਤਨੀ ਦਾ ਦਰਵਾਜ਼ਾ ਬੰਦ ਕਰ ਦਿੱਤਾ।

"ਅੱਛਾ, ਹੁਣ ਦੱਸੋ ਗੱਲ ਕੀ ਏ ?" ਬਸੰਤੀ ਨੇ ਪੁੱਛਿਆ।

"ਗੱਲ ਬੜੀ ਵੱਡੀ ਏ ਤੇ ਮੈਂ ਤੈਨੂੰ ਜੀਤੋ ਸਾਹਮਣੇ ਨਹੀਂ ਸਾਂ ਦੱਸਣਾ ਚਾਹੁੰਦਾ," ਸੁਹਣੇ ਸ਼ਾਹ ਨੇ ਹੌਲੀ ਜਿਹੀ ਕਿਹਾ, "ਜ਼ਰਾ ਉਠ ਕੇ ਵੇਖ ਬਾਹਰ ਤਾਂ ਕੋਈ ਨਹੀਂ। ਮੈਨੂੰ ਪੈਰਾਂ ਦਾ ਖੜਾਕ ਆਇਆ ਏ।" ਬਸੰਤੀ ਨੇ ਉਠ ਕੇ ਗਲੀ ਵਿਚ ਦੇਖਿਆ, ਇਸ ਵੇਲੇ ਬਾਹਰ ਤਾਂ ਇਸ ਪਾਸੇ ਦੂਰ ਨੇੜੇ ਵੀ ਕੋਈ ਆਦਮੀ ਨਹੀਂ ਸੀ। "ਤੁਹਾਡੇ ਐਵੇਂ ਕੰਨ ਪਏ ਵੱਜਦੇ ਨੇ, ਬਾਹਰ ਤਾਂ ਕੋਈ ਨਹੀਂ।" ਇਹ ਕਹਿੰਦਿਆਂ ਬਸੰਤੀ ਦੇ ਮਨ ਨੂੰ ਹੋਰ ਡੋਬੂ ਪੈਣ ਲੱਗ ਪਏ ਕਿ ਕਿਹੜੀ ਅਜਿਹੀ ਗੱਲ ਹੋ ਸਕਦੀ ਏ, ਜਿਹੜੀ ਇਹ ਲੁਕਾ ਲੁਕਾ ਕੇ ਦੱਸਣਾ ਚਾਹੁੰਦੇ ਹਨ। ਉਹ ਕਾਨੇ ਦਾ ਨਿੱਕਾ ਜਿਹਾ ਮੂਹੜਾ ਲਿਆ ਕੇ ਮੰਜੇ ਦੇ ਨੇੜੇ ਕਰ ਕੇ ਬੈਠ ਗਈ।

"ਕੁਝ ਦਿਨ ਹੋਏ ਤੈਨੂੰ ਦੱਸਿਆ ਸੀ ਕਿ ਜਾਫ਼ਰ ਬੇਗ ਫ਼ੌਜਦਾਰ ਪੱਟੀ, ਦਾ ਸੁਨੇਹਾ ਆਇਆ ਸੀ ਕਿ ਜੀਤੋ ਦਾ ਰਿਸ਼ਤਾ ਮੈਨੂੰ ਦੇ ਦਿਓ," ਸੁਹਣੇ ਸ਼ਾਹ ਨੇ ਦੱਸਣਾ ਸ਼ੁਰੂ ਕੀਤਾ, "ਤੇ ਅਸਾਂ ਉਹ ਰਿਸ਼ਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।"

"ਆਹੋ, ਫਿਰ ਕੀ ਹੋਇਆ ?" ਬਸੰਤੀ ਨੇ ਹੈਰਾਨੀ ਨਾਲ ਪੁੱਛਿਆ।

"ਉਹ ਹੁਣ ਤੁਲਿਆ ਹੋਇਆ ਏ ਆਪਣੀ ਜ਼ਿੱਦ ਪੂਰੀ ਕਰਨ 'ਤੇ," ਸੁਹਣੇ ਸ਼ਾਹ ਨੇ ਦੱਸਿਆ।

"ਉਸ ਬੁੱਢੇ ਚੌਰੇ ਨੂੰ ਸ਼ਰਮ ਨਹੀਂ ਆਉਂਦੀ। ਹਿੰਦੂਆਂ ਦੀਆਂ ਕੁੜੀਆਂ 'ਤੇ ਨਜ਼ਰ ਰੱਖਦਾ ਏ। ਨਾਲੇ ਦੇਖਦਾ ਨਹੀਂ ਆਪਣੀ ਬੂਥੀ ਵੱਲ, ਚਿੱਟਾ ਝਾਟਾ ਤੇ ਆਟਾ ਖ਼ਰਾਬ। ਜੀਤੋ ਸਾਡੀ ਉਹਦੀਆਂ ਧੀਆਂ ਵਰਗੀ ਏ। ਇਹ ਕੋਈ ਇਨਸਾਫ਼ ਏ।" ਬਸੰਤੀ ਗੁੱਸੇ ਵਿਚ ਪਤਾ ਨਹੀਂ ਹੋਰ ਕੀ ਕੁਝ ਕਹਿ ਜਾਂਦੀ ਪਰ ਸ਼ਾਹ ਨੇ ਉਹਦੀ ਗੱਲ ਵਿੱਚੇ ਹੀ ਟੋਕ

ਦਿੱਤੀ ਤੇ ਕਿਹਾ, "ਕੌਣ ਇਨਸਾਫ਼ ਕਰਦਾ ਏ। ਡਾਹਡਿਆਂ ਦੇ ਸੱਤੀਂ ਵੀਹ ਸੌ ਹੁੰਦੇ ਨੇ। ਨਾਲੇ ਇਸ ਰਾਜ ਵਿਚ, ਜਦੋਂ ਕੋਈ ਲੋਕਾਂ ਦਾ ਵਾਲੀ ਵਾਰਸ ਹੀ ਨਹੀਂ। ਹੁਣ ਤਾਂ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਏ।"

"ਅੱਛਾ, ਤੁਸੀਂ ਦੱਸ ਰਹੇ ਸਓ ਕਿ ਤੁਸਾਂ ਨਾਂਹ ਕਰ ਦਿੱਤੀ ਸੀ ਤੇ ਫੇਰ ਹੁਣ ਕੀ ਹੋਇਆ ਏ ?" ਬਸੰਤੀ ਬੋਲੀ।

"ਮੈਂ ਅੱਜ ਸਵੇਰੇ ਪੱਟੀ ਪੁੱਜਾ ਤਾਂ ਮੈਨੂੰ ਕਾਲੂ ਸ਼ਾਹ ਹਟਵਾਣੀਏ ਨੇ ਦੱਸਿਆ ਕਿ ਇਥੇ ਤਾਂ ਗੋਂਦਾਂ ਪਈਆਂ ਗੁੰਦੀਦੀਆਂ ਨੇ ਹੋਰ ਹੀ। ਮੈਂ ਹੈਰਾਨ ਹੋ ਕੇ ਪੁੱਛਿਆ ਕਿ ਕੀ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ ਤਾਂ ਉਸ ਦੱਸਿਆ ਕਿ ਇਕ ਦਿਨ ਉਹ ਕਿਸੇ ਕੰਮ ਜਾਫ਼ਰ ਬੇਗ ਕੋਲ ਗਿਆ ਸੀ ਤਾਂ ਉਥੇ ਤੁਹਾਡੀ ਕੁੜੀ ਦੀਆਂ ਗੱਲਾਂ ਚੱਲ ਪਈਆਂ। ਜਾਫ਼ਰ ਬੇਗ ਕਹਿੰਦਾ ਸੀ ਕਿ ਕਰਾੜ ਪੈਸੇ ਪਿੱਛੇ ਮਰਦੇ ਨੇ ਇਸ ਲਈ ਪੈਸੇ ਦੀ ਛਣਕਾਰ ਦਿਖਾ ਕੇ ਕੁੜੀ ਲੈ ਲਈ ਜਾਏ, ਨਹੀਂ ਤੇ ਉਹ ਦੂਜੇ ਤਰੀਕੇ ਵਰਤੇਗਾ। ਕਾਲੂ ਸ਼ਾਹ ਨੇ ਦੱਸਿਆ ਹੈ ਕਿ ਉਹ ਚੁੱਪ ਕਰ ਕੇ ਸਾਰੀਆਂ ਗੱਲਾਂ ਸੁਣਦਾ ਰਿਹਾ ਏ। ਉਹਦਾ ਖ਼ਿਆਲ ਹੈ ਕਿ ਜੇ ਕਿਧਰੇ ਨੌਸ਼ਹਿਰੇ ਦਾ ਸਾਹਿਬ ਰਾਏ ਆ ਕੇ ਜਾਫ਼ਰ ਬੇਗ ਨੂੰ ਕਿਸੇ ਸਿਖ 'ਤੇ ਚੜ੍ਹਾਈ ਕਰਨ ਲਈ ਨਾ ਲੈ ਜਾਂਦਾ ਤਾਂ ਸ਼ਾਇਦ ਹੁਣ ਤਕ ਕੁਝ ਵਾਪਰ ਗਿਆ ਹੁੰਦਾ।"

"ਹਾ ਹਾਏ! ਇਡੇ ਕਮੀਨੇ ਨੇ ਇਹ," ਬਸੰਤੀ ਨੇ ਦੋਵੇਂ ਹੱਥ ਮਲਦਿਆਂ ਕਿਹਾ, "ਫਿਰ ਹੁਣ ਤਾਂ ਖਹਿੜਾ ਛੁੱਟ ਗਿਆ ਕਿ ਅਜੇ ਵੀ ਖ਼ਤਰਾ ਏ ?"

"ਭੋਲੀਆਂ ਗੱਲਾਂ ਕਰਨੀ ਏਂ। ਖ਼ਤਰਾ ਕਿਵੇਂ ਟਲ ਗਿਆ ਏ। ਉਧਰੋਂ ਵਿਹਲੇ ਹੋ ਕੇ ਉਹਨਾਂ ਫਿਰ ਇਹੀ ਕੁਝ ਸੋਚਣਾ ਏ।"

"ਹੁਣ ਕੀਤਾ ਕੀ ਜਾਏ। ਕੁੜੀ ਦੀ ਬਾਂਹ ਤਾਂ ਕਿਸੇ ਹਾਲਤ ਵਿਚ ਵੀ ਉਹਨੂੰ ਨਹੀਂ ਫੜਾਈ ਜਾ ਸਕਦੀ। ਇਸ ਨਾਲੋਂ ਤਾਂ ਤੋਲਾ ਅਫ਼ੀਮ ਦੇ ਕੇ ਮਾਰ ਦੇਈਏ ਤਾਂ ਵਧੇਰੇ ਚੰਗਾ ਹੈ," ਇਹ ਕਹਿੰਦਿਆਂ ਬਸੰਤੀ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ ਤੇ ਗਲਾ ਭਾਰਾ ਹੋ ਗਿਆ। ਇਕ ਮਾਂ ਆਪਣੀ ਧੀ ਨੂੰ ਅਫ਼ੀਮ ਦਾ ਗੋਲਾ ਦੇਣ ਬਾਰੇ ਸੋਚ ਵੀ ਨਹੀਂ ਸਕਦੀ, ਪਰ ਅੱਜ ਉਹ ਆਪਣੇ ਪਤੀ ਸਾਹਮਣੇ ਇਸ ਬਾਰੇ ਸੁਝਾਅ ਰੱਖ ਰਹੀ ਸੀ। "ਤੁਸਾਂ ਹੁਣ ਕੀ ਸੋਚਿਆ ਏ ?" ਉਸ ਧੋਤੀ ਦੇ ਲੜ ਨਾਲ ਅੱਖਾਂ ਪੂੰਝਦਿਆਂ ਕਿਹਾ।

"ਮੈਂ ਕਾਲੂ ਸ਼ਾਹ ਨਾਲ ਸਲਾਹ ਕੀਤੀ ਸੀ। ਉਸ ਇਹੋ ਕਿਹਾ ਸੀ ਕਿ ਝੱਟ-ਪਟ ਕੁੜੀ ਦਾ ਵਿਆਹ ਕਰ ਦਿਓ ਤਾਂ ਜੁ ਉਹਨੂੰ ਸਹੁਰੇ ਟੋਰ ਦਿੱਤਾ ਜਾਏ," ਸੁਹਣੇ ਸ਼ਾਹ ਨੇ ਕਿਹਾ। ਬਸੰਤੀ ਉਹਦੀ ਗੱਲ ਵਿਚੋ ਟੋਕ ਕੇ ਬੋਲੀ, "ਇੱਡੀ ਛੇਤੀ ਵਿਆਹ ਕਿਵੇਂ ਹੋ ਸਕਦਾ ਏ ? ਮੁੰਡੇ ਕਿਹੜੇ ਛੇਤੀ ਲੱਭ ਪੈਂਦੇ ਨੇ। ਨਾਲੇ ਅਸਾਂ ਲਾਡਾਂ ਨਾਲ ਪਾਲੀ ਨੂੰ ਐਵੇਂ ਕਿਤੇ ਰੂੜੀ 'ਤੇ ਤਾਂ ਨਹੀਂ ਸੁੱਟ ਦੇਣਾ।"

"ਮੇਰੀ ਗੱਲ ਤਾਂ ਸੁਣਦੀ ਨਹੀਂ। ਆਪੇ ਵਿੱਚੋਂ ਬੋਲਣ ਲੱਗ ਪੈਂਦੀ ਏਂ। ਪਹਿਲਾਂ ਮੇਰੀ ਗੱਲ ਤਾਂ ਸੁਣ ਲੈ। ਮੈਂ ਸਾਰਾ ਪ੍ਰਬੰਧ ਕਰ ਆਇਆ ਹਾਂ," ਸੁਹਣੇ ਸ਼ਾਹ ਨੇ ਕਿਹਾ।

"ਚਲੋ ਦੱਸੋ, ਕੀ ਕਰ ਆਏ ਹੋ ?"

"ਕਾਲੂ ਸ਼ਾਹ ਕੋਲ ਹੀ ਸਬੱਬ ਨਾਲ ਵਾਂ ਪਿੰਡ ਦਾ ਇਕ ਗੱਭਰੂ ਦਿਆਲ ਆਇਆ ਹੋਇਆ ਸੀ। ਉਸ ਦੇ ਪਿਤਾ ਤੇ ਦੂਜੇ ਸੰਬੰਧੀਆਂ ਨਾਲ ਕਾਲੂ ਦੀ ਚੰਗੀ ਬੈਠਣ ਉਠਣ ਸੀ। ਉਸ ਮੈਨੂੰ ਕਿਹਾ ਕਿ ਜੇ ਤੂੰ ਕਹੇਂ ਤਾਂ ਇਸ ਨਾਲ ਗੱਲ ਬਾਤ ਕਰੀਏ। ਮੈਂ ਉਹਨੂੰ ਉਸੇ ਵੇਲੇ ਹਾਂ ਕਰ ਦਿੱਤੀ। ਮੁੰਡਾ ਏ ਕਿ ਨਿਰਾ ਚੰਨ। ਉਸ ਮੇਰੇ ਨਾਲ ਜਿੰਨੀਆਂ ਕੁ ਗੱਲਾਂ ਕੀਤੀਆਂ ਨੇ, ਉਹਨਾਂ ਤੋਂ ਬੜਾ ਸਾਊ ਤੇ ਮਿੱਠ-ਬੋਲੜਾ ਲੱਗਦਾ ਸੀ। ਕਾਲੂ ਸ਼ਾਹ ਨੇ ਉਹਦੇ ਨਾਲ ਗੱਲ ਕੀਤੀ। ਮੁੰਡੇ ਨੇ ਝੱਟ ਹੀ ਕਹਿ ਦਿੱਤਾ ਕਿ ਮੇਰੇ ਪਿਤਾ ਜੀ ਜਾਂ ਚਾਚੇ ਨਾਲ ਗੱਲ ਕਰੋ, ਮੈਂ ਇਸ ਬਾਰੇ ਕੋਈ ਗੱਲ ਨਹੀਂ ਕਹਿ ਸਕਦਾ। ਜਦੋਂ ਕੋਈ ਢੋਅ ਬਣਨਾ ਹੋਵੇ, ਅਚਾਨਕ ਉਹਦਾ ਚਾਚਾ ਛੱਜੂ ਰਾਮ ਵੀ ਉਥੇ ਆ ਗਿਆ। ਤੈਨੂੰ ਯਾਦ ਹੋਣਾ ਏਂ ਕਿ ਪਿਛਲੇ ਸਾਲ ਸਰਦੀਆਂ ਵਿਚ ਇਕ ਆਦਮੀ ਸਾਡੇ ਘਰ ਆ ਕੇ ਰਿਹਾ ਸੀ, ਬਸ ਉਹੀ ਮੁੰਡੇ ਦਾ ਚਾਚਾ ਏ। ਅਸਾਂ ਉਹਦੇ ਨਾਲ ਗੱਲ ਕੀਤੀ ਤਾਂ ਉਸ ਝੱਟ ਹਾਂ ਕਰ ਦਿੱਤੀ। ਉਹ ਪਿਛਲੇ ਸਾਲ ਸਾਡੇ ਘਰ ਜੀਤੋ ਨੂੰ ਦੇਖ ਗਿਆ ਸੀ। ਮੈਂ ਉਹਨਾਂ ਅੱਗੇ ਇਕ ਸ਼ਰਤ ਰੱਖੀ ਸੀ ਕਿ ਵਿਆਹ ਝੱਟ-ਪਟ ਕਰਨਾ ਜੇ। ਟੂਮਾਂ ਵੀ ਮਗਰੋਂ ਬਣਵਾ ਦਿਆਂਗੇ। ਅਜੇ ਘਰੋਂ ਥੋੜ੍ਹੀਆਂ ਟੂਮਾਂ ਕੱਢ ਲਵਾਂਗੇ। ਉਹਨਾਂ ਨੂੰ ਕਾਲੂ ਸ਼ਾਹ ਨੇ ਵਿਚ ਪੈ ਕੇ ਇਹ ਵੀ ਮਨਾ ਲਿਆ ਕਿ ਉਹ ਕੱਲ੍ਹ ਜੰਞ ਲਿਆ ਕੇ ਕੁੜੀ ਨੂੰ ਵਿਆਹ ਲਿਜਾਣਗੇ। ਮੈਂ ਸੋਚਿਆ ਕਿ ਅਸੀਂ ਭਾਰਾ ਸਿਰੋਂ ਲਾਹ ਦਈਏ, ਅੱਗੋਂ ਧੀ ਦੀ ਕਿਸਮਤ।"

"ਇਹ ਤਾਂ ਚੰਗਾ ਹੋਇਆ," ਬਸੰਤੀ ਨੇ ਕਿਹਾ, "ਪਰ ਵਿਆਹ ਇਤਨੀ ਛੇਤੀ ਕਿਵੇਂ ਕਰ ਦਿਆਂਗੇ ? ਅਜੇ ਤਾਂ ਕੋਈ ਕੱਪੜਾ ਤਿਆਰ ਨਹੀਂ। ਨਾ ਹੀ ਕੱਲ੍ਹ ਤਕ ਹਲਵਾਈਆਂ ਨੇ ਮਠਿਆਈਆਂ ਤਿਆਰ ਕਰ ਸਕਣੀਆਂ ਨੇ ਤੇ ਨਾ ਹੀ ਰਿਸ਼ਤੇਦਾਰਾਂ ਨੂੰ ਪਤਾ ਦਿੱਤਾ ਜਾ ਸਕਦਾ ਏ। ਇਹਦੇ ਮਾਮੇ ਤਾਂ ਬੜੇ ਚਾਅ ਨਾਲ ਇਹਦਾ ਵਿਆਹ ਕਰਨਾ ਚਾਹੁੰਦੇ ਸਨ।"

"ਤੈਨੂੰ ਤਿਆਰੀ ਤੇ ਮਾਮਿਆਂ ਦੀ ਪਈ ਹੋਈ ਏ ਤੇ ਮੈਂ ਚਾਹੁੰਦਾ ਹਾਂ ਕਿ ਜਿਵੇਂ ਹੋਵੇ ਕੁੜੀ ਦੇ ਹੱਥ ਪੀਲੇ ਕਰ ਕੇ ਸੁਰਖ਼ਰੂ ਹੋਵਾਂ। ਆਪੇ ਉਹਨਾਂ ਨੂੰ ਪਿੱਛੋਂ ਦੱਸ ਦਿਆਂਗੇ," ਸੁਹਣੇ ਸ਼ਾਹ ਨੇ ਕਿਹਾ।

ਅਜੇ ਇਹ ਗੱਲਾਂ ਹੋ ਰਹੀਆਂ ਸਨ ਕਿ ਜੀਤੋ ਰੋਟੀ ਤਿਆਰ ਕਰ ਕੇ ਲੈ ਆਈ। ਉਹਦੇ ਦਰਵਾਜ਼ਾ ਖੋਲ੍ਹਣ ਸਾਰ ਹੀ ਦੋਵੇਂ ਚੁੱਪ ਹੋ ਗਏ। ਸੁਹਣੇ ਸ਼ਾਹ ਰੋਟੀ ਖਾਣ ਲੱਗ ਪਿਆ ਤੇ ਬਸੰਤੀ ਉਠ ਕੇ ਅੰਦਰ ਚਲੀ ਗਈ।

ਵਿਆਹ ਦੀ ਤਿਆਰੀ ਹੋਣ ਲੱਗ ਪਈ। ਉਸੇ ਵੇਲੇ ਪਿੰਡ ਦੀਆਂ ਦੋ ਤਿੰਨ ਜ਼ਨਾਨੀਆਂ ਸੱਦ ਕੇ ਉਨ੍ਹਾਂ ਨੂੰ ਆਟਾ ਪੀਹਣ ਲਈ ਦਿੱਤਾ ਗਿਆ। ਹੋਰ ਦੋ ਜ਼ਨਾਨੀਆਂ ਸੱਦ ਕੇ ਕਿਸੇ ਨੂੰ ਦਾਲ ਸਾਫ਼ ਕਰਨ ਤੇ ਕਿਸੇ ਨੂੰ ਕੱਪੜੇ ਧੋਣ 'ਤੇ ਲਾ ਦਿੱਤਾ ਗਿਆ। ਪਿੰਡ ਵਿਚ ਹਟਵਾਣੀਆਂ ਦੀ ਚੌਧਰ ਹੁੰਦੀ ਏ। ਗ਼ਰੀਬ ਲੋਕਾਂ ਦੀਆਂ ਵੇਲੇ ਕੁਵੇਲੇ ਲੋੜਾਂ ਪੂਰੀਆਂ ਕਰ ਦਿੰਦਾ ਹੈ। ਉਧਾਰ ਦੇ ਕੇ ਭਾਵੇਂ ਦੂਣੀ ਲਿਖ ਲੈਂਦਾ ਏ, ਪਰ ਔਕੜ ਵੇਲਾ ਟਪਾ ਦੇਣ ਵਾਲਾ ਉਸ ਬਿਨਾਂ ਹੋਰ ਕੋਈ ਨਹੀਂ ਹੁੰਦਾ। ਇਸ ਲਈ ਗ਼ਰੀਬ ਲੋਕ ਉਹਦੇ ਨੌਕਰਾਂ ਵਾਂਗ ਵਗਾਰਾਂ ਕਰਦੇ ਫਿਰਦੇ ਹਨ। ਜਿਹੜੀ ਵੀ ਜ਼ਨਾਨੀ ਆਈ, ਸਭ ਨੂੰ ਬਸੰਤੀ ਨੇ ਇਹੀ ਕਿਹਾ ਕਿ ਕੱਲ੍ਹ ਸਾਡੀ ਜੀਤੋ ਦਾ ਵਿਆਹ ਏ ਪਰ ਅਜੇ ਕਿਸੇ ਨੂੰ ਦੱਸੀਂ ਨਾ। ਇਸ ਤਰ੍ਹਾਂ ਵਿਆਹ ਦੀ ਤਿਆਰੀ ਕਰ ਕੇ ਸਾਰੇ ਪਿੰਡ ਵਿਚ ਪਤਾ ਲੱਗ ਗਿਆ ਕਿ ਸੁਹਣੇ ਸ਼ਾਹ ਦੀ ਕੁੜੀ ਦਾ ਵਿਆਹ ਏ।

ਪਿੰਡ ਦੀਆਂ ਮੁਟਿਆਰਾਂ ਇਹਨਾਂ ਦੇ ਘਰ ਆਉਣੀਆਂ ਸ਼ੁਰੂ ਹੋ ਗਈਆਂ। ਕੋਈ ਆ ਕੇ ਜੀਤੋ ਨੂੰ ਕਹਿੰਦੀ, "ਬੜੀ ਚਾਲਾਕ ਏਂ ਨੀ, ਸਾਨੂੰ ਦੱਸਿਆ ਵੀ ਨਹੀਂ ਚੁੱਪ ਚੁਪੀਤੇ ਵਿਆਹ ਕਰਾਉਣ ਲੱਗੀ ਏਂ।" ਦੂਜੀ ਨੇ ਕਿਹਾ, "ਵਾਹ ਸਾਡੇ ਕੋਲੋਂ ਤਾਂ ਦਿਲ ਦੀਆਂ ਗੱਲਾਂ ਪੁੱਛ ਲੈਂਦੀ ਸੈਂ ਪਰ ਆਪ ਇਹ ਵੀ ਨਹੀਂ ਦੱਸਿਆ ਕਿ ਚਿੜੀ ਵਾਂਗ ਉੱਡ ਚੱਲੀ ਏਂ।" ਤੀਜੀ ਨੇ ਕਿਹਾ, "ਨੀ ਦੱਸ ਤੇ ਸਹੀ ਕਿੱਦਾਂ ਦਾ ਏ ਤੇਰਾ ਘਰਵਾਲਾ।" ਗੱਲ ਕੀ, ਜਿਤਨੇ ਮੂੰਹ ਉਤਨੀਆਂ ਗੱਲਾਂ।

ਸੁਹਣੇ ਸ਼ਾਹ ਨੂੰ ਇਸ ਤੋਂ ਬੜੀ ਖਿਝ ਆਉਂਦੀ ਕਿ ਸਾਰਾ ਪਿੰਡ ਸਾਡੇ ਘਰ ਕਿਉਂ ਭੱਜਾ ਆਉਂਦਾ ਏ। ਉਹਨੂੰ ਇਹੀ ਡਰ ਖਾਈ ਜਾਂਦਾ ਸੀ ਕਿ ਜੇ ਕਿਧਰੇ ਜਾਫ਼ਰ ਬੇਗ ਨੂੰ ਕਿਸੇ ਜਾ ਕੇ ਚੁਗ਼ਲੀ ਕਰ ਦਿੱਤੀ ਤਾਂ ਉਸ ਵਿਆਹ ਨਹੀਂ ਹੋਣ ਦੇਣਾ। ਉਸ ਰੰਗ ਵਿਚ ਭੰਗ ਪਾਣ ਤੋਂ ਬਾਜ ਨਹੀਂ ਆਉਣਾ। ਉਹ ਚਾਹੁੰਦਾ ਸੀ ਕਿ ਜੰਞ ਆਉਣ ਤੋਂ ਪਹਿਲਾਂ ਕਿਸੇ ਨੂੰ ਪਤਾ ਨਾ ਲੱਗੇ। ਪਰ ਵਿਆਹ ਦੀ ਤਿਆਰੀ ਸੀ, ਬੁੱਕਲ ਵਿਚ ਗੁੜ ਭੱਜਣਾ ਔਖਾ ਸੀ।

ਜੀਤੋ ਬੜੀ ਹੈਰਾਨ ਸੀ ਕਿ ਵਿਆਹ ਦੀ ਝੱਟ-ਪਟ ਤਿਆਰੀ ਕਿਵੇਂ ਹੋ ਗਈ ਏ। ਕਦੇ ਘਰ ਵਿਚ ਉਹਦੇ ਰਿਸ਼ਤੇ ਦੀ ਗੱਲ ਨਹੀਂ ਟੁਰੀ। ਕੁੜੀਆਂ ਉਹਨੂੰ ਮਖ਼ੌਲ ਕਰਦੀਆਂ ਸਨ ਤੇ ਉਹ ਹੈਰਾਨ ਸੀ ਕਿ ਕੀ ਉੱਤਰ ਦੇਵੇ। ਕੀ ਦੱਸੇ ਕਿ ਉਹਦਾ ਕਿਸ ਨਾਲ ਵਿਆਹ ਹੋ ਰਿਹਾ ਹੈ ? ਅਖ਼ੀਰ ਵਿਚ ਕੁੜੀਆਂ ਦੇ ਮਖ਼ੌਲ 'ਤੇ ਹਯਾ-ਲਾਲੀ ਉਹਦੇ ਚਿਹਰੇ 'ਤੇ ਖਿੱਲਰ ਜਾਂਦੀ। ਬਸ, ਇਹ ਚੁੱਪ ਉੱਤਰ ਉਹ ਸਾਰੀਆਂ ਨੂੰ ਦਿੰਦੀ।

ਕੁੜੀਆਂ ਚਲੀਆਂ ਗਈਆਂ ਅਤੇ ਜੀਤੋ ਸੋਚਾਂ ਦੇ ਵਹਿਣ ਵਿਚ ਪੈ ਗਈ। ਆਪਣੇ ਭਵਿੱਖ ਬਾਰੇ ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਪੈਦਾ ਹੋਣ ਲੱਗ ਪਏ। ਜਿਸ ਨਾਲ ਜੀਵਨ

ਬਿਤਾਣ ਲਈ ਉਹਨੂੰ ਟੋਰਿਆ ਜਾ ਰਿਹਾ ਹੈ ਉਹ ਕਿਹੋ ਜਿਹਾ ਹੈ? ਉਹਦੇ ਘਰ ਜਾ ਕੇ ਇਸ ਦੇ ਜੀਵਨ ਵਿਚ ਅਨੇਕ ਪ੍ਰਕਾਰ ਦੀ ਤਬਦੀਲੀ ਆ ਜਾਵੇਗੀ। ਮਾਂ ਪਿਓ ਦੇ ਘਰ ਨੂੰ ਛੱਡਣ ਦੇ ਖ਼ਿਆਲ ਨੇ, ਉਹਦੇ ਮਨ ਨੂੰ ਹੋਰ ਵੀ ਦੁਖੀ ਕਰ ਦਿੱਤਾ। ਉਹਦੀ ਮਾਂ ਉਹਦੇ ਮਨ ਦੀ ਅਵਸਥਾ ਨੂੰ ਸਮਝ ਰਹੀ ਸੀ। ਅਖ਼ੀਰ ਧੀ ਨੂੰ ਧੀਰਜ ਦੇਣ ਲਈ ਉਹ ਉਹਦੇ ਕੋਲ ਆ ਬੈਠੀ। ਪਿਆਰ ਨਾਲ ਉਹਦਾ ਸਿਰ ਛਾਤੀ ਨਾਲ ਲਾ ਲਿਆ। ਉਹਦੇ ਖਿਲਰੇ ਵਾਲਾਂ ਨੂੰ ਸਵਾਰਿਆ ਤੇ ਬੜੇ ਪਿਆਰ ਨਾਲ ਕਿਹਾ, "ਬੱਚੀ, ਤੂੰ ਹੈਰਾਨ ਹੈਂ ਕਿ ਅਸੀਂ ਇਕ ਦਮ ਤੈਨੂੰ ਕਿਉਂ ਵਿਆਹੁਣ ਲੱਗੇ ਹਾਂ। ਵਿਆਹ ਬਾਰੇ ਤੈਨੂੰ ਹੁਣ ਤਕ ਕੁਝ ਵੀ ਨਹੀਂ ਦੱਸਿਆ। ਸੱਚ ਮੰਨੀ, ਸਾਨੂੰ ਕਲ੍ਹ ਤਕ ਆਪ ਪਤਾ ਨਹੀਂ ਸੀ ਕਿ ਤੈਨੂੰ ਇਤਨੀ ਛੇਤੀ ਨਿਖੇੜ ਦਿਆਂਗੇ। ਅੱਜ ਤੇਰਾ ਬਾਪੂ ਪੱਟੀ ਗਿਆ ਸੀ। ਬੱਸ, ਉਥੇ ਹੀ ਉਹਨੂੰ ਚੰਗਾ ਵਰ ਲੱਭ ਗਿਆ ਅਤੇ ਉਸ ਸੋਚਿਆ ਕਿ ਧੀਆਂ ਬਿਗਾਨੜਾ ਧਨ ਏ, ਇਹਨੂੰ ਘਰ ਤਾਂ ਬਹੁਤੀ ਦੇਰ ਰੱਖ ਨਹੀਂ ਸਕਦਾ, ਇਸ ਲਈ ਕਿਉਂ ਨਾ ਚੰਗੀ ਥਾਂ ਧੀ ਟੋਰਾਂ, ਜਿਥੋਂ ਸਾਨੂੰ ਠੰਢੀ 'ਵਾ ਆਉਂਦੀ ਰਹੇ।" ਇਹ ਕਹਿ ਕੇ ਬਸੰਤੀ ਦੀਆਂ ਅੱਖਾਂ ਵਿਚ ਗਲੇਡੂ ਭਰ ਆਏ ਤੇ ਨਾਲ ਗਲਾ ਵੀ ਇਤਨਾ ਭਰ ਗਿਆ ਕਿ ਉਹ ਅੱਗੋਂ ਕੁਝ ਵੀ ਨਾ ਬੋਲ ਸਕੀ ਤੇ ਬਸ ਧੀ ਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ। ਉਸ ਸੋਚਿਆ, "ਅੱਜ ਜੋਬਨ ਵੀ ਵੈਰੀ ਹੋ ਗਿਆ ਏ। ਧੀ ਨਿੱਕੀ ਹੁੰਦੀ ਤਾਂ ਕੌਣ ਨਿਖੇੜ ਸਕਦਾ ਸੀ। ਇਸ ਵਿਚਾਰੀ ਦਾ ਇਹੀ ਕਸੂਰ ਏ ਕਿ ਇਹ ਜਵਾਨ ਹੋ ਗਈ ਏ, ਇਹ ਸੁੰਦਰ ਏ। ਜ਼ਾਲਮ ਰਾਜ ਵਿਚ ਰੱਬ ਸੁੰਦਰਤਾ ਵੀ ਕਿਸੇ ਨੂੰ ਨਾ ਦੇਵੇ, ਇਹ ਵੀ ਦੁਸ਼ਮਣ ਬਣ ਜਾਂਦੀ ਏ।"

ਰਾਤ ਨੂੰ ਕਾਫ਼ੀ ਚਿਰ ਤਕ ਮਾਵਾਂ ਧੀਆਂ ਬੈਠੀਆਂ ਰਹੀਆਂ। ਬਸੰਤੀ ਬੜੀ ਜਜ਼ਬਾਤ ਵਿਚ ਆਈ ਗੱਲਾਂ ਕਰਦੀ ਰਹੀ ਪਰ ਜੀਤੋ ਬਿਲਕੁਲ ਚੁੱਪ ਕਰ ਕੇ ਸੁਣਦੀ ਰਹੀ। ਕਦੇ ਕਦੇ ਮਾਂ ਉਹਦਾ ਮੂੰਹ ਉਪਰ ਚੁੱਕ ਕੇ ਉਹਦੀ ਠੋਡੀ ਫੜ ਕੇ ਬੁਲਾਂਦੀ ਤਾਂ ਉਹ ਇਕ ਅੱਧ ਸ਼ਬਦ ਕਹਿੰਦੀ। ਅਖ਼ੀਰ ਸੁਹਣੇ ਸ਼ਾਹ ਨੇ ਪਾਸਾ ਪਰਤਿਆ ਤੇ ਉਹ ਗੁੱਸੇ ਹੋਇਆ ਕਿ ਕਾਫ਼ੀ ਰਾਤ ਬੀਤ ਗਈ ਏ, ਇਸ ਲਈ ਹੁਣ ਤੇਂ ਸੌਂ ਜਾਓ। ਭਾਵੇਂ ਨੀਂਦਰ ਉਹਨੂੰ ਵੀ ਨਹੀਂ ਸੀ ਪਈ ਪਰ ਫੇਰ ਵੀ ਉਹ ਲੇਟਿਆ ਪਾਸੇ ਮਾਰਦਾ ਰਿਹਾ। ਉਹਨੂੰ ਇਹ ਡਰ ਸੀ ਕਿ ਪਿੰਡ ਵਿਚ ਉਹਦੇ ਕਈ ਵੈਰੀ ਸੀ। ਇਹਨਾਂ ਵਿੱਚੋਂ ਸ਼ਾਇਦ ਇਕ ਦੋ ਨੂੰ ਇਹ ਪਤਾ ਸੀ ਕਿ ਉਹਨੇ ਜੀਤੋ ਦਾ ਡੋਲਾ ਜਾਫ਼ਰ ਬੇਗ ਨੂੰ ਦੇਣੋਂ ਇਨਕਾਰ ਕਰ ਦਿੱਤਾ ਏ। ਜਦ ਜਾਫ਼ਰ ਬੇਗ ਵੱਲੋਂ ਰਹੀਮ ਖ਼ਾਨ ਇਸ ਨੂੰ ਕਹਿਣ ਲਈ ਆਇਆ ਸੀ ਤਾਂ ਉਹ ਚੌਧਰੀ ਅਤਾਉੱਲਾ ਖ਼ਾਨ ਦੇ ਘਰ ਠਹਿਰਿਆ ਸੀ। ਉਸ ਟੱਬਰ ਨੂੰ ਇਸ ਗੱਲ ਦਾ ਪਤਾ ਸੀ। ਅੱਜ ਝੱਟ-ਪਟ ਵਿਆਹ ਦੀ ਤਿਆਰੀ ਦਾ ਕਾਰਨ ਹੋਰ ਭਾਵੇਂ ਕਿਸੇ ਨੂੰ ਪਤਾ ਨਾ ਹੋਵੇ ਪਰ ਚੌਧਰੀ ਅਤਾਉੱਲਾ ਖ਼ਾਨ ਦੇ ਪਰਵਾਰ ਨੂੰ ਪਤਾ ਸੀ। ਸੁਹਣੇ ਸ਼ਾਹ

ਨਾਲ ਇਹਨਾਂ ਦੀ ਨਹੀਂ ਸੀ ਬਣਦੀ, ਇਸ ਲਈ ਸੁਹਣੇ ਸ਼ਾਹ ਨੂੰ ਡਰ ਸੀ ਕਿ ਕਿਧਰੇ ਜਾ ਕੇ ਜਾਫ਼ਰ ਬੇਗ ਨੂੰ ਨਾ ਦੱਸ ਦੇਣ।

ਸ਼ਾਮ ਨੂੰ ਜੰਞ ਆ ਗਈ। ਕੋਈ ਵਾਜੇ ਨਾ ਵਜਾਏ ਗਏ ਤੇ ਨਾ ਹੋਰ ਕੋਈ ਖੱਪ ਪਈ। ਚੁੱਪ ਕਰ ਕੇ ਦਸ ਪੰਦਰਾਂ ਆਦਮੀ ਸੁਹਣੇ ਸ਼ਾਹ ਦੇ ਘਰ ਗੱਡੀਆਂ 'ਤੇ ਆ ਗਏ। ਹਵੇਲੀ ਵਿਚ ਉਹਨਾਂ ਦਾ ਉਤਾਰਾ ਕੀਤਾ ਗਿਆ ਤੇ ਪਿੰਡ ਦੇ ਲੋਕੀਂ ਉਹਨਾਂ ਦੇ ਸੁਆਗਤ ਲਈ ਆ ਜੁੜੇ। ਲੋਕਾਂ ਵਿਚ ਇਸ ਅਨੋਖੇ ਵਿਆਹ ਦੀ ਚਰਚਾ ਸੀ। ਇਕ ਨੇ ਕਿਹਾ, "ਇਹ ਜੰਞ ਆਈ ਏ ਕਿ ਚੋਰ ਢੁਕੇ ਨੇ ?" ਦੂਜੇ ਨੇ ਕਿਹਾ, "ਇਹ ਮੁੰਡਾ ਵਿਆਹੁਣ ਆਏ ਨੇ ਕਿ ਮਕਾਣੀ ਆਏ ਨੇ ?" ਪਿੰਡ ਵਾਲਿਆਂ ਲਈ ਇਹ ਬੜੀ ਅਜੀਬ ਗੱਲ ਸੀ ਕਿ ਜੰਞ ਨਾਲ ਵਾਜੇ ਤੇ ਢੋਲ ਵਾਲਾ ਕੋਈ ਨਹੀਂ। ਚੁੱਪ ਚੁਪੀਤੇ ਹੀ ਆ ਵੜੇ ਨੇ ਭਾਵੇਂ ਵਕਤ ਥੋੜ੍ਹਾ ਸੀ ਪਰ ਫੇਰ ਵੀ ਬਸੰਤੀ ਨੇ ਉੱਦਮ ਕਰ ਕੇ ਕਈ ਚੀਜ਼ਾਂ ਤਿਆਰ ਕਰਵਾ ਲਈਆਂ ਤੇ ਜੰਞ ਦੀ ਬੜੀ ਸੇਵਾ ਕੀਤੀ ਗਈ।

ਰਾਤ ਨੂੰ ਪੰਡਿਤਾਂ ਦੇ ਦੱਸੇ ਸਮੇਂ ਅਨੁਸਾਰ ਸ਼ੁਭ ਲਗਨ ਵੇਲੇ ਮੰਡਪ ਤਿਆਰ ਕੀਤਾ ਗਿਆ। ਅਗਨੀ ਵਿਚ ਸਾਮੱਗਰੀ ਪਾ ਕੇ ਇਕ ਪੰਡਿਤ ਜੀ ਨੇ ਸੰਸਕ੍ਰਿਤ ਵਿਚ ਸਲੋਕ ਪੜ੍ਹਨੇ ਸ਼ੁਰੂ ਕਰ ਦਿੱਤੇ। ਕੋਲ ਹੀ ਦੋ ਮੂਹੜੇ ਡਾਹ ਦਿੱਤੇ ਗਏ, ਜਿਹਨਾਂ 'ਤੇ ਇਕ ਪਾਸੇ ਲਾੜੇ ਨੂੰ ਬਿਠਾਇਆ ਗਿਆ ਤੇ ਵਿਚਕਾਰ ਇਕ ਵੱਡੀ ਸਾਰੀ ਚਾਦਰ ਤਾਣ ਕੇ ਓਹਲੇ ਕੁੜੀ ਨੂੰ ਬਿਠਾ ਦਿੱਤਾ ਗਿਆ। ਕੱਲ੍ਹ ਤਕ ਗੋਹੇ ਥੱਪਦੀ, ਸਹੇਲੀਆਂ ਨਾਲ ਖੂਹ ਤੋਂ ਪਾਣੀ ਲੈਣ ਜਾਂਦੀ ਤੇ ਘਰ ਵਿਚ ਖੁੱਲ੍ਹੀ ਰਹਿੰਦੀ ਜੀਤੋ ਨੂੰ ਮਹਿੰਦੀ ਲਾ ਕੇ ਜ਼ੁੰਮੇਵਾਰੀਆਂ ਵਿਚ ਕੈਦ ਕਰ ਦਿੱਤਾ ਗਿਆ। ਸਾਧਾਰਨ ਮੈਲੇ ਕੱਪੜਿਆਂ ਦੀ ਥਾਂ ਰੇਸ਼ਮੀ ਕੱਪੜੇ ਪਾ ਕੇ ਉਹ ਇੰਜ ਸੁੰਗੜੀ ਬੈਠੀ ਸੀ ਜਿਵੇਂ ਉਹਨੂੰ ਕੱਪੜਿਆਂ ਦੀ ਜੇਲ੍ਹ ਵਿਚ ਕੈਦ ਕੀਤਾ ਗਿਆ ਹੁੰਦਾ ਏ। ਪੰਡਿਤ ਜੀ ਨੇ ਧਾਰਮਕ ਨੀਤੀ ਅਨੁਸਾਰ ਮੁਢਲੀ ਕਾਰਵਾਈ ਕੀਤੀ। ਦੋਹਾਂ ਤੋਂ ਇਕ ਦੂਜੇ ਦੇ ਸੱਚੇ ਜੀਵਨ ਸਾਥੀ ਬਣਨ ਦੇ ਪ੍ਰਣ ਲੈ ਲਏ ਤੇ ਫੇਰ ਸਿੱਖਿਆ ਦੇ ਕੇ ਦੋਹਾਂ ਦੀਆਂ ਲਾਵਾਂ ਸ਼ੁਰੂ ਕਰ ਦਿੱਤੀਆਂ।

ਅਜੇ ਤਿੰਨ ਲਾਵਾਂ ਹੀ ਹੋਈਆਂ ਸਨ ਤੇ ਚੌਥੀ ਲਾਂਵ ਲਈ ਉਹ ਉਠੇ ਹੀ ਸਨ ਕਿ ਹਵੇਲੀ ਦਾ ਬਾਹਰਲਾ ਦਰਵਾਜ਼ਾ ਕਾੜ ਕਰ ਕੇ ਖੁਲ੍ਹ ਗਿਆ। ਬੰਦੂਕਾਂ ਤੇ ਬਰਛੇ ਲਈ ਕਈ ਆਦਮੀ ਅੰਦਰ ਆ ਗਏ। ਰਹੀਮ ਨੇ ਦਰਵਾਜ਼ਾ ਲੰਘਦਿਆਂ ਬੜੇ ਜ਼ੋਰ ਨਾਲ ਕਿਹਾ, "ਬੰਦ ਕਰੋ ਇਹ ਸਾਰਾ ਕੁਝ, ਇਹ ਵਿਆਹ ਨਹੀਂ ਹੋ ਸਕਦਾ।"

ਇਹ ਸੁਣਦਿਆਂ ਸਾਰੇ ਮੰਡਪ ਵਿਚ ਸੰਨਾਟਾ ਛਾ ਗਿਆ। ਅੰਦਰ ਬੈਠੇ ਸਾਰੇ ਪੱਥਰ ਦੇ ਬੁੱਤ ਬਣ ਗਏ। ਰਹੀਮ ਖ਼ਾਨ ਦੀ ਇਕ ਆਵਾਜ਼ ਨੇ ਉਹਨਾਂ ਦੀ ਜਾਨ ਕੱਢ ਲਈ। ਵਿਆਹ ਪੜ੍ਹਾ ਰਹੇ ਪੰਡਿਤ ਨੇ ਹੱਥ ਜੋੜ ਕੇ ਕਿਹਾ, "ਕੀ ਹੁਕਮ ਏ ਹਜ਼ੂਰ ?"

"ਵਿਆਹ ਨਹੀਂ ਹੋ ਸਕਦਾ," ਰਹੀਮ ਖ਼ਾਨ ਨੇ ਅੱਖਾਂ ਲਾਲ ਕਰ ਕੇ ਬੜੇ ਗੁੱਸੇ ਨਾਲ ਕਿਹਾ।

ਲਾੜਾ ਖਾਰੇ 'ਤੇ ਬੈਠਾ ਹੁਣ ਤਕ ਵੇਖ ਰਿਹਾ ਸੀ। ਉਸ ਕੋਲੋਂ ਰਿਹਾ ਨਾ ਗਿਆ ਤੇ ਉਹ ਬੋਲ ਪਿਆ, "ਕਿਉਂ ਨਹੀਂ ਹੋ ਸਕਦਾ ? ਇਹ ਵਿਆਹ ਜ਼ਰੂਰ ਹੋਵੇਗਾ।"

"ਬਕਵਾਸ ਬੰਦ ਕਰ, ਮੈਂ ਕਹਿੰਦਾ ਹਾਂ ਕਿ ਵਿਆਹ ਨਹੀਂ ਹੋ ਸਕਦਾ," ਰਹੀਮ ਨੇ ਕਿਹਾ। ਲਾੜਾ ਗੁੱਸੇ ਵਿਚ ਉਠ ਖਲੋਤਾ ਤੇ ਉਸ ਮੰਡਪ ਵਿਚ ਬੰਨ੍ਹੀ ਇਕ ਸੋਟੀ ਜ਼ੋਰ ਨਾਲ ਪੁੱਟ ਲਈ। ਰਹੀਮ ਨੇ ਵੀ ਬੰਦੂਕ ਨੂੰ ਉਸ ਵੱਲ ਸਿੱਧਾ ਕਰ ਦਿੱਤਾ। ਲਾੜੇ ਦਾ ਪਿਉ ਦੌੜ ਕੇ ਵਿਚਾਲੇ ਜਾ ਖਲੋਤਾ ਤੇ ਸੋਟੀ ਹੱਥੋਂ ਖੋਹ ਲਈ। ਫੇਰ ਉਹ ਦੌੜ ਕੇ ਰਹੀਮ ਦੇ ਪੈਰੀਂ ਜਾ ਪਿਆ, "ਹਜ਼ੂਰ, ਸਾਨੂੰ ਮਾਫ਼ ਕਰ ਦਿਉ। ਇਹ ਮੁੰਡਾ ਐਵੇਂ ਵੱਧ ਘੱਟ ਬੋਲ ਪਿਆ ਏ।"

ਸੁਹਣੇ ਸ਼ਾਹ ਵੀ ਉੱਠ ਖਲੋਤਾ ਤੇ ਉਸ ਬਸੰਤੀ ਨੂੰ ਇਸ਼ਾਰਾ ਕੀਤਾ ਕਿ ਉਹ ਜੀਤੋ ਨੂੰ ਉਠਾ ਕੇ ਅੰਦਰ ਲੈ ਜਾਏ। ਜੀਤੋ ਅੱਗੇ ਹੀ ਇਸ ਅਚਾਨਕ ਵਾਪਰੀ ਘਟਨਾ ਨੂੰ ਬਰਦਾਸ਼ਤ ਨਾ ਕਰ ਸਕਣ ਕਾਰਨ ਘਬਰਾ ਕੇ ਨੀਮ-ਬੇਹੋਸ਼ ਹੋ ਚੁੱਕੀ ਸੀ। ਬਸੰਤੀ ਉਸ ਨੂੰ ਉਠਾ ਕੇ ਅੰਦਰ ਲਿਜਾਣ ਹੀ ਲੱਗੀ ਸੀ ਕਿ ਰਹੀਮ ਨੇ ਅੱਗੇ ਵੱਧ ਕੇ ਉਹਨੂੰ ਬਾਹੋਂ ਫੜ ਲਿਆ। ਦਿਆਲੇ ਤੋਂ ਸਹਾਰਿਆ ਨਾ ਗਿਆ ਤੇ ਉਸ ਵੱਟ ਕੇ ਮੁੱਕਾ ਰਹੀਮ ਖ਼ਾਨ ਨੂੰ ਮਾਰਿਆ। ਜਵਾਨ ਦਾ ਗੁੱਸੇ ਵਿਚ ਮਾਰਿਆ ਮੁੱਕਾ ਚੰਗੀ ਕਾਰ ਕਰ ਗਿਆ। ਉਹਦੇ ਮੁੱਕਾ ਮਾਰਨ ਦੀ ਦੇਰ ਸੀ ਕਿ ਡਾਂਗਾਂ ਦਾ ਮੀਂਹ ਵੱਸਣ ਲੱਗ ਪਿਆ। ਦਿਆਲੇ ਨੂੰ ਬੇਹੋਸ਼ ਕਰ ਦਿੱਤਾ ਗਿਆ। ਸੁਹਣੇ ਸ਼ਾਹ ਤੇ ਚਾਚਾ ਛੱਜੂ ਰਾਮ ਨੂੰ ਬੜੀਆਂ ਪਈਆਂ ਤੇ ਇਹ ਸਾਰੇ ਏਧਰ ਓਧਰ ਨੱਸ ਭੱਜ ਗਏ।

ਰਹੀਮ ਖ਼ਾਨ ਨੇ ਇਸ਼ਾਰਾ ਕੀਤਾ ਤੇ ਦੋ ਗੱਭਰੂਆਂ ਨੇ ਜੀਤੋ ਨੂੰ ਚੁੱਕ ਕੇ ਘੋੜੇ 'ਤੇ ਸੁੱਟਿਆ ਤੇ ਸਾਰੇ ਝੱਟ ਪਲ ਵਿਚ ਅੱਖੀਆਂ ਤੋਂ ਦੂਰ ਹੋ ਗਏ। ਮੰਡਪ ਵਾਲੀ ਥਾਂ 'ਤੇ ਸਿਰਫ਼ ਦਿਆਲਾ ਬੇਹੋਸ਼ ਪਿਆ ਸੀ ਤੇ ਬਾਕੀ ਸਾਰੇ ਇਧਰ ਓਧਰ ਲੁਕ ਚੁੱਕੇ ਸਨ।

4

ਜਿਸ ਦਿਨ ਤੋਂ ਦਿਆਲੇ ਦਾ ਵਿਆਹ ਵਿੱਚੇ ਰਹਿ ਗਿਆ ਸੀ, ਉਸ ਦਿਨ ਤੋਂ ਹੀ ਉਹ ਬੜਾ ਉਦਾਸ ਰਹਿਣ ਲੱਗ ਪਿਆ। ਉਹਨੂੰ ਰਹਿ ਰਹਿ ਕੇ ਇਹੀ ਖ਼ਿਆਲ ਆਉਂਦਾ

ਕਿ ਉਹਦੀ ਕਿਸਮਤ ਨੇ ਕਿਥੇ ਜਾ ਕੇ ਸਾਥ ਛੱਡਿਆ। ਉਹ ਬੜੀ ਨਮੋਸ਼ੀ ਮਹਿਸੂਸ ਕਰਨ ਲੱਗ ਪਿਆ। ਕਦੇ ਤਾਂ ਉਹਦੇ ਮਨ ਵਿਚ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ 'ਤੇ ਗੁੱਸਾ ਆ ਜਾਂਦਾ ਕਿ ਉਹਨਾਂ ਰਹੀਮ ਦੇ ਹਮਲੇ ਸਮੇਂ ਜ਼ਰਾ ਵੀ ਹੱਥ ਨਹੀਂ ਚੁੱਕਿਆ। ਆਖ਼ਰ ਜੇ ਉਹ ਅਣਖ ਲਈ ਮਰਨਾ ਵੀ ਨਹੀਂ ਜਾਣਦੇ ਤਾਂ ਉਹਨਾਂ ਨੂੰ ਜੀਣ ਦਾ, ਉਹਦੇ ਰਿਸ਼ਤੇਦਾਰ ਅਖਵਾਣ ਦਾ ਤੇ ਅੱਗੋਂ ਲਈ ਉਹਨਾਂ ਨਾਲ ਨਾਤਾ ਰੱਖਣ ਦਾ ਕੀ ਅਧਿਕਾਰ ਹੈ। ਉਹਨੂੰ ਇਹ ਖ਼ਿਆਲ ਆਉਂਦਾ ਕਿ ਜੇ ਉਸ ਵੇਲੇ ਮੇਰੇ ਪਾਸ ਬੰਦੂਕ ਹੁੰਦੀ, ਬਰਛਾ ਹੁੰਦਾ ਜਾਂ ਤਲਵਾਰ ਹੁੰਦੀ ਤਾਂ ਇਕ ਵਾਰ ਤਾਂ ਰਹੀਮ ਦੇ ਮਾਰ ਕੇ ਆਪਣਾ ਕਲੇਜਾ ਠੰਡਾ ਕਰ ਲੈਂਦਾ। ਉਹਨੂੰ ਆਪਣੇ ਨਿਹੱਥੇ ਹੋਣ ਕਾਰਨ ਕੁੱਟੇ ਜਾਣ ਦਾ ਬੜਾ ਅਫ਼ਸੋਸ ਸੀ। ਉਹਨੇ ਭਾਈ ਤਾਰਾ ਸਿੰਘ ਦੀ ਲੜਕੀ ਦੇ ਵਿਆਹ ਸਮੇਂ ਤੱਕਿਆ ਸੀ ਕਿ ਵਿਆਹੁਣ ਆਏ ਸਿਖ ਗਭਰੂ ਦੇ ਹੱਥ ਵਿਚ ਕਿਰਪਾਨ ਸੀ। ਉਦੋਂ ਇਸ ਪੁੱਛਿਆ ਸੀ ਕਿ ਇਹ ਕਿਵੇਂ ਰੱਖੀ ਹੋਈ ਏ ਤਾਂ ਇਹਨੂੰ ਦੱਸਿਆ ਗਿਆ ਕਿ ਸਿੰਘ ਹਰ ਸਮੇਂ ਤਿਆਰ ਰਹਿੰਦੇ ਹਨ। ਵਿਆਹ ਵੇਲੇ ਵੀ ਕਿਰਪਾਨ ਪਾਸ ਰੱਖਦੇ ਹਨ। ਉਹ ਸੋਚਦਾ ਕਿ ਜੇ ਮੈਂ ਵੀ ਸਿਖ ਹੁੰਦਾ ਤਾਂ ਸੱਚ ਮੇਰੇ ਹੱਥ ਵਿਚ ਵੀ ਉਸ ਵੇਲੇ ਕਿਰਪਾਨ ਹੋਣੀ ਸੀ ਤੇ ਫਿਰ ਮੈਂ ਵੇਖਦਾ ਕੌਣ ਜੀਤੋ ਦੀਆਂ ਚੂੜੇ ਲੱਦੀਆਂ ਬਾਹਾਂ ਨੂੰ ਹੱਥ ਪਾਂਦਾ। ਜੀਤੋ ਤੇ ਉਹਦੀਆਂ ਚੂੜੇ ਭਰੀਆਂ ਕਲਾਈਆਂ ਦਾ ਚੇਤਾ ਆਉਂਦਿਆਂ ਹੀ ਉਹਦੇ ਮਨ ਨੂੰ ਡੋਬੂ ਪੈਣ ਲੱਗ ਪੈਂਦਾ ਤੇ ਹਥਲਾ ਕੰਮ ਵਿੱਚੇ ਰਹਿ ਜਾਂਦਾ।

ਉਹਨੂੰ ਉਦਾਸ ਵੇਖ ਕੇ ਉਹਦੀ ਭੂਆ ਕੋਲ ਆ ਬੈਠਦੀ। ਇਹ ਭੂਆ ਸੁਹਣੇਂ ਸ਼ਾਹ ਦੇ ਪਿੰਡ ਹੀ ਵਿਆਹੀ ਹੋਈ ਸੀ ਤੇ ਇਸ ਤੋਂ ਬਿਨਾਂ ਹੋਰ ਕਿਸੇ ਨੇ ਜੀਤੋ ਨਹੀਂ ਸੀ ਵੇਖੀ। ਦਿਆਲੇ ਨੂੰ ਉਦਾਸ ਵੇਖ ਕੇ ਭੂਆ ਕਹਿਣ ਲੱਗ ਪੈਂਦੀ, "ਸੱਚ, ਜੀਤੋ ਵਰਗੀ ਕੁੜੀ ਮੈਂ ਨਹੀਂ ਵੇਖਣੀ, ਨਿਰੀ ਪਰੀ ਸੀ। ਲਾਲ ਸੂਹਾ ਮੂੰਹ ਸੀ, ਜਿਵੇਂ ਪੱਕਾ ਅਨਾਰ ਹੁੰਦਾ ਏ। ਗੱਲਾਂ ਕਰਦੀ ਸੀ ਤੇ ਇਉਂ ਜਾਪਦਾ ਸੀ ਜਿਵੇਂ ਕੋਇਲ ਬੋਲਦੀ ਏ। ਮੈਨੂੰ ਤੇ ਗੁੜ ਨਾਲੋਂ ਵੀ ਮਿੱਠੀਆਂ ਗੱਲਾਂ ਲੱਗਦੀਆਂ ਸਨ ਉਹਦੀਆਂ। ਪਰ ਭਾਗ ਸਾਡੇ! ਸੱਚੀਂ, ਜੇ ਉਹ ਸਾਡੇ ਘਰ ਆ ਜਾਂਦੀ ਤਾਂ ਦਿਆਲ ਯਾਦ ਕਰਦਾ ਕਿ ਨਿਰੀ ਲਛਮੀ ਘਰ ਲੈ ਆਂਦੀ ਹੈ।"

ਭੂਆ ਤਾਂ ਇਹ ਗੱਲਾਂ ਹਮਦਰਦੀ ਪ੍ਰਗਟ ਕਰਨ ਲਈ ਕਰਦੀ, ਪਰ ਦਿਆਲੇ ਲਈ ਇਹ ਸਾਰੀਆਂ ਗੱਲਾਂ ਬਲਦੀ ਉੱਤੇ ਤੇਲ ਦਾ ਕੰਮ ਕਰਦੀਆਂ। ਉਹਨੂੰ ਜੀਤੋ ਦੀ ਯਾਦ ਵਿਆਕੁਲ ਕਰ ਦੇਂਦੀ। ਭਾਵੇਂ ਉਸ ਜੀਤੋ ਵੇਖੀ ਨਹੀਂ ਸੀ ਪਰ ਭੂਆ ਦੀਆਂ ਗੱਲਾਂ ਤੋਂ ਹੀ ਉਹਨੇ ਆਪਣੇ ਮਨ ਵਿਚ ਉਹਦੀ ਇਕ ਤਸਵੀਰ ਬਣਾਈ ਹੋਈ ਸੀ।

ਦਿਆਲਾ ਜਦੋਂ ਵੀ ਘਰ ਹੁੰਦਾ, ਕੋਈ ਨਾ ਕੋਈ ਗੱਲ ਛੇੜ ਦੇਂਦਾ ਤੇ ਬੈਠਾ ਉਹ

ਭਾਵੇਂ ਮੰਜੇ 'ਤੇ ਰਹਿੰਦਾ ਪਰ ਉਹਦੀ ਸੁਰਤ ਕਿਧਰੇ ਚਲੀ ਜਾਂਦੀ। ਉਹ ਇਸ ਵਾਤਾਵਰਣ ਤੋਂ ਤੰਗ ਆ ਗਿਆ ਤੇ ਅਖ਼ੀਰ ਉਸ ਆਪਣੀ ਜ਼ਮੀਨ ਵਿਚ ਹੀ ਰੁੱਖਾਂ ਦੇ ਝੁੰਡ ਵਿਚਕਾਰ ਝੁੱਗੀ ਬਣਾ ਕੇ ਉਥੇ ਹੀ ਡੇਰੇ ਲਾ ਲਏ। ਘਰ ਵਾਲੇ ਉਹਦੀ ਹਾਲਤ ਨੂੰ ਸਮਝਦੇ ਸਨ। ਕਈ ਵਾਰ ਉਹਦਾ ਚਾਚਾ ਕਹਿੰਦਾ, "ਦਿਆਲਾ ਸਾਡਾ ਗਭਰੂ ਤੇ ਕਮਾਊ ਪੁੱਤਰ ਏ, ਇਹਦੇ ਲਈ ਰਿਸ਼ਤਿਆਂ ਦਾ ਘਾਟਾ ਏ। ਅਸੀਂ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਦਾ ਵਿਆਹ ਕਰ ਦੇਣਾ ਏ।" ਕਦੇ ਚਾਚੀ ਆ ਕੇ ਕਹਿੰਦੀ, "ਮੇਰੇ ਪੇਕਿਆਂ ਦੇ ਲੱਖੂ ਸ਼ਾਹ ਦੀਆਂ ਦੋ ਤਿੰਨ ਕੁੜੀਆਂ ਜਵਾਨ ਨੇ, ਇਹ ਜਿਹੜੀ ਕਹੇਗਾ ਉਹ ਹੀ ਵਿਆਹ ਲਿਆਵਾਂਗੇ।"

ਦਿਆਲੇ ਨੂੰ ਇਹਨਾਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਸੋਚਦਾ ਸੀ ਕਿ ਜ਼ਿੰਦਗੀ ਦਾ ਸੌਦਾ ਘੜੀ ਮੁੜੀ ਨਹੀਂ ਹੁੰਦਾ। ਜੇ ਜੀਤੋ ਨਾ ਮਿਲ ਸਕੀ ਤਾਂ ਹੋਰ ਕਿਸੇ ਦਾ ਸਾਥ ਨਹੀਂ ਕਰਨਾ। ਅਸਲ ਵਿਚ ਜੀਤੋ ਨਾਲ ਵਿਆਹ ਵੇਲੇ ਉਹਦੇ ਮਨ ਵਿਚ ਜੋ ਚਾਅ ਸੀ, ਉਹ ਦਿਲ ਨੂੰ ਠੋਕਰ ਲੱਗਣ ਨਾਲ ਮਰ ਗਿਆ ਸੀ, ਹੁਣ ਉਹ ਸੋਚਦਾ ਕਿ ਜੇ ਜੀਤੋ ਨੂੰ ਪ੍ਰਾਪਤ ਨਹੀਂ ਕਰ ਸਕਿਆ ਤਾਂ ਕੀ ਪਤਾ ਹੋਰ ਵੀ ਇਸੇ ਤਰ੍ਹਾਂ ਮੇਰੀ ਬਦਕਿਸਮਤੀ ਨਾਲ ਖੋਹੀ ਜਾਏ। ਹੋਰ ਕੋਈ ਜਾਫ਼ਰ ਬੇਗ ਜਾਂ ਰਹੀਮ ਆ ਜਾਏ, ਫਿਰ ਮੈਂ ਕੀ ਕਰਾਂਗਾ। ਇਨ੍ਹਾਂ ਵਿਚਾਰਾਂ ਕਰਕੇ ਦਿਆਲੇ ਨੂੰ ਭੁੱਖ ਵੀ ਘੱਟ ਵੱਧ ਹੀ ਲੱਗਦੀ। ਜਿਥੇ ਚੰਗਾ ਘਿਉ ਪਾ ਕੇ ਮਾਂ ਦੇ ਮੋਟੇ ਮੋਟੇ ਪਕਾਏ ਚਾਰ ਪੰਜ ਪਰਾਉਂਠੇ ਉਹ ਇੱਕੋ ਵੇਲੇ ਖਾਂਦਾ ਸੀ, ਹੁਣ ਇਕ ਤੋਂ ਵੱਧ ਉਹਦੇ ਅੰਦਰ ਨਹੀਂ ਸੀ ਲੰਘਦਾ, ਉਹ ਵੀ ਮਸਾਂ ਲੱਸੀ ਦੇ ਘੁੱਟਾਂ ਨਾਲ ਪਾਰ ਕਰਦਾ।

ਅੱਜ ਸਵੇਰ ਦਾ ਉਹਦੇ ਮਨ ਨੂੰ ਕੁਝ ਢਾਰਸ ਸੀ। ਮਨ ਨੂੰ ਮਾਰ ਕੇ ਉਹ ਸਵੇਰੇ ਕੰਮ 'ਤੇ ਵੀ ਗਿਆ ਤੇ ਚਾਚੇ ਨਾਲ ਰਲ ਕੇ ਕੁਝ ਸਮਾਂ ਹਲ ਵੀ ਵਾਹਿਆ। ਘਰ ਦੇ ਕਾਮੇ ਬੰਦੇ ਥੋੜ੍ਹੇ ਹੋਣ ਕਾਰਨ ਕੰਮ ਪਿੱਛੇ ਰਹਿ ਗਿਆ ਸੀ। ਡੰਗਰਾਂ ਦੀ ਸੰਭਾਲ ਵੱਲ ਵੀ ਧਿਆਨ ਘੱਟ ਗਿਆ ਤੇ ਉਹਦੀ ਸੱਧਰਾਂ ਨਾਲ ਬਣਾਈ ਬਲਦਾਂ ਦੀ ਜੋੜੀ ਦੀਆਂ ਵੱਖੀਆਂ ਨਿਕਲ ਆਈਆਂ। ਅਸਲ ਵਿਚ ਡੰਗਰਾਂ ਦੀ ਹਾਲਤ ਵੇਖ ਕੇ ਹੀ ਉਸ ਨੂੰ ਤਰਸ ਆਇਆ ਸੀ ਤੇ ਅੱਜ ਉਹ ਕੰਮ ਵਿਚ ਜੁੱਟਿਆ ਹੋਇਆ ਸੀ।

ਦੁਪਹਿਰ ਵੇਲੇ ਉਹ ਕੰਮ ਤੋਂ ਵਿਹਲਾ ਹੋ ਕੇ ਆਰਾਮ ਲਈ ਫਿਰ ਝੁੰਡ ਵਿਚ ਆ ਗਿਆ। ਅੱਗੇ ਉਹ ਕਦੇ ਕੰਮ ਤੋਂ ਥਕਾਵਟ ਮਹਿਸੂਸ ਨਹੀਂ ਸੀ ਕਰਦਾ ਪਰ ਅੱਜ ਉਹ ਬਹੁਤ ਥੱਕ ਗਿਆ ਸੀ। ਸ਼ਾਮ ਨੂੰ ਜਦ ਉਹ ਬਾਹਰ ਨਿਕਲਿਆ ਤਾਂ ਖੂਹ 'ਤੇ ਉਹਨੂੰ ਕਾਫ਼ੀ ਸਾਰੇ ਬੰਦੇ ਦਿਸੇ ਜੋ ਖੂਹ ਗੇੜ ਕੇ ਪਾਣੀ ਪੀ ਰਹੇ ਸਨ। ਉਹ ਹੈਰਾਨ ਹੋ ਗਿਆ ਕਿ ਇਹ ਕੌਣ ਹਨ। ਕੱਪੜੇ ਵੀ ਬਹੁਤਿਆਂ ਦੇ ਚੰਗੇ ਲਿਸ਼ਕਵੇਂ ਪੁਸ਼ਕਵੇਂ ਪਾਏ ਹੋਏ ਸਨ।

ਮਰ ਗਿਆ ਏ ਤੇ ਕਿਹੜਾ ਬਚਿਆ ਏ," ਇਕ ਨੇ ਕਿਹਾ।

"ਤੇ ਅਜੇ ਲੜਾਈ ਬੰਦ ਨਹੀਂ ਹੋਈ?" ਦਿਆਲੇ ਨੇ ਖ਼ਾਸ ਉਤਸੁਕਤਾ ਨਾਲ ਪੁੱਛਿਆ।

"ਲੜਾਈ ਤੇ ਬੰਦ ਹੋ ਗਈ, ਪਰ ਭਾਈ ਤਾਰਾ ਸਿੰਘ ਕੋਲ ਜਿਹੜੇ ਬੰਦੇ ਸਨ, ਸੁਣਿਆ ਏ ਕਿ ਉਹਨਾਂ ਬੜੇ ਕਰਾਰੇ ਹੱਥ ਦੱਸੇ ਨੇ। ਹੁਣ ਸਾਂਭਦੇ ਹੋਣੇ ਨੇ ਜਾਫ਼ਰ ਬੇਗ ਹੋਰੀਂ ਆਪਣੇ ਫੱਟੜਾਂ ਨੂੰ ਤੇ ਮਰਨ ਵਾਲਿਆਂ ਨੂੰ," ਦੂਜੇ ਗੱਭਰੂ ਨੇ ਕਿਹਾ।

"ਤੁਸੀਂ ਕਿਉਂ ਨਹੀਂ ਗਏ, ਭਾਈ ਤਾਰਾ ਸਿੰਘ ਦੀ ਮਦਦ 'ਤੇ? ਉਹੀ ਤੇ ਸਾਡੇ ਪਿੰਡ ਦਾ ਇਕ ਨਰ ਬੰਦਾ ਸੀ। ਮੈਨੂੰ ਬੜਾ ਅਫ਼ਸੋਸ ਏ ਕਿ ਉਹ ਮੇਰੇ ਵਿਆਹ 'ਤੇ ਨਾਲ ਹੁੰਦਾ ਤਾਂ ਰਹੀਮੇ ਦੀ ਅਸਾਂ ਭੀ ਭੁਲਾ ਦੇਣੀ ਸੀ," ਦਿਆਲੇ ਨੇ ਬੜੇ ਗੁੱਸੇ ਨਾਲ ਕਚੀਚੀ ਵੱਟਦਿਆਂ ਕਿਹਾ।

"ਅਸੀਂ ਤਾਂ ਪਿੰਡ ਵਿੱਚੋਂ ਬੰਦੇ ਤਿਆਰ ਕਰਨ ਲੱਗੇ ਹੋਏ ਸਾਂ। ਕਰਮ ਚੰਦ ਤੇ ਨੂਰਦੀਨ ਚੌਧਰੀ ਪਏ ਕਹਿੰਦੇ ਸਨ ਕਿ ਮਰਨ ਦਿਉ ਤਾਰਾ ਸਿਹੁੰ ਨੂੰ। ਇਹਦੀ ਆਕੜ ਵੀ ਮਾਣ ਨਹੀਂ। ਕਹਿੰਦਾ ਸੀ ਜ਼ੁਲਮੀ ਰਾਜ ਨਹੀਂ ਰਹਿਣ ਦੇਣਾ ਅਸੀਂ। ਹੁਣ ਇਸ ਲਈ ਆਏ ਹਾਂ ਕਿ ਸਾਨੂੰ ਪਤਾ ਲੱਗਾ ਏ ਕਿ ਚੌਧਰੀ ਨੂਰਦੀਨ ਨੇ ਜਾਫ਼ਰ ਬੇਗ ਨੂੰ ਸੁਨੇਹਾ ਭੇਜਿਆ ਏ ਕਿ ਪਿੰਡ ਦੀ ਮੁੰਡ ਪਾਰਟੀ ਨੂੰ ਵੀ ਸੋਧ ਜਾਉ। ਇਸ ਵੀ ਅੱਤ ਚੁਕੀ ਹੋਈ ਏ। ਇਸ ਲਈ ਸਾਨੂੰ ਪੱਕਾ ਸ਼ੱਕ ਏ ਕਿ ਹੁਣ ਉਹ ਤੈਨੂੰ ਸੱਦ ਕੇ ਮਾਰਨਗੇ, ਇਸ ਲਈ ਤੂੰ ਅੱਗੇ ਪਿੱਛੇ ਹੋ ਜਾ।"

"ਅੱਛਾ, ਇਹ ਗੱਲ ਏ, ਪਰ ਮੈਂ ਉਹਦਾ ਵਿਗਾੜਿਆ ਤਾਂ ਕੁਝ ਨਹੀਂ," ਦਿਆਲੇ ਨੇ ਕਿਹਾ।

"ਤੂੰ ਵੀ ਅਜੀਬ ਬੰਦਾ ਏਂ। ਇਹ ਕਸੂਰ ਥੋੜ੍ਹਾ ਏ ਕਿ ਤੂੰ ਉਹਨਾਂ ਨੂੰ ਹਰ ਮਾੜੀ ਗੱਲ 'ਤੇ ਟੋਕ ਦਿੰਦਾ ਏਂ। ਜੇ ਪਿੰਡ ਵਿੱਚੋਂ ਉਹ ਵਾਧਾ ਕਰ ਲੈਣ ਤਾਂ ਤੂੰ ਵਿਰੋਧਤਾ ਕਰਦਾ ਏਂ। ਜੇ ਉਹ ਲੋਕਾਂ ਨੂੰ ਵਗਾਰੇ ਫੜਨ ਤਾਂ ਤੈਨੂੰ ਇਤਰਾਜ਼ ਹੁੰਦਾ ਏ। ਹੋਰ ਤੂੰ ਉਹਨਾਂ ਦੀ ਟੰਗ ਥੋੜ੍ਹੀ ਭੰਨਣੀ ਏਂ।"

"ਮੈਂ ਸੱਚੀ ਗੱਲ ਕਹਿੰਦਾ ਹਾਂ ਕਿ ਲੋਕੀਂ ਇਹਨਾਂ ਦੀਆਂ ਮੰਗਾਂ ਪੂਰੀਆਂ ਕਰਦੇ ਮਰ ਚੱਲੇ ਨੇ। ਫੱਕਾ ਦਾਣੇ ਆਉਂਦੇ ਨੇ ਤੇ ਉਹ ਵੀ ਇਹ ਘਰੀਂ ਨਹੀਂ ਜਾਣ ਦੇਂਦੇ," ਦਿਆਲੇ ਨੇ ਕਿਹਾ।

"ਇਥੇ ਹੱਕ ਨਿਹੱਕ ਕੌਣ ਵੇਖਦਾ ਏ। ਅੰਨ੍ਹੀ ਪੀਹੇ ਕੁੱਤਾ ਚੱਟੇ। ਜੇ ਕਿਸੇ ਨੂੰ ਲੋਕਾਂ ਦਾ ਦਰਦ ਹੋਵੇ ਤਾਂ ਜਾਫ਼ਰ ਬੇਗ ਜਿਹੇ ਨੂੰ ਪੱਟੀ ਦਾ ਫ਼ੌਜਦਾਰ ਬਣਾਏ? ਜਿਸ ਤੋਂ ਕਿਸੇ ਦੀ ਧੀ ਭੈਣ ਦੀ ਇੱਜ਼ਤ ਨਹੀਂ ਬਚ ਸਕਦੀ," ਲਾਂਗੜ ਬੰਨ੍ਹੀ ਜਵਾਨ ਬੋਲਿਆ।

"ਇਹ ਹਨੇਰ ਗਰਦੀ ਕਦੋਂ ਮੁੱਕੇਗੀ ?" ਇਕ ਹੋਰ ਨੌਜਵਾਨ ਬੋਲਿਆ, "ਕੋਈ ਨਹੀਂ ਪੁੱਛਣ ਵਾਲਾ ਇਹਨਾਂ ਨੂੰ। ਜਿਹੜੀ ਦਿਆਲੇ ਨਾਲ ਇਹਨਾਂ ਵਿਆਹ ਵੇਲੇ ਕੀਤੀ ਏ, ਉਹੋ ਜਿਹੀ ਕਿਸੇ ਰਾਜ ਵਿਚ ਵੀ ਨਹੀਂ ਸੁਣੀ। ਲੋਕੀਂ ਕਦ ਤਕ ਇਸ ਤਰ੍ਹਾਂ ਜ਼ੁਲਮ ਸਹਿੰਦੇ ਜਾਣਗੇ।"

"ਲੋਕ ਤਾਂ ਝੱਟ ਵੀ ਸਹਾਰਨ ਨੂੰ ਤਿਆਰ ਨਹੀਂ। ਲੋੜ ਸਿਰਫ਼ ਲੋਕਾਂ ਨੂੰ ਅਗਵਾਈ ਦੀ ਹੁੰਦੀ ਏ। ਕੋਈ ਅੱਗੇ ਲੱਗ ਕੇ ਨਿੱਤਰ ਪਵੇ ਤਾਂ ਉਹਦੇ ਨਾਲ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਨੇ। ਹੁਣ ਸਿੱਖਾਂ 'ਤੇ ਹੀ ਆਸ ਏ ਕਿ ਉਹ ਕੁਝ ਭਾਵੇਂ ਕਰਨ। ਬਾਕੀ ਤੇ ਸਾਰੇ ਮਰਿਆਂ ਵਰਗੇ ਜੇ। ਵੇਖ ਲਉ ਭਾਈ ਤਾਰਾ ਸਿੰਘ ਇਕੱਲਾ ਸੀ ਸਾਡੇ ਪਿੰਡਾਂ ਵਿਚ, ਪਰ ਲਾਹੌਰ ਤਕ ਦੀ ਹਕੂਮਤ ਨੂੰ ਵਖਤ ਪਾਇਆ ਸੂ। ਭਾਵੇਂ ਮਰ ਗਿਆ ਏ ਪਰ ਇਕ ਵਾਰੀ ਨਾਨੀ ਚੇਤੇ ਕਰਾ ਦਿੱਤੀ ਸੂ ਜਾਫ਼ਰ ਬੇਗ ਨੂੰ। ਇਸ ਤਰ੍ਹਾਂ ਜੇ ਹੋਰ ਕੁਝ ਬੰਦੇ ਨਿੱਤਰ ਪਏ ਤਾਂ ਬਸ ਜ਼ੁਲਮ ਨੂੰ ਠੱਲ੍ਹ ਪੈ ਜਾਏਗੀ।" ਦਿਆਲੇ ਨੇ ਬੜੀ ਸੂਝ-ਬੂਝ ਨਾਲ ਸਾਰੀ ਹਾਲਤ ਸਾਥੀਆਂ ਨੂੰ ਸਮਝਾਈ। ਉਸ ਦੱਸਿਆ ਕਿ ਭਾਈ ਤਾਰਾ ਸਿੰਘ ਦੀ ਇਲਾਕੇ ਵਿਚ ਬੜੀ ਇੱਜ਼ਤ ਏ ਤੇ ਉਹਦੀ ਮੌਤ ਨੂੰ ਲੋਕਾਂ ਨੇ ਨਹੀਂ ਸਹਿਣਾ। ਜ਼ਰੂਰ ਕੁਝ ਨਾ ਕੁਝ ਹੋਵੇਗਾ।

ਪਿੰਡ ਵੱਲੋਂ ਘੋੜਿਆਂ ਦੇ ਦੌੜਦੇ ਆਉਣ ਦੀ ਆਵਾਜ਼ ਆਈ। ਦਿਆਲੇ ਦੇ ਸਾਥੀਆਂ ਨੂੰ ਸ਼ੱਕ ਪੈ ਗਿਆ ਕਿ ਜ਼ਰੂਰ ਜਾਫ਼ਰ ਬੇਗ ਦੇ ਸਿਪਾਹੀ ਹੋਣਗੇ। ਉਹਨਾਂ ਦਿਆਲੇ ਨੂੰ ਝੱਟ-ਪਟ ਉਠ ਕੇ ਖੇਤਾਂ ਵਿਚ ਲੁਕ ਜਾਣ ਲਈ ਮਜਬੂਰ ਕੀਤਾ ਤੇ ਉਹ ਝੁੰਡ ਦੇ ਪਿਛਲੇ ਪਾਸੇ ਖਾਲ ਵਿਚ ਹੋ ਕੇ ਛੁਪ ਗਿਆ।

ਚਾਰ ਘੋੜ ਸਵਾਰ ਝੁੰਡ ਕੋਲ ਆ ਖਲੋਤੇ। ਦਿਆਲੇ ਦੇ ਸਾਥੀ ਬਾਹਰ ਆ ਗਏ। ਉਹਨਾਂ ਦੇਖਿਆ ਕਿ ਇਕ ਘੋੜ ਸਵਾਰ ਦੇ ਪਿੱਛੇ ਨੂਰਦੀਨ ਦਾ ਇਕ ਨੌਕਰ ਬੈਠਾ ਏ, ਜੋ ਜ਼ਰੂਰ ਉਹਨਾਂ ਨੂੰ ਇਹ ਥਾਂ ਦੱਸਣ ਆਇਆ ਹੋਵੇਗਾ। ਇਕ ਘੋੜ ਸਵਾਰ ਬੋਲਿਆ, "ਦਿਆਲਾ ਕਿਥੇ ਏ ?"

"ਹੁਣੇ ਪਿੰਡ ਗਿਆ ਏ," ਇਕ ਆਦਮੀ ਬੋਲ ਪਿਆ।

"ਪਿੰਡ ਤੇ ਨਹੀਂ ਗਿਆ। ਉਥੋਂ ਪਤਾ ਲੱਗਾ ਏ ਕਿ ਉਹ ਪਿੰਡ ਘੱਟ ਵੱਧ ਹੀ ਜਾਂਦਾ ਏ," ਇਕ ਘੋੜ ਸਵਾਰ ਨੇ ਕਿਹਾ, "ਦੱਸੋ, ਉਹਨੂੰ ਪੱਟੀ ਦਾ ਫ਼ੌਜਦਾਰ ਬੁਲਾ ਰਿਹਾ ਏ।"

"ਅਸੀਂ ਠੀਕ ਦੱਸ ਰਹੇ ਹਾਂ ਕਿ ਉਹ ਪਿੰਡ ਗਿਆ ਏ। ਉਹਦੀ ਮਾਂ ਤਕੜੀ ਨਹੀਂ ਸੀ, ਉਹਦੀ ਖ਼ਬਰ ਸੁਰਤ ਲੈਣ ਗਿਆ ਏ। ਤੁਹਾਨੂੰ ਰਾਹ ਵਿਚ ਨਹੀਂ ਮਿਲਿਆ ?" ਇਕ ਜਵਾਨ ਨੇ ਕਿਹਾ।

"ਨਹੀਂ।"

"ਤਾਂ ਉਹ ਉਪਰੋਂ ਦੀ ਨੱਥੂ ਦੇ ਖੂਹ ਵੱਲੋਂ ਲੰਘ ਗਿਆ ਹੋਣਾ ਏਂ। ਉਹ ਵੀ ਉਹਦਾ ਪੁਰਾਣਾ ਯਾਰ ਏ, ਮਿਲਣ ਚਲਾ ਗਿਆ ਹੋਏਗਾ," ਇਕ ਹੋਰ ਗੱਭਰੂ ਬੋਲ ਪਿਆ।

ਘੋੜ ਸਵਾਰ ਨੂੰ ਇਹਨਾਂ ਦੀਆਂ ਗੱਲਾਂ ਤੋਂ ਨਿਸਚਾ ਹੋ ਗਿਆ ਕਿ ਦਿਆਲਾ ਇਥੇ ਨਹੀਂ, ਇਸ ਲਈ ਉਹਨਾਂ ਅੰਦਰ ਜਾ ਕੇ ਫੋਲਾ ਫਾਲੀ ਨਾ ਕੀਤੀ ਤੇ ਪਿੱਛੇ ਮੁੜ ਪਏ।

ਦਿਆਲਾ ਨੇੜੇ ਹੀ ਖੇਤਾਂ ਵਿਚ ਛੁਪਿਆ ਹੋਇਆ ਸੀ। ਇਕ ਵਾਰ ਤਾਂ ਉਹਦਾ ਜੀ ਕੀਤਾ ਕਿ ਲਲਕਾਰ ਕੇ ਬਾਹਰ ਨਿਕਲੇ। ਬਹਾਦਰਾਂ ਦਾ ਕੰਮ ਇਉਂ ਛੁਪ ਜਾਣਾ ਨਹੀਂ ਪਰ ਸਮਾਂ ਟਾਲਣ ਵਿਚ ਹੀ ਸਿਆਣਪ ਸਮਝੀ। ਜਿੰਨਾ ਚਿਰ ਉਹ ਸਵਾਰ ਉਹਦੇ ਸਾਥੀਆਂ ਨਾਲ ਗੱਲਾਂ ਕਰਦੇ ਰਹੇ, ਉਹ ਇਹੋ ਸੋਚਦਾ ਰਿਹਾ ਕਿ ਅਖ਼ੀਰ ਕਿੰਨਾ ਚਿਰ ਕਾਇਰਾਂ ਵਾਂਗ ਜੀਵਨ ਬਿਤਾਵਾਂਗਾ। ਦੁਸ਼ਮਣਾਂ ਨੇ ਵਹੁਟੀ ਖੋਹ ਲਈ, ਹੁਣ ਮੈਨੂੰ ਇਕਾਂਤ ਰਹਿ ਕੇ ਵੀ ਚਾਰ ਦਿਨ ਜਿਊਣ ਨਹੀਂ ਦੇਂਦੇ। ਇਸ ਵੇਲੇ ਮੈਨੂੰ ਆਪਣੀ ਜਾਨ ਬਚਾਣ ਦੀ ਪਈ ਹੋਈ ਏ। ਜੇ ਇਹੀ ਹਾਲ ਰਿਹਾ ਤਾਂ ਆਪਣੀ ਵਹੁਟੀ ਤਾਂ ਸਾਰੀ ਜ਼ਿੰਦਗੀ ਨਹੀਂ ਛੁਡਾ ਸਕਾਂਗਾ। ਅਜੇ ਉਹ ਇਹ ਸੋਚ ਹੀ ਰਿਹਾ ਸੀ ਕਿ ਘੋੜ ਸਵਾਰ ਚਲੇ ਗਏ ਤੇ ਉਹ ਫਿਰ ਸਾਥੀਆਂ ਪਾਸ ਆ ਗਿਆ।

"ਹੁਣ ਕੀ ਕੀਤਾ ਜਾਏ ?" ਉਹਦਾ ਇਕ ਸਾਥੀ ਬੋਲਿਆ।

"ਮੈਂ ਸਮਝਦਾ ਹਾਂ ਕਿ ਸਾਨੂੰ ਉਹਨਾਂ ਲੋਕਾਂ ਨਾਲ ਰਲ ਜਾਣਾ ਚਾਹੀਦਾ ਹੈ, ਜੋ ਇਸ ਜ਼ਾਲਮ ਹਕੂਮਤ ਵਿਰੁੱਧ ਲੜ ਰਹੇ ਹਨ," ਦਿਆਲੇ ਨੇ ਕਹਿਣਾ ਸ਼ੁਰੂ ਕੀਤਾ, "ਅੱਜ ਮੇਰੇ ਪਿੱਛੇ ਪਏ ਹਨ, ਕੱਲ੍ਹ ਤੁਹਾਡੇ ਪਿੱਛੇ ਪੈਣਗੇ! ਅੱਜ ਮੇਰਾ ਵਿਆਹ ਸਿਰੇ ਨਹੀਂ ਚੜ੍ਹਨ ਦਿੱਤਾ, ਕੱਲ੍ਹ ਤੁਹਾਡੇ ਵੀ ਸਿਰੇ ਚੜ੍ਹਨ ਦੀ ਆਸ ਨਹੀਂ। ਜੇ ਕਿਸੇ ਵਿਆਹ ਵਿਚ ਵਿਘਨ ਨਾ ਪਿਆ ਤਾਂ ਇਹਨਾਂ ਦੀਆਂ ਵਗਾਰਾਂ, ਇਹਨਾਂ ਦੀਆਂ ਮੰਗਾਂ ਅਤੇ ਕਰ ਕਦੋਂ ਤਕ ਦਿੰਦੇ ਜਾਉਗੇ। ਅਜਿਹੀ ਹਾਲਤ ਵਿਚ ਸਾਨੂੰ ਰਲ ਕੇ ਇਕ ਅਜਿਹਾ ਹੰਭਲਾ ਮਾਰਨਾ ਚਾਹੀਦਾ ਹੈ, ਜਿਸ ਨਾਲ ਇਹ ਰਾਜ ਹੀ ਖ਼ਤਮ ਹੋ ਜਾਏ। ਜ਼ਮੀਨਾਂ ਸਾਡੀਆਂ ਹਨ, ਵਾਹੀ ਅਸੀਂ ਕਰਦੇ ਹਾਂ, ਖਾ ਇਹ ਜਾਂਦੇ ਹਨ। ਸਰਕਾਰ ਦੇ ਚੌਧਰੀ ਜਾਂ ਅੱਗੋਂ ਉਹਨਾਂ ਦੇ ਮੂੰਹ ਮੱਥੇ ਲੱਗਣ ਵਾਲੇ।"

"ਅਸੀਂ ਇਹ ਰਾਜ ਕਿਵੇਂ ਖ਼ਤਮ ਕਰ ਸਕਦੇ ਹਾਂ ? ਅਸੀਂ ਮਸਾਂ ਦਰਜਨ ਕੁ ਹੋਵਾਂਗੇ ਪਿੰਡ ਵਿਚ, ਜੋ ਲੜਨ ਲਈ ਤਿਆਰ ਹਾਂ," ਦਿਆਲੇ ਦਾ ਸਾਥੀ ਘਨਈਆ ਬੋਲਿਆ।

"ਉਏ ਭੋਲਿਆ, ਤੂੰ ਗ਼ਲਤ ਸੋਚਦਾ ਏਂ ਕਿ ਅਸੀਂ ਥੋੜ੍ਹੇ ਹਾਂ। ਲੋਕ ਸਾਰੇ ਹੀ ਇਸ ਰਾਜ ਤੋਂ ਅੱਕੇ ਹੋਏ ਨੇ। ਇਸ ਰਾਜ ਵਿਚ ਕਿਸੇ ਦਾ ਧਰਮ ਨਹੀਂ ਬਚ ਸਕਦਾ। ਇੱਜ਼ਤ

ਨਹੀਂ ਰਹਿ ਸਕਦੀ। ਕਮਾਂਦਾ ਕੋਈ ਏ ਤੇ ਉਸ ਕਮਾਈ ਦੀਆਂ ਮੌਜਾਂ ਕੋਈ ਉਡਾਂਦਾ ਏ। ਅੱਜ ਹੜ੍ਹ ਆ ਜਾਏ, ਗੜੇ ਪੈ ਜਾਣ, ਬੀਮਾਰੀ ਪੈ ਜਾਏ, ਕੋਈ ਤੁਹਾਡੀ ਸੁਰਤ ਲੈਣ ਵਾਲਾ ਨਹੀਂ। ਹਾਂ, ਆਉਂਦੇ ਹਨ ਇਹ ਘੋੜੇ ਭਜਾਈ, ਤੁਹਾਡੀ ਇੱਜ਼ਤ ਲੁੱਟਣ ਲਈ, ਤੁਹਾਡੀਆਂ ਧੀਆਂ ਭੈਣਾਂ ਦਾ ਸਤ ਭੰਗ ਕਰਨ ਲਈ, ਕਣਕ ਖੋਹਣ ਲਈ, ਨਵੇਂ ਕਰ ਲਾ ਕੇ ਉਗਰਾਹੀ ਕਰਨ ਲਈ, ਲੋਕ ਸਾਰੇ ਮਹਿਸੂਸ ਕਰਦੇ ਹਨ। ਉਹਨਾਂ ਨੂੰ ਲੋੜ ਅਗਵਾਈ ਦੀ ਏ। ਮੈਂ ਸਮਝਦਾ ਹਾਂ ਕਿ ਸਿਵਾਏ ਸਿੱਖਾਂ ਦੇ ਹੋਰ ਕੋਈ ਇਸ ਜ਼ੁਲਮ ਨਾਲ ਟਕਰਾਣ ਦਾ ਹੀਆ ਨਹੀਂ ਕਰ ਰਿਹਾ। ਮੇਰਾ ਦਿਲ ਕਰਦਾ ਏ ਕਿ ਅਸੀਂ ਸਿਖ ਬਣ ਜਾਈਏ। ਭਾਈ ਤਾਰਾ ਸਿੰਘ ਸਾਡੇ ਪਿੰਡ ਇਕੱਲਾ ਸੀ, ਉਸ ਵਖਤ ਪਾਈ ਰੱਖਿਆ ਏ ਲਾਹੌਰ ਤਕ ਦੀਆਂ ਫ਼ੌਜਾਂ ਨੂੰ। ਭਾਈ ਤਾਰਾ ਸਿੰਘ ਦੱਸਿਆ ਕਰਦਾ ਸੀ ਕਿ ਸਿੰਘ ਜੰਗਲਾਂ ਵਿਚ ਤਿਆਰੀ ਕਰ ਰਹੇ ਨੇ। ਉਹ ਛੇਤੀ ਪੰਜਾਬ ਦਾ ਰਾਜ ਇਹਨਾਂ ਦੁਸ਼ਟਾਂ ਤੋਂ ਖੋਹ ਲੈਣਗੇ।"

"ਕਹਿੰਦੇ ਤੁਸੀਂ ਠੀਕ ਹੋ ਪਰ ਘਰ ਛੱਡਣੇ ਕੋਈ ਸੌਖੇ ਨਹੀਂ," ਇਕ ਬੋਲ ਪਿਆ।

"ਕੁਰਬਾਨੀ ਬਿਨਾਂ ਤਾਂ ਕੁਝ ਨਹੀਂ ਬਣਨਾ," ਇਹਨਾਂ ਦਾ ਇਕ ਹੋਰ ਜੋਸ਼ੀਲਾ ਸਾਥੀ ਕਰਤਾਰਾ ਬੋਲਿਆ, "ਇਹ ਮਨੁੱਖੀ ਜਨਮ ਘੜੀ ਮੁੜੀ ਨਹੀਂ ਜੇ ਮਿਲਣਾ, ਲਾ ਦਿਉ ਲੇਖੇ। ਹੋ ਸਕਦਾ ਏ ਤੁਹਾਡੇ ਉੱਦਮ ਨਾਲ ਦੇਸ਼ ਦੇ ਲੱਖਾਂ ਲੋਕਾਂ ਦੀ ਜਾਨ ਸੌਖੀ ਹੋ ਜਾਏ। ਮੈਨੂੰ ਤਾਂ ਦਿਆਲੇ ਦੀ ਗੱਲ ਪਸੰਦ ਆਈ ਏ।"

ਦਿਆਲੇ ਨੇ ਬੜੇ ਜੋਸ਼ੀਲੇ ਢੰਗ ਨਾਲ ਕਿਹਾ, "ਮੈਂ ਤਾਂ ਪੱਕਾ ਫ਼ੈਸਲਾ ਕਰ ਲਿਆ ਏ ਕਿ ਸਿਖ ਬਣ ਜਾਣਾ ਏ। ਜਿਸ ਦਾ ਜੀਅ ਕਰਦਾ ਏ ਉਹ ਮੇਰੇ ਨਾਲ ਚੱਲੇ, ਜਿਸ ਦਾ ਨਹੀਂ ਕਰਦਾ, ਉਹ ਬੇਸ਼ੱਕ ਨਾ ਜਾਏ।"

ਹਰਨਾਮ ਇਹਨਾਂ ਵਿੱਚੋਂ ਕਮਜ਼ੋਰ-ਚਿੱਤ ਸੀ। ਉਸ ਨੇ ਸਾਫ਼ ਕਿਹਾ, "ਤੁਸੀਂ ਜਾਣਾ ਏ ਤਾਂ ਜਾਉ, ਮੈਂ ਤਾਂ ਜਾਣ ਲਈ ਤਿਆਰ ਨਹੀਂ। ਮੇਰੇ ਘਰ ਦੇ ਰੋ ਰੋ ਕੇ ਮਰ ਜਾਣਗੇ। ਨਾਲੇ ਕੌਣ ਜੰਗਲਾਂ ਦੀ ਖੇਹ ਛਾਣਦਾ ਫਿਰੇ। ਦਿਆਲੇ ਦੀ ਤਾਂ ਜ਼ਨਾਨੀ ਖੁੱਸ ਗਈ ਏ, ਇਸ ਲਈ ਤਾਂ ਹੁਣ ਮਰਨ ਮਿੱਟੀ ਚੁੱਕੀ ਹੋਈ ਏ।"

ਦੂਜੇ ਸਾਥੀ ਉਹਨੂੰ ਟਿਚਕਰਾਂ ਕਰਨ ਲੱਗ ਪਏ, "ਬਸ ਯਰਕ ਗਿਆਂ।" ਦੂਜੇ ਨੇ ਕਿਹਾ, "ਜਾ ਬੈਠ ਮਾਂ ਦੇ ਗੋਡੇ ਮੁੱਢ।" ਤੀਜੇ ਨੇ ਕਿਹਾ, "ਇਹ ਤਾਂ ਜ਼ਨਾਨੀ ਤੋਂ ਡਰਦਾ ਏ, ਕਿਤੇ ਫਿਰ ਘਰ ਹੀ ਨਾ ਵੜਨ ਦੇਵੇ।" ਉਸ 'ਤੇ ਕਿਸੇ ਮਿਹਣੇ ਤਾਹਨੇ ਦਾ ਕੋਈ ਅਸਰ ਨਾ ਹੋਇਆ। ਦਿਆਲੇ ਨੇ ਸਾਥੀਆਂ ਨੂੰ ਸਮਝਾਇਆ ਕਿ ਇਹਨੂੰ ਮਜਬੂਰ ਨਾ ਕਰਨ। ਉਹਨੂੰ ਟੋਰ ਦਿੱਤਾ ਗਿਆ ਤੇ ਬਾਕੀਆਂ ਨੇ ਬੈਠ ਕੇ ਸਾਰਾ ਪ੍ਰੋਗਰਾਮ ਬਣਾਇਆ। ਦੋ ਤਿੰਨਾਂ ਘਰੀਂ ਘੋੜੀਆਂ ਘੋੜੇ ਸਨ। ਉਹ ਲਿਆਉਣ ਦਾ ਪ੍ਰੋਗਰਾਮ ਬਣਾ

ਕੇ ਪਿੰਡ ਚਲੇ ਗਏ।

ਝੱਟ ਪਿੱਛੋਂ ਉਹ ਆ ਗਏ ਤੇ ਘਰ ਵਾਲਿਆਂ ਨੂੰ ਕੁਝ ਨਾ ਦੱਸ ਕੇ ਆਏ। ਇਥੋਂ ਹੀ ਪਿੰਡ ਨੂੰ ਜਾਂਦੇ ਇਕ ਆਦਮੀ ਹੱਥ ਸੁਨੇਹਾ ਭੇਜ ਦਿੱਤਾ ਕਿ ਅਸੀਂ ਕਿਧਰੇ ਬਾਹਰ ਜਾ ਰਹੇ ਹਾਂ, ਇਸ ਲਈ ਫ਼ਿਕਰ ਨਾ ਕਰਨ।

ਉਹਨਾਂ ਦੇ ਪਿੰਡੋਂ ਘੋੜੇ ਵਾਲੇ ਕੁਝ ਹੋਰ ਆ ਗਏ। ਇਕ ਘੋੜੇ 'ਤੇ ਦੋ ਦੋ ਸਵਾਰ ਹੋ ਗਏ ਤੇ ਘੋੜੇ ਭਜਾ ਲਏ। ਦਿਆਲੇ ਨੂੰ ਭਾਈ ਤਾਰਾ ਸਿੰਘ ਦੱਸਿਆ ਕਰਦਾ ਸੀ ਕਿ ਸਰਕਾਰ ਵਿਰੁੱਧ ਲੜਨ ਵਾਲੇ ਸਿੰਘ ਆਮ ਕਰਕੇ ਜੰਗਲਾਂ ਵਿਚ ਹੀ ਰਹਿੰਦੇ ਹਨ, ਇਸ ਲਈ ਦਿਆਲੇ ਨੇ ਘੋੜਿਆਂ ਨੂੰ ਦਰਿਆ ਬਿਆਸਾ ਵੱਲ ਟੋਰ ਲਿਆ। ਦਰਿਆ ਬਿਆਸ ਦੇ ਨਾਲ ਨਾਲ ਬੜਾ ਭਾਰੀ ਜੰਗਲ ਸੀ ਤੇ ਉਹਨੂੰ ਆਸ ਸੀ ਕਿ ਇਥੇ ਸਿਖ ਜ਼ਰੂਰ ਮਿਲ ਜਾਣਗੇ।

ਰਾਤ ਚਾਨਣੀ ਸੀ, ਇਸ ਲਈ ਰਾਤ ਨੂੰ ਵੀ ਸਫ਼ਰ ਕੀਤਾ ਜਾ ਸਕਦਾ ਸੀ। ਇਹ ਘੋੜੇ ਭਜਾਂਦੇ ਪਿੰਡਾਂ ਨੂੰ ਟੱਪਦੇ ਗਏ। ਇਕ ਦੋ ਥਾਂ ਰਾਹ ਵਿਚ ਇਹਨਾਂ ਨੂੰ ਜਦ ਕਿਸੇ ਪੁੱਛਿਆ ਤਾਂ ਇਹੀ ਦੱਸਦੇ ਰਹੇ ਕਿ ਅਸੀਂ ਘੋੜਿਆਂ ਦਾ ਵਪਾਰ ਕਰਦੇ ਹਾਂ। ਸਰਕਾਰੀ ਫ਼ੌਜ ਲਈ ਵਧੀਆ ਘੋੜੇ ਖ਼ਰੀਦਣ ਜਾ ਰਹੇ ਹਾਂ।

ਅੰਮ੍ਰਿਤ ਵੇਲੇ ਇਹ ਬਿਆਸਾ ਨੇੜੇ ਪਹੁੰਚ ਗਏ। ਜੰਗਲ ਵਿਚ ਕਿਸ ਪਾਸਿਓਂ ਦਾਖ਼ਲ ਹੋਣ। ਪਤਾ ਨਹੀਂ ਇਥੇ ਸਿਖ ਹਨ ਵੀ ਕਿ ਨਹੀਂ ? ਇਸ ਡਰ ਤੋਂ ਉਹ ਜੰਗਲ ਦੇ ਨਾਲ ਨਾਲ ਟੁਰਦੇ ਗਏ। ਅਖ਼ੀਰ ਉਹ ਇਕ ਅਜਿਹੇ ਰਾਹ 'ਤੇ ਪੁੱਜ ਗਏ ਜੋ ਕਾਫ਼ੀ ਖੁੱਲ੍ਹਾ ਜੰਗਲ ਵਿਚ ਜਾਂਦਾ ਸੀ। ਉਸ 'ਤੇ ਘੋੜੇ ਭਜਾਂਦੇ ਉਹ ਵਧਦੇ ਗਏ ਅਤੇ ਅਖ਼ੀਰ ਸਾਰਾ ਜੰਗਲ ਲੰਘ ਕੇ ਦਰਿਆ ਬਿਆਸ 'ਤੇ ਪਹੁੰਚ ਗਏ। ਘੋੜੇ ਕਾਫ਼ੀ ਸਫ਼ਰ ਕਰ ਕੇ ਥੱਕੇ ਹੋਏ ਸਨ, ਉਹ ਪਾਣੀ ਲਈ ਅੱਗੇ ਵਧੇ।

"ਖ਼ਬਰਦਾਰ! ਜੇ ਅੱਗੇ ਵਧੇ!" ਇਸ ਆਵਾਜ਼ ਨੇ ਸਾਰਿਆਂ ਨੂੰ ਘੋੜਿਆਂ ਦੀਆਂ ਵਾਗਾਂ ਖਿੱਚਣ 'ਤੇ ਮਜਬੂਰ ਕਰ ਦਿੱਤਾ। ਦਿਆਲਾ ਤੇ ਉਹਦੇ ਸਾਥੀ ਠਠੰਬਰ ਗਏ। ਜਦ ਧਿਆਨ ਨਾਲ ਦੇਖਿਆ ਤਾਂ ਇਕ ਸਿੰਘ ਇਸ਼ਨਾਨ ਕਰ ਕੇ ਦਰਿਆ 'ਚੋਂ ਨਿਕਲ ਰਿਹਾ ਸੀ।

ਸਿੰਘ ਨੇ ਸਮਝਿਆ ਕਿ ਸ਼ਾਇਦ ਸਰਕਾਰੀ ਫ਼ੌਜ ਦੇ ਸਿਪਾਹੀ ਮੈਨੂੰ ਗ੍ਰਿਫ਼ਤਾਰ ਕਰਨ ਲਈ ਮੇਰੇ ਵੱਲ ਵਧ ਰਹੇ ਹਨ। ਇਸ ਲਈ ਉਹਨੇ ਉੱਚੀ ਸਾਰੀ ਧਮਕੀ ਦਿੱਤੀ ਤਾਕਿ ਉਹ ਡਰ ਜਾਣ ਤੇ ਇਹ ਵੱਡੀ ਕਿਰਪਾਨ ਸੰਭਾਲ ਲਏ।

"ਅਸੀਂ ਤੁਹਾਡੇ ਦਰਸ਼ਨ ਕਰਨ ਆਏ ਹਾਂ," ਦਿਆਲੇ ਨੇ ਸਿੰਘ ਨੂੰ ਬੜੀ ਨਿਮਰਤਾ ਨਾਲ ਕਿਹਾ।

"ਮੈਨੂੰ ਮਿਲਣ ਆਏ ਹੋ ਇਸ ਵੇਲੇ। ਤੁਸੀਂ ਕੌਣ ਹੋ ?" ਸਿੰਘ ਨੇ ਬੜੀ ਗਰਜਵੀਂ ਆਵਾਜ਼ ਵਿਚ ਕਿਹਾ।

"ਅਸੀਂ ਭਾਈ ਤਾਰਾ ਸਿੰਘ ਦੇ ਪਿੰਡ 'ਵਾਂ' ਤੋਂ ਆਏ ਹਾਂ," ਦਿਆਲੇ ਨੇ ਫਿਰ ਕਿਹਾ ਤੇ ਘੋੜੇ ਤੋਂ ਥੱਲੇ ਉਤਰ ਆਏ। ਸਿੰਘ ਨੇ ਕਿਰਪਾਨ ਦੇ ਦਸਤੇ 'ਤੇ ਹੱਥ ਰੱਖ ਲਿਆ ਅਤੇ ਪੂਰੀ ਹੁਸ਼ਿਆਰੀ ਨਾਲ ਉਹਨਾਂ ਦੇ ਨੇੜੇ ਆ ਗਿਆ।

'ਅੱਛਾ, ਹੱਥਾਂ ਵਾਲੀਆਂ ਡਾਂਗਾਂ ਤੇ ਟਕੂਏ ਮੇਰੇ ਹਵਾਲੇ ਕਰ ਦਿਉ।" ਸਿੰਘ ਦੇ ਕਹਿਣ ਦੀ ਦੇਰ ਸੀ ਕਿ ਸਭ ਨੇ ਜੋ ਜੋ ਹਥਿਆਰ ਲਿਆਂਦਾ ਸੀ, ਢੇਰੀ ਕਰ ਦਿੱਤਾ।

ਰਾਤ ਦੇ ਵੇਲੇ ਇਹਨਾਂ ਗੱਲਾਂ ਦੀ ਆਵਾਜ਼ ਦੂਰ ਦੂਰ ਤਕ ਪੁੱਜਣੀ ਕੁਦਰਤੀ ਗੱਲ ਸੀ। ਸਿੰਘ ਦਾ ਜੋਸ਼ ਵਿਚ ਉੱਚੀ ਸਾਰੀ ਕਿਹਾ ਵਾਕ—'ਖ਼ਬਰਦਾਰ ਜੇ ਅੱਗੇ ਵਧੇ', ਖ਼ਾਸ ਕਰਕੇ ਦੂਰ ਤਕ ਸੁਣਿਆ ਗਿਆ। ਜੰਗਲ ਵਿਚ ਅੱਗੇ ਕਰ ਕੇ ਸਿੰਘਾਂ ਦਾ ਡੇਰਾ ਸੀ। ਅੰਮ੍ਰਿਤ ਵੇਲੇ ਕੁਝ ਸਿੰਘ ਇਸ਼ਨਾਨ ਕਰ ਚੁੱਕੇ ਸਨ ਤੇ ਬਾਕੀ ਤਿਆਰੀ ਕਰ ਰਹੇ ਸਨ। ਉਹਨਾਂ ਜਦ ਆਪਣੇ ਸਾਥੀ ਦੀ ਇਹ ਆਵਾਜ਼ ਸੁਣੀ ਤਾਂ ਝੱਟ-ਪਟ ਸ਼ਸਤਰ ਲੈ ਕੇ ਆਵਾਜ਼ ਦੇ ਨਿਸ਼ਾਨੇ 'ਤੇ ਪੁੱਜੇ।

ਘੋੜੇ ਤੇ ਕੁਝ ਆਦਮੀ ਦੇਖ ਕੇ ਉਹਨਾਂ ਨੂੰ ਵੀ ਇਹੀ ਸ਼ੱਕ ਪਿਆ ਕਿ ਇਹ ਦੁਸ਼ਮਣ ਆ ਗਿਆ ਹੈ। ਉਹਨਾਂ ਝੱਟ-ਪਟ ਇਸ ਤਰ੍ਹਾਂ ਘੇਰਾ ਪਾ ਲਿਆ ਕਿ ਕਿਸੇ ਪਾਸਿਓਂ ਦੁਸ਼ਮਣ ਭੱਜ ਨਾ ਸਕੇ। ਬੰਦੂਕਾਂ ਦੀਆਂ ਨਾਲੀਆਂ ਸਿੱਧੀਆਂ ਕਰ ਲਈਆਂ। ਅਖ਼ੀਰ ਇਕ ਸਿੰਘ ਨੇ ਦੂਰੋਂ ਹੀ ਆਵਾਜ਼ ਦਿੱਤੀ, "ਕੌਣ ਹੋ ਤੁਸੀਂ ?" ਦਿਆਲੇ ਤੇ ਉਹਦੇ ਸਾਥੀਆਂ ਨੇ ਜਦ ਪਰਤ ਕੇ ਤੱਕਿਆ ਤਾਂ ਤਿੰਨੇ ਪਾਸੇ ਸਿੰਘਾਂ ਦਾ ਘੇਰਾ ਸੀ।

"ਆ ਜਾਓ, ਕੋਈ ਗੱਲ ਨਹੀਂ," ਦਿਆਲੇ ਕੋਲ ਖੜੇ ਸਿੰਘ ਨੇ ਕਿਹਾ। ਸਾਰੇ ਨੇੜੇ ਆ ਗਏ।

ਦਿਆਲੇ ਨੇ ਆਪਣੀ ਸਾਰੀ ਵਿਥਿਆ ਸੁਣਾਈ ਤੇ ਭਾਈ ਤਾਰਾ ਸਿੰਘ ਦੀ ਸ਼ਹੀਦੀ ਦਾ ਹਾਲ ਵੀ ਦੱਸਿਆ। ਸਿੰਘਾਂ ਨੂੰ ਇਸ ਗੱਲ ਦਾ ਬੜਾ ਦੁੱਖ ਲੱਗਾ ਕਿ ਭਾਈ ਤਾਰਾ ਸਿੰਘ ਵਰਗਾ ਪਰਉਪਕਾਰੀ ਵੀ ਸ਼ਹੀਦ ਕਰ ਦਿੱਤਾ ਗਿਆ ਹੈ।

ਦਿਆਲੇ ਤੋਂ ਵਿਥਿਆ ਸੁਣਦਿਆਂ ਕਾਫ਼ੀ ਦੇਰ ਲੱਗ ਗਈ ਤੇ ਚਾਨਣ ਵਧਣ ਲੱਗ ਪਿਆ, ਜਿਸ ਕਰਕੇ ਸਾਰੇ ਸਿੰਘ ਇਹਨਾਂ ਨੂੰ ਨਾਲ ਲੈ ਕੇ ਜੰਗਲ ਵਿਚ ਚਲੇ ਗਏ।

5

ਰੋਂਦੀ ਕੁਰਲਾਂਦੀ ਜੀਤੋ ਨੂੰ ਫੜ ਕੇ ਰਹੀਮ ਖ਼ਾਨ ਪੱਟੀ ਲੈ ਆਇਆ। ਜਾਫ਼ਰ ਬੇਗ ਭਾਈ ਤਾਰਾ ਸਿੰਘ ਨੂੰ ਸ਼ਹੀਦ ਕਰ ਕੇ ਅਜੇ ਮੁੜਿਆ ਨਹੀਂ ਸੀ, ਇਸ ਲਈ ਇਹਨੇ ਆਪਣੀ ਹਵੇਲੀ ਵਿਚ ਹੀ ਇਕ ਕਮਰੇ ਵਿਚ ਜੀਤੋ ਨੂੰ ਡੱਕ ਦਿੱਤਾ। ਜਾਫ਼ਰ ਬੇਗ ਪਹਿਲੀ ਵਾਰ ਭਾਈ ਤਾਰਾ ਸਿੰਘ ਤੋਂ ਹਾਰ ਖਾ ਕੇ ਸਿੱਧਾ ਲਾਹੌਰ ਚਲਾ ਗਿਆ ਸੀ ਤੇ ਉਥੋਂ ਫ਼ੌਜ ਲੈ ਕੇ ਉਸ ਫਿਰ ਚੜ੍ਹਾਈ ਕੀਤੀ। ਉਹਦੀ ਗ਼ੈਰ-ਹਾਜ਼ਰੀ ਵਿਚ ਹੀ ਸੁਹਣੇ ਸ਼ਾਹ ਦੇ ਪਿੰਡ ਤੋਂ ਚੌਧਰੀ ਅਤਾਉੱਲਾ ਖ਼ਾਨ ਆਇਆ ਤੇ ਉਸ ਰਹੀਮ ਖ਼ਾਨ ਨੂੰ ਦੱਸਿਆ ਕਿ ਸੁਹਣੇ ਸ਼ਾਹ ਕੁੜੀ ਦਾ ਵਿਆਹ ਕਰ ਰਿਹਾ ਹੈ, ਜਿਸ 'ਤੇ ਰਹੀਮ ਖ਼ਾਨ ਨੇ ਸੋਚਿਆ ਕਿ ਜੇ ਜਾਫ਼ਰ ਬੇਗ ਨੂੰ ਉਡੀਕਦੇ ਰਹੇ ਤਾਂ ਕੁੜੀ ਹੱਥੋਂ ਨਿਕਲ ਜਾਏਗੀ, ਇਸ ਲਈ ਉਹ ਕੁਝ ਆਦਮੀ ਨਾਲ ਲੈ ਕੇ ਜਾ ਪਿਆ ਤੇ ਜੀਤੋ ਨੂੰ ਚੁੱਕ ਲਿਆਇਆ।

ਜੀਤੋ ਹਵੇਲੀ ਦੇ ਕਮਰੇ ਵਿਚ ਬੰਦ, ਰੋਂਦੀ ਟੱਕਰਾਂ ਮਾਰਦੀ ਰਹੀ। ਉਸ ਦਰਵਾਜ਼ੇ ਨਾਲ ਮਾਰ ਮਾਰ ਦੇ ਆਪਣਾ ਮੱਥਾ ਲਹੂ ਲੁਹਾਨ ਕਰ ਲਿਆ ਪਰ ਆਜ਼ਾਦ ਨਾ ਹੋ ਸਕੀ। ਉਸ ਕਈ ਬੰਦਿਆਂ ਅੱਗੇ ਤਰਲੇ ਕੀਤੇ, "ਵੇ ਵੀਰਾ, ਤੇਰਾ ਭਲਾ ਹੋਵੇਗਾ, ਮੈਨੂੰ ਇਥੋਂ ਬਚਾਓ, ਤੇਰੇ ਬੱਚੇ ਜਿਊਂਦੇ ਰਹਿਣ। ਵੇ ਜਵਾਨੀਆਂ ਮਾਣੇਂ।" ਪਰ ਹਵੇਲੀ ਵਿਚ ਫਿਰਨ ਵਾਲੇ ਰਹੀਮ ਦੇ ਸਾਥੀ ਸਨ, ਉਹਨਾਂ ਵਿੱਚੋਂ ਕਿਸੇ ਨਾ ਉਹਦੀ ਮਦਦ ਕੀਤੀ, ਨਾ ਕਿਸੇ ਨੂੰ ਉਹਦੇ ਅੱਥਰੂਆਂ, ਉਹਦੇ ਤਰਲਿਆਂ ਤੇ ਉਹਦੀ ਤੜਫਾਹਟ ਵੇਖ ਕੇ ਖ਼ਿਆਲ ਆਇਆ। ਸਗੋਂ ਜਿਸ ਦਾ ਵੀ ਦਾਅ ਲੱਗਦਾ, ਉਹੀ ਇਹਨੂੰ ਮਖ਼ੌਲ ਕਰ ਕੇ ਆਪਣੀ ਹਵਸ ਪੂਰੀ ਕਰਦਾ। ਇਹਨੂੰ ਤੜਪਦੀ ਨੂੰ ਵੇਖ ਕੇ ਹੱਸ ਛੱਡਦਾ ਤੇ ਅੱਖਾਂ ਨਾਲ ਇਸ਼ਾਰੇ ਕਰਦਾ ਟੁਰ ਜਾਂਦਾ।

ਜੀਤੋ ਦੀ ਅਹਿਲ ਜਵਾਨੀ ਦੇਖ ਕੇ ਰਹੀਮ ਦੇ ਦਿਲ ਵਿਚ ਇਕ ਵਾਰ ਤਾਂ ਇਹੀ ਵਿਚਾਰ ਆਇਆ ਕਿ ਇਹ ਫੁੱਲ ਜਾਫ਼ਰ ਬੇਗ ਦੇ ਹੱਥ ਨਹੀਂ ਦੇਣਾ ਚਾਹੀਦਾ। ਇਹਦੀ ਜਵਾਨੀ ਤੇ ਸੁੰਦਰਤਾ ਨੂੰ ਪ੍ਰਾਪਤ ਕਰ ਕੇ ਗੁਆ ਦੇਣਾ ਕਿੱਡੀ ਬਦਕਿਸਮਤੀ ਹੈ ਪਰ ਜਦੋਂ ਹੀ ਜਾਫ਼ਰ ਬੇਗ ਦਾ ਚਿਹਰਾ ਉਹਦੀਆਂ ਅੱਖਾਂ ਸਾਹਮਣੇ ਆਉਂਦਾ ਤਾਂ ਉਹਨੂੰ ਡਰ ਲੱਗਣ ਲੱਗ ਪੈਂਦਾ। ਉਹ ਝੱਟ ਸਮਝ ਜਾਂਦਾ ਕਿ ਜਾਫ਼ਰ ਬੇਗ ਨੇ ਇਹ ਬਰਦਾਸ਼ਤ ਨਹੀਂ ਕਰਨਾ ਕਿ ਜਿਸ 'ਤੇ ਉਸ ਦੀ ਅੱਖ ਹੈ, ਉਹ ਮਾਲ ਹੋਰ ਕੋਈ ਸਾਂਭ ਲਵੇ। ਜਾਫ਼ਰ ਬੇਗ ਦੇ ਗੁੱਸੇ ਦਾ ਉਹ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਸੀ, ਇਸ ਲਈ ਉਹਨੇ ਦੋਵੇਂ ਦਿਨ ਜੀਤੋ ਨੂੰ ਕਮਰੇ ਤੋਂ ਬਾਹਰ ਨਾ ਕੱਢਿਆ ਤੇ ਨਾ ਹੀ ਆਪ ਨੇੜੇ ਫਟਕਿਆ। ਇਕ ਜ਼ਨਾਨੀ ਦੀ ਡੀਊਟੀ ਲਾ ਦਿੱਤੀ ਕਿ ਉਹ ਉਹਨੂੰ ਰੋਟੀ ਪਾਣੀ ਪੁਚਾਇਆ ਕਰੇ। ਉਸ ਜ਼ਨਾਨੀ

ਨੇ ਕਈ ਖੇਖਣ ਕੀਤੇ ਤੇ ਜੀਤੋ ਦਾ ਮਨ ਪਰਚਾਣ ਲਈ ਕਈ ਪਾਖੰਡ ਰਚੇ ਪਰ ਸਫਲ ਨਾ ਹੋ ਸਕੀ। ਜੀਤੋ ਨੇ ਉਹਦੀਆਂ ਗੱਲਾਂ ਵੱਲ ਖ਼ਿਆਲ ਹੀ ਨਾ ਕੀਤਾ ਕਿਉਂਕਿ ਉਹ ਸਮਝਦੀ ਸੀ ਕਿ ਇਹ ਮੈਨੂੰ ਫਸਾਣਾ ਹੀ ਚਾਹੁੰਦੀ ਹੈ।

ਜੀਤੋ ਨੇ ਖਾਣਾ ਪੀਣਾ ਬਿਲਕੁਲ ਛੱਡ ਦਿੱਤਾ। ਘਰ ਵਿਚ ਵਿਆਹ ਦੇ ਮੰਡਪ 'ਤੇ ਬੈਠਣ ਤੋਂ ਦੋ ਘੰਟੇ ਪਹਿਲਾਂ ਉਸ ਜੋ ਮੂੰਹ ਲਾਇਆ ਸੀ, ਉਹ ਉਹਦੀ ਅਖ਼ੀਰੀ ਖ਼ੁਰਾਕ ਸੀ। ਦੋ ਦਿਨ ਕੁਝ ਨਾ ਖਾਣ ਪੀਣ ਤੇ ਲਗਾਤਾਰ ਰੋਂਦੇ ਰਹਿਣ ਕਾਰਨ ਉਸ ਦਾ ਚਿਹਰਾ ਬਹੁਤ ਹਿੱਸ ਗਿਆ। ਮੂੰਹ ਦਾ ਰੰਗ ਪੀਲਾ ਪੈ ਗਿਆ। ਮੱਥੇ 'ਤੇ ਸੱਟਾਂ ਲੱਗ ਜਾਣ ਨਾਲ ਉਹਦੀ ਸ਼ਕਲ ਹੀ ਵਿਗੜ ਗਈ। ਸੇਵਾ ਲਈ ਰੱਖੀ ਜ਼ਨਾਨੀ ਨੇ ਰਹੀਮ ਖ਼ਾਨ ਨੂੰ ਦੱਸਿਆ ਕਿ ਕੁੜੀ ਕੁਝ ਵੀ ਖਾਣ ਲਈ ਤਿਆਰ ਨਹੀਂ ਤੇ ਮੈਨੂੰ ਡਰ ਏ ਕਿ ਉਹ ਬਚ ਨਹੀਂ ਸਕੇਗੀ।

ਰਹੀਮ ਖ਼ਾਨ ਆਪ ਆ ਗਿਆ ਤੇ ਉਸ ਸੀਖਾਂ ਵਾਲੀ ਤਾਕੀ ਦੇ ਬਾਹਰ ਖੜੇ ਹੋ ਕੇ ਜੀਤੋ ਨੂੰ ਬੁਲਾਇਆ। ਜੀਤੋ ਨੇ ਸਮਝਿਆ ਕਿ ਸ਼ਾਇਦ ਉਹਨੂੰ ਤਰਸ ਆ ਗਿਆ ਏ, ਅੱਜ ਉਹਨੂੰ ਛੱਡ ਦਿੱਤਾ ਜਾਵੇਗਾ। ਉਹ ਝੱਟ ਬਾਰੀ ਸਾਹਮਣੇ ਆ ਗਈ।

"ਤੂੰ ਰੋਟੀ ਕਿਉਂ ਨਹੀਂ ਖਾਂਦੀ ?" ਰਹੀਮ ਖ਼ਾਨ ਨੇ ਪੁੱਛਿਆ।

ਜੀਤੋ ਦੀ ਆਸ 'ਤੇ ਪਾਣੀ ਫਿਰ ਗਿਆ। ਉਹਨੂੰ ਗੁੱਸਾ ਚੜ੍ਹ ਗਿਆ ਤੇ ਬੜੇ ਰੋਹ ਵਿਚ ਬੋਲੀ, "ਮੈਂ ਮਰ ਜਾਵਾਂਗੀ ਪਰ ਤੁਹਾਡੇ ਦੁਸ਼ਟਾਂ ਦੇ ਘਰ ਦਾ ਪਾਣੀ ਵੀ ਨਹੀਂ ਪੀਵਾਂਗੀ। ਤੁਹਾਨੂੰ ਸ਼ਰਮ ਨਹੀਂ ਆਉਂਦੀ। ਤੁਹਾਡੀਆਂ ਘਰ ਧੀਆਂ ਭੈਣਾਂ ਨਹੀਂ, ਜੇ ਕੋਈ ਉਹਨਾਂ ਨੂੰ ਇਸ ਤਰ੍ਹਾਂ ਚੁੱਕ ਲਵੇ ਤੇ ਫਿਰ ?"

ਅਜੇ ਅਖ਼ੀਰੀ ਸ਼ਬਦ ਉਹਦੇ ਮੂੰਹ ਵਿਚ ਹੀ ਸੀ ਕਿ ਰਹੀਮ ਖ਼ਾਨ ਗੁੱਸੇ ਵਿਚ ਬੋਲਿਆ, "ਬਕਵਾਸ ਨਾ ਕਰ। ਰੋਟੀ ਖਾਣੀ ਏਂ ਕਿ ਹੋਰ ਤਰੀਕਾ ਵਰਤੀਏ।"

"ਹੋਰ ਤਰੀਕਾ ਕੀ ਵਰਤੋਗੇ ? ਅਗੇ ਕੋਈ ਕਸਰ ਛੱਡੀ ਜੇ। ਮੈਂ ਕਹਿੰਨੀ ਆਂ ਕਿ ਕਿਉਂ ਨਹੀਂ ਤਲਵਾਰ ਚੁੱਕ ਕੇ ਮਾਰ ਦੇਂਦਾ ਮੈਨੂੰ ?" ਜੀਤੋ ਬਿਲਕੁਲ ਨਿਝੱਕ ਹੋ ਕੇ ਬੋਲੀ।

ਰਹੀਮ ਖ਼ਾਨ ਨੇ ਜਦ ਦੇਖਿਆ ਕਿ ਇਹਨੂੰ ਧਮਕੀਆਂ ਨਾਲ ਰੋਟੀ ਨਹੀਂ ਖੁਆਈ ਜਾ ਸਕਦੀ ਤਾਂ ਉਸ ਝੱਟ-ਪਟ ਆਪਣਾ ਤਰੀਕਾ ਬਦਲ ਲਿਆ। ਉਸ ਕਿਹਾ, "ਜੇ ਤੂੰ ਰੋਟੀ ਖਾ ਲਵੇਂ ਤਾਂ ਤੈਨੂੰ ਇਥੋਂ ਕੱਢ ਲਿਆ ਜਾਏਗਾ।"

"ਮੈਨੂੰ ਪਤਾ ਏ, ਤੁਸੀਂ ਮੈਨੂੰ ਹੁਣ ਛੱਡਣ ਲਈ ਤਿਆਰ ਨਹੀਂ ਪਰ ਮੈਂ ਵੀ ਫ਼ੈਸਲਾ ਕਰ ਲਿਆ ਏ ਕਿ ਤੁਹਾਡੇ ਕੋਲ ਦੋ ਦਿਨ ਤੋਂ ਵੱਧ ਨਹੀਂ ਜੀਊਣਾ।"

ਰਹੀਮ ਖ਼ਾਨ ਨੂੰ ਸੱਚਮੁੱਚ ਹੀ ਡਰ ਭਾਸਣ ਲੱਗ ਪਿਆ ਕਿ ਕਿਧਰੇ ਸੱਚਮੁੱਚ ਹੀ ਇਹ ਕੰਧ ਨਾਲ ਟੱਕਰਾਂ ਮਾਰ ਮਾਰ ਕੇ ਹੀ ਨਾ ਮਰ ਜਾਏ। ਕਿਧਰੇ ਚੁੰਨੀ ਨਾਲ ਫਾਹ

ਬਣਾ ਕੇ ਹੀ ਨਾ ਮਰ ਜਾਏ। ਇਸ ਲਈ ਉਹਨੇ ਝੱਟ-ਪਟ ਇਹਨੂੰ ਜਾਫ਼ਰ ਬੇਗ ਦੇ ਘਰ ਪੁਚਾਣ ਦਾ ਫ਼ੈਸਲਾ ਕਰ ਲਿਆ।

ਸ਼ਾਮ ਵੇਲੇ ਉਸ ਜੀਤੋ ਨੂੰ ਕਮਰੇ ਤੋਂ ਬਾਹਰ ਕੱਢਿਆ ਤੇ ਜਾਫ਼ਰ ਬੇਗ ਦੀ ਹਵੇਲੀ ਲੈ ਗਿਆ। ਜਾਫ਼ਰ ਬੇਗ ਅਜੇ ਤਕ ਨਹੀਂ ਸੀ ਮੁੜਿਆ। ਦਰਵਾਜ਼ੇ ਵਿਚ ਹੀ ਜਾਫ਼ਰ ਬੇਗ ਦੀ ਭਤੀਜੀ ਫ਼ਾਤਮਾ ਮਿਲ ਗਈ। ਰਹੀਮ ਖ਼ਾਨ ਨੇ ਉਹਨੂੰ ਕਿਹਾ, "ਇਸ ਕੁੜੀ ਨੂੰ ਅੰਦਰ ਲੈ ਜਾਓ ਤੇ ਜਦ ਮੀਆਂ ਜੀ ਆਉਣ ਤਾਂ ਉਹਨਾਂ ਦੇ ਪੇਸ਼ ਕਰਨਾ ਹੈ," ਫਿਰ ਉਸ ਹਵੇਲੀ ਦੁਆਲੇ ਪਹਿਰਾ ਦੇਣ ਵਾਲਿਆਂ ਨੂੰ ਸੰਬੋਧਨ ਕਰ ਕੇ ਕਿਹਾ, "ਜ਼ਰਾ ਖ਼ਿਆਲ ਰੱਖਣਾ, ਇਹ ਬੜੀ ਅੱਥਰੀ ਏ, ਕਿਧਰੇ ਨੱਸ ਨਾ ਜਾਏ।"

"ਇਹਨੂੰ ਕਿਸ ਕਸੂਰ ਵਿਚ ਫੜਿਆ ਜੇ ?" ਫ਼ਾਤਮਾ ਨੇ ਹੈਰਾਨ ਹੋ ਕੇ ਪੁੱਛਿਆ।

"ਇਹ ਫਿਰ ਦੱਸਾਂਗੇ। ਮੀਆਂ ਜੀ ਨੂੰ ਸਾਰਾ ਪਤਾ ਏ। ਤੁਸੀਂ ਇਹਨੂੰ ਇਕ ਕਮਰੇ ਵਿਚ ਡੱਕ ਦਿਓ," ਰਹੀਮ ਖ਼ਾਨ ਨੇ ਕਿਹਾ।

"ਮੈਂ ਕੋਈ ਕਸੂਰ ਨਹੀਂ ਕੀਤਾ, ਮੈਂ ਕੋਈ ਕਸੂਰ ਨਹੀਂ ਕੀਤਾ," ਇਹ ਕਹਿੰਦਿਆਂ ਜੀਤੋ ਦੀਆਂ ਚੀਕਾਂ ਨਿਕਲ ਗਈਆਂ। ਫ਼ਾਤਮਾ ਬੜੀ ਹੈਰਾਨ ਸੀ ਕਿ ਇਹਨੂੰ ਕਿਉਂ ਫੜ ਕੇ ਲਿਆਂਦਾ ਗਿਆ ਹੈ।

"ਕੀ ਚਾਚਾ ਜੀ ਨੇ ਇਹਨੂੰ ਫੜ ਕੇ ਲਿਆਉਣ ਲਈ ਕਿਹਾ ਸੀ ?" ਫ਼ਾਤਮਾ ਨੇ ਪੁੱਛਿਆ।

"ਜੀ ਆ, ਉਹਨਾਂ ਦੇ ਹੁਕਮ ਨਾਲ ਹੀ ਗ੍ਰਿਫ਼ਤਾਰ ਕੀਤਾ ਏ," ਰਹੀਮ ਨੇ ਕਿਹਾ।

"ਹੈਂ, ਇਸ ਤਾਂ ਚੂੜਾ ਪਾਇਆ ਹੋਇਆ ਏ ਤੇ ਹੱਥਾਂ 'ਤੇ ਮਹਿੰਦੀ ਲੱਗੀ ਹੋਈ ਏ ! ਕਿਸੇ ਦੀ ਡੋਲੀ ਲੁੱਟੀ ਜੇ ?" ਫ਼ਾਤਮਾ ਨੇ ਬੜੀ ਹੈਰਾਨੀ ਨਾਲ ਇਹ ਕਹਿੰਦਿਆਂ ਜੀਤੋ ਨੂੰ ਬਾਂਹ ਤੋਂ ਫੜ ਲਿਆ ਤੇ ਉਹਦੀ ਮੁੱਠੀ ਖੋਲ੍ਹ ਕੇ ਹੱਥਾਂ 'ਤੇ ਲੱਗੀ ਮਹਿੰਦੀ ਨੂੰ ਦੇਖਣ ਲੱਗ ਪਈ।

ਜੀਤੋ ਦੀਆਂ ਅੱਖਾਂ ਵਿਚ ਦਬਾ ਦਬ ਪਾਣੀ ਵਗ ਰਿਹਾ ਸੀ ਜੋ ਉਸ ਦੀਆਂ ਗੋਰੀਆਂ ਗੱਲ੍ਹਾਂ ਉਤੋਂ ਰਾਹ ਬਣਾਂਦਾ ਥੱਲੇ ਝੋਲੀ ਵਿਚ ਬੂੰਦਾਂ ਬਣ ਕੇ ਡਿੱਗ ਰਿਹਾ ਸੀ।

"ਇਹ ਮੀਆਂ ਜੀ ਦੀ ਮਰਜ਼ੀ ਦੇ ਉਲਟ ਕਿਧਰੇ ਵਿਆਹੀ ਜਾ ਰਹੀ ਸੀ, ਮੈਨੂੰ ਇਹਨਾਂ ਦੇ ਪਿੰਡ ਦੇ ਹੀ ਇਕ ਆਦਮੀ ਅਤਾਉੱਲਾ ਨੇ ਆ ਕੇ ਦੱਸ ਦਿੱਤਾ ਤੇ ਮੈਂ ਝੱਟ ਪੁੱਜ ਕੇ ਇਹਨੂੰ ਪਕੜ ਲਿਆਂਦਾ ਏ," ਰਹੀਮ ਨੇ ਬੜੇ ਮਾਨ ਨਾਲ ਕਿਹਾ ਜਿਵੇਂ ਉਸ ਨੇ ਇਹ ਕਾਰਵਾਈ ਕਰ ਕੇ ਹਕੂਮਤ ਲਈ ਬੜੀ ਸ਼ਾਨ ਵਾਲੀ ਗੱਲ ਕੀਤੀ ਹੈ।

"ਬੜਾ ਮਾੜਾ ਕੀਤਾ ਈ," ਫ਼ਾਤਮਾ ਨੇ ਕਿਹਾ, "ਵਿਚਾਰੀ ਵਿਆਹ ਦੇ ਖਾਰੇ ਤੋਂ ਉਠਾਈ ਗਈ। ਇਸ ਤੋਂ ਵੱਧ ਬਦਕਿਸਮਤੀ ਹੋਰ ਕੀ ਹੋ ਸਕਦੀ ਏ। ਮੈਨੂੰ ਤੁਹਾਡੀ

ਇਹ ਕਾਰਵਾਈ ਉੱਕੀ ਪਸੰਦ ਨਹੀਂ। ਮੈਂ ਇਹਨੂੰ ਆਪਣੇ ਘਰ ਨਹੀਂ ਰੱਖਣ ਦਿਆਂਗੀ। ਆ ਲੈਣ ਚਾਚਾ ਜੀ, ਮੈਂ ਉਹਨਾਂ ਨੂੰ ਵੀ ਕਹਿ ਦੇਣਾ ਏਂ ਕਿ ਇਸ ਤਰ੍ਹਾਂ ਰਾਜ ਨਹੀਂ ਚੱਲ ਸਕਦਾ। ਜੇ ਤੁਸਾਂ ਹੀ ਲੋਕਾਂ ਦੀ ਇੱਜ਼ਤ ਬਚਾਣ ਦੀ ਥਾਂ ਲੁੱਟਣੀ ਸ਼ੁਰੂ ਕਰ ਦੇਣੀ ਏਂ ਤਾਂ ਤੁਹਾਡਾ ਇਹ ਧੱਕਾ ਬਹੁਤੀ ਦੇਰ ਨਹੀਂ ਚੱਲ ਸਕੇਗਾ। ਲੋਕੀਂ ਇਸ ਤਰ੍ਹਾਂ ਦੀ ਵਧੀਕੀ ਬਹੁਤੀ ਦੇਰ ਨਹੀਂ ਸਹਿ ਸਕਦੇ।"

"ਚੰਗਾ ਫਿਰ, ਮੈਂ ਅਜੇ ਇਹਨੂੰ ਆਪਣੀ ਹਵੇਲੀ ਵਿਚ ਹੀ ਲੈ ਜਾਂਦਾ ਹਾਂ। ਮੀਆਂ ਜੀ ਆਪੇ ਆ ਕੇ ਫ਼ੈਸਲਾ ਕਰ ਲੈਣਗੇ।" ਇਹ ਕਹਿ ਕੇ ਰਹੀਮ ਨੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ ਕਿ ਉਹ ਜੀਤੋ ਨੂੰ ਪਕੜ ਕੇ ਲੈ ਚੱਲਣ। ਜਦ ਸਿਪਾਹੀ ਜੀਤੋ ਨੂੰ ਫੜਨ ਲੱਗੇ ਤਾਂ ਉਹਦੀਆਂ ਚੀਕਾਂ ਨਿਕਲ ਗਈਆਂ ਅਤੇ ਉਸ ਨੇ ਦੌੜ ਕੇ ਫ਼ਾਤਮਾ ਦੇ ਪੈਰ ਫੜ ਲਏ, "ਭੈਣ ਮੈਨੂੰ ਬਚਾਅ ਲੈ, ਮੈਨੂੰ ਇਹਨਾਂ ਰਾਕਸ਼ਾਂ ਤੋਂ ਬਚਾਅ ਲੈ। ਮੈਨੂੰ ਇਹਨਾਂ ਦੇ ਹਵਾਲੇ ਨਾ ਕਰ।" ਜੀਤੋ ਦਾ ਸਰੀਰ ਕੰਬ ਰਿਹਾ ਸੀ। ਹੱਥਾਂ ਨਾਲ ਉਸ ਫ਼ਾਤਮਾ ਦੀਆਂ ਲੱਤਾਂ ਨੂੰ ਜੱਫਾ ਮਾਰਿਆ ਹੋਇਆ ਸੀ ਤੇ ਰੋਂਦਿਆਂ ਅੱਖਾਂ ਉਪਰ ਕਰ ਕੇ ਉਹਦੇ ਤਰਲੇ ਕਰ ਰਹੀ ਸੀ।

ਇਸ ਸਮੇਂ ਜੀਤੋ ਨੂੰ ਫ਼ਾਤਮਾ ਦੀਆਂ ਰਹੀਮ ਨਾਲ ਗੱਲਾਂ ਤੋਂ ਆਸ ਬੱਝ ਗਈ ਸੀ ਕਿ ਇਹ ਕੁੜੀ ਉਸ ਦੀ ਸਹਾਇਕ ਸਿੱਧ ਹੋ ਸਕਦੀ ਏ ਤੇ ਉਹਨੂੰ ਇਹਨਾਂ ਜ਼ਾਲਮਾਂ ਦੇ ਪੰਜੇ ਵਿੱਚੋਂ ਛੁਡਾ ਸਕਦੀ ਏ।

ਫ਼ਾਤਮਾ ਦੀ ਕੋਈ ਭੈਣ ਨਹੀਂ ਸੀ, ਉਹਨੂੰ ਸਦਾ ਇਹ ਚਾਅ ਹੁੰਦਾ ਸੀ ਕਿ ਉਸ ਦੀ ਵੀ ਕੋਈ ਭੈਣ ਹੋਵੇ। ਉਹਨੂੰ ਵੀ ਕੋਈ ਭੈਣ ਕਹੇ। ਜੀਤੋ ਦੇ ਮੂੰਹੋਂ ਪਿਆਰ, ਤਰਲੇ ਤੇ ਮਾਸੂਮਤਾ ਵਿਚ ਨਿਕਲੇ ਸ਼ਬਦ 'ਭੈਣ' ਨੇ ਫ਼ਾਤਮਾ ਦੇ ਮਨ ਵਿਚ ਘਰ ਕਰ ਲਿਆ। ਉਸ ਨੇ ਉਹਨੂੰ ਬਾਹਾਂ ਤੋਂ ਫੜ ਲਿਆ ਅਤੇ ਉਪਰ ਚੁੱਕ ਕੇ ਆਪਣੀ ਗਲਵਕੜੀ ਵਿਚ ਲੈ ਲਿਆ। ਰਹੀਮ ਇਹ ਸਾਰਾ ਕੁਝ ਸਾਹਮਣੇ ਖੜਾ ਦੇਖ ਰਿਹਾ ਸੀ। ਜ਼ਨਾਨੀ ਦਾ ਦਿਲ ਜਦ ਪੰਘਰ ਜਾਏ ਤਾਂ ਮੋਮ ਨਾਲੋਂ ਵੀ ਵੱਧ ਪੰਘਰ ਜਾਂਦਾ ਹੈ। ਫ਼ਾਤਮਾ ਦਾ ਮਨ ਵੀ ਭਰ ਆਇਆ ਅਤੇ ਉਹਦੀਆਂ ਅੱਖਾਂ ਵਿਚ ਵੀ ਗਲੇਡੂ ਭਰ ਆਏ ਪਰ ਉਸ ਨੇ ਮੂੰਹ ਪਰਲੇ ਪਾਸੇ ਕਰ ਕੇ ਚੁੰਨੀ ਨਾਲ ਪੂੰਝ ਲਿਆ ਅਤੇ ਫਿਰ ਰਹੀਮ ਨੂੰ ਕਿਹਾ, "ਤੁਸੀਂ ਜਾਉ, ਮੈਂ ਇਹਨੂੰ ਆਪਣੇ ਪਾਸ ਹੀ ਰੱਖਾਂਗੀ। ਚਾਚਾ ਜੀ ਦੇ ਹਵਾਲੇ ਕਰ ਦਿਆਂਗੀ।"

ਰਹੀਮ ਅੱਗੇ ਹੀ ਇਹ ਚਾਹੁੰਦਾ ਸੀ ਕਿ ਇਹ ਜ਼ੁੰਮੇਵਾਰੀ ਉਹਦੇ ਸਿਰੋਂ ਟਲ ਜਾਏ। ਉਹਨੂੰ ਰਾਤ ਨੂੰ ਨੀਂਦਰ ਵੀ ਨਹੀਂ ਸੀ ਪਈ ਕਿ ਕਿਤੇ ਇਹ ਨੱਸ ਗਈ ਤਾਂ ਮੇਰੀ ਸ਼ਾਮਤ ਆ ਜਾਏਗੀ ਜਾਂ ਮੇਰੀ ਨੀਅਤ ਖ਼ਰਾਬ ਹੋ ਗਈ ਤਾਂ ਮੀਆਂ ਜੀ ਨਾਲ ਵਿਗੜ ਜਾਏਗੀ। ਰਹੀਮ ਖ਼ਾਨ ਸਿਪਾਹੀਆਂ ਨੂੰ ਲੈ ਕੇ ਚਲਾ ਗਿਆ।

ਫ਼ਾਤਮਾ ਇਹਨੂੰ ਲੈ ਕੇ ਆਪਣੇ ਕਮਰੇ ਵਿਚ ਆ ਗਈ ਤੇ ਸਾਰੇ ਦਰਵਾਜ਼ੇ ਤੇ ਖਿੜਕੀਆਂ ਬੰਦ ਕਰ ਦਿੱਤੀਆਂ। ਆਪਣੇ ਵੱਡੇ ਸਾਰੇ ਪਲੰਘ 'ਤੇ ਉਹਨੂੰ ਬਿਠਾ ਲਿਆ। ਜੀਤੋ ਅਜੇ ਤਕ ਕੰਬੀ ਜਾ ਰਹੀ ਸੀ ਤੇ ਸਹਿਮੀ ਹੋਈ ਪਲੰਘ ਦੀ ਇਕ ਨੁੱਕਰੇ ਲੱਗ ਗਈ।

"ਚੰਗੀ ਤਰ੍ਹਾਂ ਬਹਿ ਜਾ, ਇਥੇ ਤੇਰੀ 'ਵਾ ਵੱਲ ਵੀ ਕੋਈ ਨਹੀਂ ਦੇਖ ਸਕਦਾ," ਫ਼ਾਤਮਾ ਨੇ ਕਿਹਾ, "ਅੱਛਾ ਦੱਸ ਕੀ ਖਾਏਂਗੀ? ਦੁੱਧ ਪੀਏਂਗੀ ਜਾਂ ਲੱਸੀ ਲਿਆਵਾਂ?"

"ਕੁਝ ਨਹੀਂ," ਜੀਤੋ ਨੇ ਕੰਬਦੇ ਸੁੱਕੇ ਹੋਠਾਂ ਨੂੰ ਹਿਲਾਂਦਿਆਂ ਕਿਹਾ, "ਮੈਨੂੰ ਭੁੱਖ ਨਹੀਂ।"

"ਭੁੱਖ ਕਿਵੇਂ ਨਹੀਂ, ਕੱਲ੍ਹ ਦਾ ਤੂੰ ਕੁਝ ਨਹੀਂ ਖਾਧਾ ਪੀਤਾ?" ਫ਼ਾਤਮਾ ਨੇ ਕਿਹਾ, "ਝੱਲੀ ਨਾ ਹੋਵੇ ਤੇ ਐਵੇਂ ਘਾਬਰ ਰਹੀ ਏਂ।"

"ਮੀਆਂ ਜੀ ਕੌਣ ਨੇ?" ਜੀਤੋ ਨੇ ਬੜੇ ਡਰਦਿਆਂ ਪੁੱਛਿਆ।

"ਮੇਰੇ ਚਾਚਾ ਜੀ," ਫ਼ਾਤਮਾ ਨੇ ਕਿਹਾ, "ਤੂੰ ਨਹੀਂ ਜਾਣਦੀ ਉਹਨਾਂ ਨੂੰ?"

"ਨਹੀਂ," ਜੀਤੋ ਨੇ ਫਿਰ ਪੁੱਛਿਆ, "ਉਹ ਕਰਦੇ ਕੀ ਨੇ ਤੇ ਇਹ ਮੈਨੂੰ ਲਿਆਉਣ ਵਾਲਾ ਕੌਣ ਸੀ?"

"ਚਾਚਾ ਜੀ ਪੱਟੀ ਦੇ ਫ਼ੌਜਦਾਰ ਨੇ, ਤੂੰ ਸੁਣਿਆ ਨਹੀਂ ਉਹਨਾਂ ਦਾ ਨਾਂ, ਮੀਆਂ ਜਾਫ਼ਰ ਬੇਗ ਤੇ ਇਹ ਸਾਡੀ ਫ਼ੌਜ ਵਿਚ ਏ ਰਹੀਮ ਜਿਹੜਾ ਤੈਨੂੰ ਲਿਆਇਆ ਏ।"

"ਤੁਸੀਂ ਮੈਨੂੰ ਹੁਣ ਇਹਨਾਂ ਦੇ ਹਵਾਲੇ ਕਰ ਦਿਉਗੇ?" ਇਹ ਕਹਿੰਦਿਆਂ ਜੀਤੋ ਫਿਰ ਰੋਣ ਲੱਗ ਪਈ।

"ਝੱਲੀਏ ਰੋ ਰੋ ਕੇ ਆਪਣਾ ਹਾਲ ਕਿਉਂ ਵੰਞਾਈ ਜਾਨੀ ਏਂ?" ਫ਼ਾਤਮਾ ਨੇ ਕਿਹਾ, "ਮੈਂ ਤੈਨੂੰ ਉਹਨਾਂ ਦੇ ਹਵਾਲੇ ਨਹੀਂ ਕਰਾਂਗੀ।"

"ਸੱਚੀਂ?"

"ਕਦੇ ਨਹੀਂ ਕਰਾਂਗੀ," ਫ਼ਾਤਮਾ ਨੇ ਜੀਤੋ ਨੂੰ ਫਿਰ ਗਲਵਕੜੀ ਵਿਚ ਲੈ ਲਿਆ ਤੇ ਕਿੰਨੀ ਦੇਰ ਘੁੱਟੀ ਰੱਖਿਆ।

"ਅੱਛਾ, ਮੈਨੂੰ ਸਾਰੀ ਗੱਲ ਦੱਸ ਤੈਨੂੰ ਕਿਵੇਂ ਲਿਆਂਦਾ ਨੇ?"

ਜੀਤੋ ਨੇ ਉਹਨੂੰ ਆਪਣੀ ਸੱਚੀ ਹਮਦਰਦ ਸਮਝ ਕੇ ਆਪਣੀ ਸਾਰੀ ਵਿਥਿਆ ਸੁਣਾ ਦਿੱਤੀ। ਉਸ ਦੱਸਿਆ ਕਿ ਇਕ ਦਿਨ ਉਹਦੇ ਪਿਤਾ ਜੀ ਕੁਝ ਸੌਦਾ ਲੈਣ ਪੱਟੀ ਆਏ ਸਨ ਤੇ ਇਥੇ ਕਿਸੇ ਸ਼ਾਹ ਨੇ ਉਹਨਾਂ ਨੂੰ ਦੱਸਿਆ ਕਿ ਜਾਫ਼ਰ ਬੇਗ ਨੇ ਤੁਹਾਡੀ ਕੁੜੀ ਚੁੱਕਣ ਦਾ ਫ਼ੈਸਲਾ ਕਰ ਲਿਆ ਏ। ਪਿਤਾ ਜੀ ਘਬਰਾ ਗਏ। ਉਹਨਾਂ ਝੱਟ-ਪਟ ਮੇਰਾ ਵਿਆਹ ਕਰਨ ਦਾ ਪ੍ਰੋਗਰਾਮ ਬਣਾ ਲਿਆ ਤੇ ਉਥੇ ਹੀ ਮੇਰੇ ਰਿਸ਼ਤੇ ਦੀ ਗੱਲ-ਬਾਤ

ਕਰ ਕੇ ਦੂਜੇ ਦਿਨ ਵਿਆਹ ਮਿਥ ਗਏ।

"ਕੀ ਨਾਂ ਏ ਤੇਰੇ ਪਿਤਾ ਜੀ ਦਾ ?" ਫ਼ਾਤਮਾ ਨੇ ਪੁੱਛਿਆ।

"ਸੁਹਣੇ ਸ਼ਾਹ।"

"ਅੱਛਾ, ਫਿਰ ਕਿਵੇਂ ਹੋਈ ?"

"ਪਿਤਾ ਜੀ ਨੇ ਘਰ ਜਾ ਕੇ ਮਾਂ ਨੂੰ ਦੱਸਿਆ ਕਿ ਜਾਫ਼ਰ ਬੇਗ ਦੀ ਨੀਅਤ ਮਾੜੀ ਏ। ਅੱਗੇ ਇਕ ਵਾਰੀ ਤੁਹਾਡੇ ਚਾਚੇ ਨੇ ਅਖਵਾ ਵੀ ਭੇਜਿਆ ਸੀ ਕਿ ਕੁੜੀ ਦਾ ਡੋਲਾ ਮੈਨੂੰ ਦੇ ਦਿਓ ਪਰ ਪਿਤਾ ਜੀ ਨਹੀਂ ਸਨ ਮੰਨੇ। ਉਹਨਾਂ ਕਿਹਾ ਸੀ ਕਿ ਅਸੀਂ ਹਿੰਦੂ ਹਾਂ ਤੇ ਤੁਸੀਂ ਮੁਸਲਮਾਨ। ਨਾਲੇ ਹਾਣ ਵੀ ਨਹੀਂ ਬਣਦਾ।"

"ਇਹ ਤਾਂ ਤੇਰੇ ਪਿਤਾ ਜੀ ਨੇ ਠੀਕ ਕਿਹਾ ਏ। ਮੇਰੇ ਚਾਚਾ ਜੀ ਦੀ ਉਮਰ 50 ਸਾਲਾਂ ਤੋਂ ਉਪਰ ਹੋਣੀ ਏਂ। ਦਾਹੜੀ ਸਾਰੀ ਚਿੱਟੀ ਏ, ਉਂਜ ਭਾਵੇਂ ਮਹਿੰਦੀ ਨਾਲ ਰੰਗਦੇ ਨੇ। ਅੱਛਾ, ਤੈਨੂੰ ਇਹ ਗੱਲਾਂ ਕਿਸ ਦੱਸੀਆਂ ?"

"ਜਦ ਪਿਤਾ ਜੀ ਮਾਂ ਨਾਲ ਗੱਲਾਂ ਕਰ ਰਹੇ ਸਨ ਤਾਂ ਮੈਂ ਹੱਟੀ ਦੇ ਪਿਛਲੇ ਪਾਸੇ ਤਾਕੀ ਉਹਲੇ ਖੜੀ ਸੁਣਦੀ ਪਈ ਸਾਂ। ਮੈਂ ਮਾਂ ਤੋਂ ਉਂਝ ਪੁੱਛਿਆ ਵੀ ਸੀ ਤੇ ਮੈਨੂੰ ਮਾਂ ਨੇ ਵੀ ਦੱਸ ਦਿੱਤਾ ਸੀ।"

"ਅੱਛਾ, ਫਿਰ ਕੀ ਹੋਇਆ ?" ਫ਼ਾਤਮਾ ਉਹਦੀ ਅਗਲੀ ਘਟਨਾ ਸੁਣਨ ਲਈ ਉਤਾਵਲੀ ਸੀ।

"ਫਿਰ ਜਦ ਜੰਞ ਆ ਗਈ ਤੇ ਸਾਡੀਆਂ ਲਾਵਾਂ ਹੋਣ ਲੱਗੀਆਂ। ਅਜੇ ਤਿੰਨ ਲਾਵਾਂ ਹੀ ਹੋਈਆਂ ਸਨ ਕਿ ਉਪਰੋਂ ਇਹੀ ਆ ਗਿਆ, ਜਿਹਨੂੰ ਰਹੀਮ ਕਿਹਾ ਜੇ ਤੇ ਮੈਨੂੰ ਜ਼ਬਰਦਸਤੀ ਚੁੱਕ ਕੇ ਲੈ ਆਇਆ," ਇਹ ਦੱਸਦਿਆਂ ਜੀਤੋ ਦਾ ਗਲਾ ਭਰ ਗਿਆ ਤੇ ਆਵਾਜ਼ ਭਾਰੀ ਹੋ ਗਈ।

"ਤੇਰੇ ਮਾਪਿਆਂ ਤੇ ਜਾਂਞੀਆਂ ਵਿੱਚੋਂ ਕਿਸੇ ਨਾ ਰੋਕਿਆ ?" ਫ਼ਾਤਮਾ ਨੇ ਫਿਰ ਪੁੱਛਿਆ।

"ਰੋਕਦੇ ਕੀ, ਅਚਨਚੇਤ ਇਹ ਜਾ ਪਏ ਤੇ ਬੰਦੂਕਾਂ ਸਿੱਧੀਆਂ ਕਰ ਲਈਆਂ। ਕਈਆਂ ਨੇ ਤਰਲੇ ਕੀਤੇ, ਹੱਥ ਜੋੜੇ ਪਰ ਕਿਸੇ ਇਕ ਨਾ ਸੁਣੀ। ਉਹਨਾਂ ਤੋਂ ਸਹਾਰਿਆ ਨਾ ਗਿਆ ਤੇ ਇਕ ਡਾਂਗ ਮਾਰੀ ਪਰ ਫਿਰ ਸਿਪਾਹੀਆਂ ਨੇ ਅਜਿਹਾ ਡਾਂਗਾਂ ਦਾ ਮੀਂਹ ਵਸਾਇਆ ਕਿ ਉਹ ਲਹੂ-ਲੁਹਾਨ ਹੋ ਕੇ ਡਿੱਗ ਪਏ।"

"ਕੌਣ ਡਿੱਗ ਪਿਆ ?"

"ਉਹ।"

"ਉਹ ਕੌਣ, ਮੈਂ ਸਮਝੀ ਨਹੀਂ ?"

ਜੀਤੋ ਨੂੰ ਸ਼ਰਮ ਆ ਗਈ। ਉਹਨੇ ਸਿਰ ਨੀਵਾਂ ਕਰ ਲਿਆ ਤੇ ਚੁੱਪ ਹੋ ਗਈ। ਫ਼ਾਤਮਾ ਸੋਚੀਂ ਪੈ ਗਈ। ਝੱਟ ਹੀ ਉਹਨੂੰ ਚੇਤਾ ਆ ਗਿਆ ਕਿ ਹਿੰਦੂ ਜ਼ਨਾਨੀਆਂ ਆਪਣੇ ਪਤੀ ਦਾ ਨਾਂ ਨਹੀਂ ਲੈਂਦੀਆਂ। ਇਹਦਾ ਇਸ਼ਾਰਾ ਆਪਣੇ ਘਰਵਾਲੇ ਵੱਲ ਹੈ ਪਰ ਤਸੱਲੀ ਲਈ ਉਸ ਪੁੱਛ ਲਿਆ, "ਉਹ ਕੌਣ, ਤੇਰਾ ਪਤੀ ?" ਜੀਤੋ ਨੇ ਸਿਰ ਹਿਲਾ ਕੇ 'ਹਾਂ' ਵਿਚ ਉੱਤਰ ਦਿੱਤਾ।

"ਤਾਂ ਤੇ ਅਣਖ ਵਾਲਾ ਹੋਇਆ, ਜਿਸ ਨੇ ਆਪਣੀ ਜ਼ਨਾਨੀ ਬਚਾਣ ਲਈ ਮੌਤ ਮੁੱਲ ਸਹੇੜ ਲਈ।"

ਮੌਤ ਦਾ ਸ਼ਬਦ ਸੁਣ ਕੇ ਜੀਤੋ ਕੰਬ ਉੱਠੀ। ਉਹਦੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਆ ਗਿਆ ਜਦ ਰਹੀਮ ਉਹਨੂੰ ਬਾਹੋਂ ਫੜਨ ਲੱਗਾ ਸੀ ਤਾਂ ਦਿਆਲੇ ਨੇ ਮੰਡਪ ਵਿੱਚੋਂ ਡਾਂਗ ਪੁੱਟ ਕੇ ਉਹਦੇ ਜ਼ੋਰ ਦੀ ਮਾਰੀ ਸੀ।

ਅਜੇ ਇਹ ਗੱਲਾਂ ਕਰ ਹੀ ਰਹੀਆਂ ਸਨ ਕਿ ਦਰਵਾਜ਼ਾ ਖੜਕਿਆ। ਜੀਤੋ ਦੀ ਖਾਨਿਓਂ ਗਈ। ਉਸ ਸਮਝਿਆ ਕਿ ਮੀਆਂ ਜੀ ਆ ਗਏ ਹਨ। ਫ਼ਾਤਮਾ ਨਾਲ ਦਿਲ ਦੀਆਂ ਗੱਲਾਂ ਕਰ ਕੇ ਉਹਦਾ ਮਨ ਕੁਝ ਹੌਲਾ ਹੋ ਗਿਆ ਸੀ, ਜੋ ਦਰਵਾਜ਼ਾ ਖੜਕਣ ਨਾਲ ਫਿਰ ਬੇਚੈਨ ਹੋ ਗਿਆ।

ਫ਼ਾਤਮਾ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਨੌਕਰਾਣੀ ਸਲੀਮਾਂ ਬਾਹਰ ਖੜੀ ਸੀ। ਉਸ ਦੱਸਿਆ ਕਿ ਮੀਆਂ ਜੀ ਆ ਗਏ ਹਨ ਤੇ ਉਹ ਛੇਤੀ ਹੀ ਇਧਰ ਆਉਣ ਵਾਲੇ ਹਨ।

"ਕੋਈ ਗੱਲ ਨਹੀਂ," ਫ਼ਾਤਮਾ ਨੇ ਦਰਵਾਜ਼ਾ ਭੀੜ ਦਿੱਤਾ ਤੇ ਉਹਨੂੰ ਇਹ ਵੀ ਕਿਹਾ, "ਮੀਆਂ ਜੀ ਨੂੰ ਨਾ ਦੱਸੀਂ ਕਿ ਮੈਂ ਵੀ ਇਥੇ ਹਾਂ।"

ਜਾਫ਼ਰ ਬੇਗ ਨੇ ਸ਼ਰਾਬ ਪੀਤੀ ਹੋਈ ਸੀ; ਇਸ ਵੇਲੇ ਪੂਰੇ ਲੋਰ ਵਿਚ ਉਹ ਇਸ ਕਮਰੇ ਵੱਲ ਆਇਆ। ਮੂੰਹ ਵਿਚ ਕੁਝ ਗੁਣਗੁਣਾ ਰਿਹਾ ਸੀ ਤੇ ਜਦ ਦਰਵਾਜ਼ੇ ਕੋਲ ਪਹੁੰਚ ਗਿਆ ਤਾਂ ਮਿਰਜ਼ਾ ਸਾਹਿਬਾਂ ਦੇ ਕਿੱਸੇ ਦੀਆਂ ਤੁਕਾਂ ਵਿਗਾੜ ਕੇ ਉੱਚੀ ਸਾਰੀ ਪੜ੍ਹਦਿਆਂ ਬੂਹਾ ਖੋਲ੍ਹ ਦਿੱਤਾ :

ਕੱਢ ਕਲੇਜਾ ਲੈ ਗਈ, ਸੁਹਣੇ ਸ਼ਾਹ ਦੀ ਧੀ।
ਗਜ ਗਜ ਲੰਮੀਆਂ ਮੇਢੀਆਂ, ਰੰਗ ਜੋ ਗੋਰਾ ਸੀ।

ਦਰਵਾਜ਼ਾ ਖੁਲ੍ਹਦਿਆਂ ਸਾਹਮਣੇ ਮੰਜੇ 'ਤੇ ਜੀਤੋ ਤੇ ਉਹਦੇ ਨਾਲ ਹੀ ਫ਼ਾਤਮਾ ਬੈਠੀ ਦੇਖ ਕੇ ਉਹਨੂੰ ਸ਼ਰਮ ਆ ਗਈ। ਫ਼ਾਤਮਾ ਲਈ ਉਹਦੇ ਮਨ ਵਿਚ ਬਹੁਤ ਪਿਆਰ ਤੇ ਸਤਿਕਾਰ ਸੀ। ਅੱਗੇ ਜਿਤਨੀ ਵਾਰੀ ਵੀ ਉਸ ਕਿਧਰੇ ਝੱਖ ਮਾਰੀ, ਕਿਸੇ ਜ਼ਨਾਨੀ ਨੂੰ ਘਰ ਲਿਆਂਦਾ ਤਾਂ ਹਵੇਲੀ ਦੇ ਪਿਛਲੇ ਪਾਸੇ ਇਕ ਵੱਖਰੇ ਕਮਰੇ ਵਿਚ ਹੀ ਰੱਖਿਆ

ਤੇ ਇਸ ਤਰ੍ਹਾਂ ਫ਼ਾਤਮਾ ਤੋਂ ਛੁਪ ਕੇ ਹੀ ਆਪ ਪਾਪ ਕਰਦਾ ਰਿਹਾ। ਅੱਜ ਵੀ ਜੇ ਉਹ ਪਹਿਲਾਂ ਘਰ ਹੁੰਦਾ ਤਾਂ ਜੀਤੋ ਨੂੰ ਕਦੇ ਨਾ ਇਸ ਪਾਸੇ ਲਿਆਉਂਦਾ। ਫ਼ਾਤਮਾ ਨੂੰ ਸਾਹਮਣੇ ਦੇਖ ਕੇ ਉਸ ਝੱਟ ਗਾਣਾ ਬੰਦ ਕਰ ਦਿੱਤਾ ਤੇ ਸ਼ਰਾਬ ਦਾ ਨਸ਼ਾ ਵੀ ਕੁਝ ਉਤਰਨ ਲੱਗਾ।

ਫ਼ਾਤਮਾ ਮੰਜੇ ਤੋਂ ਉੱਠ ਖਲੋਤੀ ਤੇ ਉਸ ਚਿਹਰੇ 'ਤੇ ਬਨਾਉਟੀ ਹਾਸਾ ਲਿਆਉਂਦਿਆਂ ਪੁੱਛਿਆ, "ਕਰ ਆਏ ਫ਼ਤ੍ਹੇ ਉਸ ਸਿਖ ਨੂੰ ?"

"ਬਿਲਕੁਲ, ਐਤਕੀਂ ਤਾਂ ਉਹਨੂੰ ਰੜੇ ਮੈਦਾਨ ਮਾਰਿਆ ਏ," ਜਾਫ਼ਰ ਬੇਗ ਨੇ ਕਿਹਾ, "ਅੜਿਆ ਤੇ ਉਹ ਬੜਾ ਸੀ ਤੇ ਨੁਕਸਾਨ ਸਾਡਾ ਵੀ ਕਾਫ਼ੀ ਕਰ ਦਿੱਤਾ ਸੂ ਪਰ ਅਖ਼ੀਰ ਅਸਾਂ ਮਾਰ ਹੀ ਲਿਆ ਏ।"

"ਅੱਛਾ, ਤੁਸੀਂ ਇਸ ਕੁੜੀ ਨੂੰ ਮੰਗਵਾਇਆ ਏ ?" ਫ਼ਾਤਮਾ ਨੇ ਬਿਲਕੁਲ ਸਾਫ਼ ਤੇ ਸਪੱਸ਼ਟ ਸਵਾਲ ਪੁੱਛ ਲਿਆ।

ਜਾਫ਼ਰ ਬੇਗ ਲਈ ਹੁਣ ਇਨਕਾਰ ਦਾ ਕੋਈ ਰਾਹ ਨਹੀਂ ਸੀ, ਕਿਉਂਕਿ ਰਹੀਮ ਨੇ ਉਹਨੂੰ ਦੱਸ ਦਿੱਤਾ ਸੀ, ਫ਼ਾਤਮਾ ਨਾਲ ਉਹਦੀਆਂ ਗੱਲਾਂ ਹੁੰਦੀਆਂ ਰਹੀਆਂ ਸਨ। ਇਸ ਲਈ ਉਹਨੇ ਕਿਹਾ, "ਹਾਂ, ਮੈਂ ਹੀ ਮੰਗਵਾਈ ਏ।"

"ਕਿਉਂ ?"

"ਇਹ ਨਹੀਂ ਦੱਸ ਸਕਦਾ," ਜਾਫ਼ਰ ਬੇਗ ਨੇ ਕਿਹਾ, "ਇਹ ਰਾਜ਼ ਦਾ ਮਾਮਲਾ ਏ।"

"ਮੈਂ ਨਹੀਂ ਸਮਝਦੀ ਕਿ ਇਹਦੇ ਵਿਚ ਕੋਈ ਰਾਜ਼ ਦਾ ਮਾਮਲਾ ਏ। ਇਸ ਕੀ ਕਸੂਰ ਕੀਤਾ ਏ, ਜਿਸ ਕਾਰਨ ਇਹਨੂੰ ਫੜ ਲਿਆਂਦਾ ਜੇ ?" ਫ਼ਾਤਮਾ ਨੇ ਬੜੀ ਦ੍ਰਿੜ੍ਹਤਾ ਤੇ ਦਲੇਰੀ ਨਾਲ ਨਿਝੱਕ ਹੋ ਕੇ ਕਿਹਾ।

"ਇਹਦਾ ਪਿਉ ਬੜਾ ਆਕੜ ਖ਼ਾਂ ਏ," ਜਾਫ਼ਰ ਬੇਗ ਨੇ ਹੁਣ ਜ਼ਰਾ ਤਲਖ਼ੀ ਵਿਚ ਕਿਹਾ।

"ਪਿਉ ਆਕੜ ਖ਼ਾਂ ਏ ਤੇ ਉਹਦੀ ਸਜ਼ਾ ਧੀ ਨੂੰ ਦੇਣੀ ਜੇ ?" ਫ਼ਾਤਮਾ ਨੇ ਵੀ ਖਿਝ ਕੇ ਕਿਹਾ।

"ਤੂੰ ਨਹੀਂ ਸਮਝਦੀ ਫ਼ਾਤਮਾ, ਇਹਦੇ ਵਿਚ ਕੀ ਭੇਦ ਏ।"

ਜਾਫ਼ਰ ਬੇਗ ਚਾਹੁੰਦਾ ਸੀ ਕਿ ਜੀਤੋ ਨਾਲ ਕੁਝ ਗੱਲਾਂ ਕਰੇ ਪਰ ਉਹਦੇ ਲਈ ਬੜਾ ਔਖਾ ਹੋ ਗਿਆ ਕਿ ਉਹ ਫ਼ਾਤਮਾ ਨੂੰ ਕਿਵੇਂ ਟੋਰੇ। ਉਸ ਯਤਨ ਭੀ ਕੀਤਾ ਕਿ ਫ਼ਾਤਮਾ ਨੂੰ ਕਿਸੇ ਬਹਾਨੇ ਬਾਹਰ ਭੇਜੇ, ਪਰ ਫ਼ਾਤਮਾ ਦਾ ਅਜਿਹਾ ਪ੍ਰਭਾਵ ਸੀ ਕਿ ਉਹ ਕਹਿ ਨਾ ਸਕਿਆ ਤੇ ਅਖ਼ੀਰ ਉਸ ਇਹੀ ਫ਼ੈਸਲਾ ਕਰ ਲਿਆ ਕਿ ਇਹਨੂੰ ਫ਼ਾਤਮਾ ਤੋਂ ਵੱਖ ਕਰੋ।

"ਚੰਗਾ ਫ਼ਾਤਮਾ, ਹੁਣੇ ਸਿਪਾਹੀ ਆਉਣਗੇ ਤੇ ਇਹਨੂੰ ਬਾਹਰਲੀ ਹਵੇਲੀ ਲੈ ਜਾਣਗੇ," ਜਾਫ਼ਰ ਬੇਗ ਨੇ ਕਿਹਾ।

"ਨਹੀਂ ਇਹਨੂੰ ਬਾਹਰ ਕਿਉਂ ਭੇਜਦੇ ਹੋ ਇਹਨੂੰ ਮੇਰੇ ਕੋਲ ਹੀ ਰਹਿਣ ਦਿਉ," ਫ਼ਾਤਮਾ ਨੇ ਮੰਗ ਕੀਤੀ, "ਇਥੇ ਮੇਰਾ ਵੀ ਦਿਲ ਲੱਗਾ ਰਹੇਗਾ।"

"ਨਹੀਂ, ਇਹਦਾ ਇਥੇ ਰਹਿਣਾ ਖ਼ਤਰਨਾਕ ਏ," ਜਾਫ਼ਰ ਬੇਗ ਨੇ ਜ਼ਰਾ ਸੋਚ ਕੇ ਕਿਹਾ।

"ਹੁਣ ਰਾਤ ਪੈ ਗਈ ਤੇ ਕੱਲ੍ਹ ਇਹਨੂੰ ਜਿਥੇ ਚਾਹੋ ਭੇਜ ਦੇਣਾ। ਅੱਜ ਤਾਂ ਇਥੇ ਰਹਿਣ ਦਿਉ," ਫ਼ਾਤਮਾ ਨੇ ਤਰਲੇ ਨਾਲ ਕਿਹਾ।

ਜਾਫ਼ਰ ਬੇਗ ਨੇ ਇਹ ਗੱਲ ਮੰਨ ਲਈ ਤੇ ਸਿਰ ਹਿਲਾ ਕੇ ਪ੍ਰਵਾਨਗੀ ਦੇ ਦਿੱਤੀ। ਉਸ ਇਕ ਨਜ਼ਰ ਜੀਤੋ 'ਤੇ ਸੁੱਟੀ ਜੋ ਗੋਡਿਆਂ ਵਿਚ ਸਿਰ ਦਿੱਤੀ ਪਲੰਘ ਦੇ ਨੁੱਕਰੇ ਲੱਗੀ ਕੰਬੀ ਜਾ ਰਹੀ ਸੀ। ਜਾਫ਼ਰ ਬੇਗ ਦਰਵਾਜ਼ੇ ਤੋਂ ਬਾਹਰ ਨਿਕਲ ਗਿਆ।

6

ਜੰਗਲ ਦੇ ਵਿਚਕਾਰ ਬਹੁਤ ਘਣੇ ਰੁੱਖਾਂ ਦਾ ਇਕ ਝੁੰਡ ਸੀ, ਜਿਸ ਨੂੰ ਇਕ ਪਾਸੇ ਛੋਟਾ ਜਿਹਾ ਇਕ ਰਸਤਾ ਸੀ। ਅੱਗੇ ਵਿਚਕਾਰ ਮੈਦਾਨ ਸੀ ਜੋ ਸਿੰਘਾਂ ਨੇ ਆਪ ਜੰਗਲ ਸਾਫ਼ ਕਰ ਕੇ ਬਣਾਇਆ ਹੋਇਆ ਸੀ। ਕੋਈ ਤਿੰਨ ਚਾਰ ਏਕੜ ਜ਼ਮੀਨ ਦੇ ਇਸ ਮੈਦਾਨ ਦੇ ਆਸੇ ਪਾਸੇ ਰੁੱਖਾਂ ਨਾਲ ਲੱਗਦੀਆਂ ਝੁੱਗੀਆਂ ਬਣੀਆਂ ਹੋਈਆਂ ਸਨ, ਜਿਸ ਵਿਚ ਸਿੰਘਾਂ ਦਾ ਡੇਰਾ ਸੀ। ਝੁੱਗੀਆਂ ਉਪਰ ਕਾਨਿਆਂ ਦਾ ਸਰਕੜਾ ਸੀ, ਜਿਸ ਉਪਰ ਘਾਹ ਸੁਟ ਕੇ ਲਿਪਿਆਂ ਹੋਇਆ ਸੀ।

ਕੁਝ ਝੁੱਗੀਆਂ ਬਹੁਤ ਪੁਰਾਣੀਆਂ ਤੇ ਕੁਝ ਬਿਲਕੁਲ ਨਵੀਆਂ ਪ੍ਰਤੀਤ ਹੋ ਰਹੀਆਂ ਸਨ। ਇਉਂ ਜਾਪਦਾ ਸੀ ਜਿਵੇਂ ਕੁਝ ਦਿਨਾਂ ਵਿਚ ਹੀ ਜਥੇ ਦੀ ਗਿਣਤੀ ਵਧੀ ਹੈ ਤੇ ਨਵੇਂ ਆਇਆਂ ਲਈ ਇਹ ਨਵੇਂ ਛੰਨਾ-ਢਾਰੇ ਤਿਆਰ ਕੀਤੇ ਗਏ ਹਨ। ਵਿਚਕਾਰ ਮੈਦਾਨ ਵਿਚ ਕੁਝ ਰੁੱਖ ਸਨ ਜਿਨ੍ਹਾਂ ਥੱਲੇ ਸਿੰਘਾਂ ਦੇ ਘੋੜੇ ਬੱਝੇ ਹੋਏ ਸਨ।

ਇਕ ਪਾਸੇ ਵੱਡੀਆਂ ਵੱਡੀਆਂ ਥੰਮ੍ਹੀਆਂ ਗੱਡ ਕੇ ਇਕ ਛੱਪਰ ਪਾਇਆ ਹੋਇਆ ਸੀ, ਜਿਸ ਨੂੰ ਸਿੰਘ ਲੰਗਰ ਲਈ ਵਰਤਦੇ ਸਨ। ਦਿਆਲੇ ਹੋਰੀਂ ਇਥੇ ਆ ਕੇ ਹੈਰਾਨ ਰਹਿ ਗਏ ਕਿ ਇਹ ਕਿਸ ਤਰ੍ਹਾਂ ਦੀ ਬਸਤੀ ਹੈ। ਸਿੰਘਾਂ ਨੇ ਜੰਗਲ ਵਿਚ ਵੀ ਮੰਗਲ

ਲਾਇਆ ਹੋਇਆ ਹੈ।

ਇਹ ਸਿੰਘਾਂ ਦਾ ਇਸ ਇਲਾਕੇ ਵਿਚ ਵੱਡਾ ਕੇਂਦਰ ਸੀ। ਦੂਜਾ ਵੱਡਾ ਅੱਡਾ ਛਾਂਗੇ ਮਾਂਗੇ ਦੇ ਜੰਗਲ ਵਿਚ ਸੀ। ਸਿੰਘਾਂ ਦਾ ਜਥੇਦਾਰ ਕਿਸੇ ਖ਼ਾਸ ਕੰਮ ਲਈ ਕੁਝ ਸਿੰਘਾਂ ਸਮੇਤ ਬਾਹਰ ਗਿਆ ਹੋਇਆ ਸੀ, ਇਸ ਲਈ ਦਿਆਲਾ ਤੇ ਉਹਦੇ ਸਾਥੀਆਂ ਨੂੰ ਮੀਤ ਜਥੇਦਾਰ ਆਪਣੇ ਨਾਲ ਇਕ ਝੁੱਗੀ ਵਿਚ ਲੈ ਗਿਆ। ਅੰਦਰ ਕਣਕ ਦੀ ਪਰਾਲੀ ਵਿਛੀ ਹੋਈ ਸੀ ਜਿਸ 'ਤੇ ਇਕ ਪਾਸੇ ਦੋ ਖੇਸ ਤੇ ਚਾਦਰਾਂ ਪਈਆਂ ਸਨ। ਗੱਡੀ ਹੋਈ ਥੰਮ੍ਹੀ ਦੇ ਕਿੰਗਰਿਆਂ ਨਾਲ ਇਕ ਇਕ ਵੱਡੀ ਕਿਰਪਾਨ, ਇਕ ਬੰਦੂਕ, ਇਕ ਢਾਲ ਤੇ ਕੁਝ ਹੋਰ ਸ਼ਸਤਰ ਟੰਗੇ ਹੋਏ ਸਨ, ਉਹਨਾਂ ਨੂੰ ਵੇਖ ਵੇਖ ਕੇ ਦਿਆਲੇ ਦੇ ਸਾਥੀ ਹੈਰਾਨ ਹੋ ਰਹੇ ਸਨ। "ਬਸ ਇਹੀ ਇਹਨਾਂ ਦਾ ਸਾਮਾਨ ਏ।" ਦੂਜੇ ਨੇ ਉੱਤਰ ਦਿੱਤਾ, "ਚੁੱਪ ਕਰ ਕੇ ਦੇਖਦਾ ਚੱਲ ਅਜੇ।"

"ਕੀ ਛਕੋਗੇ ਭਾਈ ਜੀ ?" ਮੀਤ ਜਥੇਦਾਰ ਨੇ ਪਰਾਲੀ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਪੁੱਛਿਆ।

"ਕੁਝ ਨਹੀਂ," ਦਿਆਲੇ ਨੇ ਕਿਹਾ, "ਜਿਹੜਾ ਤੁਸੀਂ ਮਿਲ ਗਏ ਹੋ, ਇਸ ਨਾਲ ਹੀ ਅਸੀਂ ਖ਼ੁਸ਼ ਹੋ ਗਏ ਹਾਂ।"

"ਵਾਹ ! ਭੁੱਖ ਹੀ ਨਹੀਂ," ਸਿੰਘ ਨੇ ਥੋੜ੍ਹਾ ਜਿਹਾ ਮੁਸਕਰਾਂਦਿਆਂ ਕਿਹਾ ਤੇ ਆਪ ਉਹਨਾਂ ਦੇ ਖਾਣੇ ਆਦਿ ਦਾ ਪ੍ਰਬੰਧ ਕਰਨ ਲਈ ਲੰਗਰ ਵੱਲ ਚਲਾ ਗਿਆ।

"ਬੜੀ ਅਨੋਖੀ ਥਾਂ ਏ," ਇਕ ਸਾਥੀ ਨੇ ਦਿਆਲੇ ਨੂੰ ਕਿਹਾ, "ਇਥੇ ਤਾਂ ਸ਼ਾਹੀ ਫ਼ੌਜਾਂ ਨੂੰ ਆਉਣ ਦਾ ਕਦੇ ਖ਼ਿਆਲ ਨਹੀਂ ਆ ਸਕਦਾ।"

"ਥਾਂ ਤੇ ਚੁਣ ਕੇ ਰੱਖੀ ਏ, ਜਿਥੇ ਦੁਸ਼ਮਣ ਨੂੰ ਪਤਾ ਨਾ ਲੱਗ ਸਕੇ। ਉਂਝ ਤਾਂ ਸਿੰਘ ਬਾਹਰ ਜਾਂਦੇ ਤੇ ਫਿਰਦੇ ਰਹਿੰਦੇ ਹਨ, ਪਰ ਜਦ ਤਿਆਰੀ ਜਾਂ ਠਹਿਰਨ ਦੀ ਲੋੜ ਹੋਵੇ ਤਾਂ ਹੀ ਆਉਂਦੇ ਹਨ। ਵੇਖ ਲੈ ਇਹ ਜੰਗਲ ਵੱਢ ਕੇ ਆਪ ਹੀ ਨਵੀਂ ਆਬਾਦੀ ਬਣਾ ਲਈ ਨੇ," ਦਿਆਲੇ ਨੇ ਸਮਝਾਇਆ।

"ਇਥੇ ਜੰਗਲੀ ਜਾਨਵਰਾਂ ਦਾ ਡਰ ਤਾਂ ਹੋਵੇਗਾ ?" ਇਕ ਸਾਥੀ ਨੇ ਪੁੱਛਿਆ।

"ਹੱਦ ਹੋ ਗਈ, ਇਹ ਸਿੰਘ ਜੰਗਲੀ ਜਾਨਵਰਾਂ ਤੋਂ ਡਰਨ ਵਾਲੇ ਨਹੀਂ। ਸਾਨੂੰ ਭਾਈ ਤਾਰਾ ਸਿੰਘ ਨੇ ਦੱਸਿਆ ਸੀ ਕਿ ਗੁਰੂ ਮਹਾਰਾਜ ਤਾਂ ਆਪ ਸ਼ੇਰ ਦਾ ਸ਼ਿਕਾਰ ਖੇਡਦੇ ਹੁੰਦੇ ਸਨ। ਜਲੰਧਰ ਲਾਗੇ ਇਕ ਵਾਰੀ ਸ਼ੇਰ ਨੇ ਹਮਲਾ ਕਰ ਦਿੱਤਾ ਤਾਂ ਗੁਰੂ ਜੀ ਨੇ ਇਕੱਲਿਆਂ ਹੀ ਤਲਵਾਰ ਨਾਲ ਸ਼ੇਰ ਮਾਰ ਲਿਆ ਸੀ," ਦਿਆਲੇ ਨੇ ਬੜੇ ਮਾਣ ਨਾਲ ਕਿਹਾ।

ਦਗੜ ਦਗੜ ਕਰਦੇ ਘੋੜਿਆਂ ਦੇ ਪੈਰਾਂ ਦੀ ਆਵਾਜ਼ ਆਈ। ਇਹਨਾਂ ਸਾਰਿਆਂ

ਦੇ ਮਨ ਧੜਕਣ ਲੱਗ ਪਏ। ਇਉਂ ਜਾਪਿਆ ਜਿਵੇਂ ਸ਼ਾਹੀ ਫ਼ੌਜਾਂ ਘੋੜੇ ਦੁੜਾਂਦੀਆਂ ਆ ਰਹੀਆਂ ਹਨ। ਝੱਟ ਸਾਰੇ ਹੀ ਬਾਹਰ ਨਿਕਲ ਆਏ। ਝੁੰਡ ਵਿਚ ਆਉਂਦੇ ਨਿੱਕੇ ਰਾਹ ਵੱਲ ਦੇਖਣ ਲੱਗ ਪਏ। ਝੱਟ ਪਿੱਛੋਂ ਪੰਜ ਛੇ ਸਿੰਘ ਘੋੜ ਸਵਾਰ ਅੰਦਰ ਆ ਗਏ। ਉਹਨਾਂ ਦੇ ਅੱਗੇ ਇਕ ਬਹੁਤ ਲੰਮੇ ਕੱਦ ਦਾ ਚੰਗੇ ਭਾਰੇ ਗਠਵੇਂ ਤੇ ਸੁਹਣੇ ਸਰੀਰ ਦਾ ਸਿੰਘ ਸੀ, ਜਿਸ ਦਾ ਕਾਲਾ ਲੰਮਾ ਦਾਹੜਾ, ਗੋਰੇ ਮੂੰਹ 'ਤੇ ਬੜਾ ਸਜ ਰਿਹਾ ਸੀ। ਦਸਤਾਰ ਉਪਰ ਚਾਰ ਪੰਜ ਚੱਕਰ, ਮੁੱਛਾਂ ਕੁੰਡਲਦਾਰ ਤੇ ਮੋਟੀਆਂ ਮੋਟੀਆਂ ਲਾਲ ਅੱਖਾਂ ਬੜੀਆਂ ਪ੍ਰਭਾਵਸ਼ਾਲੀ ਸਨ। ਉਸ ਸਾਹਮਣੇ ਪੰਜ ਛੇ ਘੋਨ ਮੋਨ ਆਦਮੀ ਦੇਖੇ ਤਾਂ ਹੈਰਾਨ ਹੋ ਗਿਆ। ਝੱਟ ਘੋੜੇ ਤੋਂ ਉਤਰਿਆ ਤੇ ਸਿੱਧਾ ਉਹਨਾਂ ਕੋਲ ਪੁੱਜਾ।

"ਕੌਣ ਹੋ ਤੁਸੀਂ ?" ਸਿੰਘ ਨੇ ਜਾਂਦਿਆਂ ਪੁੱਛਿਆ।

"ਅਸੀਂ 'ਵਾਂ' ਪਿੰਡ ਤੋਂ ਆਏ ਹਾਂ," ਦਿਆਲਾ ਬੋਲਿਆ।

"ਅੱਛਾ, ਭਾਈ ਤਾਰਾ ਸਿੰਘ ਦੇ ਪਿੰਡ ਤੋਂ।"

"ਜੀ।"

"ਕੀ ਭਾਈ ਤਾਰਾ ਸਿੰਘ ਜੀ ਸ਼ਹੀਦ ਹੋ ਗਏ ਹਨ ?" ਸਿੰਘ ਨੇ ਉਤਾਵਲੇ ਹੋ ਕੇ ਪੁੱਛਿਆ।

"ਜੀ, ਜਾਫ਼ਰ ਬੇਗ ਲਾਹੌਰ ਤੋਂ ਫ਼ੌਜਾਂ ਲੈ ਕੇ ਆਇਆ ਸੀ ਤੇ ਭਾਈ ਸਾਹਿਬ ਨੂੰ ਬੁਰਜ ਵਿਚ ਘੇਰ ਲਿਆ ਸੀ। ਉਸ ਸਮੇਂ ਭਾਈ ਜੀ ਪਾਸ ਬਹੁਤ ਥੋੜ੍ਹੇ ਜਵਾਨ ਸਨ ਜਿਸ ਕਰ ਕੇ ਝੱਟ ਹੀ ਉਹ ਸ਼ਹੀਦ ਹੋ ਗਏ, ਪਰ ਫਿਰ ਵੀ ਉਨ੍ਹਾਂ ਸਰਕਾਰੀ ਫ਼ੌਜ ਦਾ ਬੜਾ ਨੁਕਸਾਨ ਕੀਤਾ ਨੇ," ਦਿਆਲੇ ਨੇ ਸਾਰੀ ਗੱਲ ਦੱਸ ਦਿੱਤੀ।

"ਬੜੀ ਮਾੜੀ ਗੱਲ ਹੋਈ ਏ। ਸਾਡਾ ਤਾਂ ਉਹ ਚੰਗਾ ਅੱਡਾ ਸੀ। ਉਹ ਵੀ ਨਾ ਰਿਹਾ। ਮੈਨੂੰ ਨਿਸਚਾ ਹੈ ਕਿ ਲੋਕ ਭਾਈ ਤਾਰਾ ਸਿੰਘ ਨੂੰ ਇਸ ਤਰ੍ਹਾਂ ਕਤਲ ਹੁੰਦਾ ਦੇਖ ਕੇ ਬਰਦਾਸ਼ਤ ਨਹੀਂ ਕਰਨਗੇ। ਹੁਣ ਵੇਲਾ ਹੈ ਕਿ ਇਲਾਕੇ ਵਿਚ ਫਿਰ ਕੇ ਅੱਗ ਲਾ ਦਿੱਤੀ ਜਾਵੇ। ਅਜਿਹਾ ਤੂਫ਼ਾਨ ਉੱਠ ਸਕਦਾ ਹੈ ਜੋ ਇਸ ਰਾਜ ਦੀਆਂ ਜੜ੍ਹਾਂ ਪੁੱਟ ਦੇਵੇ। ਪਾਪੀ ਦੇ ਮਾਰਨ ਲਈ ਪਾਪ ਹੀ ਮਹਾਂਬਲੀ ਹੁੰਦਾ ਹੈ। ਇਹ ਘੋਰ ਪਾਪ ਹੋਇਆ ਹੈ।"

ਸਿੰਘ ਇਹ ਗੱਲ ਕਰ ਹੀ ਰਹੇ ਸਨ ਕਿ ਜੰਗਲ ਵਿੱਚੋਂ ਸ਼ੇਰ ਦੀ ਗਰਜਵੀਂ ਆਵਾਜ਼ ਆਈ। ਦਿਆਲੇ ਦੇ ਨਾਲ ਦੇ ਘਬਰਾ ਗਏ ਪਰ ਸਿੰਘਾਂ ਸਾਹਮਣੇ ਉਹਨਾਂ ਆਪਣੀ ਕਮਜ਼ੋਰੀ ਪ੍ਰਗਟ ਨਾ ਹੋਣ ਦਿੱਤੀ। ਸਿੰਘ ਝੱਟ-ਪਟ ਆਪਣੇ ਆਰਾਮ ਅਸਥਾਨਾਂ ਤੋਂ ਨਿਕਲ ਆਏ ਤੇ ਆਵਾਜ਼ ਨੂੰ ਫਿਰ ਸੁਣਨ ਲਈ ਚੁੱਪ ਖੜੋ ਗਏ। ਝੱਟ ਪਿੱਛੋਂ ਫਿਰ ਆਵਾਜ਼ ਆਈ। ਹੁਣ ਇਹ ਆਵਾਜ਼ ਬਹੁਤ ਨੇੜੇ ਸੀ। ਨਾਲ ਹੀ ਪੱਤਿਆਂ ਦੀ ਖੜ ਖੜ ਨੇ ਨਿਸਚਾ ਕਰਾ ਦਿੱਤਾ ਕਿ ਸ਼ੇਰ ਬਹੁਤ ਨੇੜੇ ਆ ਗਿਆ ਹੈ। ਖੱਬੇ ਪਾਸੇ ਦੇ ਜੰਗਲਾਂ ਵੱਲੋਂ ਸ਼ੇਰ

ਤੇਜ਼ੀ ਨਾਲ ਵਧਦਾ ਆ ਰਿਹਾ ਸੀ। ਉਸ ਦੂਰੋਂ ਹੀ ਘੋੜੇ ਹਿਣਕਣ ਦੀ ਆਵਾਜ਼ ਸੁਣੀ ਸੀ ਤੇ ਉਹ ਆਵਾਜ਼ ਦੀ ਸੇਧ 'ਤੇ ਆ ਰਿਹਾ ਸੀ। ਇਕ ਸਿੰਘ ਨੇ ਕਿਹਾ, "ਇਹ ਸ਼ੇਰ ਕਿੱਥੋਂ ਆ ਗਿਆ ? ਇਸ ਜੰਗਲ ਵਿਚ ਅੱਗੇ ਤਾਂ ਇੱਕੋ ਸ਼ੇਰ ਸੀ ਜੋ ਅਸਾਂ ਪਿਛਲੇ ਮਹੀਨੇ ਮਾਰ ਦਿੱਤਾ ਸੀ।"

"ਦੂਜੇ ਜੰਗਲਾਂ ਵਿੱਚੋਂ ਨਹੀਂ ਆ ਸਕਦਾ ? ਬਿਆਸ ਦੇ ਨਾਲ ਨਾਲ ਦੂਰ ਤਕ ਮੀਲਾਂ ਵਿਚ ਜੰਗਲ ਏ, ਆ ਗਿਆ ਹੋਵੇਗਾ ਕਿਧਰੋਂ," ਸਿੰਘਾਂ ਦੇ ਜਥੇਦਾਰ ਬਹਾਦਰ ਸਿੰਘ ਨੇ ਕਿਹਾ। ਅਜੇ ਅਖ਼ੀਰਲੇ ਸ਼ਬਦ ਉਹਦੇ ਮੂੰਹ ਵਿਚ ਹੀ ਸਨ ਕਿ ਸ਼ੇਰ ਝੁੰਡ ਵਿੱਚੋਂ ਨਿਕਲ ਕੇ ਮੈਦਾਨ ਵਿਚ ਆ ਗਿਆ ਤੇ ਤੇਜ਼ੀ ਨਾਲ ਉਸ ਜਥੇਦਾਰ ਬਹਾਦਰ ਸਿੰਘ 'ਤੇ ਹਮਲਾ ਕਰ ਦਿੱਤਾ। ਇਹ ਹਮਲਾ ਇਤਨਾ ਤੇਜ਼ ਤੇ ਜ਼ੋਰਦਾਰ ਸੀ ਕਿ ਸਿੰਘਾਂ ਦੇ ਸੁਚੇਤ ਹੋਣ ਦੇ ਬਾਵਜੂਦ ਉਸ ਬੰਦੂਕ ਸਿੱਧੀ ਨਾ ਕਰਨ ਦਿੱਤੀ। ਜਥੇਦਾਰ ਬਹਾਦਰ ਸਿੰਘ ਦਾ ਹੱਥ ਕੁਦਰਤੀ ਕਿਰਪਾਨ ਦੇ ਦਸਤੇ 'ਤੇ ਸੀ। ਉਹਨਾਂ ਝਟਕੇ ਨਾਲ ਕਿਰਪਾਨ ਕੱਢਣੀ ਚਾਹੀ ਪਰ ਮਿਆਨ ਵਿਚ ਕਿਰਪਾਨ ਅੜ ਗਈ ਤੇ ਸ਼ੇਰ ਜ਼ੋਰ ਦੀ ਭਬਕ ਮਾਰ ਕੇ ਉੱਤੇ ਆ ਚੜ੍ਹਿਆ। ਦੂਰੋਂ ਹੀ ਉਸ ਛਾਲ ਮਾਰੀ ਤੇ ਵੱਡੀਆਂ ਵੱਡੀਆਂ ਬਾਛਾਂ ਖੋਲ੍ਹ ਕੇ ਅਗਲੇ ਦੋਵੇਂ ਪੈਰਾਂ ਨੂੰ ਅਗਲੇ ਪਾਸੇ ਖਿਲਾਰ ਕੇ ਉਸ ਹਮਲਾ ਕੀਤਾ। ਜਥੇਦਾਰ ਬਹਾਦਰ ਸਿੰਘ ਨੇ ਆਪਣੀ ਢਾਲ ਅੱਗੇ ਕਰ ਕੇ ਉਹਦਾ ਵਾਰ ਰੋਕਿਆ ਪਰ ਉਹ ਇਤਨੇ ਜ਼ੋਰ ਨਾਲ ਲਪਕਿਆ ਕਿ ਭਾਵੇਂ ਜਥੇਦਾਰ ਬਹਾਦਰ ਸਿੰਘ ਨੇ ਉਹਨੂੰ ਆਪਣੇ ਸਰੀਰ ਨਾਲ ਨਾ ਛੂਹਣ ਦਿੱਤਾ ਪਰ ਉਹਦੇ ਧੱਕੇ ਨਾਲ ਡਿੱਗ ਪਏ। ਖ਼ੁਸ਼ਕਿਸਮਤੀ ਨਾਲ ਸ਼ੇਰ ਵੀ ਜ਼ੋਰ ਦੇ ਹਮਲੇ ਕਾਰਨ ਡਿੱਗ ਪਿਆ ਤੇ ਖੜਬਾਜ਼ੀ ਖਾ ਗਿਆ। ਉਹਦੇ ਉਠਦਿਆਂ ਤਕ ਜਥੇਦਾਰ ਬਹਾਦਰ ਸਿੰਘ ਵੀ ਸੰਭਲ ਗਿਆ ਤੇ ਕਿਰਪਾਨ ਮਿਆਨ ਵਿੱਚੋਂ ਕੱਢ ਲਈ। ਸ਼ੇਰ ਨੇ ਜਦ ਦੂਜੀ ਵਾਰ ਹਮਲਾ ਕੀਤਾ ਤਾਂ ਜਥੇਦਾਰ ਬਹਾਦਰ ਸਿੰਘ ਨੇ ਬੈਠ ਕੇ ਢਾਲ ਅੱਗੇ ਕੀਤੀ ਤੇ ਉਹਦਾ ਹਮਲਾ ਰੋਕਿਆ। ਸੋ ਸ਼ੇਰ ਦੇ ਅਗਲੇ ਦੋਵੇਂ ਪੰਜੇ ਢਾਲ 'ਤੇ ਵੱਜੇ, ਜਥੇਦਾਰ ਬਹਾਦਰ ਸਿੰਘ ਨੇ ਸੱਜੇ ਹੱਥ ਵਿਚ ਫੜੀ ਕਿਰਪਾਨ ਨਾਲ ਵਾਰ ਕੀਤਾ ਤੇ ਸ਼ੇਰ ਦਾ ਅੱਧਾ ਲੱਕ ਟੁੱਟ ਗਿਆ। ਲਹੂ ਦੀਆਂ ਧਾਰੀਆਂ ਦੂਰ ਦੂਰ ਤਕ ਗਈਆਂ। ਦੂਜੀ ਵਾਰ ਜਥੇਦਾਰ ਬਹਾਦਰ ਸਿੰਘ ਨੇ ਫਿਰ ਕਿਰਪਾਨ ਮਾਰੀ। ਹੁਣ ਸ਼ੇਰ ਉੱਠ ਰਿਹਾ ਸੀ, ਕਿਰਪਾਨ ਉਹਦੇ ਮੂੰਹ 'ਤੇ ਪਈ। ਇਸ ਨਾਲ ਉਹਦਾ ਹੇਠਲਾ ਜਬਾੜਾ ਤੇ ਜੀਭ ਦਾ ਕੁਝ ਹਿੱਸਾ ਕੱਟਿਆ ਗਿਆ। ਸ਼ੇਰ ਦੀਆਂ ਕੁਝ ਨਹੁੰਦਰਾਂ ਵੱਜਣ ਨਾਲ ਜਥੇਦਾਰ ਬਹਾਦਰ ਸਿੰਘ ਦਾ ਸਰੀਰ ਵੀ ਛਿੱਲਿਆ ਗਿਆ ਤੇ ਕਈ ਥਾਵਾਂ ਤੋਂ ਲਹੂ ਸਿੰਮਣ ਲੱਗ ਪਿਆ, ਪਰ ਉਹਨੇ ਦਿਲ ਨਾ ਛੱਡਿਆ ਤੇ ਸ਼ੇਰ ਨਾਲ ਘੁਲਦਾ ਰਿਹਾ।

ਇਕ ਸਿੰਘ ਦੌੜ ਕੇ ਬੰਦੂਕ ਕੱਢ ਲਿਆਇਆ ਪਰ ਸ਼ੇਰ ਤੇ ਜਥੇਦਾਰ ਬਹਾਦਰ

ਸਿੰਘ ਗੁੱਥਮ-ਗੁੱਥਾ ਹੋਏ ਪਏ ਸਨ, ਜਿਸ ਕਾਰਨ ਸ਼ੇਰ ਨੂੰ ਗੋਲੀ ਮਾਰਨੀ ਔਖੀ ਸੀ। ਇਕ ਸਿੰਘ ਨੇ ਬੜਾ ਨਿਸ਼ਾਨਾ ਬੰਨ੍ਹ ਕੇ ਬਰਛਾ ਮਾਰਿਆ ਪਰ ਸ਼ੇਰ ਹਿੱਲ ਗਿਆ ਤੇ ਉਹ ਬਰਛਾ ਸ਼ੇਰ ਨੂੰ ਵੱਜਣ ਦੀ ਥਾਂ ਜਥੇਦਾਰ ਬਹਾਦਰ ਸਿੰਘ ਦੀ ਲੱਤ ਨਾਲ ਜਾ ਵੱਜਾ। ਬਹਾਦਰ ਸਿੰਘ ਪੀੜ ਨਾਲ ਇਕੱਠਾ ਜਿਹਾ ਹੋ ਗਿਆ। ਸ਼ੇਰ ਫਿਰ ਹਫਿਆ ਉਸ ਨੂੰ ਮੂੰਹ ਅੱਡੀ ਪਿਆ। ਇਸ ਵਾਰੀ ਜਥੇਦਾਰ ਬਹਾਦਰ ਸਿੰਘ ਦੇ ਹੱਥ ਉਹਦੀ ਜੀਭ ਆ ਗਈ। ਜਥੇਦਾਰ ਨੇ ਪੂਰੀ ਹਿੰਮਤ ਤੇ ਫੁਰਤੀ ਨਾਲ ਉਹਦੀ ਜੀਭ ਨੂੰ ਅਜਿਹਾ ਵੱਟ ਦਿੱਤਾ ਕਿ ਸ਼ੇਰ ਪਲਸੇਟੇ ਖਾਣ ਲੱਗ ਪਿਆ। ਦਿਆਲੇ ਕੋਲੋਂ ਰਿਹਾ ਨਾ ਗਿਆ। ਉਸ ਝੱਟ ਅੱਗੇ ਵਧ ਕੇ ਪਲਸੇਟੇ ਖਾਂਦੇ ਸ਼ੇਰ ਦੀ ਛਾਤੀ 'ਤੇ ਸੱਜਾ ਪੈਰ ਰੱਖ ਕੇ ਉਹਦੀ ਧੌਣ ਦੀ ਜੱਤ ਨੂੰ ਫੜ ਲਿਆ। ਜਥੇਦਾਰ ਬਹਾਦਰ ਸਿੰਘ ਨੇ ਕਿਰਪਾਨ ਦਾ ਇਕ ਹੋਰ ਵਾਰ ਕਰ ਕੇ ਸ਼ੇਰ ਨੂੰ ਮਾਰ ਦਿੱਤਾ। ਸ਼ੇਰ ਸੱਤ ਫ਼ੁਟ ਲੰਮਾ, ਤਿੰਨ ਫ਼ੁਟ ਉੱਚਾ ਸੀ ਜੋ ਹੁਣ ਮੈਦਾਨ ਦੇ ਵਿਚਕਾਰ ਢੇਰੀ ਹੋਇਆ ਪਿਆ ਸੀ।

ਸਿੰਘਾਂ ਲਈ ਸ਼ੇਰ ਨਾਲ ਲੜਨਾ ਜਾਂ ਉਹਨੂੰ ਮਾਰਨਾ ਕੋਈ ਨਵੀਂ ਤੇ ਹੈਰਾਨੀ ਵਾਲੀ ਗੱਲ ਨਹੀਂ ਸੀ, ਪਰ ਦਿਆਲੇ ਨਾਲ ਪਿੰਡ ਤੋਂ ਆਏ ਆਦਮੀਆਂ ਲਈ ਇਹ ਬਿਲਕੁਲ ਨਵੀਂ ਤੇ ਅਨੋਖੀ ਗੱਲ ਸੀ। ਸਿੰਘਾਂ ਨੇ ਜਥੇਦਾਰ ਬਹਾਦਰ ਸਿੰਘ ਨੂੰ ਜਾ ਘੇਰਿਆ, ਜੋ ਸ਼ੇਰ ਮਾਰ ਕੇ ਥੱਕੇ ਹੋਏ ਇਕ ਪਾਸੇ ਘਾਹ 'ਤੇ ਜਾ ਲੇਟੇ ਸਨ। ਉਹਨਾਂ ਨੂੰ ਬਹੁਤੇ ਖ਼ਤਰਨਾਕ ਜ਼ਖ਼ਮ ਨਹੀਂ ਸਨ, ਫਿਰ ਵੀ ਉਹਨਾਂ ਦਾ ਨਵਾਂ ਪੁਸ਼ਾਕਾ ਲਿਆਂਦਾ ਗਿਆ ਤੇ ਜ਼ਖ਼ਮ ਧੋ ਕੇ ਉੱਤੇ ਦਵਾਈ ਲਾ ਕੇ ਨਵੇਂ ਕੱਪੜੇ ਪੁਆ ਦਿੱਤੇ। ਜਥੇਦਾਰ ਬਹਾਦਰ ਸਿੰਘ ਨੇ ਦਿਆਲੇ ਨੂੰ ਕੋਲ ਸੱਦਿਆ ਤੇ ਉਹਦੀ ਪਿੱਠ 'ਤੇ ਥਾਪੀ ਦੇ ਕੇ ਜੱਫਾ ਪਾ ਲਿਆ। ਉਹਨੇ ਸ਼ੇਰ ਮਾਰਨ ਵਿਚ ਜੋ ਮਦਦ ਕੀਤੀ ਸੀ, ਉਹਦਾ ਸਾਰੇ ਸਿੰਘਾਂ 'ਤੇ ਪ੍ਰਭਾਵ ਪਿਆ ਤੇ ਸਾਰਿਆਂ ਉਹਦੀ ਸ਼ਲਾਘਾ ਕੀਤੀ।

ਦੂਜੇ ਦਿਨ ਸਵੇਰੇ ਹੀ ਜਦ ਸਿੰਘ ਨਿੱਤਨੇਮ ਤੋਂ ਵਿਹਲੇ ਹੋਏ ਤਾਂ ਅੰਮ੍ਰਿਤ ਤਿਆਰ ਕੀਤਾ ਗਿਆ। ਸਵੇਰੇ ਹੀ ਦਿਆਲਾ ਤੇ ਉਹਦੇ ਸਾਥੀ ਇਸ਼ਨਾਨ ਕਰ ਕੇ ਤਿਆਰ ਹੋ ਗਏ। ਦੀਵਾਨ ਸੱਜਿਆ, ਜਿਸ ਵਿਚ ਲੋਹੇ ਦੇ ਇਕ ਬਾਟੇ ਵਿਚ ਜਲ ਪਾਇਆ ਗਿਆ। ਉਪਰੋਂ ਕੁਝ ਪਤਾਸੇ ਪਾ ਦਿੱਤੇ ਗਏ ਤੇ ਪੰਜ ਸਿੰਘ ਪੰਜ ਪਿਆਰਿਆਂ ਦੇ ਵੇਸ ਵਿਚ ਅੰਮ੍ਰਿਤ ਤਿਆਰ ਕਰਨ ਲੱਗ ਪਏ। ਸਭ ਨੇ ਵਾਰੀ ਵਾਰੀ ਇਕ ਇਕ ਬਾਣੀ ਦਾ ਪਾਠ ਕੀਤਾ ਤੇ ਨਾਲ ਹੀ ਜਲ ਵਿਚ ਖੰਡਾ ਫੇਰਿਆ ਜਾਂਦਾ ਰਿਹਾ। ਇਸ ਤਰ੍ਹਾਂ ਪਾਠ ਮੁਕੰਮਲ ਹੋਣ 'ਤੇ ਅੰਮ੍ਰਿਤ ਤਿਆਰ ਹੋ ਗਿਆ। ਦਿਆਲਾ ਤੇ ਉਹਦੇ ਸਾਥੀ ਹੱਥ ਜੋੜ ਕੇ ਦੱਸੀ ਮਰਿਆਦਾ ਅਨੁਸਾਰ ਖੜੇ ਸਨ। ਜਥੇਦਾਰ ਬਹਾਦਰ ਸਿੰਘ ਨੇ ਇਹਨਾਂ ਨੂੰ ਸੰਬੋਧਨ ਕਰ ਕੇ ਕਿਹਾ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਅੱਜ ਤੁਹਾਨੂੰ

ਅੰਮ੍ਰਿਤ ਛਕਾਇਆ ਜਾ ਰਿਹਾ ਹੈ। ਇਹ ਉਹ ਮਹਾਨ ਵਸਤੂ ਏ, ਜਿਸ ਨੂੰ ਪਰਾਪਤ ਕਰਨ ਵਾਲੇ ਨੂੰ ਪ੍ਰਣ ਕਰਨਾ ਪੈਂਦਾ ਹੈ ਕਿ ਉਹ ਇਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਹੀਂ ਕਰੇਗਾ। ਹਰ ਸਮੇਂ ਜੀਵਨ ਦੀ ਹਰ ਮੁਹਿੰਮ ਵਿਚ ਉਸ ਇਕ ਅਕਾਲ ਪੁਰਖ ਦਾ ਹੀ ਆਸਰਾ ਲੈਣਾ ਹੈ। ਕਿਸੇ ਮੜ੍ਹੀ ਮਸਾਣੀ ਤੇ ਕਬਰ 'ਤੇ ਜਾ ਕੇ ਮੁਰਾਦਾਂ ਨਹੀਂ ਮੰਗਣੀਆਂ। ਸਾਹਿਬਾਂ ਦੇ ਦੱਸੇ ਜੀਵਨ ਸਿੱਧਾਂਤ ਅਨੁਸਾਰ ਜੀਵਨ ਬਤੀਤ ਕਰਨਾ ਹੈ। ਪੰਜ ਕਕਾਰਾਂ ਦਾ ਤੁਸੀਂ ਪੂਰਾ ਧਾਰਨੀ ਰਹਿਣਾ ਹੈ ਜੋ ਤੁਹਾਨੂੰ ਹੁਣੇ ਪੁਆਏ ਗਏ ਹਨ," ਫਿਰ ਜਥੇਦਾਰ ਬਹਾਦਰ ਸਿੰਘ ਨੇ ਪੂਰੀ ਰਹਿਤ ਮਰਿਆਦਾ ਸਮਝਾਈ ਤੇ ਅਖ਼ੀਰ ਕਿਹਾ, "ਜੇ ਤੁਸੀਂ ਆਪਣਾ ਤਨ ਮਨ ਤੇ ਧਨ ਪੰਥ ਦੇ ਅਰਪਨ ਕਰਨ ਲਈ ਤਿਆਰ ਹੋ ਤਾਂ ਗੁਰੂ ਮਹਾਰਾਜ ਦੇ ਹਜ਼ੂਰ ਮੱਥਾ ਟੇਕੋ।"

ਸਾਰਿਆਂ ਨੇ ਮੱਥਾ ਟੇਕਿਆ ਤੇ ਫਿਰ ਉਹਨਾਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਪੰਜ ਪੰਜ ਘੁੱਟ ਛਕਾਏ ਤੇ ਫਿਰ ਉਹਨਾਂ ਦੇ ਮੁੱਖ ਤੇ ਕੇਸਾਂ ਵਿਚ ਪੰਜ ਪੰਜ ਛੱਟੇ ਮਾਰੇ ਗਏ।

ਅੰਮ੍ਰਿਤ ਛਕਦਿਆਂ ਸਭ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਉਹਨਾਂ ਦੀ ਕਾਇਆਂ ਪਲਟ ਗਈ ਹੈ। ਮਨ ਵਿਚ ਬੜੀ ਭਾਰੀ ਤਬਦੀਲੀ ਆ ਗਈ ਤੇ ਇਉਂ ਜਾਪਣ ਲੱਗਾ ਜਿਵੇਂ ਅੰਦਰ ਦੇ ਕਪਾਟ ਖੁੱਲ੍ਹ ਗਏ ਹਨ। ਦਿਆਲਾ ਤੇ ਉਹਦੇ ਸਾਥੀ ਸੋਚਦੇ ਕਿ ਸੱਚਮੁੱਚ ਹੀ ਅੰਮ੍ਰਿਤ ਵਿਚ ਅਜਿਹੀ ਤਾਕਤ ਹੈ ਜੋ ਚਿੜੀਆਂ ਨੂੰ ਬਾਜਾਂ ਨਾਲ ਲੜਾ ਸਕਦੀ ਹੈ, ਨਿਹੱਥਾ ਸਿੰਘ ਸ਼ੇਰ ਨਾਲ ਲੜ ਸਕਦਾ ਹੈ, ਇਕ ਸਿੰਘ ਜੰਗ ਵਿਚ ਆਪਣੇ ਆਪ ਨੂੰ ਸਵਾ ਸਵਾ ਲੱਖ ਮਹਿਸੂਸ ਕਰਦਾ ਹੈ। ਮਨ ਵਿਚ ਬੜੀ ਭਟਕਣਾਂ ਤੇ ਅਸ਼ਾਂਤੀ ਸੀ ਜੋ ਖ਼ਤਮ ਹੋ ਗਈ। ਮਨ ਵਿਚ ਇਕ ਵਿਸ਼ਵਾਸ ਬੱਝ ਗਿਆ। ਦਿਆਲੇ ਨੂੰ ਖ਼ਾਸ ਕਰਕੇ ਇਸ ਗੱਲ ਦਾ ਅਫ਼ਸੋਸ ਲੱਗਾ ਕਿ ਉਹਨੇ ਆਪਣੇ ਜੀਵਨ ਦਾ ਬਹੁਤ ਸਾਰਾ ਸਮਾਂ ਵਿਅਰਥ ਕਿਉਂ ਗੁਆਇਆ ਏ। ਉਹਨੂੰ ਖ਼ਿਆਲ ਆਇਆ ਕਿ ਜੇਕਰ ਅਸੀਂ ਕੁਝ ਚਿਰ ਪਹਿਲਾਂ ਸਿੰਘ ਸੱਜ ਗਏ ਹੁੰਦੇ ਤਾਂ ਅਸੀਂ ਕਦੇ ਵੀ ਭਾਈ ਤਾਰਾ ਸਿੰਘ ਜੀ ਨੂੰ ਸ਼ਹੀਦ ਨਹੀਂ ਸੀ ਹੋਣ ਦੇਣਾ। ਫਿਰ ਜਾਫ਼ਰ ਬੇਗ ਜਿਊਂਦਾ ਪੱਟੀ ਨੂੰ ਨਾ ਪਰਤ ਜਾਂਦਾ। ਜਾਫ਼ਰ ਬੇਗ ਦਾ ਨਾਂ ਚੇਤੇ ਆਉਂਦਿਆਂ ਹੀ ਉਹਨੂੰ ਆਪਣੀ ਪਤਨੀ ਜੀਤੋ ਦਾ ਫਿਰ ਖ਼ਿਆਲ ਆ ਗਿਆ। ਹੁਣ ਉਹਦੇ ਮਨ ਵਿਚ ਤਸੱਲੀ ਸੀ ਕਿ ਉਹ ਜ਼ਰੂਰ ਇਕ ਦਿਨ ਆਪਣੀ ਪਤਨੀ ਨੂੰ ਛੁਡਾ ਲਏਗਾ। ਉਸ ਸੋਚਿਆ ਕਿ ਹੁਣ ਤਾਂ ਅਜਿਹਾ ਸਮਾਂ ਆਏਗਾ, ਜਦੋਂ ਕਿ ਜੀਤੋ ਹੀ ਨਹੀਂ, ਉਹਦੇ ਵਰਗੀਆਂ ਹੋਰ ਵੀ ਜ਼ਬਰਦਸਤੀ ਰਾਜ-ਮੱਧ ਵਿਚ ਚੁੱਕੀਆਂ ਗਈਆਂ ਅਬਲਾਵਾਂ ਨੂੰ ਬਚਾਇਆ ਜਾਏਗਾ।

ਇਸੇ ਸਮੇਂ ਦੀਵਾਨ ਵਿਚ ਹੀ ਇਹਨਾਂ ਨਵੇਂ ਸਜੇ ਸਿੰਘਾਂ ਦੇ ਸਿੱਖੀ ਰਿਵਾਜ

ਅਨੁਸਾਰ ਨਾਮ ਰੱਖੇ ਗਏ। ਅੱਖਰਾਂ ਦੇ ਆਧਾਰ 'ਤੇ ਨਾਮ ਰੱਖਣ ਬਾਰੇ ਵਿਚਾਰਾਂ ਹੋ ਰਹੀਆਂ ਸਨ ਤਾਂ ਜਥੇਦਾਰ ਬਹਾਦਰ ਸਿੰਘ ਜੀ ਝੱਟ ਬੋਲ ਪਏ, "ਇਸ ਨੇ ਮੇਰੇ ਨਾਲ ਰਲ ਕੇ ਸ਼ੇਰ ਮਾਰਿਆ ਸੀ। ਇਸ ਲਈ ਇਹਦਾ ਨਾਮ ਸ਼ੇਰ ਸਿੰਘ ਰੱਖ ਦਿੱਤਾ ਜਾਏ।" ਸਾਰਿਆਂ ਨੇ ਇਹ ਪ੍ਰਵਾਨ ਕਰ ਲਿਆ। ਦਿਆਲੇ ਨੂੰ ਇਹ ਨਾਂ ਚੰਗਾ ਲੱਗਾ। ਜੈਕਾਰੇ ਦੀ ਗੂੰਜ ਵਿਚ ਨਾਮ ਦਾ ਐਲਾਨ ਕਰ ਦਿੱਤਾ ਗਿਆ। ਇਸ ਤਰ੍ਹਾਂ ਦੂਜੇ ਸਾਰੇ ਸਾਥੀਆਂ ਦੇ ਨਾਮ ਵੀ ਰੱਖੇ ਗਏ। ਰੁਲਦੂ ਰਾਮ ਦਾ ਨਾਮ ਫ਼ਤਹਿ ਸਿੰਘ, ਘਸੀਟੇ ਦਾ ਨਾਮ ਸੰਤੋਖ ਸਿੰਘ ਤੇ ਕਰਮੇ ਦਾ ਨਾਮ ਅਮਰ ਸਿੰਘ ਰੱਖਿਆ ਗਿਆ। ਸਾਰਿਆਂ ਨੇ ਇਸ ਸਮੇਂ ਬੜੀ ਖ਼ੁਸ਼ੀ ਪ੍ਰਗਟ ਕੀਤੀ। ਕੜਾਹ ਪ੍ਰਸ਼ਾਦਿ ਵਰਤਾਇਆ ਗਿਆ ਤੇ ਸਾਰੇ ਸਿੰਘ ਆਪਣੇ ਆਪਣੇ ਡੇਰੇ ਵੱਲ ਚਲੇ ਗਏ।

ਸ਼ੇਰ ਸਿੰਘ ਨੂੰ ਆਪਣੇ ਜਥੇ ਦਾ ਜਥੇਦਾਰ ਨਿਯਤ ਕੀਤਾ ਗਿਆ ਤੇ ਉਹਦੀ ਅਗਵਾਈ ਵਿਚ ਕੁਝ ਹੋਰ ਸਿੰਘ ਦੇ ਕੇ ਵੱਖਰੇ ਡੇਰੇ ਲਵਾ ਦਿੱਤੇ ਗਏ। ਛੋਟੇ ਛੋਟੇ ਜਥਿਆਂ ਦੇ ਜਥੇਦਾਰ ਨਿੱਤ ਕਈ ਵਾਰ ਇਕੱਠੇ ਹੁੰਦੇ ਤੇ ਆਪਸ ਵਿਚ ਸਲਾਹਾਂ ਕਰਦੇ ਤੇ ਪ੍ਰੋਗਰਾਮ ਬਣਾਂਦੇ।

ਇਕ ਦਿਨ ਰਾਤ ਨੂੰ ਕਾਫ਼ੀ ਹਨੇਰੇ ਪਏ ਦੋ ਘੋੜ-ਸਵਾਰ ਝੁੰਡ ਵਿਚ ਆਏ। ਘੋੜਿਆਂ ਦੀ ਆਵਾਜ਼ ਸੁਣ ਕੇ ਪਹਿਰਾ ਦੇ ਰਹੇ ਸਿੰਘ ਨੇ ਜ਼ੋਰ ਨਾਲ 'ਸਾਵਧਾਨ' ਕਿਹਾ, ਜਿਸ 'ਤੇ ਸਾਰੇ ਸਿੰਘ ਝੱਟ ਉੱਠ ਬੈਠੇ। ਮੂੰਹ ਸਿਰ ਲਪੇਟੀ ਦੋ ਆਦਮੀ ਕਾਲੇ ਕੱਪੜੇ ਪਾਈ ਅੱਗੇ ਵਧੇ। ਸਿੰਘ ਦੀ ਲਲਕਾਰ ਸੁਣ ਕੇ ਘੋੜਿਆਂ ਤੋਂ ਉਤਰ ਪਏ ਤੇ ਆਪਣੇ ਉਪਰ ਵਾਲੇ ਕੱਪੜੇ ਲਾਹ ਦਿੱਤੇ। ਇਹ ਦੋਵੇਂ ਸਿੰਘ ਸਰਦਾਰ ਗੱਜਣ ਸਿੰਘ ਦੇ ਜਥੇ ਦੇ ਸਨ ਜੋ ਕਿ ਅੱਜ-ਕੱਲ੍ਹ ਛਾਂਗੇ ਮਾਂਗੇ ਦੇ ਜੰਗਲ ਵਿਚ ਰਹਿ ਰਹੇ ਹਨ। ਇਹ ਜਥਾ ਵੀ ਬੜੇ ਜੋਸ਼ੀਲੇ, ਕੁਰਬਾਨੀ ਦੇ ਪੁੰਜ ਤੇ ਸਿਰਲੱਥ ਜਵਾਨਾਂ ਦਾ ਸੀ, ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਕਈ ਲੜਾਈਆਂ ਲੜੀਆਂ ਸਨ ਤੇ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਸਰਕਾਰ ਦੀ ਈਨ ਮੰਨਣ ਦੀ ਥਾਂ ਜੰਗਲ ਵਿਚ ਚਲੇ ਗਏ ਸਨ। ਕਦੇ ਕਦੇ ਜਥਾ ਬਾਹਰ ਨਿਕਲਦਾ ਤੇ ਸ਼ਾਹੀ ਫ਼ੌਜ ਨਾਲ ਝੜਪਾਂ ਲੈਂਦਾ। ਇਕ ਵਾਰ ਇਹ ਜਥਾ ਸ਼ਾਹੀ ਖ਼ਜ਼ਾਨੇ ਨੂੰ ਵੀ ਲੁੱਟ ਚੁੱਕਿਆ ਸੀ।

'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾ ਕੇ ਦੋਵੇਂ ਸਿੰਘ ਅੱਗੇ ਵਧੇ ਤੇ ਸੇਵਾਦਾਰ ਨੂੰ ਬੇਨਤੀ ਕੀਤੀ ਕਿ ਉਹ ਜਥੇਦਾਰ ਬਹਾਦਰ ਸਿੰਘ ਜੀ ਨੂੰ ਮਿਲਣਾ ਚਾਹੁੰਦੇ ਹਨ। ਅਜੇ ਸੇਵਾਦਾਰ ਉੱਤਰ ਦੇਣ ਹੀ ਵਾਲਾ ਸੀ ਕਿ ਜਥੇਦਾਰ ਬਹਾਦਰ ਸਿੰਘ ਹੋਰੀਂ ਆਪ ਆ ਗਏ ਤੇ ਉਹਨਾਂ ਆਵਾਜ਼ ਦੇ ਦਿੱਤੀ, "ਆਉ ਗੁਰਮੁਖੋ, ਲੰਘ ਆਉ।" ਦੋਵੇਂ ਸਿੰਘ ਉਹਨਾਂ ਕੋਲ ਪਹੁੰਚ ਗਏ। ਉਹਨਾਂ ਦੱਸਿਆ ਕਿ ਭਾਈ ਤਾਰਾ ਸਿੰਘ 'ਵਾਂ' ਸ਼ਹੀਦ ਕਰ ਦਿੱਤੇ

ਗਏ ਹਨ ਤੇ ਇਸ ਨਾਲ ਸਾਰੇ ਮਾਝੇ ਵਿਚ ਜਾਫ਼ਰ ਬੇਗ ਤੇ ਲਾਹੌਰ ਰਾਜ ਵਿਰੁੱਧ ਸਖ਼ਤ ਗੁੱਸੇ ਦੀ ਲਹਿਰ ਫੈਲ ਗਈ ਹੈ। ਲੋਕ ਭੈੜਾ ਮਹਿਸੂਸ ਕਰ ਰਹੇ ਹਨ ਕਿ ਇਹ ਬੜਾ ਭਾਰੀ ਅਨਿਆਏ ਹੋਇਆ ਹੈ। ਇਸ ਤਰ੍ਹਾਂ ਦਾ ਪਰਉਪਕਾਰੀ ਜੀਵ ਮਾਰਿਆ ਜਾਣਾ ਲੋਕਾਂ ਲਈ ਦੁਖਦਾਇਕ ਹੈ। ਇਸ ਲਈ ਜਥੇਦਾਰ ਗੱਜਣ ਸਿੰਘ ਜੀ ਦਾ ਵਿਚਾਰ ਹੈ ਕਿ ਹੁਣ ਜੰਗਲਾਂ ਵਿਚ ਰਹਿਣ ਦਾ ਲਾਭ ਨਹੀਂ, ਇਸ ਲਈ ਸਾਨੂੰ ਸਾਰਿਆਂ ਨੂੰ ਪਿੰਡਾਂ ਵਿਚ ਨਿਕਲਣਾ ਚਾਹੀਦਾ ਹੈ ਤੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਤੇਜ਼ ਕਰਨੀ ਚਾਹੀਦੀ ਹੈ। ਹੁਣ ਮੌਕਾ ਹੈ ਕਿ ਅਸੀਂ ਸੰਭਾਲ ਲਈਏ, ਹਾਲਾਤ ਬੜੇ ਠੀਕ ਹਨ। ਉਹਨਾਂ ਬਾਕੀ ਹੋਰ ਥਾਵਾਂ 'ਤੇ ਵੀ ਸਿੰਘ ਭੇਜੇ ਹਨ ਕਿ ਅਸੀਂ ਹੰਭਲਾ ਮਾਰੀਏ ਤੇ ਫਿਰ ਸ੍ਰੀ ਅੰਮ੍ਰਿਤਸਰ ਵਿਚ ਇਕ ਇਕੱਠ ਬੁਲਾ ਕੇ ਜਥੇਬੰਦਕ ਤੌਰ 'ਤੇ ਕੋਈ ਉੱਦਮ ਕਰੀਏ। ਉਹਨਾਂ ਜਥੇਦਾਰ ਦਰਬਾਰਾ ਸਿੰਘ ਨੂੰ ਉਚੇਚਾ ਸੁਨੇਹਾ ਭੇਜਿਆ ਹੈ ਕਿ ਉਹ ਇਸ ਅੰਦੋਲਨ ਦੀ ਅਗਵਾਈ ਕਰਨ। ਸ਼ਾਇਦ ਜਥੇਦਾਰ ਗੱਜਣ ਸਿੰਘ ਜੀ ਆਪ ਵੀ ਛੇਤੀ ਹੀ ਉਹਨਾਂ ਨੂੰ ਮਿਲਣ ਲਈ ਜਾਣ।

ਜਥੇਦਾਰ ਬਹਾਦਰ ਸਿੰਘ ਜੀ ਨੇ ਸਾਰੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ। ਇਸ ਸਮੇਂ ਸ਼ੇਰ ਸਿੰਘ ਤੇ ਦੂਜੇ ਜਥੇਦਾਰ ਵੀ ਆ ਗਏ ਸਨ ਤੇ ਉਹਨਾਂ ਵੀ ਬਹੁਤ ਸਾਰੀ ਗੱਲ ਸੁਣ ਲਈ।

"ਜ਼ਰੂਰ, ਇਸ ਵੇਲੇ ਉੱਦਮ ਕਰਨਾ ਚਾਹੀਦਾ ਹੈ। ਅਸੀਂ ਕੱਲ੍ਹ ਹੀ ਪਿੰਡਾਂ ਵਿਚ ਚਲੇ ਜਾਵਾਂਗੇ ਤੇ ਪਿੰਡ ਪਿੰਡ ਵਿਚ ਜਾ ਕੇ ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਦਾ ਸਾਕਾ ਦੱਸਾਂਗੇ," ਜਥੇਦਾਰ ਬਹਾਦਰ ਸਿੰਘ ਨੇ ਕਿਹਾ, "ਤੁਸੀਂ ਜਥੇਦਾਰ ਗੱਜਣ ਸਿੰਘ ਜੀ ਨੂੰ ਕਹਿ ਦੇਣਾ ਕਿ ਉਹ ਸ੍ਰੀ ਅੰਮ੍ਰਿਤਸਰ ਵਿਚ ਇਕੱਠ ਦਾ ਪ੍ਰੋਗਰਾਮ ਬਣਾ ਕੇ ਪਤਾ ਦੇ ਦੇਣ ਤੇ ਅਸੀਂ ਇਲਾਕੇ ਵਿਚ ਇਤਨਾ ਸਮਾਂ ਪੂਰੀ ਤਿਆਰੀ ਕਰਵਾ ਦੇਂਦੇ ਹਾਂ।"

"ਬਹੁਤ ਅੱਛਾ," ਸਿੰਘਾਂ ਨੇ ਕਿਹਾ ਤੇ ਵਾਪਸ ਮੁੜਨ ਦੀ ਤਿਆਰੀ ਕਰਨ ਲੱਗੇ।

"ਪ੍ਰਸ਼ਾਦ ਪਾਣੀ ਤੇ ਛਕ ਜਾਉ," ਜਥੇਦਾਰ ਬਹਾਦਰ ਸਿੰਘ ਨੇ ਕਿਹਾ ਤੇ ਇਕ ਸਿੰਘ ਨੂੰ ਇਸ਼ਾਰਾ ਕੀਤਾ। ਉਹ ਝੱਟ ਜਾ ਕੇ ਜੋ ਕੁਝ ਤਿਆਰ ਸੀ, ਉਹ ਲੈ ਆਇਆ ਤੇ ਸਿੰਘਾਂ ਨੂੰ ਛਕਾਇਆ ਗਿਆ। ਝੱਟ ਆਰਾਮ ਕਰ ਕੇ ਤੇ ਅਗਲਾ ਸਾਰਾ ਪ੍ਰੋਗਰਾਮ ਬਣਾ ਕੇ ਇਹ ਸਿੰਘ ਅੰਮ੍ਰਿਤ ਵੇਲੇ ਤੋਂ ਪਹਿਲਾਂ ਹੀ ਜੰਗਲ ਤੋਂ ਬਾਹਰ ਨਿਕਲ ਗਏ।

7

ਜਾਫ਼ਰ ਬੇਗ ਫ਼ਾਤਮਾ ਦੇ ਕਮਰੇ 'ਚੋਂ ਨਿਕਲ ਕੇ ਆਪਣੇ ਕਮਰੇ ਵਿਚ ਆ ਗਿਆ ਤੇ ਇਹੀ ਸੋਚਣ ਲੱਗ ਪਿਆ ਕਿ ਕਿਵੇਂ ਸੁਹਣੇ ਸ਼ਾਹ ਦੀ ਕੁੜੀ ਨੂੰ ਫ਼ਾਤਮਾ ਤੋਂ ਵੱਖ ਕਰੇ। ਉਹ ਨਹੀਂ ਸੀ ਚਾਹੁੰਦਾ ਕਿ ਫ਼ਾਤਮਾ ਨੂੰ ਇਸ ਗੱਲ ਦਾ ਪਤਾ ਲੱਗੇ ਕਿ ਉਹਦਾ ਚਾਚਾ ਆਚਰਣ ਦਾ ਬਹੁਤ ਨੀਵਾਂ ਹੈ। ਭਾਵੇਂ ਫ਼ਾਤਮਾ ਉਹਦੀਆਂ ਪਹਿਲੀਆਂ ਵੀ ਕਈ ਨੀਵੀਆਂ ਗੱਲਾਂ ਤੋਂ ਜਾਣੂੰ ਸੀ, ਪਰ ਉਹਦਾ ਯਤਨ ਇਹੀ ਹੁੰਦਾ ਸੀ ਕਿ ਬੱਚਿਆਂ ਉੱਤੇ ਉਹਦਾ ਮਾੜਾ ਪ੍ਰਭਾਵ ਨਾ ਪਵੇ। ਇਸ ਲਈ ਉਹ ਜਿਤਨੀਆਂ ਵੀ ਮੁਟਿਆਰਾਂ ਨੂੰ ਉਹਨਾਂ ਦੀ ਜਵਾਨੀ ਤੇ ਸੁੰਦਰਤਾ ਮਾਣਨ ਲਈ ਲਿਆਉਂਦਾ, ਸਭ ਨੂੰ ਬਾਹਰਲੀਆਂ ਹਵੇਲੀਆਂ ਵਿਚ ਹੀ ਰੱਖਦਾ ਜਿਥੇ ਕਿ ਉਸ ਦੇ ਭੇੜਾਂ ਦਾ ਕੁਝ ਕੁ ਬੰਦਿਆਂ ਨੂੰ ਹੀ ਪਤਾ ਸੀ। ਉਹਨੂੰ ਘੜੀ ਮੁੜੀ ਰਹੀਮ 'ਤੇ ਗੁੱਸਾ ਆਉਂਦਾ ਕਿ ਉਹ ਸੁਹਣੇ ਸ਼ਾਹ ਦੀ ਕੁੜੀ ਨੂੰ ਘਰ ਕਿਉਂ ਲੈ ਆਇਆ। ਹੁਣ ਜੇ ਇਹਨੂੰ ਇਥੋਂ ਲੈ ਵੀ ਗਿਆ ਤਾਂ ਵੀ ਫ਼ਾਤਮਾ ਨੇ ਪਿੱਛਾ ਕਰਨਾ ਏ ਅਤੇ ਸੂਹ ਕੱਢਣ ਦਾ ਯਤਨ ਕਰਨਾ ਹੈ ਕਿ ਉਹ ਕਿਧਰ ਗਈ ਹੈ। ਪਹਿਲਾਂ ਤਾਂ ਉਹਨੂੰ ਇਹੀ ਨਿਸਚਾ ਹੋ ਗਿਆ ਕਿ ਫ਼ਾਤਮਾ ਹੁਣ ਕੁੜੀ ਹਵਾਲੇ ਨਹੀਂ ਕਰੇਗੀ। ਉਸ ਤੋਂ ਜ਼ਬਰਦਸਤੀ ਖੋਹਣ ਦਾ ਉਹਨੂੰ ਹੀਆ ਨਹੀਂ ਸੀ ਪੈਂਦਾ। ਉਹ ਫ਼ਾਤਮਾ ਤੇ ਕਾਦਰ ਬਖ਼ਸ਼ ਨੂੰ ਕਿਸੇ ਕੀਮਤ 'ਤੇ ਵੀ ਨਾਰਾਜ਼ ਕਰਨ ਲਈ ਤਿਆਰ ਨਹੀਂ ਸੀ। ਇਹਨਾਂ ਸੋਚਾਂ ਵਿਚ ਹੀ ਉਸ ਰਾਤ ਦੀ ਰੋਟੀ ਵੀ ਨਾ ਖਾਧੀ, ਹਾਲਾਂ ਕਿ ਉਹਦਾ ਪ੍ਰੋਗਰਾਮ ਸੀ ਕਿ ਅੱਜ ਨਵੇਂ ਹੁਸਨ ਦਾ ਪਿਆਰ ਮਾਣਨ ਲਈ ਉਹ ਵਧੀਆ ਪਦਾਰਥ ਤੇ ਵਧੀਆ ਸ਼ਰਾਬ ਚੜ੍ਹਾਏਗਾ। ਨੌਕਰਾਂ ਨੂੰ ਉਹ ਜਾਂਦੀ ਵਾਰੀ ਹੁਕਮ ਵੀ ਦੇ ਗਿਆ ਸੀ, ਜਿਸ ਕਰਕੇ ਉਹਦੇ ਲਈ ਅੱਜ ਸਪੈਸ਼ਲ ਕੁੱਕੜ ਤਿਆਰ ਕੀਤਾ ਗਿਆ ਸੀ ਪਰ ਜਦ ਖਾਣਾ ਤਿਆਰ ਹੋ ਗਿਆ ਤਾਂ ਉਸ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਬੱਸ, ਲੰਮੀ ਨੜੀ ਵਾਲੇ ਹੁੱਕੇ ਦਾ ਸੂਟੇ ਤੇ ਸੂਟਾ ਲਾਂਦਾ ਰਿਹਾ ਅਤੇ ਅਜਿਹੀ ਸਕੀਮ ਸੋਚਦਾ ਰਿਹਾ ਜਿਸ ਰਾਹੀਂ ਉਹ ਸੁਹਣੇ ਸ਼ਾਹ ਦੀ ਕੁੜੀ ਨੂੰ ਇਥੋਂ ਕੱਢ ਸਕੇ। ਕਾਫ਼ੀ ਦੇਰ ਤਕ ਰਾਤ ਨੂੰ ਉਹਨੂੰ ਨੀਂਦਰ ਨਾ ਪਈ। ਅਖ਼ੀਰ ਉਹਨੂੰ ਇਸ ਉਲਝਣ ਦਾ ਹੱਲ ਲੱਭ ਪਿਆ ਤੇ ਫਿਰ ਉਹ ਕਿਧਰੇ ਦੂਜੇ ਪਹਿਰ ਰਾਤ ਸੌਂ ਸਕਿਆ।

ਓਧਰ ਜਾਫ਼ਰ ਬੇਗ ਦੇ ਚਲੇ ਜਾਣ ਪਿੱਛੋਂ ਫ਼ਾਤਮਾ ਨੇ ਨੌਕਰਾਣੀ ਨੂੰ ਸੱਦਿਆ ਤੇ ਚੰਗੀ ਰੋਟੀ ਤਿਆਰ ਕਰਨ ਲਈ ਕਿਹਾ। ਉਸ ਉੱਤਰ ਦਿੱਤਾ, "ਮੀਆਂ ਜੀ ਅੱਗੇ ਹੀ ਹੁਕਮ ਦੇ ਗਏ ਹਨ। ਕੁੱਕੜ ਬਣ ਰਿਹਾ ਹੈ।"

ਕੁੱਕੜ ਦਾ ਨਾਂ ਸੁਣ ਕੇ ਜੀਤੋ ਹੋਰ ਚਿੰਤਾਤੁਰ ਹੋ ਗਈ। ਉਸ ਕਦੇ ਮਾਸ ਨਹੀਂ

ਸੀ ਖਾਧਾ ਤੇ ਨਾ ਹੀ ਉਹਨਾਂ ਦੇ ਘਰ ਕੋਈ ਮਾਸ ਨੂੰ ਹੱਥ ਹੀ ਲਾਂਦਾ ਸੀ। ਉਸ ਸੋਚਿਆ ਕਿ ਜਾਹ ਜਾਂਦੀਏ, ਇਹ ਕੁਕਰਮ ਵੀ ਮੇਰੇ ਤੋਂ ਕਰਾਇਆ ਜਾਏਗਾ। ਉਹਨੇ ਫ਼ਾਤਮਾ ਵੱਲ ਨਜ਼ਰ ਪੁੱਟ ਕੇ ਤੱਕਿਆ। ਉਹਦੀਆਂ ਅੱਖਾਂ ਵਿੱਚੋਂ ਹਮਦਰਦੀ ਦੀ ਲਿਸ਼ਕ ਦੇਖ ਕੇ ਉਸ ਹੌਲੀ ਜਿਹੀ ਕਿਹਾ, "ਮੈਂ ਰੋਟੀ ਨਹੀਂ ਖਾਣੀ।"

"ਕਿਉਂ ?"

"ਮੈਨੂੰ ਭੁੱਖ ਨਹੀਂ।"

"ਇਹ ਕਿਵੇਂ ਹੋ ਸਕਦਾ ਏ!" ਫ਼ਾਤਮਾ ਨੇ ਹੈਰਾਨ ਹੋ ਕੇ ਕਿਹਾ।

"ਸੱਚੀਂ, ਮੇਰੀ ਤਬੀਅਤ ਖ਼ਰਾਬ ਏ, ਮੈਂ ਕੁਝ ਨਹੀਂ ਖਾ ਸਕਦੀ," ਜੀਤੋ ਨੇ ਤਰਲੇ ਭਰੇ ਢੰਗ ਨਾਲ ਕਿਹਾ।

"ਸਾਰਾ ਦਿਨ ਰੋਂਦੀ ਰਹੀ ਏਂ, ਰੋ ਰੋ ਕੇ ਤਾਂ ਵਧੇਰੇ ਭੁੱਖ ਲੱਗਦੀ ਏ," ਫ਼ਾਤਮਾ ਨੇ ਕਿਹਾ।

"ਅਸੀਂ ਮਾਸ ਨਹੀਂ ਖਾਂਦੇ," ਜੀਤੋ ਨੇ ਡਰਦਿਆਂ ਡਰਦਿਆਂ ਕਿਹਾ, "ਅਸਾਂ ਤੇ ਕਦੇ ਹੱਥ ਵੀ ਨਹੀਂ ਲਾਇਆ।"

"ਸੱਚ ਕਹਿਨੀ ਏਂ, ਤੁਸਾਂ ਕਦੇ ਗੋਸ਼ਤ ਨਹੀਂ ਖਾਧਾ ?" ਫ਼ਾਤਮਾ ਨੇ ਹੈਰਾਨ ਹੋ ਕੇ ਕਿਹਾ। ਉਹਦੇ ਲਈ ਇਹ ਗੱਲ ਨਵੀਂ ਸੀ ਕਿ ਇਹ ਲੋਕ ਮਾਸ ਨਹੀਂ ਖਾਂਦੇ। ਉਹਨਾਂ ਦੇ ਘਰ ਜਿਤਨੇ ਹਿੰਦੂ ਆਉਂਦੇ ਜਾਂਦੇ ਸਨ, ਉਹ ਤਾਂ ਸਾਰੇ ਹੀ ਮਾਸ ਖਾ ਲੈਂਦੇ ਸਨ। ਉਸ ਆਪਣੇ ਹਿੰਦੂ ਮੁਣਸ਼ੀ ਗਣੇਸ਼ੇ ਤੋਂ ਸੁਣਿਆ ਹੋਇਆ ਸੀ ਕਿ ਹਿੰਦੂ ਹਲਾਲ ਮਾਸ ਨਹੀਂ ਖਾਂਦੇ। ਉਹ ਇਕੋ ਸਾਹੇ, ਕੁੱਕੜ ਜਾਂ ਬੱਕਰੇ ਦੀ ਸਿਰੀ ਲਾਹ ਕੇ ਖਾਂਦੇ ਹਨ, ਜਿਸ ਨੂੰ ਉਹ ਝਟਕਾ ਕਹਿੰਦੇ ਹਨ। ਉਸ ਪੁੱਛਿਆ, "ਤੁਸੀਂ ਹਲਾਲ ਨਹੀਂ ਖਾਂਦੇ ?"

"ਅਸੀਂ ਮਾਸ ਖਾਂਦੇ ਹੀ ਨਹੀਂ। ਮੈਨੂੰ ਤੇ ਪਤਾ ਨਹੀਂ ਹਲਾਲ ਕਿਸ ਨੂੰ ਕਹਿੰਦੇ ਹੋ," ਜੀਤੋ ਨੇ ਫਿਰ ਕਿਹਾ ਤੇ ਇਹ ਕਹਿੰਦਿਆਂ ਕਹਿੰਦਿਆਂ ਉਹਦੀਆਂ ਅੱਖਾਂ ਭਰ ਗਈਆਂ। ਇਕ ਅੱਥਰੂ ਅੱਖ ਦੀ ਇਕ ਨੁੱਕਰੋਂ ਰਾਹ ਬਣਾ ਕੇ ਉਹਦੀ ਗੋਰੀ ਗੱਲ੍ਹ 'ਤੇ ਵਗ ਤੁਰਿਆ। ਫ਼ਾਤਮਾ ਨੇ ਉਹਨੂੰ ਗਲਵਕੜੀ ਵਿਚ ਲੈ ਲਿਆ ਤੇ ਆਪਣੀ ਚੁੰਨੀ ਨਾਲ ਉਹਦੀਆਂ ਅੱਖਾਂ ਪੂੰਝਦਿਆਂ ਬੋਲੀ, "ਝੱਲੀ ਨਾ ਹੋਵੇ ਤੇ, ਇਸ ਗੱਲ ਤੋਂ ਰੋਣ ਲੱਗ ਪਈ ਏਂ। ਤੈਨੂੰ ਕੋਈ ਜ਼ਬਰਦਸਤੀ ਗੋਸ਼ਤ ਨਹੀਂ ਖੁਆ ਸਕਦਾ। ਮੈਨੂੰ ਪਤਾ ਨਹੀਂ ਸੀ ਕਿ ਹਿੰਦੂ ਗੋਸ਼ਤ ਨਹੀਂ ਖਾਂਦੇ, ਨਹੀਂ ਤੇ ਕਦੇ ਨਾ, ਤੇਰੇ ਸਾਹਮਣੇ ਨਾਂ ਲੈਂਦੀ। ਸਾਡੇ ਘਰ ਆਉਣ ਵਾਲੇ ਤਾਂ ਸਾਰੇ ਖਾ ਲੈਂਦੇ ਹਨ। ਚੰਗਾ ਦੱਸ, ਫਿਰ ਕੀ ਖਾਓਗੇ ?"

"ਕੁਝ ਵੀ ਨਹੀਂ।"

"ਫਿਰ ਉਹੀ ਗੱਲ," ਫ਼ਾਤਮਾ ਨੇ ਕਿਹਾ, "ਮੈਨੂੰ ਇਉਂ ਜਾਪਦਾ ਏ ਕਿ ਤੁਸੀਂ

ਮੁਸਲਮਾਨ ਦੇ ਘਰ ਦਾ ਖਾਣਾ ਪਸੰਦ ਨਹੀਂ ਕਰਦੇ।"

"ਇਹ ਗੱਲ ਨਹੀਂ," ਜੀਤੋ ਬੋਲੀ।

"ਹੋਰ ਕੀ ਏ, ਭੁੱਖ ਦਾ ਬਹਾਨਾ ਮੈਂ ਨਹੀਂ ਮੰਨ ਸਕਦੀ। ਚਲੋ, ਜੇ ਰੋਟੀ ਨਹੀਂ ਖਾਣੀ ਤਾਂ ਅੱਜ ਦੁੱਧ ਹੀ ਪੀ ਲਓ। ਕੱਲ੍ਹ ਫਿਰ ਤੁਹਾਡੀ ਰੋਟੀ ਦਾ ਕਿਸੇ ਹਿੰਦੂ ਦੇ ਘਰ ਪ੍ਰਬੰਧ ਕਰ ਦਿਆਂਗੇ।"

ਨੌਕਰਾਣੀ ਨੂੰ ਹੁਕਮ ਦਿੱਤਾ ਗਿਆ ਤੇ ਉਹ ਲਾਲ ਸੁਰਖ ਦੁੱਧ ਦਾ ਛੰਨਾ ਭਰ ਲਿਆਈ। ਗੋਹਿਆਂ ਦੀ ਧੂਣੀ ਤੇ ਕਾਹੜਨੀ ਦਾ ਕੜ੍ਹਿਆ ਦੁੱਧ ਜੋ ਸੁਆਦ ਦੇਂਦਾ ਹੈ, ਉਹਦੇ ਮੇਲ ਦੀ ਹੋਰ ਕੋਈ ਚੀਜ਼ ਨਹੀਂ ਹੋ ਸਕਦੀ ਪਰ ਜੀਤੋ ਨੂੰ ਇਸ ਦੁੱਧ ਦਾ ਸੁਆਦ ਵੀ ਨਾ ਆਇਆ। ਅਸਲ ਵਿਚ ਜਿਥੇ ਕਿਸੇ ਚੀਜ਼ ਦਾ ਸੁਆਦ ਅਸਰ ਕਰਦਾ ਹੈ, ਉਥੇ ਮਨੁੱਖੀ ਮਨ ਸੁਆਦ 'ਤੇ ਬਹੁਤ ਕੁਝ ਨਿਰਭਰ ਹੁੰਦਾ ਹੈ। ਜਦ ਮਨ ਠੀਕ ਨਾ ਹੋਵੇ ਤਾਂ ਚੰਗੀਆਂ ਚੰਗੀਆਂ ਵਸਤੂਆਂ ਤੋਂ ਵੀ ਨਫ਼ਰਤ ਹੋ ਜਾਂਦੀ ਏ। ਜੀਤੋ ਕਦੇ ਕਾਹੜਨੀ ਦਾ ਦੁੱਧ ਬੜੇ ਚਾਅ ਨਾਲ ਪੀਂਤਾ ਕਰਦੀ ਸੀ ਪਰ ਅੱਜ ਉਹਨੂੰ ਕੋਈ ਸੁਆਦ ਨਾ ਆਇਆ। ਅਸਲ ਵਿਚ ਉਸ ਇਤਨੇ ਬੇਧਿਆਨੇ ਹੋ ਕੇ ਦੁੱਧ ਪੀਤਾ ਕਿ ਉਹਨੂੰ ਸੁਆਦ ਦਾ ਪਤਾ ਹੀ ਨਾ ਲੱਗਾ।

ਰਾਤ ਬਹੁਤ ਦੇਰ ਤਕ ਫ਼ਾਤਮਾ ਉਸ ਨਾਲ ਗੱਲਾਂ ਕਰਦੀ ਰਹੀ ਤੇ ਇਹ ਯਤਨ ਕਰਦੀ ਰਹੀ ਕਿ ਜੀਤੋ ਦਾ ਦਿਲ ਕਿਸੇ ਤਰ੍ਹਾਂ ਟਿਕਾਣੇ ਆ ਜਾਏ, ਉਹਦੇ ਮਨ ਦਾ ਭੈ ਦੂਰ ਹੋ ਜਾਏ। ਉਹਨੇ ਆਪਣੇ ਚਾਚੇ ਦੀ ਉਪਮਾ ਦੇ ਇਤਨੇ ਪੁਲ ਬੰਨ੍ਹੇ ਕਿ ਜੀਤੋ ਉਹਨੂੰ ਦੇਵਤਾ ਸਮਝਣ ਲੱਗ ਪਵੇ। ਅਖ਼ੀਰ ਗੱਲਾਂ ਕਰਦਿਆਂ ਕਰਦਿਆਂ ਜੀਤੋ ਦੀ ਅੱਖ ਲੱਗ ਗਈ। ਸਾਰੀ ਦਿਹਾੜੀ ਦੇ ਰੋਣ ਨਾਲ ਉਹਦਾ ਸਿਰ ਬਹੁਤ ਭਾਰਾ ਹੋ ਗਿਆ ਸੀ ਤੇ ਹੁਣ ਝੱਟ ਹਵੇਲੀ ਵਿਚ ਠੰਢੀ ਹਵਾ ਚੱਲਣ ਨਾਲ ਉਹਨੂੰ ਨੀਂਦਰ ਆ ਗਈ।

ਰਾਤ ਦੇ ਹਨੇਰੇ ਵਿਚ ਉਹਨੂੰ ਹਵੇਲੀ ਦੀ ਇਕ ਨੁੱਕਰੇ ਖੜਾਕ ਆਇਆ। ਉਹ ਡਰ ਗਈ ਕਿ ਅੱਧੀ ਰਾਤ ਨੂੰ ਇਸ ਪਾਸੇ ਕੌਣ ਹੈ। ਪਹਿਲਾਂ ਤਾਂ ਉਸ ਸੋਚਿਆ ਕਿ ਸ਼ਾਇਦ ਏਧਰ ਡੰਗਰ ਬੱਧੇ ਹੋਏ ਹੋਣ, ਪਰ ਇਹਨੂੰ ਯਾਦ ਆ ਗਿਆ ਕਿ ਡੰਗਰ ਤਾਂ ਵੱਡਾ ਗੇਟ ਵੜਦਿਆਂ ਇਕ ਵੱਖਰੇ ਹਾਤੇ ਵਿਚ ਬੰਨ੍ਹੇ ਹੋਏ ਸਨ। ਇਸ ਹਾਤੇ ਵਿਚ ਤਾਂ ਫ਼ਾਤਮਾ ਦਾ ਡੇਰਾ ਹੀ ਹੈ। ਉਸ ਨੀਝ ਲਾ ਕੇ ਦੇਖਿਆ ਤਾਂ ਕੋਈ ਮਰਦ ਸੀ ਜੋ ਹਾਤੇ ਦੀ ਕੰਧ ਟੱਪ ਕੇ ਕੰਧ ਦੇ ਨਾਲ ਨਾਲ ਉਹਦੇ ਮੰਜੇ ਵੱਲ ਵਧ ਰਿਹਾ ਸੀ। ਉਹ ਘਬਰਾ ਗਈ ਤੇ ਉੱਠ ਕੇ ਬੈਠ ਗਈ। ਆਦਮੀ ਉਹਦੇ ਨੇੜੇ ਆ ਗਿਆ ਤੇ ਉਸ ਨਿੰਮ੍ਹੀ ਨਿੰਮ੍ਹੀ ਰੌਸ਼ਨੀ ਵਿਚ ਪਛਾਣ ਲਿਆ ਕਿ ਇਹ ਜਾਫ਼ਰ ਬੇਗ ਹੈ ਜੋ ਰਾਤ ਨੂੰ ਉਸ ਵੇਖਿਆ ਸੀ। ਉਹਨੂੰ ਵੇਖ ਕੇ ਉਹ ਹੋਰ ਘਬਰਾ ਗਈ ਤੇ ਨਾਲ ਦੀ ਮੰਜੀ 'ਤੇ ਸੁੱਤੀ ਪਈ ਫ਼ਾਤਮਾ ਨੂੰ ਜਗਾਣ ਲਈ

ਉਸ ਹੱਥ ਅੱਗੇ ਵਧਾਇਆ, ਪਰ ਝਟਕਾ ਮਾਰ ਕੇ ਜਾਫ਼ਰ ਬੇਗ ਨੇ ਉਹਦਾ ਹੱਥ ਪਿੱਛੇ ਕਰ ਲਿਆ ਤੇ ਦੂਜੇ ਹੱਥ ਨਾਲ ਜ਼ੋਰ ਦੀ ਮੂੰਹ ਘੁੱਟ ਲਿਆ ਤਾਕਿ ਆਵਾਜ਼ ਉੱਚੀ ਨਾ ਦੇ ਸਕੇ। ਜਾਫ਼ਰ ਬੇਗ ਨੇ ਆਪਣੇ ਸਿਰ 'ਤੇ ਬੰਨ੍ਹੀ ਸੁੱਚੀ ਲੁੰਗੀ ਦੀ ਪਗੜੀ ਲਾਹ ਕੇ ਉਸ ਨਾਲ ਹੀ ਉਹਦਾ ਮੂੰਹ ਬੰਨ੍ਹ ਦਿੱਤਾ। ਪਗੜੀ ਦੇ ਇਕ ਲੜ ਨਾਲ ਜੀਤੋ ਦੇ ਦੋਵੇਂ ਹੱਥ ਪਿਛਲੇ ਪਾਸੇ ਕਰ ਕੇ ਬੰਨ੍ਹ ਦਿੱਤੇ। ਜੱਫਾ ਮਾਰ ਕੇ ਉਸ ਜੀਤੋ ਨੂੰ ਚੁੱਕ ਲਿਆ ਤੇ ਹਾਤੇ ਦੇ ਦਰਵਾਜ਼ੇ ਤਕ ਲੈ ਆਇਆ। ਹਾਤੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ, ਜਿਸ ਨੂੰ ਖੋਲ੍ਹਣ ਲਈ ਉਹਦਾ ਕੋਈ ਵੀ ਹੱਥ ਵਿਹਲਾ ਨਹੀਂ ਸੀ। ਉਸ ਪੰਡ ਦੀ ਪੰਡ ਜੀਤੋ ਨੂੰ ਜ਼ਮੀਨ 'ਤੇ ਰੱਖ ਦਿੱਤਾ ਤੇ ਆਪ ਕੁੰਡਾ ਖੋਲ੍ਹਣ ਲੱਗਾ। ਜੀਤੋ ਨੇ ਜ਼ੋਰ ਦੀ ਲੱਤ ਮਾਰੀ, ਜਿਸ ਨਾਲ ਸੁੱਚੀ ਪਗੜੀ ਢਿਲਕ ਗਈ ਤੇ ਉਸ ਦਾ ਮੂੰਹ ਨੰਗਾ ਹੋ ਗਿਆ। ਉਸ ਜ਼ੋਰ ਦੀ ਚੀਕ ਮਾਰੀ ਤੇ ਨਾਲ ਹੀ ਜ਼ੋਰ ਦੀ ਬੁੜ੍ਹਕੀ।

ਜੀਤੋ ਦੇ ਕੋਲ ਸੁੱਤੀ ਪਈ ਫ਼ਾਤਮਾ ਘਬਰਾ ਕੇ ਉੱਠ ਬੈਠੀ। ਜੀਤੋ ਨੇ ਉਸ ਨੂੰ ਜੱਫਾ ਪਾ ਲਿਆ ਤੇ ਰੋਣ ਲੱਗ ਪਈ।

"ਕੀ ਹੋਇਆ ਈ ?" ਫ਼ਾਤਮਾ ਨੇ ਘਬਰਾਹਟ ਵਿਚ ਪੁੱਛਿਆ, "ਚੰਗੀ ਭਲੀ ਸੁੱਤੀ ਪਈ ਸੈਂ !"

ਜੀਤੋ ਨੇ ਚਾਰ-ਚੁਫੇਰੇ ਘਾਬਰੇ ਹੋਏ ਦੇਖਿਆ। ਜਾਫ਼ਰ ਬੇਗ ਇਥੇ ਨਹੀਂ ਸੀ ਤੇ ਨਾ ਹੀ ਉਹਦੇ ਹੱਥ ਨੂੰ ਪਗੜੀ ਦੀਆਂ ਮੁਸ਼ਕਾਂ ਬੰਨ੍ਹੀਆਂ ਹੋਈਆਂ ਸਨ। ਹਾਤੇ ਦਾ ਦਰਵਾਜ਼ਾ ਵੀ ਉਸੇ ਤਰ੍ਹਾਂ ਬੰਦ ਸੀ। ਫ਼ਾਤਮਾ ਸਮਝ ਗਈ ਕਿ ਉਹ ਸੁਪਨੇ ਵਿਚ ਡਰ ਗਈ ਏ। ਉਸ ਪਿਆਰ ਨਾਲ ਉਹਦੇ ਖਿੱਲਰੇ ਵਾਲਾਂ ਨੂੰ ਸਾਂਭਿਆ ਤੇ ਕਿਹਾ, "ਐਵੇਂ ਡਰ ਗਈ ਏਂ। ਤੇਰੇ ਮਨ ਦਾ ਸ਼ੱਕ ਅਜੇ ਨਹੀਂ ਗਿਆ। ਮੈਂ ਜੁ ਕਿਹਾ ਏ ਕਿ ਮੇਰੇ ਹੁੰਦਿਆਂ ਤੈਨੂੰ ਕੋਈ ਡਰ ਨਹੀਂ। ਤੇਰੀ 'ਵਾ ਵੱਲ ਵੀ ਕੋਈ ਨਹੀਂ ਦੇਖ ਸਕਦਾ," ਫ਼ਾਤਮਾ ਨੇ ਫਿਰ ਪੁੱਛਿਆ, "ਸੁਪਨੇ ਵਿਚ ਕੀ ਦੇਖਿਆ ਸੀ ?"

ਜੀਤੋ ਨੇ ਕੋਈ ਉੱਤਰ ਨਾ ਦਿੱਤਾ। ਉਹਦਾ ਸਰੀਰ ਅਜੇ ਤਕ ਕੰਬੀ ਜਾ ਰਿਹਾ ਸੀ। ਦਿਲ ਦੀ ਧੜਕਣ ਅਜੇ ਤਕ ਬਹੁਤ ਤੇਜ਼ ਸੀ ਤੇ ਉਹਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਸ ਸੁਪਨਾ ਦੇਖਿਆ ਏ ਕਿ ਸੱਚੀਂ ਉਹਦੇ ਨਾਲ ਘਟਨਾ ਵਾਪਰੀ ਏ। ਉਹਦੇ ਹੋਂਠ ਸੁੱਕਣ ਲੱਗ ਪਏ। ਹੋਂਠਾਂ 'ਤੇ ਜੰਮੀ ਪਿਪੜੀ ਲਾਹੁਣ ਲਈ ਉਸ ਜੀਭ ਨੂੰ ਹੋਂਠਾਂ 'ਤੇ ਫੇਰਿਆ। ਕੋਲ ਪਈ ਸੁਰਾਹੀ ਵਿੱਚੋਂ ਪਾਣੀ ਦਾ ਗਲਾਸ ਭਰ ਕੇ ਪੀਤਾ ਤੇ ਫਿਰ ਕੁਝ ਜਾਨ ਵਿਚ ਜਾਨ ਆਈ।

"ਹਾਂ, ਫਿਰ ਦੱਸ ਤੇ ਸਹੀ ਕਿਹੜੀ ਗੱਲ ਨੇ ਤੈਨੂੰ ਇਤਨਾ ਡਰਾ ਦਿੱਤਾ ਸੀ ?" ਫ਼ਾਤਮਾ ਨੇ ਉਹਦੇ ਕੋਲ ਹੀ ਉਹਦੇ ਮੰਜੇ 'ਤੇ ਆ ਕੇ ਪੁੱਛਿਆ।

ਜੀਤੋ ਨੇ ਉਹਨੂੰ ਸਾਰੀ ਵਿਥਿਆ ਸੁਣਾ ਦਿੱਤੀ। ਫ਼ਾਤਮਾ ਬੜੀ ਹੈਰਾਨ ਹੋਈ। ਤਦ ਉਹ ਸਮਝ ਗਈ ਕਿ ਕੱਲ੍ਹ ਜਦ ਦੇ ਚਾਚਾ ਜੀ ਹੋ ਕੇ ਗਏ ਹਨ ਜੀਤੋ ਦੇ ਮਨ ਵਿਚ ਉਹਨਾਂ ਦਾ ਡਰ ਕਈ ਤਰ੍ਹਾਂ ਦੀਆਂ ਗੱਲਾਂ ਬਣ ਕੇ ਧਸ ਗਿਆ ਏ ਤੇ ਇਹੀ ਘਟਨਾ ਜੋ ਉਹਦੇ ਮਨ ਵਿਚ ਪੈਦਾ ਹੋਈ, ਜਾਗਦਿਆਂ ਤੇ ਪੂਰੀ ਨਹੀਂ ਹੋਈ, ਪਰ ਸੁੱਤਿਆਂ ਉਸ ਘਟਨਾ ਵਾਪਰਦੀ ਦੇਖ ਲਈ ਏ। ਫ਼ਾਤਮਾ ਨੇ ਸਮਝਾਇਆ, "ਮੇਰੇ ਚਾਚਾ ਜੀ ਇਸ ਤਰ੍ਹਾਂ ਦੇ ਨਹੀਂ।" ਇਹ ਗੱਲ ਉਸ ਜੀਤੋ ਨੂੰ ਦਿਲਾਸਾ ਦੇਣ ਲਈ ਕਹਿ ਦਿੱਤੀ, ਪਰ ਇਸ ਸਮੇਂ ਉਹਦੀਆਂ ਅੱਖਾਂ ਸਾਹਮਣੇ ਉਹਨਾਂ ਇਕ ਦੋ ਮੁਟਿਆਰਾਂ ਦੀ ਤਸਵੀਰ ਘੁੰਮਣ ਲੱਗ ਪਈ, ਜਿਨ੍ਹਾਂ ਨੂੰ ਇਹ ਜਾਣਦੀ ਸੀ ਤੇ ਜੋ ਇਹਦੇ ਚਾਚੇ ਦਾ ਸ਼ਿਕਾਰ ਬਣੀਆਂ ਸਨ। ਉਹਨੇ ਮਨ ਨਾਲ ਪੱਕਾ ਫ਼ੈਸਲਾ ਕਰ ਲਿਆ ਕਿ ਭਾਵੇਂ ਕੁਝ ਹੋਵੇ, ਉਹ ਇਸ ਭੋਲੀ ਭਾਲੀ ਕੁੜੀ ਨੂੰ ਚਾਚੇ ਦੀ ਭੇਟ ਨਹੀਂ ਚੜ੍ਹਨ ਦੇਵੇਗੀ। ਨਾਲੇ ਹੁਣ ਇਹਨੂੰ ਭੈਣ ਕਹਿ ਚੁੱਕੀ ਸੀ। ਇਕ ਭੈਣ ਦੀ ਇੱਜ਼ਤ ਰੱਖਣੀ, ਉਹਨੂੰ ਮੌਤ ਦੇ ਮੂੰਹ ਵਿੱਚੋਂ ਬਚਾਣਾ ਭੈਣ ਦਾ ਫ਼ਰਜ਼ ਹੈ। ਫਿਰ ਉਸ ਭੈਣ ਦੀ ਜ਼ੁੰਮੇਵਾਰੀ ਤਾਂ ਹੋਰ ਵੀ ਵਧ ਜਾਂਦੀ ਏ, ਜਿਸ ਦੀ ਕੋਈ ਭੈਣ ਨਾ ਹੋਵੇ ਤੇ ਸਾਰੀ ਜ਼ਿੰਦਗੀ ਵਿਚ ਉਹਨੂੰ ਕਿਸੇ ਨੇ ਇੱਕੋ ਵਾਰ ਭੈਣ ਕਹਿ ਕੇ ਪੁਕਾਰਿਆ ਹੋਵੇ। ਉਹ ਝੱਟ ਕੁ ਗੱਲਾਂ ਕਰਦੀਆਂ ਰਹੀਆਂ ਤੇ ਫਿਰ ਦੋਵੇਂ ਸੌਂ ਗਈਆਂ।

ਦੂਜੇ ਦਿਨ ਸਵੇਰੇ ਹੀ ਫ਼ਾਤਮਾ ਦੀ ਜਾਗ ਖੁਲ੍ਹ ਗਈ। ਜੀਤੋ ਅਜੇ ਤਕ ਸੁੱਤੀ ਹੋਈ ਸੀ। ਉਸ ਨੂੰ ਜਗਾਣਾ ਠੀਕ ਨਾ ਸਮਝਿਆ ਤੇ ਚੁੱਪ ਕਰ ਕੇ ਹੀ ਹਾਤੇ ਦਾ ਦਰਵਾਜ਼ਾ ਬਾਹਰੋਂ ਬੰਦ ਕਰ ਕੇ ਫ਼ਾਤਮਾ ਚਲੀ ਗਈ।

ਪਿਛਲੇ ਪਾਸੇ ਹੀ ਇਹਦੇ ਭਰਾ ਕਾਦਰ ਬਖ਼ਸ਼ ਦਾ ਕਮਰਾ ਸੀ। ਫ਼ਾਤਮਾ ਉਥੇ ਪੁੱਜੀ ਤਾਂ ਕਾਦਰ ਬਖ਼ਸ਼ ਮੰਜੇ 'ਤੇ ਪਿਆ ਅਜੇ ਆਕੜਾਂ ਭੰਨ ਰਿਹਾ ਸੀ। ਫ਼ਾਤਮਾ ਨੂੰ ਵੇਖ ਕੇ ਉਹ ਉੱਠ ਬੈਠਾ ਤੇ ਪੁਆਂਦੀ ਵੱਲ ਉਹਨੂੰ ਬੈਠਣ ਦਾ ਇਸ਼ਾਰਾ ਕੀਤਾ। ਫ਼ਾਤਮਾ ਚੁੱਪ ਕਰ ਕੇ ਬੈਠ ਗਈ।

"ਅੱਜ ਕਿਵੇਂ ਆਈ ਏਂ ਇਸ ਵੇਲੇ ?" ਕਾਦਰ ਬਖ਼ਸ਼ ਨੇ ਪੁੱਛਿਆ।

"ਇਕ ਬਹੁਤ ਜ਼ਰੂਰੀ ਕੰਮ ਏ," ਫ਼ਾਤਮਾ ਨੇ ਕਿਹਾ, "ਤੁਹਾਨੂੰ ਪਤਾ ਨਹੀਂ ਸ਼ਾਇਦ ਕੱਲ੍ਹ ਹੀ ਰਹੀਮ ਖ਼ਾਨ ਇਕ ਹਿੰਦੂਆਂ ਦੀ ਕੁੜੀ ਚੁੱਕ ਲਿਆਇਆ ਏ।"

"ਹੈਂ, ਕੁੜੀ ਚੁੱਕ ਲਿਆਇਆ ਏ ?"

"ਹਾਂ, ਵਿਚਾਰੀ ਬੜੀ ਭੋਲੀ ਭਾਲੀ ਲੱਗਦੀ ਏ, ਜਦੋਂ ਦੀ ਆਈ ਏ, ਮੈਨੂੰ 'ਭੈਣ ਜੀ, ਭੈਣ ਜੀ' ਕਰ ਕੇ ਸੱਦਦੀ ਏ," ਫ਼ਾਤਮਾ ਨੇ ਕਿਹਾ।

"ਤੇ ਉਹ ਤੇਰੇ ਕੋਲ ਕਿਵੇਂ ਆ ਗਈ ?" ਕਾਦਰ ਬਖ਼ਸ਼ ਨੇ ਕੁਝ ਹੈਰਾਨ ਹੋ ਕੇ ਪੁੱਛਿਆ।

"ਅਸਲ ਵਿਚ ਬੜੀ ਲੰਮੀ ਗੱਲ ਏ। ਆਪਣੇ ਚਾਚਾ ਜੀ ਨੇ ਇਸ ਕੁੜੀ ਦਾ ਡੋਲਾ ਮੰਗਿਆ ਸੀ ਅਤੇ ਇਹਦੇ ਪਿਉ ਨੇ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪਿਛਲੇ ਦਿਨੀਂ ਇਹਦਾ ਵਿਆਹ ਹੋ ਰਿਹਾ ਸੀ ਕਿ ਰਹੀਮ ਖ਼ਾਨ ਜਾ ਕੇ ਜ਼ਬਰਦਸਤੀ ਚੁੱਕ ਲਿਆਇਆ ਏ।"

"ਬੜੀ ਮਾੜੀ ਗੱਲ ਹੋਈ ਏ," ਕਾਦਰ ਬਖ਼ਸ਼ ਨੇ ਵੀ ਮਹਿਸੂਸ ਕੀਤਾ ਤੇ ਕਿਹਾ, "ਫਿਰ ਹੁਣ ?"

"ਕੁੜੀ ਕੱਲ੍ਹ ਦੀ ਰੋਈ ਜਾਂਦੀ ਏ, ਰਾਤੀਂ ਉਹਨੂੰ ਮਸਾਂ ਚੁਲੀ ਕੁ ਦੁੱਧ ਪਿਆਇਆ ਏ। ਰਾਤ ਵੀ ਸੁੱਤੀ ਪਈ ਸੁਪਨੇ ਵਿਚ ਹੀ ਡਰ ਗਈ। ਇਸ ਲਈ ਮੈਂ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਵੀ ਹੋਵੇ ਇਹਨੂੰ ਇਹਦੇ ਘਰ ਪੁਚਾ ਦਿੱਤਾ ਜਾਏ," ਫ਼ਾਤਮਾ ਨੇ ਕਿਹਾ।

"ਪਰ ਚਾਚਾ ਜੀ ਨੂੰ ਪਤਾ ਲੱਗ ਗਿਆ ਤਾਂ ਉਹਨਾਂ ਦੇ ਗੁੱਸੇ ਦਾ ਸ਼ਿਕਾਰ ਕੌਣ ਬਣੇਗਾ ? ਮੈਂ ਤਾਂ ਖ਼ਤਰਾ ਮੁੱਲ ਲੈਣ ਲਈ ਤਿਆਰ ਨਹੀਂ," ਕਾਦਰ ਬਖ਼ਸ਼ ਨੇ ਸਿਰ ਹਿਲਾ ਕੇ ਨਾਂਹ ਕੀਤੀ ਅਤੇ ਮੰਜੇ ਤੋਂ ਉੱਠਣ ਲੱਗਾ।

"ਕਿਧਰ ਚੱਲੇ ਹੋ। ਮੈਨੂੰ ਸਾਰੀ ਰਾਤ ਨੀਂਦਰ ਨਹੀਂ ਪਈ ਤੇ ਤੁਸੀਂ ਗੱਲ ਨੂੰ ਟਾਲ ਦਿੱਤਾ ਏ," ਫ਼ਾਤਮਾ ਨੇ ਕਿਹਾ, "ਨਿਰਾ ਉਹਦੀ ਜ਼ਿੰਦਗੀ ਦਾ ਸਵਾਲ ਨਹੀਂ, ਸਾਡੀ ਸਰਕਾਰ ਦਾ ਵੀ ਸਵਾਲ ਏ। ਚਾਚਾ ਜੀ ਭਾਵੇਂ ਨਹੀਂ ਸਮਝਦੇ ਪਰ ਲੋਕਾਂ 'ਤੇ ਇਹਦਾ ਮਾੜਾ ਅਸਰ ਪੈਂਦਾ ਏ। ਆਖ਼ਰ ਕਦੋਂ ਤਕ ਲੋਕਾਂ 'ਤੇ ਡੰਡੇ ਨਾਲ ਰਾਜ ਕੀਤਾ ਜਾ ਸਕਦਾ ਏ। ਨਾਲੇ ਵੀਰ ਤੈਨੂੰ ਪਤਾ ਹੈ ਕਿ ਚਾਚੀ ਜੀ ਦੀ ਸਿਹਤ ਕਿਤਨੀ ਕਮਜ਼ੋਰ ਏ। ਕੋਈ ਜ਼ਨਾਨੀ ਨਹੀਂ ਸਹਾਰ ਸਕਦੀ ਕਿ ਉਹਦੀ ਕੋਈ ਸੌਂਕਣ ਆ ਜਾਏ। ਇਹਦਾ ਸਾਡੇ ਘਰ ਰਹਿਣਾ ਚਾਚੀ ਦੀ ਮੌਤ ਦਾ ਕਾਰਨ ਬਣ ਜਾਏਗਾ। ਉਹਦਾ ਦਿਲ ਦੁਖੇਗਾ। ਅੱਗੇ ਹੀ ਉਹ ਨਿੱਕੀ ਨਿੱਕੀ ਗੱਲ ਨੂੰ ਦਿਲ 'ਤੇ ਲਾ ਲੈਂਦੀ ਏ ਤੇ ਕਈ ਕਈ ਡੰਗ ਕੁਝ ਵੀ ਖਾਂਦੀ ਪੀਂਦੀ ਨਹੀਂ।"

"ਇਹ ਕੁੜੀ ਹੈ ਕਿਥੋਂ ਦੀ ?" ਕਾਦਰ ਬਖ਼ਸ਼ ਨੇ ਪੁੱਛਿਆ। ਉਸ 'ਤੇ ਫ਼ਾਤਮਾ ਦੀਆਂ ਗੱਲਾਂ ਦਾ ਚੰਗਾ ਅਸਰ ਹੋਇਆ। ਉਹ ਮਹਿਸੂਸ ਕਰਨ ਲੱਗ ਪਿਆ ਕਿ ਇਹਨੂੰ ਬਚਾਣ ਨਾਲ ਇਕ ਤਾਂ ਇਸ ਦੀ ਜਵਾਨੀ ਬਚ ਜਾਏਗੀ ਤੇ ਦੂਜਾ ਸਾਡੇ ਘਰ ਕਲੇਸ਼ ਨਹੀਂ ਪਏਗਾ। ਫ਼ਾਤਮਾ ਦੀ ਇਸ ਗੱਲ ਵਿਚ ਵੀ ਉਹਨੂੰ ਵਜ਼ਨ ਜਾਪਿਆ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਦਾ ਲੋਕਾਂ 'ਤੇ ਮਾੜਾ ਅਸਰ ਪੈਂਦਾ ਏ।

"ਇਥੋਂ ਥੋੜ੍ਹੀ ਦੂਰ ਹੀ ਇਹਨਾਂ ਦਾ ਪਿੰਡ ਏ। ਸੁਹਣੇ ਸ਼ਾਹ ਦੀ ਧੀ ਏ," ਫ਼ਾਤਮਾ ਨੇ ਦੱਸਿਆ, "ਪਰ ਇਹਦਾ ਵਿਆਹ ਪਿੰਡ 'ਵਾਂ' ਦੇ ਮੁੰਡੇ ਦਿਆਲੇ ਨਾਲ ਹੋ ਰਿਹਾ ਸੀ ਜਦ ਇਹਨੂੰ ਚੁੱਕ ਲਿਆਂਦਾ ਗਿਆ ਏ।"

"ਪਿੰਡ 'ਵਾਂ' ਇਹਦੇ ਸਹੁਰੇ ਨੇ ?"

"ਮੈਨੂੰ ਤਾਂ ਇਹੋ ਦੱਸਿਆ ਸੂ," ਫ਼ਾਤਮਾ ਨੇ ਕਿਹਾ।

"ਉਸ ਪਿੰਡ ਦੇ ਬੰਦੇ ਤਾਂ ਬਹੁਤ ਚੰਗੇ ਨੇ," ਕਾਦਰ ਬਖ਼ਸ਼ ਨੇ ਕਿਹਾ। ਉਹਨੂੰ ਉਹ ਸਮਾਂ ਯਾਦ ਆ ਗਿਆ ਜਦੋਂ ਉਹ ਭਾਈ ਤਾਰਾ ਸਿੰਘ 'ਤੇ ਹਮਲਾ ਕਰ ਕੇ ਚਾਚੇ ਜਾਫ਼ਰ ਬੇਗ ਦੇ ਨਾਲ ਗਿਆ ਸੀ। ਉਸ ਕਿਹਾ, "ਤੈਨੂੰ ਯਾਦ ਹੋਵੇਗਾ ਫ਼ਾਤਮਾ ਇਹ ਉਹੀ ਪਿੰਡ ਈ, ਜਿਥੇ ਅਸੀਂ ਇਕ ਸਿਖ 'ਤੇ ਹਮਲਾ ਕਰਨ ਗਏ ਸਾਂ ਤੇ ਉਥੇ ਲੜਾਈ ਵਿਚ ਮੈਂ ਫੱਟੜ ਹੋ ਗਿਆ ਸਾਂ। ਤਾਰਾ ਸਿਹੁੰ ਨੇ ਮੈਨੂੰ ਆਪਣੇ ਬੁਰਜ 'ਤੇ ਲਿਜਾ ਕੇ ਮੇਰੀ ਮਲ੍ਹਮ ਪੱਟੀ ਉਸੇ ਤਰ੍ਹਾਂ ਕੀਤੀ ਜਿਵੇਂ ਜ਼ਖ਼ਮੀ ਸਿੱਖਾਂ ਦੀ ਕੀਤੀ। ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਬੜਾ ਘਬਰਾਇਆ। ਮੇਰੇ ਚਾਰ-ਚੁਫੇਰੇ ਸਿਖ ਹੀ ਸਿਖ ਖੜੇ ਸਨ ਪਰ ਮੇਰੇ ਹੋਸ਼ ਵਿਚ ਆਉਣ 'ਤੇ ਉਹਨਾਂ ਬੜੀ ਖ਼ੁਸ਼ੀ ਪ੍ਰਗਟ ਕੀਤੀ ਤੇ ਜਦ ਮੈਂ ਟੁਰਨ ਜੋਗਾ ਹੋ ਗਿਆ ਤਾਂ ਇਕ ਸਿਖ ਮੈਨੂੰ ਆਪਣੇ ਘੋੜੇ 'ਤੇ ਬਿਠਾ ਕੇ ਪੱਟੀ ਦੇ ਬਾਹਰ ਤਕ ਛੱਡ ਗਿਆ ਸੀ। ਮੈਂ ਉਹਨੂੰ ਰਾਹ ਵਿਚ ਪੁੱਛਿਆ ਵੀ ਸੀ ਕਿ ਕਿਥੇ ਲੈ ਚੱਲੇ ਹੋ ? ਕਿਧਰੇ ਮਾਰਨ ਲਈ ਤਾਂ ਨਹੀਂ ਲੈ ਚੱਲੇ, ਪਰ ਉਹਨੇ ਉਦੋਂ ਹੱਸਦਿਆਂ ਕਿਹਾ ਕਿ ਲੜਾਈ ਵਿਚ ਮਰ ਜਾਂਦੋਂ ਤਾਂ ਹੋਰ ਗੱਲ ਸੀ। ਲੜਾਈ ਪਿੱਛੋਂ ਐਵੇਂ ਮਨੁੱਖ ਮਾਰਨਾ ਕੋਈ ਚੰਗੀ ਗੱਲ ਨਹੀਂ।"

"ਇਹ ਗੱਲ ਤੁਸਾਂ ਮੈਨੂੰ ਅੱਗੇ ਤੇ ਨਹੀਂ ਦੱਸੀ," ਫ਼ਾਤਮਾ ਨੇ ਕਿਹਾ, "ਇਹ ਤਾਂ ਬੜੇ ਵੱਡੇ ਇਖ਼ਲਾਕ ਦੀਆਂ ਗੱਲਾਂ ਨੇ।"

"ਸੱਚ ਫ਼ਾਤਮਾ, ਮੈਂ ਤਾਂ ਇਸੇ ਤਰ੍ਹਾਂ ਮਹਿਸੂਸ ਕੀਤਾ ਏ ਕਿ ਸਿਖ ਬੜੇ ਬਹਾਦਰ, ਈਮਾਨਦਾਰ ਤੇ ਮਨੁੱਖ-ਦਰਦੀ ਨੇ। ਜਿਵੇਂ ਮੈਂ ਉਨ੍ਹਾਂ ਦੇ ਅੜਿੱਕੇ ਆ ਗਿਆ ਸਾਂ ਭਾਵੇਂ ਮੈਨੂੰ ਕੋਹ ਕੇ ਮਾਰ ਦੇਂਦੇ।"

"ਇਹ ਕਿਧਰੇ ਸਿੱਖਾਂ ਦੇ ਤੇ ਨਹੀਂ ਸੀ ਵਿਆਹੀ ਜਾ ਰਹੀ ?" ਫ਼ਾਤਮਾ ਨੇ ਕੁਝ ਸੋਚ ਕੇ ਪੁੱਛਿਆ।

"ਮੇਰਾ ਖ਼ਿਆਲ ਏ ਕਿ ਨਹੀਂ, ਜੇ ਸਿੱਖਾਂ ਦੇ ਵਿਆਹੀ ਹੁੰਦੀ ਤਾਂ ਉਹ ਇਸ ਤਰ੍ਹਾਂ ਜੰਞ ਵਿੱਚੋਂ ਖੋਹ ਕੇ ਨਾ ਲਿਆਉਣ ਦੇਂਦੇ।"

"ਅੱਛਾ, ਅਸੀਂ ਹੋਰ ਹੀ ਗੱਲਾਂ ਵਿਚ ਪੈ ਗਏ ਹਾਂ। ਪਹਿਲਾਂ ਇਹਦਾ ਸੋਚੀਏ ਕਿ ਇਹਨੂੰ ਕਿਵੇਂ ਬਚਾਇਆ ਜਾਏ। ਹੁਣੇ ਚਾਚਾ ਜੀ ਨੇ ਆ ਜਾਣਾ ਏਂ ਤੇ ਫਿਰ ਸਾਨੂੰ ਹੱਥਾਂ ਪੈਰਾਂ ਦੀ ਪੈ ਜਾਏਗੀ," ਫ਼ਾਤਮਾ ਨੇ ਕਿਹਾ, "ਕੋਈ ਅਜਿਹਾ ਰਾਹ ਲੱਭੋ ਜਿਸ ਨਾਲ ਸੱਪ ਵੀ ਮਰ ਜਾਏ ਤੇ ਡਾਂਗ ਵੀ ਬਚ ਜਾਏ।"

"ਚਾਚਾ ਜੀ ਨੇ ਹੁਣੇ ਕਿਥੋਂ ਆ ਜਾਣਾ ਏਂ!" ਕਾਦਰ ਬਖ਼ਸ਼ ਨੇ ਹੈਰਾਨ ਹੋ ਕੇ ਕਿਹਾ।

"ਰਾਤੀਂ ਉਹ ਕਹਿ ਗਏ ਸਨ ਕਿ ਕੱਲ੍ਹ ਸਵੇਰੇ ਆਵਾਂਗਾ," ਫ਼ਾਤਮਾ ਨੇ ਦੱਸਿਆ।

"ਉਹ ਤਾਂ ਇਥੇ ਹੀ ਨਹੀਂ।"

"ਕਿਥੇ ਗਏ ਨੇ ?" ਫ਼ਾਤਮਾ ਨੇ ਹੈਰਾਨ ਹੋ ਕੇ ਪੁੱਛਿਆ।

"ਤੈਨੂੰ ਨਹੀਂ ਪਤਾ ?"

"ਨਹੀਂ।"

"ਤਾਂ ਤੂੰ ਛੇਤੀ ਸੌਂ ਗਈ ਹੋਵੇਂਗੀ," ਕਾਦਰ ਬਖ਼ਸ਼ ਨੇ ਕਿਹਾ, "ਰਾਤੀਂ ਲਾਹੌਰ ਤੋਂ ਸੂਬੇਦਾਰ ਜ਼ਕਰੀਆ ਖ਼ਾਨ ਦਾ ਖ਼ਾਸ ਸੁਨੇਹਾ ਲੈ ਕੇ ਦੋ ਬੰਦੇ ਆਏ ਸਨ ਤੇ ਉਹਨਾਂ ਨਾਲ ਹੀ ਅੱਜ ਤੜਕੇ ਚਾਚਾ ਜੀ ਲਾਹੌਰ ਚਲੇ ਗਏ ਨੇ।"

"ਚਲੋ, ਇਹ ਵੀ ਚੰਗਾ ਹੋਇਆ। ਸਾਨੂੰ ਵੀ ਸੋਚਣ ਦਾ ਸਮਾਂ ਮਿਲ ਗਿਆ। ਹੁਣ ਕੋਈ ਨਾ ਕੋਈ ਰਾਹ ਕੱਢ ਹੀ ਲਵਾਂਗੇ," ਫ਼ਾਤਮਾ ਬੋਲੀ, "ਪਰ ਜ਼ਕਰੀਆ ਖ਼ਾਨ ਨੇ ਚਾਚਾ ਜੀ ਨੂੰ ਕਿਉਂ ਸੱਦਿਆ ਏ ?"

"ਕੋਈ ਸਲਾਹ ਕਰਨੀ ਹੋਣੀ ਏਂ ਜਾਂ ਦਿੱਲੀ ਵਾਲੇ ਰਕਮ ਮੰਗਦੇ ਹੋਣਗੇ ਤੇ ਉਹ ਲੋਕਾਂ ਤੋਂ ਉਗਰਾਹੁਣ ਦਾ ਢੰਗ ਲੱਭਣਗੇ," ਕਾਦਰ ਬਖ਼ਸ਼ ਨੇ ਦੱਸਿਆ।

"ਇਹ ਅਜੀਬ ਤਰੀਕਾ ਹੈ ਕਿ ਜੋ ਆਮਦਨ ਹੋਵੇ ਉਹ ਜ਼ਕਰੀਆ ਖ਼ਾਨ ਆਪ ਖਾ ਜਾਵੇ ਤੇ ਜਦੋਂ ਦਿੱਲੀ ਤੋਂ ਕਰ ਮੰਗਿਆ ਜਾਏ ਤਾਂ ਲੋਕਾਂ ਦੀ ਛਿੱਲ ਲਾਹੀ ਜਾਏ," ਫ਼ਾਤਮਾ ਨੇ ਕਿਹਾ, "ਦੱਸੋ ਫਿਰ, ਚਾਚਾ ਜੀ ਨੇ ਮੁੜਨ 'ਤੇ ਕੁੜੀ ਦਾ ਕੀ ਕਰਨਾ ਏ ?"

"ਮੈਨੂੰ ਤੇ ਕੁਝ ਨਹੀਂ ਸੁੱਝਦਾ," ਕਾਦਰ ਬਖ਼ਸ਼ ਸਿਰ ਨੂੰ ਖੁਰਕਦਿਆਂ ਬੋਲਿਆ।

"ਮੈਂ ਇਕ ਤਰੀਕਾ ਦੱਸਾਂ ?" ਫ਼ਾਤਮਾ ਨੇ ਜ਼ਰਾ ਕੁ ਸੋਚ ਕੇ ਕਿਹਾ।

"ਦੱਸ," ਕਾਦਰ ਬਖ਼ਸ਼ ਝੱਟ ਬੋਲਿਆ।

"ਤੁਸੀਂ 'ਵਾਂ' ਪਿੰਡ ਕੋਈ ਬੰਦਾ ਭੇਜੋ ਜੋ ਦਿਆਲੇ ਦਾ ਪਤਾ ਕਰੇ," ਫ਼ਾਤਮਾ ਨੇ ਕਿਹਾ।

"ਇਹਦਾ ਕੀ ਲਾਭ ਹੋਵੇਗਾ ?" ਕਾਦਰ ਬਖ਼ਸ਼ ਨੇ ਪੁੱਛਿਆ।

"ਤੁਸੀਂ ਉਹਦਾ ਪਤਾ ਤਾਂ ਕਰੋ ਤੇ ਜੇ ਹੋ ਸਕੇ ਤਾਂ ਉਹਨੂੰ ਪੱਟੀ ਲੈ ਆਓ। ਮੈਂ ਅੱਗੋਂ ਆਪੇ ਰਾਹ ਕੱਢ ਲਵਾਂਗੀ, ਜਿਸ ਨਾਲ ਕੁੜੀ ਵੀ ਚਲੀ ਜਾਵੇਗੀ ਤੇ ਚਾਚਾ ਜੀ ਵੀ ਗੁੱਸੇ ਨਹੀਂ ਹੋਣਗੇ," ਫ਼ਾਤਮਾ ਨੇ ਕੁਝ ਮੁਸਕਰਾਂਦਿਆਂ ਕਿਹਾ, "ਇਹ ਕੰਮ ਹੁਣੇ ਕਰਨ ਵਾਲਾ ਏ। ਚਾਚਾ ਜੀ ਦੇ ਲਾਹੌਰੋਂ ਮੁੜਨ ਤੋਂ ਪਹਿਲਾਂ ਤੁਸੀਂ ਆਪ ਪਿੰਡ 'ਵਾਂ' ਤੋਂ ਹੋ ਕੇ ਆ ਸਕਦੇ ਹੋ।"

"ਚੰਗਾ, ਮੈਂ ਜਾਂਦਾ ਹਾਂ।" ਕਾਦਰ ਬਖ਼ਸ਼ ਤਿਆਰੀ ਕਰਨ ਲਈ ਉਠਿਆ ਤੇ ਫ਼ਾਤਮਾ ਇਸ ਖ਼ਿਆਲ ਨਾਲ ਕਾਹਲੀ ਕਾਹਲੀ ਕਦਮ ਪੁੱਟਦੀ ਆਪਣੇ ਹਾਤੇ ਵਿਚ ਗਈ

ਕਿ ਜੀਤੋ ਇਕੱਲੀ ਘਬਰਾ ਗਈ ਹੋਵੇਗੀ।

8

ਦੂਜੇ ਦਿਨ ਹੀ ਜਾਫ਼ਰ ਬੇਗ ਲਾਹੌਰ ਤੋਂ ਵਾਪਸ ਆ ਗਿਆ ਤੇ ਆਉਂਦਿਆਂ ਹੀ ਉਸ ਆਪਣੇ ਸਾਰੇ ਸਾਥੀਆਂ ਦੀ ਮੀਟਿੰਗ ਸੱਦੀ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਵੱਲੋਂ ਜਾਰੀ ਹੋਈਆਂ ਨਵੀਆਂ ਹਦਾਇਤਾਂ ਤੋਂ ਜਾਣੂੰ ਕਰਾਇਆ। ਉਸ ਦੱਸਿਆ ਕਿ ਜ਼ਕਰੀਆ ਖ਼ਾਨ ਦੀ ਰਿਪੋਰਟ ਅਨੁਸਾਰ ਸਿਖ ਮਾਝੇ ਵਿਚ ਸਾਡੇ ਨਾਲ ਟੱਕਰ ਲੈਣ ਦੀਆਂ ਤਿਆਰੀਆਂ ਕਰ ਰਹੇ ਹਨ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੀ ਦਰਦਨਾਕ ਘਟਨਾ ਸੁਣਾ ਕੇ ਤੇ ਭਾਈ ਤਾਰਾ ਸਿੰਘ ਦੇ ਗੁਣ ਦੱਸ ਕੇ ਉਹਦੀ ਮੌਤ ਦੀ ਕਹਾਣੀ ਸੁਣਾ ਕੇ ਲੋਕਾਂ ਨੂੰ ਭੜਕਾ ਰਹੇ ਹਨ। ਸਰਕਾਰ ਦੀ ਇਤਲਾਹ ਅਨੁਸਾਰ ਉਹਨਾਂ ਦੇ ਜ਼ਹਿਰੀਲੇ ਪ੍ਰਚਾਰ ਦਾ ਬੜਾ ਅਸਰ ਹੋਇਆ ਹੈ। ਲੋਕ ਸਰਕਾਰ ਵਿਰੁੱਧ ਹੁੰਦੇ ਜਾ ਰਹੇ ਹਨ। ਇਸ ਲਈ ਇਸ ਖ਼ਤਰੇ ਦਾ ਟਾਕਰਾ ਹੁਣੇ ਤੋਂ ਹੀ ਕਰਨਾ ਚਾਹੀਦਾ ਹੈ। ਅਜੇ ਤਾਂ ਧੁਖਦੀ ਅੱਗ ਬੁਝਾਈ ਜਾ ਸਕਦੀ ਹੈ ਪਰ ਜਦੋਂ ਲਾਂਬੂ ਬਣ ਕੇ ਬਲਣ ਲੱਗ ਪਈ ਤਾਂ ਇਸ ਉੱਤੇ ਕਾਬੂ ਨਹੀਂ ਪਾਇਆ ਜਾ ਸਕੇਗਾ। ਜਿਸ ਲਈ ਡਿਊਟੀਆਂ ਲਾਓ ਕਿ ਪਿੰਡਾਂ ਵਿਚ ਫਿਰ ਕੇ ਪਤਾ ਕੀਤਾ ਜਾਏ ਕਿ ਕੌਣ ਕੌਣ ਸਿਖ ਹੋ ਗਿਆ ਹੈ ਜਾਂ ਸਿੱਖਾਂ ਦੀ ਮਦਦ ਕਰਦਾ ਹੈ।

"ਜਿਹੜੇ ਇਸ ਤਰ੍ਹਾਂ ਦਾ ਜ਼ਹਿਰ ਫੈਲਾਂਦੇ ਨੇ, ਉਹ ਸਿਖ ਤਾਂ ਪਹਿਲਾਂ ਹੀ ਜੰਗਲਾਂ ਵਿਚ ਚਲੇ ਗਏ ਹਨ," ਰਹੀਮ ਖ਼ਾਨ ਨੇ ਕਿਹਾ, "ਉਹਨਾਂ ਘਰ-ਘਾਟ ਪਹਿਲਾਂ ਹੀ ਛੱਡ ਦਿੱਤੇ ਨੇ ਤੇ ਘੋੜਿਆਂ 'ਤੇ ਭੱਜੇ ਫਿਰਦੇ ਹਨ ਤੇ ਉਹਨਾਂ ਆਪਣਾ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਬਣਾ ਲਿਆ ਏ।"

ਜਾਫ਼ਰ ਬੇਗ ਉਹਦੀ ਗੱਲ ਵਿੱਚੇ ਟੋਕ ਕੇ ਬੋਲਿਆ, "ਸਾਨੂੰ ਕੀ, ਕਿਧਰੇ ਜਾਣ। ਸਾਡਾ ਮਤਲਬ ਤਾਂ ਇਹ ਹੈ ਕਿ ਸਾਡੇ ਇਲਾਕੇ ਵਿਚ ਖੱਪ ਨਹੀਂ ਰਹਿਣੀ ਚਾਹੀਦੀ ਤੇ ਨਾ ਹੀ ਲਾਹੌਰ ਸਰਕਾਰ ਨੂੰ ਇਹ ਸ਼ਿਕਾਇਤ ਦਾ ਮੌਕਾ ਮਿਲਣਾ ਚਾਹੀਦਾ ਹੈ ਕਿ ਸਿਖ ਇਲਾਕੇ ਵਿਚ ਤਾਕਤ ਫੜ ਰਹੇ ਹਨ।"

ਇਸ ਸੰਬੰਧੀ ਸਾਰਿਆਂ ਨੇ ਆਪਣੇ ਆਪਣੇ ਸੁਝਾਉ ਰੱਖੇ ਤੇ ਇਹ ਫ਼ੈਸਲਾ ਹੋਇਆ ਕਿ ਲਾਹੌਰ ਸਰਕਾਰ ਤੋਂ ਮੰਗ ਕੀਤੀ ਜਾਏ ਕਿ ਉਹ ਫ਼ੌਜ ਦੇ ਦੋ ਦਸਤੇ ਪੱਟੀ ਦੇ ਇਲਾਕੇ

ਵਿਚ ਗਸ਼ਤ ਕਰਨ ਲਈ ਭੇਜ ਦੇਵੇ। ਉਸ ਦੀ ਮਦਦ ਨਾਲ ਪਿੰਡਾਂ ਵਿਚ ਡਰ ਤੇ ਭੈ ਪੈਦਾ ਕੀਤਾ ਜਾਏ ਤੇ ਜਿਥੇ ਕਿਧਰੇ ਸਿੱਖਾਂ ਦਾ ਅਤਾ-ਪਤਾ ਲੱਗੇ, ਉਹਨੂੰ ਖ਼ਤਮ ਕੀਤਾ ਜਾਏ। ਲਾਹੌਰ ਤੋਂ ਫ਼ੌਜ ਇਸ ਲਈ ਮੰਗਵਾਣ ਦਾ ਫ਼ੈਸਲਾ ਕੀਤਾ ਗਿਆ ਕਿਉਂਕਿ ਭਾਈ ਤਾਰਾ ਸਿੰਘ 'ਵਾਂ' 'ਤੇ ਹਮਲੇ ਸਮੇਂ ਦਾ ਕੌੜਾ ਤਜਰਬਾ ਸੀ ਤੇ ਭਾਰੀ ਨੁਕਸਾਨ ਉਠਾਉਣਾ ਪਿਆ ਸੀ, ਇਸ ਲਈ ਹੁਣ ਕਿਸੇ ਸਿਖ ਟਿਕਾਣੇ 'ਤੇ ਹਮਲਾ ਕਰਨ ਦੀ ਜਾਫ਼ਰ ਬੇਗ ਇਕੱਲੇ ਵਿਚ ਸ਼ਕਤੀ ਨਹੀਂ ਸੀ। ਇਸ ਬਾਰੇ ਹੋਰ ਸਾਰੇ ਸਾਥੀਆਂ ਨੂੰ ਕੰਮ ਦੱਸ ਕੇ ਜਾਫ਼ਰ ਬੇਗ ਨੇ ਟੋਰ ਦਿੱਤਾ ਤੇ ਰਹੀਮ ਖ਼ਾਨ ਨੂੰ ਆਪਣੇ ਕੋਲ ਹੀ ਮੰਜੇ 'ਤੇ ਬਿਠਾ ਲਿਆ। ਉਹਦੇ ਨਾਲ ਕੰਨ ਵਿਚ ਕੁਝ ਹੌਲੀ ਹੌਲੀ ਗੱਲਾਂ ਕੀਤੀਆਂ ਤੇ ਉਹਦੀ ਕਿਸੇ ਮਸਲੇ 'ਤੇ ਰਾਏ ਲਈ। ਬਾਕੀ ਗੱਲਾਂ ਦਾ ਤਾਂ ਪਤਾ ਨਾ ਲੱਗਾ ਪਰ ਇਕ ਸ਼ਬਦ ਰਹੀਮ ਖ਼ਾਨ ਦੇ ਮੂੰਹੋਂ ਕੁਝ ਉੱਚਾ ਜਿਹਾ ਨਿਕਲਦਾ ਸੁਣਿਆ ਗਿਆ, 'ਸੁਹਣੇ ਸ਼ਾਹ ਦੀ ਕੁੜੀ' ਸੀ। ਇਸ ਤੋਂ ਹੀ ਅਨੁਮਾਨ ਲੱਗ ਸਕਦਾ ਸੀ ਕਿ ਸੁਹਣੇ ਸ਼ਾਹ ਦੀ ਕੁੜੀ ਬਾਰੇ ਹੀ ਗੱਲਾਂ ਤੇ ਸਲਾਹਵਾਂ ਹੋ ਰਹੀਆਂ ਹਨ। ਝੱਟ ਪਿੱਛੋਂ ਦੋਵੇਂ ਹੱਸ ਪਏ ਤੇ ਜਾਫ਼ਰ ਬੇਗ ਨੇ ਰਹੀਮ ਖ਼ਾਨ ਨੂੰ ਥਾਪੀ ਦਿੱਤੀ ਜਿਵੇਂ ਉਹਨੂੰ ਰਹੀਮ ਖ਼ਾਨ ਦੀ ਕੋਈ ਗੱਲ ਬਹੁਤ ਹੀ ਪਸੰਦ ਆਈ ਹੋਵੇ।

ਇਕ ਨੌਕਰਾਣੀ ਨੇ ਫ਼ਾਤਮਾ ਤੇ ਜੀਤੋ ਨੂੰ ਦੱਸਿਆ ਕਿ ਮੀਆਂ ਜੀ ਆ ਗਏ ਹਨ। ਇਸ ਸਮੇਂ ਜੀਤੋ ਰੋਟੀ ਖਾ ਰਹੀ ਸੀ, ਉਸ ਗਰਾਹੀ ਤੋੜੀ ਤੇ ਸਲੂਣੇ ਨਾਲ ਲਾ ਕੇ ਮੂੰਹ ਵਿਚ ਪਾਣ ਹੀ ਲੱਗੀ ਸੀ ਜਦੋਂ ਉਹਨੂੰ ਪਤਾ ਲੱਗਾ ਕਿ ਜਾਫ਼ਰ ਬੇਗ ਆ ਗਿਆ ਹੈ। ਉਹਦਾ ਹੱਥ ਉਥੇ ਦਾ ਉਥੇ ਹੀ ਰਹਿ ਗਿਆ ਤੇ ਹੱਥ ਫੜੀ ਗਰਾਹੀ ਮੂੰਹ ਤਕ ਨਾ ਜਾ ਸਕੀ, ਚਿਹਰੇ ਦਾ ਰੰਗ ਉੱਡ ਗਿਆ ਤੇ ਸਰੀਰ ਨੂੰ ਡਰ ਨਾਲ ਕੰਬਣੀ ਛਿੜ ਗਈ। ਫ਼ਾਤਮਾ ਨੇ ਫਿਰ ਉਹਨੂੰ ਜ਼ਰਾ ਗੁੱਸੇ ਨਾਲ ਕਿਹਾ, "ਮੈਨੂੰ ਨਹੀਂ ਤੇਰੀ ਇਹ ਆਦਤ ਪਸੰਦ। ਚਾਚਾ ਜੀ ਦਾ ਨਾਂ ਸੁਣਦਿਆਂ ਪਤਾ ਨਹੀਂ ਤੈਨੂੰ ਕੀ ਹੋ ਜਾਂਦਾ ਏ। ਉਹ ਆਖ਼ਰ ਮਨੁੱਖ ਨੇ, ਤੈਨੂੰ ਮੂੰਹ ਵਿਚ ਤੇ ਨਹੀਂ ਪਾਣ ਲੱਗੇ। ਮੈਂ ਕਈ ਵਾਰ ਕਿਹਾ ਏ ਕਿ ਮੇਰੇ ਹੁੰਦਿਆਂ ਤੈਨੂੰ ਕੋਈ ਡਰ ਨਹੀਂ ਪਰ ਫਿਰ ਪਤਾ ਨਹੀਂ, ਤੈਨੂੰ ਕੀ ਹੋ ਜਾਂਦਾ ਏ।"

ਜੀਤੋ ਨੇ ਅੱਖਾਂ ਨੀਵੀਆਂ ਪਾ ਲਈਆਂ ਤੇ ਹੌਲੀ ਜਿਹੀ ਬੋਲੀ, "ਭੈਣ ਜੀ, ਤੁਹਾਡੇ 'ਤੇ ਬੇਇਤਬਾਰੀ ਤਾਂ ਨਹੀਂ। ਮੈਂ ਬਥੇਰਾ ਯਤਨ ਕਰਦੀ ਹਾਂ ਕਿ ਆਪਣੇ ਆਪ 'ਤੇ ਕਾਬੂ ਰੱਖਾਂ ਪਰ ਪਤਾ ਨਹੀਂ ਮੈਨੂੰ ਕੀ ਹੋ ਜਾਂਦਾ ਏ। ਇਹ ਮੇਰੇ ਵੱਸ ਦੀ ਗੱਲ ਨਹੀਂ ਰਹੀ।"

ਅਜੇ ਇਹ ਗੱਲਾਂ ਕਰ ਹੀ ਰਹੀਆਂ ਸਨ ਕਿ ਹਾਤੇ ਦਾ ਦਰਵਾਜ਼ਾ ਖੁੱਲ੍ਹਿਆ ਤੇ ਜਾਫ਼ਰ ਬੇਗ ਅੰਦਰ ਆ ਗਿਆ। ਉਹਨੂੰ ਵੇਖ ਤਾਂ ਜੀਤੋ ਦਾ ਉਪਰ ਦਾ ਸਾਹ ਉਪਰ ਤੇ ਹੇਠਲਾ ਹੇਠਾਂ ਹੀ ਰਹਿ ਗਿਆ। ਉਸ ਪਹਿਲਾਂ ਤਾਂ ਸਿਰ ਗੋਡਿਆਂ ਵਿਚ ਦੇ ਲਿਆ ਫਿਰ ਪਤਾ ਨਹੀਂ ਉਹਨੂੰ ਕੀ ਸੁੱਝੀ ਕਿ ਉੱਠ ਕੇ ਦੌੜ ਕੇ ਅੰਦਰ ਚਲੀ ਗਈ। ਫ਼ਾਤਮਾ

ਬਰਾਂਡੇ ਵਿਚ ਮੰਜੀ ਡਾਹੀ ਬੈਠੀ ਸੀ। ਜਾਫ਼ਰ ਬੇਗ ਉਹਦੇ ਕੋਲ ਆ ਕੇ ਬੈਠ ਗਿਆ। ਅੱਜ ਉਹ ਅਸਾਧਾਰਨ ਤੌਰ 'ਤੇ ਖ਼ੁਸ਼ ਨਜ਼ਰ ਆ ਰਿਹਾ ਸੀ। ਫ਼ਾਤਮਾ ਨੇ ਆਉਂਦਿਆਂ ਪੁੱਛਿਆ, "ਕਦੋਂ ਆਏ ਜੇ ?"

"ਝੱਟ ਕੁ ਹੋ ਗਿਆ ਏ," ਜਾਫ਼ਰ ਬੇਗ ਨੇ ਕਿਹਾ।

"ਕੀ ਗੱਲ ਇੱਡੀ ਛੇਤੀ ਲਾਹੌਰ ਕਿਉਂ ਚਲੇ ਗਏ ਸਓ ?" ਫ਼ਾਤਮਾ ਨੇ ਪੁੱਛਿਆ।

"ਸਰਕਾਰਾਂ ਦੇ ਕੰਮ ਹੁੰਦੇ ਨੇ। ਜਦੋਂ ਕੋਈ ਕੰਮ ਯਾਦ ਆਇਆ, ਉਸ ਵੇਲੇ ਬੁਲਾ ਭੇਜਿਆ," ਜਾਫ਼ਰ ਬੇਗ ਨੇ ਕਿਹਾ, "ਇਹ ਕੁੜੀ ਉਹੀ ਸੁਹਣੇ ਸ਼ਾਹ ਦੀ ਏ ਜੋ ਅੰਦਰ ਚਲੀ ਗਈ ਏ ?"

"ਹਾਂ, ਇਹੀ ਸੁਹਣੇ ਸ਼ਾਹ ਦੀ ਧੀ ਜੀਤੋ ਏ," ਫ਼ਾਤਮਾ ਨੇ ਕਿਹਾ ਪਰ ਉਹਦਾ ਦਿਲ ਜ਼ੋਰ ਨਾਲ ਧੜਕਣ ਲੱਗ ਪਿਆ। ਉਸ ਮਹਿਸੂਸ ਕੀਤਾ ਕਿ ਅੱਜ ਚਾਚਾ ਜੀ ਨਾਲ ਟੱਕਰ ਹੋ ਜਾਏਗੀ। ਇਹਨਾਂ ਹੁਣੇ ਜੀਤੋ ਨੂੰ ਆਪਣੇ ਕਬਜ਼ੇ ਵਿਚ ਕਰਨਾ ਏ ਤੇ ਮੈਂ ਦੇਣੀ ਨਹੀਂ, ਇਸ 'ਤੇ ਝਗੜਾ ਹੋ ਜਾਣਾ ਏ। ਹੋ ਸਕਦਾ ਹੈ ਕਿ ਚਾਚਾ ਜੀ ਦੇ ਗੁੱਸੇ ਦਾ ਸ਼ਿਕਾਰ ਹੋ ਜਾਵਾਂ। ਉਹ ਸੋਚ ਰਹੀ ਸੀ ਕਿ ਇਸ ਮਸਲੇ ਨੂੰ ਕਿਵੇਂ ਹੱਲ ਕਰੇ ਪਰ ਝੱਟ ਪਿੱਛੋਂ ਜਾਫ਼ਰ ਬੇਗ ਨੇ ਹੀ ਚੁੱਪ ਨੂੰ ਤੋੜਿਆ, "ਫ਼ਾਤਮਾ ਤੇਰੀਆਂ ਉਸ ਦਿਨ ਦੀਆਂ ਗੱਲਾਂ ਨੇ ਮੇਰੇ 'ਤੇ ਬੜਾ ਅਸਰ ਕੀਤਾ ਏ। ਮੈਂ ਸੱਚਮੁੱਚ ਇਹੀ ਮਹਿਸੂਸ ਕੀਤਾ ਏ ਕਿ ਜੇ ਇਹਦੇ ਪਿਉ ਨੇ ਕਸੂਰ ਕੀਤਾ ਏ ਤਾਂ ਇਹਨੂੰ ਕਿਉਂ ਸਜ਼ਾ ਦਿੱਤੀ ਜਾਏ। ਇਸ ਵਿਚਾਰੀ ਨੇ ਅਜੇ ਦੁਨੀਆਂ ਦਾ ਕੀ ਤੱਕਿਆ ਏ, ਇਹਨੂੰ ਕਿਉਂ ਬਰਬਾਦ ਕੀਤਾ ਜਾਏ। ਜੇ ਸਾਡੇ ਵਿਚ ਹਿੰਮਤ ਹੋਈ ਤਾਂ ਇਹਦੇ ਪਿਉ ਨੂੰ ਕੀਤੇ ਦਾ ਬਦਲਾ ਦਿਆਂਗੇ।"

"ਚਾਚਾ ਜੀ, ਤੁਸੀਂ ਬੜੇ ਹੀ ਚੰਗੇ ਹੋ," ਇਹ ਕਹਿ ਕੇ ਫ਼ਾਤਮਾ ਨੇ ਚਾਚੇ ਦੇ ਮੋਢੇ ਆਪਣੀਆਂ ਦੋਹਾਂ ਬਾਹਵਾਂ ਵਿਚ ਘੁੱਟ ਲਏ, "ਮੈਨੂੰ ਤੁਹਾਡੇ ਤੋਂ ਇਹੀ ਆਸ ਸੀ। ਮੈਂ ਅੱਗੇ ਹੀ ਕਹਿੰਦੀ ਸਾਂ ਕਿ ਮੇਰੇ ਚਾਚਾ ਜੀ ਕਿਸੇ ਦੀਆਂ ਬਦ-ਅਸੀਸਾਂ ਦੇ ਭਾਗੀ ਨਹੀਂ ਬਣ ਸਕਦੇ। ਸੱਚ, ਚਾਚਾ ਜੀ ਜੀਤੋ ਬੜੀ ਭੋਲੀ ਭਾਲੀ ਕੁੜੀ ਜੇ। ਉਸ ਵਿਚਾਰੀ ਨੂੰ ਤਾਂ ਅਜੇ ਦੁਨੀਆਂ-ਜਹਾਨ ਦਾ ਕੁਝ ਵੀ ਪਤਾ ਨਹੀਂ।" ਜਾਫ਼ਰ ਬੇਗ ਵੀ ਖ਼ੁਸ਼ ਹੋ ਰਿਹਾ ਸੀ ਕਿਉਂਕਿ ਉਹ ਫ਼ਾਤਮਾ ਦੀ ਖ਼ੁਸ਼ੀ ਪ੍ਰਾਪਤ ਕਰਨ ਦਾ ਬੜਾ ਚਾਹਵਾਨ ਸੀ ਤੇ ਉਕਤ ਸ਼ਬਦਾਂ ਨਾਲ ਫ਼ਾਤਮਾ ਬੜੀ ਹੀ ਖ਼ੁਸ਼ ਹੋ ਗਈ ਸੀ। ਉਸ ਹੋਰ ਕਿਹਾ, "ਮੈਂ ਇਸ ਲਈ ਫ਼ੈਸਲਾ ਕੀਤਾ ਏ ਕਿ ਇਹਨੂੰ ਇਹਦੇ ਘਰ ਪਹੁੰਚਾ ਦਿੱਤਾ ਜਾਏ। ਇਹਦੇ ਸਹੁਰੇ ਘਰ ਦਾ ਪਤਾ ਕਰ ਕੇ ਉਥੇ ਪਹੁੰਚਾਇਆ ਜਾਏ। ਸੁਹਣੇ ਸ਼ਾਹ ਦੇ ਘਰ ਭੇਜਣ ਨੂੰ ਮੇਰਾ ਜੀਅ ਨਹੀਂ ਕਰਦਾ।"

"ਇਹਦੇ ਸਹੁਰੇ ਪਿੰਡ 'ਵਾਂ' ਵਿਚ ਨੇ," ਫ਼ਾਤਮਾ ਉਤਾਵਲੀ ਹੋ ਕੇ ਬੋਲੀ।

"ਉਸ ਪਿੰਡ ਵਿਚ, ਜਿਥੇ ਅਸਾਂ ਦੋ ਲੜਾਈਆਂ ਲੜੀਆਂ ਨੇ ?" ਜਾਫ਼ਰ ਬੇਗ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ, ਉਸੇ ਪਿੰਡ ਵਿਚ," ਫ਼ਾਤਮਾ ਨੇ ਕਿਹਾ, "ਵੀਰਾ ਅੱਗੇ ਹੀ ਉਥੇ ਗਿਆ ਹੋਇਆ ਏ।"

"ਕਾਦਰ ਬਖ਼ਸ਼ ਗਿਆ ਹੋਇਆ ਏ, 'ਵਾਂ' ਪਿੰਡ ਵਿਚ ?"

"ਜੀ।"

"ਕਿਉਂ ਗਿਆ ਏ ?"

"ਜੀਤੋ ਦੇ ਸਹੁਰਿਆਂ ਦਾ ਪਤਾ ਕਰਨ। ਜੀਤੋ ਨੇ ਦੱਸਿਆ ਸੀ ਕਿ 'ਵਾਂ' ਪਿੰਡ ਦੇ ਇਕ ਮੁੰਡੇ ਦਿਆਲੇ ਨਾਲ ਇਹਦਾ ਵਿਆਹ ਹੋ ਰਿਹਾ ਸੀ," ਫ਼ਾਤਮਾ ਨੇ ਕਾਦਰ ਬਖ਼ਸ਼ ਨਾਲ ਆਪਣੀ ਲੁਕਵੀਂ ਕੀਤੀ ਗੱਲ-ਬਾਤ ਦਾ ਸਾਰਾ ਭੇਦ ਖੋਲ੍ਹ ਦਿੱਤਾ। ਜਾਫ਼ਰ ਬੇਗ ਇਸ ਨਾਲ ਚਿੰਤਾਤੁਰ ਹੋ ਗਿਆ। ਉਹ ਸੋਚਣ ਲੱਗ ਪਿਆ ਕਿ ਮੇਰੀ ਗ਼ੈਰ-ਹਾਜ਼ਰੀ ਵਿਚ ਜੀਤੋ ਨੂੰ ਇਥੋਂ ਭਜਾਣ ਦੀ ਤਿਆਰੀ ਹੁੰਦੀ ਰਹੀ ਏ। ਉਹਨੂੰ ਕਾਦਰ ਬਖ਼ਸ਼ 'ਤੇ ਬੜਾ ਗੁੱਸਾ ਆਇਆ ਪਰ ਫ਼ਾਤਮਾ ਸਾਹਮਣੇ ਸਭ ਕੁਝ ਪੀ ਗਿਆ। ਆਪਣੇ ਚਿਹਰੇ 'ਤੇ ਬਨਾਉਟੀ ਹਾਸਾ ਲਿਆ ਕੇ ਉਸ ਕਿਹਾ, "ਜਾਹ ਜੀਤੋ ਨੂੰ ਪੁੱਛ ਆ ਕਿ ਹੁਣੇ ਜਾਣਾ ਸੂ ਕਿ ਕੱਲ੍ਹ। ਮੈਂ ਇਹਨੂੰ ਭੇਜ ਦਿੰਦਾ ਹਾਂ।"

ਜਾਫ਼ਰ ਬੇਗ ਉਥੇ ਬੈਠਾ ਰਿਹਾ ਤੇ ਫ਼ਾਤਮਾ ਦੌੜੀ ਦੌੜੀ ਅੰਦਰ ਗਈ। ਉਹਨੂੰ ਦੌੜੀ ਆਉਂਦੀ ਦੇਖ ਕੇ ਜੀਤੋ ਦਾ ਕਲੇਜਾ ਜ਼ੋਰ ਜ਼ੋਰ ਨਾਲ ਧੱਕ ਧੱਕ ਕਰਨ ਲੱਗ ਪਿਆ। ਫ਼ਾਤਮਾ ਨੇ ਆਉਂਦਿਆਂ ਉਹਨੂੰ ਜੱਫਾ ਪਾ ਲਿਆ ਤੇ ਕਿਹਾ, "ਤੈਨੂੰ ਕਿਹਾ ਸੀ ਨਾ ਕਿ ਮੇਰੇ ਚਾਚਾ ਜੀ ਬਹੁਤ ਚੰਗੇ ਨੇ। ਉਹ ਕਹਿੰਦੇ ਨੇ ਕਿ ਜੀਤੋ ਨੂੰ ਕਹੋ ਤਿਆਰ ਹੋ ਜਾਏ, ਉਹਨੂੰ ਛੱਡ ਆਈਏ।"

"ਕਿਥੇ ?" ਜੀਤੋ ਨੇ ਹੈਰਾਨ ਹੋ ਕੇ ਪੁੱਛਿਆ।

"ਤੇਰੇ ਸਹੁਰੇ ਪਿੰਡ," ਫ਼ਾਤਮਾ ਨੇ ਉਹਦੀਆਂ ਗੱਲ੍ਹਾਂ 'ਤੇ ਹੌਲੀ ਜਿਹੀ ਚਪੇੜ ਮਾਰਦਿਆਂ ਪਿਆਰ ਨਾਲ ਕਿਹਾ।

ਜੀਤੋ ਦਾ ਮੂੰਹ ਸ਼ਰਮ ਨਾਲ ਲਾਲ ਹੋ ਗਿਆ ਤੇ ਉਸ ਨੀਵੀਂ ਪਾ ਲਈ। ਫ਼ਾਤਮਾ ਨੇ ਫਿਰ ਕਿਹਾ, "ਜਾਣਾ ਈ ਨਾ ਸਹੁਰੇ ?"

"ਨਹੀਂ," ਜੀਤੋ ਹੌਲੀ ਜਿਹੀ ਬੋਲੀ।

"ਕਿਉਂ ?" ਫ਼ਾਤਮਾ ਨੇ ਹੈਰਾਨ ਹੋ ਕੇ ਪੁੱਛਿਆ।

"ਮੈਨੂੰ ਮੇਰੇ ਪਿਤਾ ਜੀ ਕੋਲ ਛੱਡ ਆਓ," ਜੀਤੋ ਨੇ ਕਿਹਾ, "ਸਹੁਰੇ ਮੈਂ ਅਜੇ ਇਕ ਵਾਰ ਵੀ ਨਹੀਂ ਗਈ ਤੇ ਇਸ ਤਰ੍ਹਾਂ ਮੇਰਾ ਉਥੇ ਜਾਣਾ ਠੀਕ ਨਹੀਂ। ਪਤਾ ਨਹੀਂ

ਉਹਨਾਂ ਦਾ ਹੁਣ ਮੇਰੇ ਬਾਰੇ ਕੀ ਵਿਚਾਰ ਏ।"

ਫ਼ਾਤਮਾ ਗੱਲ ਸਮਝ ਗਈ ਪਰ ਉਹਦਾ ਵੱਸ ਕੁਝ ਨਹੀਂ ਸੀ ਚੱਲ ਸਕਦਾ। ਉਸ ਦਾ ਚਾਚਾ ਸੁਹਣੇ ਸ਼ਾਹ ਦੇ ਘਰ ਭੇਜਣ ਲਈ ਤਿਆਰ ਨਹੀਂ ਸੀ ਹੋ ਸਕਦਾ। ਅਖ਼ੀਰ ਫ਼ਾਤਮਾ ਦੇ ਜ਼ੋਰ ਦੇਣ ਅਤੇ ਸਮਝਾਣ 'ਤੇ ਜੀਤੋ ਨੇ 'ਵਾਂ' ਪਿੰਡ ਜਾਣਾ ਹੀ ਪਰਵਾਨ ਕਰ ਲਿਆ।

ਝੱਟ ਜੀਤੋ ਦੇ ਕੱਪੜੇ ਬਦਲੇ ਗਏ ਤੇ ਉਹਨੂੰ ਤਿਆਰ ਕਰ ਕੇ ਵਹੁਟੀ ਵਾਂਗ ਸਜਾ ਕੇ ਫ਼ਾਤਮਾ ਬਾਹਰ ਲੈ ਆਈ। ਜੀਤੋ ਨੇ ਘੁੰਡ ਕੱਢਿਆ ਹੋਇਆ ਸੀ। ਜਾਫ਼ਰ ਬੇਗ ਦੇ ਕਹਿਣ 'ਤੇ ਜੀਤੋ ਨੂੰ ਬੁਰਕਾ ਪਾ ਦਿੱਤਾ ਗਿਆ ਤੇ ਬਾਹਰ ਤਿਆਰ ਘੋੜੇ 'ਤੇ ਬਿਠਾ ਦਿੱਤਾ। ਇਕ ਨੌਕਰ ਨੇ ਘੋੜੇ ਦੀਆਂ ਵਾਗਾਂ ਫੜ ਲਈਆਂ। ਖੁਰਲੀ 'ਤੇ ਖੜੇ ਹੋ ਕੇ ਫ਼ਾਤਮਾ ਨੇ ਜੀਤੋ ਨੂੰ ਵਿਦਾਇਗੀ ਜੱਫੀ ਪਾਈ ਅਤੇ ਦੋਹਾਂ ਦੇ ਅੱਥਰੂ ਵਗ ਟੁਰੇ। ਭਾਵੇਂ ਜੀਤੋ ਦਾ ਦਿਲ ਘਬਰਾਂਦਾ ਹੀ ਰਿਹਾ ਪਰ ਫ਼ਾਤਮਾ ਦੇ ਪਿਆਰ ਨੇ ਉਹਨੂੰ ਮੋਹ ਵਿਚ ਬੰਨ੍ਹ ਲਿਆ ਸੀ। ਫ਼ਾਤਮਾ ਦੇ ਦਿਲ ਨੂੰ ਵੀ ਕੁਝ ਕੁਝ ਹੋਣ ਲੱਗ ਪਿਆ। ਜਾਫ਼ਰ ਬੇਗ ਨੇ ਇਸ਼ਾਰਾ ਕੀਤਾ ਤੇ ਨੌਕਰ ਨੇ ਵਾਗਾਂ ਖਿੱਚ ਕੇ ਘੋੜਾ ਟੋਰ ਲਿਆ। ਹਵੇਲੀ ਤੋਂ ਬਾਹਰ ਨਿਕਲਦਿਆਂ ਜੀਤੋ ਨੇ ਪਿੱਛੇ ਮੁੜ ਕੇ ਇਕ ਵਾਰ ਫਿਰ ਦੇਖਿਆ। ਫ਼ਾਤਮਾ ਆਪਣੇ ਘਰ ਦੇ ਦਰਵਾਜ਼ੇ ਵਿਚ ਖਲੋਤੀ ਉਹਨੂੰ ਅਜੇ ਤਕ ਦੇਖ ਰਹੀ ਸੀ।

ਜੀਤੋ ਚਲੀ ਗਈ ਤੇ ਫ਼ਾਤਮਾ ਨੂੰ ਆਪਣਾ ਹਾਤਾ ਸੁੰਞਾ ਸੁੰਞਾ ਲੱਗਣ ਲੱਗ ਪਿਆ। ਉਹ ਅੰਦਰ ਗਈ ਪਰ ਉਹਨੂੰ ਇਕੱਲ ਖਾਣ ਲੱਗੀ। ਉਸ ਬਾਹਰ ਮੰਜਾ ਕੱਢ ਲਿਆ ਪਰ ਇਥੇ ਵੀ ਮਨ ਬੇਚੈਨ ਹੀ ਰਿਹਾ। ਫ਼ਾਤਮਾ ਸੋਚਦੀ ਕਿ ਕੁੜੀਆਂ ਕਈ ਮਿਲੀਆਂ ਤੇ ਵਿਛੜੀਆਂ ਹਨ ਪਰ ਜੀਤੋ ਦੇ ਵਿਛੋੜੇ ਦਾ ਦੁਖ ਬਹੁਤ ਹੈ। ਮੈਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਹੈ ਕਿ ਮੈਨੂੰ ਭੈਣ ਕਹਿਣ ਵਾਲੀ ਆਪਣੇ ਘਰ ਜਾ ਰਹੀ ਹੈ, ਪਰ ਮੇਰਾ ਦਿਲ ਕਿਉਂ ਦੁਖੀ ਹੋ ਰਿਹਾ ਹੈ। ਉਸ ਕੁਝ ਨਾ ਖਾਧਾ ਪੀਤਾ ਤੇ ਨਾ ਹੀ ਬਿਸਤਰਾ ਕੀਤਾ। ਉਸੇ ਤਰ੍ਹਾਂ ਸਰ੍ਹਾਣਾ ਰੱਖ ਕੇ ਮੰਜੇ 'ਤੇ ਲੇਟ ਗਈ। ਕਿੰਨਾ ਚਿਰ ਹੀ ਉਸਲਵੱਟੇ ਮਾਰਦੀ ਰਹੀ ਪਰ ਉਸ ਨੂੰ ਨੀਂਦਰ ਨਾ ਆਈ।

ਉਹਦਾ ਦਰਵਾਜ਼ਾ ਖੜਕਿਆ। ਉਠ ਕੇ ਉਸ ਦਰਵਾਜ਼ਾ ਖੋਲ੍ਹਿਆ ਤਾਂ ਉਹਦਾ ਭਰਾ ਕਾਦਰ ਬਖ਼ਸ਼ ਆ ਗਿਆ। ਉਸ ਆਉਂਦਿਆਂ ਕਿਹਾ, "ਚਾਚਾ ਜੀ ਤੇ ਨਹੀਂ ਆਏ ?"

"ਆਏ ਸਨ," ਫ਼ਾਤਮਾ ਨੇ ਕਿਹਾ, "ਉਹ ਤਾਂ ਦੁਪਹਿਰੇ ਹੀ ਆ ਗਏ ਸਨ। ਤੁਸੀਂ ਦੱਸੋ ਕੀ ਕਰ ਆਏ ਹੋ ?"

"ਮੈਂ ਪਿੰਡ ਗਿਆ ਸਾਂ। ਦਿਆਲਾ ਪਿੰਡ ਨਹੀਂ। ਲੋਕੀਂ ਕਹਿੰਦੇ ਨੇ ਪਤਾ ਨਹੀਂ

ਕਿਧਰ ਚਲਾ ਗਿਆ ਏ। ਪਿੰਡ ਦੇ ਚੌਧਰੀ ਕਰਮ ਚੰਦ ਤੇ ਨੂਰ ਦੀਨ ਨੇ ਦੱਸਿਆ ਏ ਕਿ ਉਹ ਸਿਖ ਬਣ ਗਿਆ ਏ ਤੇ ਕਿਸੇ ਜਥੇ ਨਾਲ ਜਾ ਰਲਿਆ ਏ," ਕਾਦਰ ਬਖ਼ਸ਼ ਨੇ ਕਿਹਾ।

"ਇਸ ਦਾ ਮਤਲਬ ਏ ਕਿ ਉਹ ਪਿੰਡ ਨਹੀਂ," ਫ਼ਾਤਮਾ ਨੇ ਹੈਰਾਨ ਹੋ ਕੇ ਪੁੱਛਿਆ, "ਫਿਰ ਜੀਤੋ ਕਿਸ ਕੋਲ ਜਾਏਗੀ ?"

"ਜੀਤੋ ਚਲੀ ਗਈ ਏ ?" ਕਾਦਰ ਬਖ਼ਸ਼ ਨੇ ਹੈਰਾਨ ਹੋ ਕੇ ਪੁੱਛਿਆ।

"ਹੁਣੇ ਝੱਟ ਹੋਇਆ ਏ, ਚਾਚਾ ਜੀ ਲੈ ਗਏ ਹਨ। ਕਹਿੰਦੇ ਸਨ ਉਸ ਨੂੰ ਉਹਦੇ ਪਿੰਡ ਭੇਜ ਦੇਣਾ ਏ," ਫ਼ਾਤਮਾ ਨੇ ਕਿਹਾ, "ਚਾਚਾ ਜੀ ਇਹ ਵੀ ਕਹਿੰਦੇ ਸਨ ਕਿ ਇਹਦਾ ਕੋਈ ਕਸੂਰ ਨਹੀਂ, ਇਸ ਲਈ ਇਹਦੇ ਪਿਉ ਦੇ ਕੀਤੇ ਦੀ ਸਜ਼ਾ ਇਹਨੂੰ ਕਾਹਦੇ ਲਈ ਦਈਏ।"

"ਹੈਂ, ਚਾਚਾ ਜੀ ਨੇ ਇਹ ਕਿਹਾ ਸੀ ?"

"ਹਾਂ, ਅੱਜ ਉਹ ਬੜੇ ਦਿਆਲੂ ਹੋਏ ਸਨ। ਉਹਨਾਂ ਕਿਹਾ ਕਿ ਅਸੀਂ ਜੀਤੋ ਨੂੰ ਛੇਤੀ ਵਾਪਸ ਭੇਜ ਦੇਣਾ ਏ।"

ਕਾਦਰ ਬਖ਼ਸ਼ ਸੋਚੀਂ ਪੈ ਗਿਆ। ਝੱਟ ਪਿੱਛੋਂ ਬੋਲਿਆ, "ਮੈਨੂੰ ਤਾਂ ਦਾਲ ਵਿਚ ਕੁਝ ਕਾਲਾ ਕਾਲਾ ਦਿਸਦਾ ਏ।"

"ਕਿਉਂ ?"

"ਚਾਚਾ ਜੀ ਨੇ ਉਹਦੇ ਪਿਉ ਦੇ ਕਸੂਰ ਬਦਲੇ ਜੀਤੋ ਨੂੰ ਨਹੀਂ ਸੀ ਲਿਆਂਦਾ, ਉਹ ਕਸੂਰ ਜੀਤੋ ਦਾ ਹੀ ਸੀ। ਜਵਾਨੀ ਤੇ ਸੁਹੱਪਣ ਉਹਦਾ ਦੋਸ਼ ਸੀ ਜਿਸ ਕਰਕੇ ਲਿਆਂਦੀ ਗਈ ਸੀ, ਇਸ ਲਈ ਉਹਨੂੰ ਵਾਪਸ ਭੇਜਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ," ਕਾਦਰ ਬਖ਼ਸ਼ ਨੇ ਪੁੱਛਿਆ, "ਮੇਰੇ ਬਾਰੇ ਤਾਂ ਚਾਚਾ ਜੀ ਨੇ ਕੁਝ ਨਹੀਂ ਪੁੱਛਿਆ ?"

"ਪੁੱਛਦੇ ਸਨ ਕਿਥੇ ਗਿਆ ਏ ?"

"ਫਿਰ ?"

"ਮੈਂ ਦੱਸ ਦਿੱਤਾ ਕਿ 'ਵਾਂ' ਪਿੰਡ ਦਿਆਲੇ ਨੂੰ ਸੱਦਣ ਗਏ ਨੇ," ਫ਼ਾਤਮਾ ਨੇ ਕਿਹਾ।

"ਬੜਾ ਮਾੜਾ ਕੀਤਾ ਈ। ਚਾਚਾ ਜੀ ਬੜੇ ਚਾਲਾਕ ਨੇ। ਉਹਨਾਂ ਤੇਰੇ ਕੋਲੋਂ ਜੀਤੋ ਲਿਜਾਣੀ ਸੀ, ਸੋ ਲੈ ਗਏ। ਪਿੰਡ ਕਿਸੇ ਨਹੀਂ ਪਹੁੰਚਾਣੀ। ਦੂਜਾ, ਹੁਣ ਮੇਰੀ ਸ਼ਾਮਤ ਆਈ।"

"ਹੈਂ, ਕੀ ਪਏ ਕਹਿੰਦੇ ਹੋ!" ਫ਼ਾਤਮਾ ਨੇ ਹੈਰਾਨ ਹੋ ਕੇ ਕਿਹਾ, "ਚਾਚਾ ਜੀ ਇੰਨਾ ਧੋਖਾ ਨਹੀਂ ਦੇ ਸਕਦੇ।"

"ਵੇਖ ਲਈਂ ਫਿਰ," ਕਾਦਰ ਬਖ਼ਸ਼ ਨੇ ਕਿਹਾ, "ਜੀਤੋ ਘਰ ਨਹੀਂ ਅੱਪੜ ਸਕਦੀ।"

"ਮੈਨੂੰ ਤੇ ਤੁਹਾਡੀਆਂ ਗੱਲਾਂ 'ਤੇ ਇਤਬਾਰ ਨਹੀਂ ਆਉਂਦਾ," ਫ਼ਾਤਮਾ ਨੇ ਹੈਰਾਨ ਹੋ ਕੇ ਕਿਹਾ।

"ਇਹ ਚਾਲ ਈ ਫ਼ਾਤਮਾ!" ਕਾਦਰ ਬਖ਼ਸ਼ ਨੇ ਕਿਹਾ, "ਚਾਚਾ ਜੀ ਨੂੰ ਪਤਾ ਲੱਗਾ ਕਿ ਅਸੀਂ ਦੋਵੇਂ ਜੀਤੋ ਨੂੰ ਉਹਨਾਂ ਦੇ ਹਵਾਲੇ ਨਹੀਂ ਕਰਾਂਗੇ, ਸਗੋਂ ਜੀਤੋ ਨੂੰ ਇਥੋਂ ਭਜਾ ਦੇਣ ਦੀ ਸਾਜ਼ਸ਼ ਕਰ ਰਹੇ ਹਾਂ ਤਾਂ ਉਹਨਾਂ ਸਾਡੇ ਕਬਜ਼ੇ ਵਿਚੋਂ ਜੀਤੋ ਕੱਢ ਲਈ।"

"ਮੈਂ ਵੀ ਪਿਉ ਦੀ ਧੀ ਨਹੀਂ ਜੇ ਪੂਰਾ ਪਤਾ ਨਾ ਕੱਢ ਲਵਾਂ ਕਿ ਜੀਤੋ ਕਿਥੇ ਗਈ," ਫ਼ਾਤਮਾ ਨੇ ਕਿਹਾ, "ਆ ਲੈਣ ਦੇ ਚਾਚਾ ਜੀ ਨੂੰ, ਮੈਂ ਪੁੱਛਾਂਗੀ ਉਹਨਾਂ ਨੂੰ।"

"ਕੀ ਪੁੱਛੇਂਗੀ ?"

"ਇਹ ਕਿ ਜੀਤੋ ਨੂੰ ਕਿਥੇ ਛੱਡ ਆਏ ਹੋ," ਫ਼ਾਤਮਾ ਬੋਲੀ।

"ਉਹ ਕਹਿਣਗੇ ਪਿੰਡ 'ਵਾਂ' ਛੱਡ ਆਏ ਹਾਂ, ਫਿਰ ਕੀ ਜਵਾਬ ਬਣੇਗਾ," ਕਾਦਰ ਬਖ਼ਸ਼ ਨੇ ਕਿਹਾ ਤੇ ਫਿਰ ਜ਼ਰਾ ਸੋਚ ਕੇ ਬੋਲਿਆ, "ਇਹ ਠੀਕ ਏ ਜੇ ਉਹਨਾਂ ਕਿਹਾ ਕਿ ਦਿਆਲਾ ਮਿਲ ਪਿਆ ਸੀ ਤੇ ਉਹਨੂੰ ਦੇ ਆਏ ਹਨ ਤਾਂ ਸਮਝ ਲਈਂ ਕਿ ਜੀਤੋ ਪਿੰਡ ਨਹੀਂ ਪਹੁੰਚੀ ਤੇ ਉਹ ਕਿਧਰੇ ਹੋਰ ਟਿਕਾਣੇ ਪੁਚਾ ਦਿੱਤੀ ਗਈ ਏ।"

ਫ਼ਾਤਮਾ ਸੋਚਾਂ ਵਿਚ ਪੈ ਗਈ। ਉਸ ਬੜੇ ਦੁੱਖ ਭਰੇ ਢੰਗ ਨਾਲ ਕਿਹਾ, "ਅੱਗੇ ਇਕ ਨੂੰ ਲੱਭਣਾ ਸੀ ਹੁਣ ਦੋਵੇਂ ਲੱਭਣੇ ਪੈਣਗੇ। ਦਿਆਲਾ ਪਤਾ ਨਹੀਂ ਕਿਥੇ ਚਲਾ ਗਿਆ ਤੇ ਹੁਣ ਜੀਤੋ ਵੀ ਗੁਆਚ ਗਈ।"

"ਲੈ ਤੂੰ ਤੇ ਨਿਰਾਸ਼ ਹੋ ਗਈ ਏਂ, ਬਹਾਦਰ ਕਦੇ ਨਿਰਾਸ਼ ਨਹੀਂ ਹੁੰਦੇ, ਅਸੀਂ ਹਿੰਮਤ ਕੀਤੀ ਤਾਂ ਦੋਹਾਂ ਨੂੰ ਲੱਭ ਕੇ ਛੱਡਾਂਗੇ," ਕਾਦਰ ਬਖ਼ਸ਼ ਬੋਲਿਆ।

ਫ਼ਾਤਮਾ ਨੂੰ ਇਹ ਗੱਲ ਬਹੁਤ ਚੰਗੀ ਲੱਗੀ। ਉਸ ਦੋਹਾਂ ਹੱਥਾਂ ਨਾਲ ਉਹਦਾ ਮੋਢਾ ਘੁੱਟ ਲਿਆ ਤੇ ਪਿਆਰ ਨਾਲ ਬੋਲੀ, "ਜਿਸ ਦਾ ਇਹੋ ਜਿਹਾ ਵੀਰ ਹੋਏ ਉਹਨੂੰ ਚਿੰਤਾ ਦੀ ਕਾਹਦੀ ਲੋੜ ਏ। ਸੱਚੀਂ ਵੀਰ! ਜੀਤੋ ਨਾਲ ਮੇਰਾ ਡੂੰਘਾ ਪਿਆਰ ਹੋ ਗਿਆ ਸੀ ਤੇ ਉਸ ਬਿਨਾਂ ਹੁਣ ਜੀਅ ਖੁੱਸਦਾ ਏ।"

"ਉਸ ਤੈਨੂੰ ਭੈਣ ਕਿਹਾ ਏ ਤੇ ਇਸ ਨਾਤੇ ਉਹ ਮੇਰੀ ਵੀ ਭੈਣ ਏ। ਮੈਂ ਭੈਣ ਨੂੰ ਹਰ ਕੀਮਤ 'ਤੇ ਲੱਭ ਕੇ ਛੱਡਾਂਗਾ। ਭਾਵੇਂ ਇਸ ਲਈ ਮੈਨੂੰ ਚਾਚਾ ਜੀ ਨਾਲ ਵਿਗਾੜਨੀ ਕਿਉਂ ਨਾ ਪਏ।"

ਇਹ ਕਹਿ ਕੇ ਕਾਦਰ ਬਖ਼ਸ਼ ਉਠਿਆ ਤੇ ਬਾਹਰ ਨਿਕਲ ਗਿਆ।

9

ਭਾਈ ਤਾਰਾ ਸਿੰਘ ਪਿੰਡ 'ਵਾਂ' ਦੀ ਸ਼ਹੀਦੀ ਦਾ ਇਲਾਕੇ ਭਰ ਵਿਚ ਬੜਾ ਅਸਰ ਹੋਇਆ। ਖ਼ਾਸ ਕਰਕੇ ਨੌਜਵਾਨ ਤਬਕੇ ਵਿਚ ਅੱਗ ਲੱਗ ਗਈ। ਜਿਧਰ ਜਿਧਰ ਵੀ ਸਿੰਘਾਂ ਦੇ ਜਥੇ ਪ੍ਰਚਾਰ ਕਰਦੇ ਲੰਘ ਗਏ, ਲੋਕਾਂ ਵਿਚ ਇਕ ਨਵਾਂ ਜੋਸ਼ ਤੇ ਨਵੀਂ ਲਹਿਰ ਪੈਦਾ ਹੋ ਗਈ। ਸਾਰੇ ਮਾਝੇ ਵਿਚ ਘਰ ਘਰ ਤਕ ਇਹ ਗੱਲ ਪਹੁੰਚ ਗਈ ਕਿ ਸਮੇਂ ਦੀ ਹਕੂਮਤ ਬੜੀ ਜਾਬਰ ਹੈ ਜੋ ਭਾਈ ਤਾਰਾ ਸਿੰਘ ਵਰਗੇ ਪਰਉਪਕਾਰੀ ਨੂੰ ਵੀ ਜਿਊਣ ਨਹੀਂ ਦੇਂਦੀ। ਮਾਝੇ ਤੋਂ ਬਾਹਰ ਜਿਉਂ ਜਿਉਂ ਇਹ ਖ਼ਬਰ ਦੁਆਬੇ ਤੇ ਮਾਲਵੇ ਵਿਚ ਪੁੱਜੀ, ਉਥੇ ਵੀ ਸਿੰਘ ਇਸ ਦਾ ਬਦਲਾ ਲੈਣ ਲਈ ਤਿਆਰ ਬਰ ਤਿਆਰ ਹੋ ਗਏ। ਜਿਥੇ ਸਿੰਘ ਜਾਂਦੇ, ਲੋਕ ਉਹਨਾਂ ਦਾ ਸਾਥ ਦੇਣ ਦਾ ਭਰੋਸਾ ਦਿਵਾਂਦੇ ਤੇ ਨੌਜਵਾਨ ਆਪਣੇ ਘਰ ਬਾਰ ਛੱਡ ਕੇ ਨਾਲ ਮਰਨ ਲਈ ਤਿਆਰ ਹੋ ਜਾਂਦੇ। ਸਿੰਘਾਂ ਦਾ ਆਪਣਾ ਜੀਵਨ ਇਤਨਾ ਉੱਚਾ ਤੇ ਸੁੱਚਾ ਸੀ ਕਿ ਉਹਦਾ ਹਰ ਹਿਰਦੇ 'ਤੇ ਅਸਰ ਹੁੰਦਾ ਸੀ। ਥਾਂ ਥਾਂ ਅੰਮ੍ਰਿਤ ਪ੍ਰਚਾਰ ਹੋਇਆ ਤੇ ਸੈਂਕੜੇ ਲੋਕ ਸਿੰਘ ਸਜ ਗਏ। ਨਾਲ ਹੀ ਪ੍ਰਚਾਰ ਹੁੰਦਾ ਰਿਹਾ ਕਿ ਅੰਮ੍ਰਿਤਸਰ ਵਿਚ ਮੱਸਿਆ 'ਤੇ ਭਾਰੀ ਇਕੱਠ ਹੋ ਰਿਹਾ ਹੈ, ਉਥੇ ਸਾਰਾ ਖ਼ਾਲਸਾ ਪੰਥ ਇਕੱਠਾ ਹੋ ਕੇ ਫ਼ੈਸਲਾ ਕਰੇਗਾ ਕਿ ਅੱਗੋਂ ਕੀ ਕਦਮ ਚੁੱਕਣੇ ਹਨ। ਨੌਜਵਾਨਾਂ ਧੜਾਧੜ ਘੋੜੇ ਖ਼ਰੀਦਣੇ ਤੇ ਸ਼ਸਤਰ ਤਿਆਰ ਕਰਨੇ ਸ਼ੁਰੂ ਕਰ ਦਿੱਤੇ।

ਮੱਸਿਆ 'ਤੇ ਅੰਮ੍ਰਿਤਸਰ ਵਿਚ ਭਾਰੀ ਇਕੱਠ ਹੋਇਆ। ਇਸ ਸਮੇਂ ਸਿਖ ਕੌਮ ਵਿਚ ਸਭ ਤੋਂ ਵੱਡੀ ਸ਼ਖ਼ਸੀਅਤ ਦੀਵਾਨ ਦਰਬਾਰਾ ਸਿੰਘ ਸਨ। ਬੜੀ ਬਿਰਧ ਅਵਸਥਾ, ਚਿੱਟਾ ਦੁੱਧ ਦਾਹੜਾ ਪਰ ਲਾਲ ਸੂਹਾ ਚਿਹਰਾ ਤੇ ਸ਼ੇਰ ਵਰਗੀ ਦਿੱਖ ਸੀ।

ਅਰਦਾਸਾ ਸੋਧ ਕੇ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ। ਸਭ ਤੋਂ ਪਹਿਲਾਂ ਦੀਵਾਨ ਦਰਬਾਰਾ ਸਿੰਘ ਨੇ ਫ਼ਤਹਿ ਬੁਲਾ ਕੇ ਤਕਰੀਰ ਕੀਤੀ, ਉਸ ਵਿਚ ਇਸ ਇਕੱਠ ਦਾ ਮੰਤਵ ਤੇ ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਦਾ ਹਾਲ ਵਿਸਥਾਰ ਨਾਲ ਸੁਣਾਇਆ ਕਿ ਜ਼ਾਲਮਾਂ ਨੇ ਭਾਈ ਤਾਰਾ ਸਿੰਘ ਦੇ ਸ਼ਹੀਦ ਹੋਣ 'ਤੇ ਲਾਸ਼ਾਂ 'ਤੇ ਘੋੜੇ ਭਜਾਏ ਤੇ ਉਹਨਾਂ ਦੇ ਮਿਰਤਕ ਸਰੀਰ ਦਾ ਵੀ ਅਪਮਾਨ ਕਰਨ ਦਾ ਯਤਨ ਕੀਤਾ। ਦੀਵਾਨ ਦਰਬਾਰਾ ਸਿੰਘ ਦੀਆਂ ਗੱਲਾਂ ਸੁਣ ਕੇ ਸਿੰਘਾਂ ਦੇ ਨੇਤਰਾਂ ਵਿੱਚੋਂ ਜਲ ਵਗ ਤੁਰਿਆ ਤੇ ਇਕ ਜੋਸ਼ੀਲੇ ਨੌਜਵਾਨ ਨੇ ਉਠ ਕੇ ਕਿਹਾ, "ਮੈਨੂੰ ਆਗਿਆ ਦਿੱਤੀ ਜਾਏ, ਮੈਂ ਵਿਸ਼ਵਾਸ ਦਿਵਾਂਦਾ ਹਾਂ ਕਿ ਜਦ ਤਕ ਜ਼ਾਫ਼ਰ ਬੇਗ ਦਾ ਸਿਰ ਨਾ ਵੱਢ ਲਵਾਂ, ਅੰਨ ਪਾਨ ਨਹੀਂ ਕਰਾਂਗਾ।"

"ਅਸੀਂ ਤੁਹਾਡੇ ਜਜ਼ਬੇ ਦੀ ਕਦਰ ਕਰਦੇ ਹਾਂ," ਦੀਵਾਨ ਦਰਬਾਰਾ ਸਿੰਘ ਨੇ ਕਿਹਾ, "ਪਰ ਇਸ ਤਰ੍ਹਾਂ ਮਸਲਾ ਹੱਲ ਨਹੀਂ ਹੁੰਦਾ। ਜ਼ਾਫ਼ਰ ਬੇਗ ਤਾਂ ਸਰਕਾਰੀ ਮਸ਼ੀਨਰੀ

ਦਾ ਇਕ ਪੁਰਜ਼ਾ ਹੈ ਤੇ ਫਿਰ ਵੀ ਅਜਿਹਾ ਜਿਸ ਨੂੰ ਖ਼ਤਮ ਕੀਤਿਆਂ ਦੂਜਾ ਵਰਤਿਆ ਜਾ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਅਜਿਹਾ ਮਾਹੌਲ ਪੈਦਾ ਕੀਤਾ ਜਾਵੇ ਕਿ ਇਹ ਰਾਜ ਹੀ ਨਾ ਰਹੇ। ਇਕ ਭੈੜਾ ਮਾਰਨ ਦਾ ਕੀ ਲਾਭ ਹੋਵੇਗਾ, ਭੈੜਿਆਂ ਦੀ ਮਾਂ ਨੂੰ ਮਾਰੋ ਤਾਕਿ ਅਜਿਹੇ ਭੈੜੇ ਅੱਗੋਂ ਜੰਮਣ ਹੀ ਨਾ।"

"ਸਾਨੂੰ ਸਰਕਾਰ ਨਾਲ ਸਿੱਧੀ ਟੱਕਰ ਲੈਣੀ ਪਵੇਗੀ," ਇਕ ਹੋਰ ਸਿੰਘ ਬੋਲਿਆ, "ਭਾਵੇਂ ਸਰਕਾਰ ਕੋਲ ਵਸੀਲੇ ਹਨ, ਬੜਾ ਧਨ ਹੈ ਤੇ ਬਹੁਤ ਲੋਕ ਸਰਕਾਰ ਤੋਂ ਡਰ ਵੀ ਜਾਂਦੇ ਹਨ ਪਰ ਮੈਨੂੰ ਨਿਸਚਾ ਹੈ ਕਿ ਸਾਡੇ ਮਨ ਦੀ ਪਵਿੱਤਰਤਾ, ਸਾਡਾ ਅਟੱਲ ਵਿਸ਼ਵਾਸ ਤੇ ਗੁਰੂ ਦੀ ਕਿਰਪਾ ਨਾਲ ਅਸੀਂ ਸਰਕਾਰ ਦੀਆਂ ਜੜ੍ਹਾਂ ਪੁੱਟ ਕੇ ਸੁੱਟ ਦਿਆਂਗੇ।"

ਦਰਜਨ ਤੋਂ ਵੱਧ ਮੁਖੀਆਂ ਨੇ ਤਕਰੀਰਾਂ ਕੀਤੀਆਂ ਤੇ ਸਾਰਿਆਂ ਨੇ ਇਹ ਗੱਲ ਆਖੀ ਕਿ ਭਾਈ ਤਾਰਾ ਸਿੰਘ ਦੀ ਸ਼ਹੀਦੀ ਪਿੱਛੋਂ ਸਾਡੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ, ਸਿਵਾਏ ਇਸ ਦੇ ਕਿ ਸਰਕਾਰ ਨਾਲ ਸਿੱਧੀ ਟੱਕਰ ਲਈ ਜਾਏ। ਸਾਰਿਆਂ ਨੇ ਹੀ ਸਪੱਸ਼ਟ ਕੀਤਾ ਕਿ ਅਜੇ ਸਰਕਾਰ ਦੀਆਂ ਸਖ਼ਤੀਆਂ ਘੱਟ ਹਨ। ਸਾਡੇ ਸਿੱਧੀ ਟੱਕਰ ਦੇ ਫ਼ੈਸਲੇ ਨਾਲ ਫਿਰ ਸਾਡੇ ਵਿੱਚੋਂ ਕੋਈ ਵੀ ਪਿੰਡਾਂ ਨੂੰ ਨਹੀਂ ਜਾ ਸਕੇਗਾ, ਆਪਣਾ ਘਰ ਬਾਰ ਪੂਰੀ ਤਰ੍ਹਾਂ ਤਿਆਗਣਾ ਪਵੇਗਾ। ਇਸ ਲਈ ਸਮਝ ਲਉ ਕਿ ਜਾਨ ਤਲੀ 'ਤੇ ਧਰ ਕੇ ਹੀ ਮੁਕਾਬਲਾ ਕੀਤਾ ਜਾ ਸਕੇਗਾ। ਦੀਵਾਨ ਦਰਬਾਰਾ ਸਿੰਘ ਨੇ ਇਸ ਬੁਨਿਆਦੀ ਫ਼ੈਸਲੇ ਦੀ ਪ੍ਰਵਾਨਗੀ ਦਾ ਐਲਾਨ ਕੀਤਾ ਤਾਂ ਆਕਾਸ਼ ਜੈਕਾਰਿਆਂ ਨਾਲ ਗੂੰਜ ਉਠਿਆ, ਸਾਰਿਆਂ ਦੇ ਚਿਹਰੇ ਹਸੂੰ ਹਸੂੰ ਕਰਨ ਲੱਗ ਪਏ।

ਇਹ ਸਵਾਲ ਪੇਸ਼ ਹੋਇਆ ਕਿ ਸਰਕਾਰ ਨਾਲ ਟੱਕਰ ਕਿਵੇਂ ਲਈ ਜਾਏ ? ਇਸ ਬਾਰੇ ਕਈ ਆਗੂਆਂ ਨੇ ਰਾਵਾਂ ਦਿੱਤੀਆਂ। ਕਿਸੇ ਨੇ ਕਿਹਾ ਕਿ ਸਰਕਾਰੀ ਅੱਡਿਆਂ ਤੇ ਟਿਕਾਣਿਆਂ ਨੂੰ ਅੱਗਾਂ ਲਾ ਦਿੱਤੀਆਂ ਜਾਣ। ਕਿਸੇ ਸਾਰੇ ਸਰਕਾਰੀ ਚੌਧਰੀਆਂ ਨੂੰ ਮਾਰ ਦੇਣ ਦਾ ਸੁਝਾਉ ਰੱਖਿਆ। ਅਖ਼ੀਰ ਇਹ ਫ਼ੈਸਲਾ ਰੱਖਿਆ ਗਿਆ ਕਿ ਸਰਕਾਰੀ ਅਸਲਾਖ਼ਾਨਿਆਂ ਤੇ ਘੋੜਿਆਂ ਦੇ ਅਸਤਬਲਾਂ 'ਤੇ ਹਮਲੇ ਕਰ ਕੇ ਬੰਦੂਕਾਂ ਤੇ ਘੋੜੇ ਪ੍ਰਾਪਤ ਕੀਤੇ ਜਾਣ ਤਾਕਿ ਜੋ ਨਵਾਂ ਸੱਜਣ ਆ ਕੇ ਮਿਲੇ, ਉਸ ਨੂੰ ਦਿੱਤੇ ਜਾ ਸਕਣ। ਖ਼ਰੀਦਣ ਦੀ ਸ਼ਕਤੀ ਨਹੀਂ ਤੇ ਲੋਕਾਂ ਤੋਂ ਖੋਹਣਾ ਚੰਗਾ ਨਹੀਂ, ਇਸ ਲਈ ਸਰਕਾਰੀ ਤਾਕਤ ਪ੍ਰਾਪਤ ਕਰ ਕੇ ਹੀ ਸਰਕਾਰ ਨਾਲ ਟਾਕਰਾ ਲੈਣ ਦਾ ਫ਼ੈਸਲਾ ਹੋਇਆ। ਦੂਜਾ ਵੱਡਾ ਫ਼ੈਸਲਾ ਇਹ ਕੀਤਾ ਗਿਆ ਕਿ ਲਾਹੌਰ ਤੇ ਅੰਮ੍ਰਿਤਸਰ ਦੁਆਲੇ ਵੱਖ ਵੱਖ ਟਿਕਾਣਿਆਂ 'ਤੇ ਡੇਰਾ ਲਾ ਲਿਆ ਜਾਏ ਤੇ ਅਜਿਹਾ ਪ੍ਰਬੰਧ ਕੀਤਾ ਜਾਏ ਕਿ ਲਾਹੌਰ ਦੇ ਸ਼ਾਹੀ ਖ਼ਜ਼ਾਨੇ ਵਿਚ ਬਾਹਰੋਂ ਕੋਈ ਰਕਮ ਨਾ ਆ ਸਕੇ। ਸਰਦਾਰ ਕਪੂਰ ਸਿੰਘ ਨੇ ਇਹ ਸੁਝਾਓ ਰੱਖਿਆ

ਜੋ ਪਿੱਛੋਂ ਜਾ ਕੇ ਨਵਾਬ ਕਪੂਰ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ। ਇਹ ਨੌਜਵਾਨ ਵੀ ਆਪਣੇ ਨਾਲ ਪਿੰਡ ਦੇ ਨੌਜਵਾਨਾਂ ਦਾ ਬਹੁਤ ਵੱਡਾ ਜਥਾ ਲੈ ਕੇ ਆਇਆ ਹੋਇਆ ਸੀ। ਕਪੂਰ ਸਿੰਘ ਨੇ ਕਿਹਾ, "ਸਰਕਾਰ ਪੈਸੇ ਬਿਨਾਂ ਨਹੀਂ ਚੱਲ ਸਕਦੀ ਤੇ ਅਸੀਂ ਲਾਹੌਰ ਰਾਜ ਨੂੰ ਪੈਸਾ ਬਾਹਰੋਂ ਨਾ ਆਉਣ ਦੇਈਏ ਤਾਂ ਸੂਬੇਦਾਰ ਜ਼ਕਰੀਆ ਖ਼ਾਨ ਦੀ ਹਕੂਮਤ ਚੌਥੇ ਦਿਨ ਫ਼ੇਲ੍ਹ ਹੋ ਜਾਏਗੀ। ਇਹ ਵੀ ਪ੍ਰਬੰਧ ਕੀਤਾ ਜਾਏ ਕਿ ਦਿੱਲੀ ਵੱਲ ਵੀ ਕੋਈ ਰਕਮ ਨਾ ਜਾ ਸਕੇ।" ਸਭ ਨੇ ਇਹ ਤਜਵੀਜ਼ ਪ੍ਰਵਾਨ ਕਰ ਲਈ ਤੇ ਸਰਦਾਰ ਕਪੂਰ ਸਿੰਘ ਨੇ ਸਾਰੇ ਮੁਖੀਆਂ ਦੀ ਵੱਖਰੀ ਮੀਟਿੰਗ ਸੱਦੀ ਤੇ ਉਸ ਵਿਚ ਸਕੀਮ ਤਿਆਰ ਕਰ ਲਈ ਗਈ। ਵੱਖ ਵੱਖ ਜਥਿਆਂ ਦੀਆਂ ਡਿਊਟੀਆਂ ਲਾਈਆਂ ਗਈਆਂ ਕਿ ਵੱਖ ਵੱਖ ਇਲਾਕਿਆਂ ਵਿਚ ਛਾ ਜਾਣ। ਇਸ ਗੱਲ ਦੀ ਨਿਗਰਾਨੀ ਕਰਨ ਕਿ ਕਿਧਰੋਂ ਰਕਮਾਂ ਆਉਂਦੀਆਂ ਹਨ, ਵੱਖ ਵੱਖ ਪਿੰਡਾਂ ਵਿਚ ਸੂਹੀਏ ਨਿਯਤ ਕਰਨ। ਮੀਟਿੰਗ ਵਿਚ ਸ਼ੇਰ ਸਿੰਘ ਨੇ ਬੜਾ ਹਿੱਸਾ ਲਿਆ ਸੀ, ਇਸ ਲਈ ਉਹਨੂੰ ਦਰਿਆ ਰਾਵੀ ਦੇ ਕੰਢੇ ਵੱਲ ਭੇਜ ਦਿੱਤਾ ਗਿਆ ਤੇ ਸਰਦਾਰ ਬਹਾਦਰ ਸਿੰਘ ਦੇ ਜਥੇ ਨੂੰ ਤਰਨ ਤਾਰਨ ਦੇ ਰਾਹ ਵਿਚ ਦਾ ਜੰਗਲ ਸੌਂਪਿਆ ਗਿਆ।

ਜਥੇਦਾਰ ਬਹਾਦਰ ਸਿੰਘ ਜੀ ਨੇ ਝੱਟ-ਪਟ ਬਿਆਸ ਦੇ ਜੰਗਲ ਵਿਚ ਪਹੁੰਚ ਕੇ ਤਿਆਰੀ ਕੀਤੀ ਤੇ ਤਰਨ ਤਾਰਨ ਦੇ ਨੇੜੇ ਜੰਗਲ ਵਿਚ ਜਾ ਡੇਰੇ ਲਾਏ। ਉਥੇ ਥਾਂ ਠੀਕ ਕਰ ਕੇ ਨਵਾਂ ਡੇਰਾ ਬਣਾ ਲਿਆ ਗਿਆ। ਆਸ ਪਾਸ ਦੇ ਪਿੰਡਾਂ ਵਿਚ ਜਾ ਕੇ ਲੋਕਾਂ ਨਾਲ ਸੰਬੰਧ ਬਣਾਏ। ਇਹ ਥਾਂ ਜਥੇਦਾਰ ਬਹਾਦਰ ਸਿੰਘ ਨੇ ਆਪ ਚੁਣੀ ਸੀ ਕਿਉਂਕਿ ਉਹਨਾਂ ਦਾ ਆਪਣਾ ਪਿੰਡ ਨੇੜੇ ਸੀ ਤੇ ਇਹਨਾਂ ਪਿੰਡਾਂ ਦੇ ਉਹ ਚੰਗੀ ਤਰ੍ਹਾਂ ਜਾਣੂੰ ਸਨ। ਸਰਦਾਰ ਕਪੂਰ ਸਿੰਘ ਦੇ ਉੱਦਮ ਨਾਲ ਇਕ ਹੋਰ ਵੱਡਾ ਇਨਕਲਾਬੀ ਕੰਮ ਇਹ ਕੀਤਾ ਗਿਆ ਕਿ ਸਿੰਘਾਂ ਲਈ ਬੋਲੇ ਤਿਆਰ ਕਰ ਲਏ ਗਏ, ਜਿਨ੍ਹਾਂ ਨੂੰ ਦੁਸ਼ਮਣ ਜਾਂ ਉਹਦੇ ਜਸੂਸ ਨਾ ਸਮਝ ਸਕਣ। ਸਰਕਾਰ ਨੂੰ ਸਿੱਖਾਂ ਦੀਆਂ ਇਹਨਾਂ ਸਰਗਰਮੀਆਂ ਦੀ ਇਤਲਾਹ ਮਿਲ ਗਈ ਸੀ ਤੇ ਸਰਕਾਰ ਵੱਲੋਂ ਵੀ ਅਨੇਕਾਂ ਜਾਸੂਸ ਛੱਡੇ ਗਏ ਸਨ, ਪਰ ਉਹਨਾਂ ਨੂੰ ਸਿੰਘਾਂ ਦੀਆਂ ਤਿਆਰੀਆਂ ਦਾ ਘੱਟ ਹੀ ਪਤਾ ਲੱਗਦਾ। ਜੇ ਕਿਧਰੇ ਦੋ ਸਿੰਘ ਮਿਲਦੇ ਤਾਂ ਉਹ ਅਜਿਹੇ ਸ਼ਬਦਾਂ ਵਿਚ ਗੱਲ-ਬਾਤ ਕਰਦੇ ਜੋ ਇਹਨਾਂ ਤੋਂ ਬਿਨਾਂ ਹੋਰ ਕੋਈ ਨਾ ਸਮਝ ਸਕਦਾ। ਇਸ ਮਨੋਰਥ ਲਈ ਥਾਂ ਥਾਂ ਜੰਗਲਾਂ ਵਿਚ ਸਿੰਘਾਂ ਦੇ ਸਕੂਲ ਲੱਗੇ ਤੇ ਸਿੰਘਾਂ ਨੂੰ ਨਵੇਂ ਬੋਲੇ ਚੰਗੀ ਤਰ੍ਹਾਂ ਸਮਝਾ ਕੇ ਹਦਾਇਤ ਕੀਤੀ ਗਈ ਕਿ ਉਹ ਅੱਗੋਂ ਤੋਂ ਗੱਲ-ਬਾਤ ਹੀ ਇਸ ਤਰੀਕੇ ਨਾਲ ਕੀਤਾ ਕਰਨ।

ਸਰਕਾਰ ਨੂੰ ਪਤਾ ਲੱਗ ਗਿਆ ਕਿ ਜੰਗਲਾਂ ਵਿਚ ਸਿੰਘਾਂ ਦੀਆਂ ਤਿਆਰੀਆਂ ਹੋ ਰਹੀਆਂ ਹਨ। ਕਈ ਜਾਸੂਸ ਜੰਗਲਾਂ ਵਿਚ ਟੋਰੇ ਗਏ। ਜਾਸੂਸਾਂ ਨੇ ਵੀ ਦਾਹੜੀ ਕੇਸ

ਰੱਖੇ ਹੋਏ ਸਨ ਤੇ ਸਿੰਘਾਂ ਵਾਲਾ ਵੇਸ ਧਾਰ ਕੇ ਫਿਰਦੇ ਸਨ। ਇਕ ਦਿਨ ਇਕ ਜਾਸੂਸ ਨੇ ਤਰਨ ਤਾਰਨ ਦੇ ਨੇੜੇ ਰਾਹ ਵਿਚ ਦੋ ਸਿੰਘਾਂ ਨੂੰ ਗੱਲਾਂ ਕਰਦਿਆਂ ਸੁਣਿਆ। ਇਕ ਸਿੰਘ ਕਹਿ ਰਿਹਾ ਸੀ, "ਸਮੁੰਦਰ ਛਕ ਲਿਆ ਜੇ ?" ਦੂਜੇ ਨੇ ਉੱਤਰ ਦਿੱਤਾ, "ਜੀ।" ਜਾਸੂਸ ਬੜਾ ਹੈਰਾਨ ਹੋਇਆ ਕਿ ਪੰਜਾਬ ਦੇ ਨੇੜੇ ਕਿਹੜਾ ਸਮੁੰਦਰ ਏ ਜੋ ਇਸ ਛਕ ਲਿਆ ਏ। ਕਿੰਨਾ ਚਿਰ ਉਹ ਇਹੀ ਸੋਚਦਾ ਰਿਹਾ ਕਿ ਆਖ਼ਰ ਇਹ ਕਿਸ ਸਮੁੰਦਰ ਤਕ ਪੁੱਜ ਗਏ ਹਨ। ਝੱਟ ਪਿੱਛੋਂ ਇਕ ਸਿੰਘ ਬੋਲਿਆ, "ਅੱਜ ਮੈਂ ਬਾਹਰ ਚਲਿਆ ਹਾਂ। ਲੜਾਕੀ ਤੇ ਰੁਪੇ ਪ੍ਰਸ਼ਾਦਿ ਦਾ ਪ੍ਰਬੰਧ ਕਰਨਾ ਏ।"

ਦੂਜਾ ਬੋਲਿਆ, "ਭੁੱਜੇ ਬਦਾਮ ਵੀ ਮੁੱਕਣ ਵਾਲੇ ਨੇ, ਉਹਨਾਂ ਦਾ ਵੀ ਕੁਝ ਕਰਨਾ ਏ।"

ਪਹਿਲਾ ਸਿੰਘ ਫਿਰ ਬੋਲਿਆ, "ਅਜੇ ਲੋੜ ਨਹੀਂ। ਦੋ ਬੋਰੀਆਂ ਪਏ ਨੇ, ਦੋ ਦਿਨ ਲੰਘ ਜਾਣਗੇ।"

ਜਾਸੂਸ ਬੜਾ ਹੈਰਾਨ ਹੋਇਆ ਕਿ ਇਹ ਬੋਰੀ ਬੋਰੀ ਬਦਾਮ ਦਿਨ 'ਚ ਖਾ ਜਾਂਦੇ ਨੇ। ਉਹ ਝੱਟ ਤਰਨ ਤਾਰਨ ਪੁੱਜਾ ਤੇ ਉਸ ਲਾਹੌਰ ਸਰਕਾਰ ਤੇ ਤਰਨ ਤਾਰਨ ਤੇ ਪੱਟੀ ਦੇ ਫ਼ੌਜਦਾਰਾਂ ਨੂੰ ਰਿਪੋਰਟਾਂ ਲਿਖ ਭੇਜੀਆਂ ਕਿ ਸਿਖ ਬੜੀਆਂ ਭਾਰੀ ਜੰਗੀ ਤਿਆਰੀਆਂ ਕਰ ਰਹੇ ਹਨ। ਉਹਨਾਂ ਨੇ ਕੁਝ ਸਮੁੰਦਰਾਂ ਨਾਲ ਆਪਣਾ ਸੰਬੰਧ ਬਣਾ ਲਿਆ ਹੈ। ਹੋ ਸਕਦਾ ਹੈ ਕਿ ਕਰਾਚੀ ਵੱਲੋਂ ਇਹਨਾਂ ਨੂੰ ਮਦਦ ਆਉਂਦੀ ਹੋਵੇ। ਪੈਸੇ ਇਹਨਾਂ ਕੋਲ ਆਮ ਹਨ ਤੇ ਜੰਗਲ ਵਿਚ ਰਹਿਣ ਵਾਲੇ ਸਿੱਖਾਂ ਨੂੰ ਬਦਾਮ ਆਮ ਮਿਲਦੇ ਹਨ। ਤਰਨ ਤਾਰਨ ਨੇੜੇ ਜਾ ਕੇ ਸੁਣਿਆ ਏ ਕਿ ਬੋਰੀ ਬਦਾਮਾਂ ਦੀ ਰੋਜ਼ ਮੁਕਾਈ ਜਾਂਦੀ ਏ। ਸਿੱਖਾਂ ਦੀ ਬੋਲੀ ਹੁਣ ਸਾਨੂੰ ਸਮਝ ਨਹੀਂ ਆਉਂਦੀ। ਉਹ ਅੱਗੇ ਤੇ ਪੰਜਾਬੀ ਵਿਚ ਗੱਲਾਂ ਕਰਦੇ ਸਨ ਪਰ ਹੁਣ ਪਤਾ ਨਹੀਂ ਪਸ਼ਤੋ ਬੋਲਦੇ ਨੇ ਜਾਂ ਕਰਾਚੀ ਵੱਲ ਦੀ ਕੋਈ ਬੋਲੀ। ਪਤਾ ਨਹੀਂ ਉਹ ਲੜਾਕੀ ਤੇ ਰੂਪਾ ਕਿਸ ਨੂੰ ਕਹਿੰਦੇ ਹਨ। ਇਕ ਸਿਖ ਇਹ ਲੈਣ ਗਿਆ ਸੀ। ਹੋ ਸਕਦਾ ਹੈ ਕਿ ਉਹਨਾਂ ਅਸਲੇ ਦਾ ਨਾਂ ਇਹ ਰੱਖਿਆ ਹੋਵੇ ਤੇ ਸਿਖ ਅਸਲਾ ਇਕੱਠਾ ਕਰ ਰਹੇ ਹੋਣ।

ਜਾਫ਼ਰ ਬੇਗ ਨੇ ਸਾਰੇ ਹਾਲਾਤ ਦੀ ਰਿਪੋਰਟ ਮਿਲਦਿਆਂ ਲਾਹੌਰ ਆਦਮੀ ਭੇਜੇ ਤੇ ਨਾਲ ਹੀ ਤਰਨ ਤਾਰਨ, ਅੰਮ੍ਰਿਤਸਰ ਤੇ ਜਲੰਧਰ ਨੂੰ ਆਦਮੀ ਭੇਜੇ ਤਾਕਿ ਸਾਰੇ ਫ਼ੌਜਦਾਰ ਰਲ ਕੇ ਕੋਈ ਅਜਿਹੀ ਕਾਰਵਾਈ ਕਰੀਏ, ਜਿਸ ਨਾਲ ਸਿਖ ਕਾਬੂ ਕੀਤੇ ਜਾ ਸਕਣ।

ਉਧਰ ਸਿੰਘ ਪੂਰੀਆਂ ਤਿਆਰੀਆਂ ਕਰ ਰਹੇ ਸਨ। ਇਕ ਸ਼ਾਮ ਨੂੰ ਜਦੋਂ ਹਨੇਰਾ ਚਾਰ-ਚੁਫ਼ੇਰੇ ਪਸਰ ਰਿਹਾ ਸੀ, ਸਿੰਘ ਤਰਨ ਤਾਰਨ ਦੇ ਜੰਗਲ ਵਿੱਚੋਂ ਬਾਹਰ ਨਿਕਲੇ,

ਕੁਝ ਸਿੰਘ ਫਿਰਦੇ ਫਿਰਾਂਦੇ ਤਰਨ ਤਾਰਨ ਤੋਂ ਅੰਮ੍ਰਿਤਸਰ ਨੂੰ ਜਾਣ ਵਾਲੇ ਰਾਹ 'ਤੇ ਆ ਗਏ। ਉਹਨਾਂ ਨੂੰ ਦੂਰੋਂ ਤੇਜ਼ ਘੋੜਾ ਦੌੜਨ ਦੀ ਆਵਾਜ਼ ਆਈ। ਸਿੰਘ ਸੁਚੇਤ ਹੋ ਗਏ। ਉਹ ਅਜਿਹੀ ਥਾਂ 'ਤੇ ਸਨ ਜਿਥੇ ਆਲੇ ਦੁਆਲੇ ਝਾੜੀਆਂ, ਜੰਗਲ ਜਾਂ ਫ਼ਸਲਾਂ ਨਹੀਂ ਸਨ, ਜਿਥੇ ਇਕ ਦਮ ਛੁਪਿਆ ਜਾ ਸਕੇ। ਕੇਵਲ ਇਕ ਦੋ ਵੱਡੇ ਵੱਡੇ ਰੁੱਖ ਸਨ, ਜਿਨ੍ਹਾਂ ਦੀਆਂ ਲੰਮੀਆਂ ਲੰਮੀਆਂ ਟਾਹਣੀਆਂ ਸੜਕ ਦੇ ਉਪਰ ਝੁਕੀਆਂ ਹੋਈਆਂ ਸਨ। ਸਿੰਘ ਰੁੱਖਾਂ 'ਤੇ ਚੜ੍ਹ ਗਏ ਤੇ ਇਤਨੇ ਵਿਚ ਘੋੜ-ਸਵਾਰ ਉਨ੍ਹਾਂ ਦੇ ਬਹੁਤ ਨੇੜੇ ਆ ਗਏ। ਅਗਲੇ ਘੋੜ-ਸਵਾਰ ਦੇ ਕੱਪੜੇ ਤੇ ਘੋੜੇ ਦੀ ਸਜਾਵਟ ਦੱਸਦੀ ਸੀ ਕਿ ਉਹ ਹਾਕਮ ਸ਼੍ਰੇਣੀ ਦਾ ਮੁਖੀ ਹੈ। ਇਕ ਸਿੰਘ ਨੇ ਫੁਰਤੀ ਨਾਲ ਟਾਹਣ 'ਤੇ ਲੱਤਾਂ ਫਸਾ ਕੇ ਹੱਥ ਤੇ ਪੈਰ ਥੱਲੇ ਲਮਕਾ ਲਏ ਤੇ ਜਦ ਘੋੜ-ਸਵਾਰ ਲੰਘਣ ਲੱਗਾ ਤਾਂ ਦੋਹਾਂ ਬਾਹਵਾਂ ਨਾਲ ਧੌਣ ਫੜ ਲਈ। ਘੋੜ-ਸਵਾਰ ਤੇਜ਼ ਜਾ ਰਿਹਾ ਸੀ ਜਿਸ ਕਾਰਨ ਘੋੜਾ ਅੱਗੇ ਵਧਿਆ ਤੇ ਸਿੰਘ ਦੀਆਂ ਲੱਤਾਂ ਦੀ ਕੈਂਚੀ ਖੁੱਲ੍ਹ ਗਈ ਤੇ ਉਹ ਡਿੱਗ ਪਿਆ ਪਰ ਨਾਲ ਹੀ ਘੋੜ-ਸਵਾਰ ਥੱਲੇ ਜਾ ਪਿਆ। ਪਿਛਲਾ ਘੋੜ-ਸਵਾਰ ਵੀ ਇਤਨੀ ਛੇਤੀ ਸੰਭਲ ਨਾ ਸਕਿਆ ਤੇ ਉਹ ਦੋਹਾਂ ਤੋਂ ਘੋੜਾ ਭਜਾ ਕੇ ਅੱਗੇ ਜਾ ਰੁਕਿਆ। ਰੁੱਖਾਂ 'ਤੇ ਚੜ੍ਹੇ ਸਿੰਘਾਂ ਨੇ ਇਕ ਦਮ ਛਾਲਾਂ ਮਾਰ ਦਿੱਤੀਆਂ ਤੇ ਜ਼ਖ਼ਮੀ ਹਾਲਤ ਵਿਚ ਦੋਹਾਂ ਨੂੰ ਫੜ ਲਿਆ। ਕੁਝ ਸਿੰਘਾਂ ਨੇ ਦੂਜੇ ਘੋੜ-ਸਵਾਰ ਨੂੰ ਜਾ ਘੇਰਿਆ ਜੋ ਕਿ ਥੱਲੇ ਉਤਰ ਕੇ ਦੇਖਣ ਦਾ ਯਤਨ ਕਰ ਰਿਹਾ ਸੀ ਕਿ ਪਹਿਲੇ ਘੋੜ-ਸਵਾਰ ਨਾਲ ਕੀ ਵਾਪਰੀ ਏ ਤੇ ਉਹ ਥੱਲੇ ਕਿਉਂ ਡਿੱਗ ਪਿਆ ਏ।

ਦੋਹਾਂ ਘੋੜ-ਸਵਾਰਾਂ ਦੀਆਂ ਮੁਸ਼ਕਾਂ ਬੰਨ੍ਹ ਲਈਆਂ ਗਈਆਂ। ਅੱਖਾਂ 'ਤੇ ਪੱਟੀ ਬੰਨ੍ਹ ਕੇ ਟੋਰ ਲਿਆ। ਖੇਤਾਂ ਦੀਆਂ ਵੱਟਾਂ ਤੋਂ ਲੰਘਦੇ ਉਹ ਜੰਗਲ ਵਿਚ ਆ ਗਏ ਤੇ ਇਥੇ ਆ ਕੇ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ। ਇਹਨਾਂ ਦੀ ਤਲਾਸ਼ੀ ਲਈ ਤਾਂ ਉਹ ਚਿੱਠੀਆਂ ਮਿਲ ਗਈਆਂ ਜੋ ਜਾਫ਼ਰ ਬੇਗ ਨੇ ਅੰਮ੍ਰਿਤਸਰ ਦੇ ਫ਼ੌਜਦਾਰ ਨੂੰ ਘੱਲੀਆਂ ਸਨ। ਉਹਨਾਂ ਚਿੱਠੀਆਂ ਵਿੱਚੋਂ ਇਹ ਵੀ ਪਤਾ ਲੱਗ ਗਿਆ ਕਿ ਜਾਫ਼ਰ ਬੇਗ ਨੂੰ ਸਿੰਘਾਂ ਦੇ ਇਸ ਟਿਕਾਣੇ ਦਾ ਪਤਾ ਲੱਗ ਗਿਆ ਹੈ ਤੇ ਇਲਾਕੇ ਦੇ ਸਾਰੇ ਫ਼ੌਜਦਾਰਾਂ ਦੀ ਇਕ ਮੀਟਿੰਗ ਸੱਦੀ ਜਾ ਰਹੀ ਹੈ ਜੋ ਸਿੱਖਾਂ ਵਿਰੁੱਧ ਮੁਹਿੰਮ ਚਲਾਣ ਲਈ ਪ੍ਰੋਗਰਾਮ ਤਿਆਰ ਕਰੇਗੀ। ਜਾਫ਼ਰ ਬੇਗ ਨੇ ਸਿੰਘਾਂ ਦੀਆਂ ਸਰਗਰਮੀਆਂ ਬਾਰੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਜੋ ਰਿਪੋਰਟ ਭੇਜੀ ਸੀ, ਉਹਦੀ ਇਕ ਨਕਲ ਵੀ ਅੰਮ੍ਰਿਤਸਰ ਦੇ ਫ਼ੌਜਦਾਰ ਨੂੰ ਭੇਜੀ ਸੀ, ਉਸ ਤੋਂ ਵੀ ਸਿੰਘਾਂ ਨੂੰ ਬਹੁਤ ਕੁਝ ਪਤਾ ਲੱਗ ਗਿਆ।

"ਤੁਸੀਂ ਕੌਣ ਹੋ ?" ਇਕ ਸਿੰਘ ਨੇ ਪੁੱਛਿਆ।

"ਅਸੀਂ ਜਾਫ਼ਰ ਬੇਗ ਫ਼ੌਜਦਾਰ ਪੱਟੀ ਦੇ ਸਿਪਾਹੀ ਹਾਂ," ਇਕ ਘੋੜ-ਸਵਾਰ

ਬੋਲਿਆ। ਡਰ ਨਾਲ ਦੋਵੇਂ ਕੰਬ ਰਹੇ ਸਨ। ਉਹਨਾਂ ਦੇ ਚਿਹਰਿਆਂ ਦਾ ਰੰਗ ਢੰਗ ਦੱਸ ਰਿਹਾ ਸੀ ਕਿ ਉਹਨਾਂ ਨੂੰ ਹੁਣ ਮੌਤ ਸਾਹਮਣੇ ਨਜ਼ਰ ਆ ਰਹੀ ਸੀ।

"ਤੁਸੀਂ ਕਿਥੇ ਚੱਲੇ ਸੀ ?" ਇਕ ਹੋਰ ਸਿੰਘ ਨੇ ਪੁੱਛਿਆ।

ਦੂਜੇ ਘੋੜ-ਸਵਾਰ ਨੇ ਚਿੱਠੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਸ ਤੋਂ ਸਪੱਸ਼ਟ ਹੀ ਹੈ ਕਿ ਅੰਮ੍ਰਿਤਸਰ ਦੇ ਫ਼ੌਜਦਾਰ ਕੋਲ ਰਿਪੋਰਟ ਦੇਣ ਲਈ ਜਾ ਰਹੇ ਸਾਂ।"

ਸਿੰਘਾਂ ਦਾ ਜਥੇਦਾਰ ਸਰਦਾਰ ਬਹਾਦਰ ਸਿੰਘ ਜੰਗਲ ਵਿਚ ਨਹੀਂ ਸੀ, ਉਹ ਕਿਧਰੇ ਜ਼ਰੂਰੀ ਪ੍ਰਬੰਧ ਕਰਨ ਲਈ ਗਿਆ ਹੋਇਆ ਸੀ, ਜਿਸ ਕਾਰਨ ਸਿੰਘਾਂ ਨੇ ਉਹਦੇ ਆਉਣ ਤਕ ਇਹਨਾਂ ਨੂੰ ਬੰਨ੍ਹੀ ਰੱਖਣ ਦਾ ਫ਼ੈਸਲਾ ਕੀਤਾ।

ਜਦ ਜਥੇਦਾਰ ਬਹਾਦਰ ਸਿੰਘ ਆਇਆ ਤਾਂ ਸਾਰੀ ਗੱਲ-ਬਾਤ ਤੋਂ ਜਾਣੂੰ ਕਰਵਾਇਆ ਗਿਆ। ਉਸ ਇਕ ਬੱਤੀ ਮੰਗਵਾਈ ਤੇ ਨੇੜੇ ਕਰਕੇ ਪਛਾਣਨ ਦਾ ਯਤਨ ਕੀਤਾ ਪਰ ਪਛਾਣ ਨਾ ਸਕਿਆ। ਜਥੇਦਾਰ ਨੇ ਪੁੱਛਿਆ, "ਹੋਰ ਸਿੱਖਾਂ ਬਾਰੇ ਸਰਕਾਰ ਕੀ ਸੋਚ ਰਹੀ ਹੈ ?"

"ਸਾਨੂੰ ਤਾਂ ਪਤਾ ਨਹੀਂ," ਦੋਹਾਂ ਨੇ ਬੜੇ ਤਰਲੇ ਭਰੇ ਢੰਗ ਨਾਲ ਕਿਹਾ।

"ਨਹੀਂ, ਤੁਹਾਨੂੰ ਪਤਾ ਏ," ਜਥੇਦਾਰ ਗਰਜਿਆ, "ਇਹਨਾਂ ਨੂੰ ਲੈ ਜਾਓ ਤੇ ਜ਼ਰਾ, ਚੰਗੀ ਤਰ੍ਹਾਂ ਸੇਵਾ ਕਰੋ।"

ਉਹ ਹੈਰਾਨ ਹੋ ਗਏ ਕਿ ਜਥੇਦਾਰ ਬੜੇ ਗੁੱਸੇ ਵਿਚ ਹੁਕਮ ਦੇ ਰਿਹਾ ਹੈ; ਪਰ ਸੇਵਾ ਦਾ। ਮੂੰਹ ਵਿਚ ਪਾਣੀ ਭਰ ਆਇਆ ਕਿਉਂਕਿ ਸਵੇਰ ਦੇ ਭੁੱਖੇ ਸਨ। ਜਦ ਸਿੰਘਾਂ ਜ਼ਰਾ ਪਰੇ ਲਿਜਾ ਕੇ ਲੰਮਿਆਂ ਪਾਇਆ ਤੇ ਦੋ ਚਾਰ ਜੂਤ ਖੜਕਾਏ ਤਾਂ ਇਕ ਘੋੜ-ਸਵਾਰ ਬੋਲ ਪਿਆ, "ਨਾ ਮਾਰੋ, ਮੈਂ ਦੱਸਦਾ ਹਾਂ।" ਸਿੰਘਾਂ ਨੇ ਉਹਨੂੰ ਜਥੇਦਾਰ ਪਾਸ ਲੈ ਆਂਦਾ। ਇਕ ਘੋੜ-ਸਵਾਰ ਨੇ ਦੱਸਿਆ ਕਿ ਉਹਦੇ ਨਾਲ ਦਾ ਜਾਫ਼ਰ ਬੇਗ ਦਾ ਭਤੀਜਾ ਕਾਦਰ ਬਖ਼ਸ਼ ਹੈ ਤੇ ਅਸੀਂ ਅੰਮ੍ਰਿਤਸਰ ਦੇ ਫ਼ੌਜਦਾਰ ਨਾਲ ਸਿੱਖਾਂ ਵਿਰੁੱਧ ਅੰਦੋਲਨ ਲਈ ਪ੍ਰੋਗਰਾਮ ਬਣਾਣ ਚੱਲੇ ਸਾਂ।

ਕਾਦਰ ਬਖ਼ਸ਼ ਦਾ ਨਾਮ ਸੁਣ ਕੇ ਜਥੇਦਾਰ ਬਹਾਦਰ ਸਿੰਘ ਨੂੰ ਗੁੱਸਾ ਚੜ੍ਹ ਗਿਆ ਕਿਉਂਕਿ ਜਾਫ਼ਰ ਬੇਗ ਦੀਆਂ ਬਹੁਤੀਆਂ ਮੁਹਿੰਮਾਂ ਵਿਚ ਇਹਦਾ ਨਾਮ ਹੀ ਗੂੰਜਦਾ ਹੁੰਦਾ ਸੀ ਤੇ ਬਹਾਦਰ ਸਿੰਘ ਨੇ ਕਈ ਵਾਰ ਇੱਛਾ ਪ੍ਰਗਟ ਕੀਤੀ ਸੀ ਕਿ ਕਦੇ ਕਾਦਰ ਬਖ਼ਸ਼ ਨਾਲ ਉਹਦੀ ਟੱਕਰ ਹੋਵੇ ਤਾਂ ਉਸ ਨਾਲ ਦੋ ਹੱਥ ਕਰ ਕੇ ਦੇਖੇ। ਜਥੇਦਾਰ ਨੇ ਹੁਕਮ ਦਿੱਤਾ ਕਿ ਦੂਜੇ ਆਦਮੀ ਦੀਆਂ ਅੱਖਾਂ ਬੰਨ੍ਹ ਕੇ ਉਹਨੂੰ ਤਰਨ ਤਾਰਨ ਕੋਲ ਛੱਡ ਦਿੱਤਾ ਜਾਏ ਪਰ ਕਾਦਰ ਬਖ਼ਸ਼ ਨੂੰ ਕੈਦੀ ਬਣਾ ਲਿਆ ਜਾਏ। ਉਸੇ ਵੇਲੇ ਸਿੰਘਾਂ ਨੇ ਹੁਕਮ 'ਤੇ ਅਮਲ ਸ਼ੁਰੂ ਕਰ ਦਿੱਤਾ ਤੇ ਇਕ ਘੋੜ-ਸਵਾਰ ਨੂੰ ਤਰਨ ਤਾਰਨ ਕੋਲ ਛੱਡਣ ਲਈ ਲੈ

ਗਏ। ਕਾਦਰ ਬਖ਼ਸ਼ ਨੇ ਤਰਲੇ ਕੀਤੇ ਕਿ ਉਹਨੂੰ ਵੀ ਛੱਡ ਦਿੱਤਾ ਜਾਏ ਪਰ ਜਥੇਦਾਰ ਬਹਾਦਰ ਸਿੰਘ ਇਹ ਹੁਕਮ ਦੇ ਕੇ ਆਪਣੇ ਤੰਬੂ ਵਿਚ ਚਲਾ ਗਿਆ ਕਿ ਕੱਲ੍ਹ ਇਹਨੂੰ ਮੇਰੇ ਸਾਹਮਣੇ ਫਿਰ ਪੇਸ਼ ਕੀਤਾ ਜਾਏ।

10

ਸਰਦਾਰ ਸ਼ੇਰ ਸਿੰਘ ਦੇ ਜਥੇ ਨੇ ਰਾਵੀ ਦੇ ਕੰਢੇ ਮੋਰਚੇ ਬਣਾਏ। ਜੰਗਲ ਵਿਚ ਤਿਆਰੀ ਕਰਦਿਆਂ ਅਜੇ ਕੁਝ ਦਿਨ ਹੀ ਬੀਤੇ ਸਨ ਕਿ ਸਰਦਾਰ ਕਪੂਰ ਸਿੰਘ ਨੇ ਇਕ ਦਿਨ ਆ ਕੇ ਦੱਸਿਆ ਕਿ ਮੁਲਤਾਨ ਤੋਂ ਚਾਰ ਲੱਖ ਰੁਪੈ ਲਾਹੌਰ ਦੇ ਖ਼ਜ਼ਾਨੇ ਲਈ ਆ ਰਹੇ ਹਨ। ਖ਼ਜ਼ਾਨੇ ਦੇ ਨਾਲ ਦੋ ਸੌ ਫ਼ੌਜੀ ਜਵਾਨ ਹਨ, ਜਿਨ੍ਹਾਂ ਸਾਰਿਆਂ ਪਾਸ ਬੰਦੂਕਾਂ ਹਨ, ਇਸ ਲਈ ਉਹਨਾਂ ਤੋਂ ਖ਼ਜ਼ਾਨਾ ਖੋਹਣ ਲਈ ਲੰਮੀ ਚੌੜੀ ਤਿਆਰੀ ਕਰਨ ਦੀ ਲੋੜ ਹੈ। ਨਾਲੇ ਇਹ ਸਰਕਾਰੀ ਫ਼ੌਜਾਂ ਨਾਲ ਸਾਡੀ ਪਹਿਲੀ ਅਜਿਹੀ ਟੱਕਰ ਹੋਣੀ ਏ ਜਿਸ ਵਿਚ ਸਰਕਾਰੀ ਫ਼ੌਜ ਨੇ ਪਹਿਲ ਨਹੀਂ ਕਰਨੀ, ਅਸਾਂ ਪਹਿਲ ਕਰਨੀ ਹੈ। ਜੇ ਇਸ ਹਮਲੇ ਵਿਚ ਅਸੀਂ ਸਫ਼ਲ ਨਾ ਹੋਏ ਤਾਂ ਅੱਗੋਂ ਲਈ ਬੜਾ ਮੁਸ਼ਕਿਲ ਹੋ ਜਾਵੇਗਾ। ਸਰਦਾਰ ਸ਼ੇਰ ਸਿੰਘ ਨੇ ਹੱਸ ਕੇ ਕਿਹਾ, "ਘਬਰਾਉਣ ਦੀ ਕੋਈ ਲੋੜ ਨਹੀਂ, ਮੇਰਾ ਸਾਰਾ ਜਥਾ ਇਸ ਹਮਲੇ ਵਿਚ ਸ਼ਾਮਿਲ ਹੋਵੇਗਾ ਤੇ ਅਸੀਂ ਭਰੋਸਾ ਦਿਵਾ ਸਕਦੇ ਹਾਂ ਕਿ ਵਾਹਿਗੁਰੂ ਦੀ ਕਿਰਪਾ ਨਾਲ ਜਿੱਤ ਪ੍ਰਾਪਤ ਕਰਾਂਗੇ। ਹੋਰ ਜਥਿਆਂ ਦਾ ਤੁਸੀਂ ਪਤਾ ਕਰ ਲਉ।"

"ਮੈਂ ਮਿਲ ਆਇਆ ਹਾਂ। ਸਰਦਾਰ ਬਹਾਦਰ ਸਿੰਘ ਦਾ ਜਥਾ ਤਰਨ ਤਾਰਨ ਕੋਲੋਂ ਟੁਰ ਪਿਆ ਏ ਤੇ ਇਸੇ ਤਰ੍ਹਾਂ ਛਾਂਗੇ ਮਾਂਗੇ ਦੇ ਜੰਗਲ ਵਿੱਚੋਂ ਸਰਦਾਰ ਗੱਜਣ ਸਿੰਘ ਦਾ ਜਥਾ ਵੀ ਆ ਰਿਹਾ ਏ, ਅਸੀਂ ਸਾਰੇ ਰਲ ਕੇ ਚਾਰ ਸੌ ਹੋ ਜਾਵਾਂਗੇ। ਮੇਰਾ ਅਨੁਮਾਨ ਹੈ ਕਿ ਅਸੀਂ ਸਰਕਾਰੀ ਖ਼ਜ਼ਾਨਾ ਲੁੱਟਣ ਵਿਚ ਸਫਲ ਹੋ ਜਾਵਾਂਗੇ," ਸਰਦਾਰ ਕਪੂਰ ਸਿੰਘ ਨੇ ਕਿਹਾ, "ਤੁਸੀਂ ਫਿਰ ਤਿਆਰੀ ਕਰ ਲਉ ਤੇ ਕੱਲ੍ਹ ਲਾਹੌਰ ਤੋਂ ਪੰਜੀ ਮੀਲ ਦੀ ਵਿੱਥ ਉੱਤੇ ਅਸੀਂ ਮਿਲਾਂਗੇ। ਅਗਲਾ ਪ੍ਰੋਗਰਾਮ ਤੁਹਾਨੂੰ ਫਿਰ ਉਸ ਜੰਗਲ ਵਿਚ ਹੀ ਦੱਸਾਂਗੇ।"

ਸਰਦਾਰ ਕਪੂਰ ਸਿੰਘ ਨੇ ਆਪਣੇ ਚਿੱਟੇ ਘੋੜੇ ਨੂੰ ਅੱਡੀ ਲਾਈ ਤੇ ਝੱਟ ਹੀ ਅੱਖਾਂ ਤੋਂ ਉਹਲੇ ਹੋ ਗਏ। ਸਰਦਾਰ ਸ਼ੇਰ ਸਿੰਘ ਨੇ ਆਪਣੇ ਜਥੇ ਨੂੰ ਇਕੱਠਾ ਕੀਤਾ ਤੇ ਉਹਨਾਂ ਸਾਹਮਣੇ ਬੜੀ ਜੋਸ਼ੀਲੀ ਤਕਰੀਰ ਕੀਤੀ। ਅਖ਼ੀਰ ਇਹ ਕਿਹਾ, "ਅਸੀਂ ਘਰ ਬਾਰ ਛੱਡੇ ਹਨ, ਇਸ ਲਈ ਨਹੀਂ ਕਿ ਜੰਗਲ ਵਿਚ ਡੇਰੇ ਲਾਈ ਰੱਖੀਏ, ਸਗੋਂ ਲੋਕਾਂ ਦੇ ਸੁਖ ਲਈ,

ਉਹ ਸਾਰੇ ਕੰਡੇ ਰਾਹ ਵਿੱਚੋਂ ਹਟਾਣ ਲਈ, ਜਿਨ੍ਹਾਂ ਨੇ ਲੋਕਾਂ ਦਾ ਜੀਵਨ ਔਖਾ ਕਰ ਦਿੱਤਾ ਹੈ। ਸਰਕਾਰੀ ਖ਼ਜ਼ਾਨੇ ਵਿਚ ਰੁਪੈ ਨੂੰ ਨਹੀਂ ਪੁੱਜਣ ਦੇਣਾ ਤੇ ਮੈਨੂੰ ਨਿਸਚਾ ਹੈ ਕਿ ਤੁਸੀਂ ਆਪਣੇ ਸੀਸ ਤਲੀ 'ਤੇ ਰੱਖ ਕੇ ਇਸ ਸਰਕਾਰ ਦੀਆਂ ਜੜ੍ਹਾਂ ਪੁੱਟਣ ਲਈ ਮੈਦਾਨ ਵਿਚ ਨਿੱਤਰੋਗੇ, ਜਿਸ ਨੇ ਤੁਹਾਡਾ ਘਰਾਂ ਵਿਚ ਰਹਿਣਾ ਕਠਨ ਹੀ ਨਹੀਂ ਅਸੰਭਵ ਬਣਾ ਦਿੱਤਾ ਹੈ," ਸਰਦਾਰ ਸ਼ੇਰ ਸਿੰਘ ਦੇ ਰੌਂਗਟੇ ਖੜੇ ਸਨ ਤੇ ਅੱਖਾਂ ਵਿਚ ਲਾਲੀ ਗੁੱਸੇ ਦਾ ਚਿੰਨ੍ਹ ਸੀ।

ਦੂਜੇ ਦਿਨ ਸਾਰੇ ਸਿੰਘ ਤਿਆਰ ਹੋ ਕੇ ਉਸੇ ਜੰਗਲ ਵਿਚ ਪਹੁੰਚ ਗਏ ਜਿਥੇ ਕਪੂਰ ਸਿੰਘ ਨੇ ਕਿਹਾ ਸੀ। ਅੱਗੇ ਬੇ-ਹਿਸਾਬੀਆਂ ਰੌਣਕਾਂ ਲੱਗੀਆਂ ਹੋਈਆਂ ਸਨ। ਸਰਦਾਰ ਬਹਾਦਰ ਸਿੰਘ ਤੇ ਗੱਜਣ ਸਿੰਘ ਦੇ ਜਥੇ ਵੀ ਪੁੱਜ ਚੁੱਕੇ ਸਨ। ਸਰਦਾਰ ਕਪੂਰ ਸਿੰਘ ਦਾ ਜਥਾ ਤਾਂ ਇਥੇ ਆ ਗਿਆ ਸੀ ਪਰ ਆਪ ਉਹ ਕਿਧਰੇ ਗਏ ਹੋਏ ਸਨ। ਝੱਟ ਪਿੱਛੋਂ ਉਹ ਵੀ ਆ ਗਏ ਤੇ ਉਹਨਾਂ ਦੱਸਿਆ ਕਿ ਸ਼ਾਹੀ ਖ਼ਜ਼ਾਨਾ ਇਸ ਸਮੇਂ ਉਹਨਾਂ ਤੋਂ ਤਿੰਨ ਮੀਲ ਦੀ ਦੂਰੀ 'ਤੇ ਹੈ। ਸਿਪਾਹੀ ਇਸ ਸਮੇਂ ਸ਼ਰਾਬਾਂ ਪੀ ਰਹੇ ਹਨ ਤੇ ਉਹਨਾਂ ਨੂੰ ਹੋਰ ਕੁਝ ਸਮੇਂ ਤਕ ਆਪਣੀ ਹੋਸ਼ ਨਹੀਂ ਰਹਿਣੀ। ਇਸ ਲਈ ਜੇਕਰ ਅਸੀਂ ਇਕ ਘੰਟੇ ਤਕ ਹਮਲਾ ਕਰ ਦਈਏ ਤਾਂ ਬਿਨਾਂ ਬਹੁਤੇ ਖ਼ੂਨ ਖ਼ਰਾਬੇ ਦੇ ਅਸੀਂ ਖ਼ਜ਼ਾਨਾ ਪ੍ਰਾਪਤ ਕਰ ਸਕਦੇ ਹਾਂ।

ਸਿੰਘਾਂ ਵਿਚ ਜੋਸ਼ ਫੈਲ ਗਿਆ। ਜਦੋਂ ਦੇ ਘਰਾਂ ਤੋਂ ਨਿਕਲੇ ਸਨ ਕਿਸੇ ਨੇ ਨਾ ਕਦੇ ਕੋਈ ਰਕਮ ਭੇਜੀ ਸੀ ਤੇ ਨਾ ਹੀ ਆਪ ਜਾਣ ਦਾ ਯਤਨ ਕੀਤਾ ਸੀ। ਇਹੀ ਸੋਚਦੇ ਸਨ ਕਿ ਘਰਾਂ ਵਿਚ ਜਾ ਕੇ ਘਰ ਦਿਆਂ ਦੇ ਦੁਖੜੇ ਸੁਣੇ ਨਹੀਂ ਜਾਣੇ, ਇਸ ਲਈ ਇਕੋ ਵੇਰ ਚੱਲਾਂਗੇ ਜਦੋਂ ਕੁਝ ਬਣ ਜਾਏਗਾ। ਸਿੰਘਾਂ ਵਿਚ ਉਦੋਂ ਇਹ ਅਟੱਲ ਵਿਸ਼ਵਾਸ ਸੀ ਕਿ ਇਨਕਲਾਬ ਔਹ ਸਾਹਮਣੇ ਆ ਰਿਹਾ ਹੈ। ਕੁਝ ਦਿਨਾਂ ਦੀ ਖੇਡ ਏ, ਇਹ ਜ਼ਾਲਮ ਤੇ ਲੋਕ-ਵਿਰੋਧੀ ਸਰਕਾਰ ਬਹੁਤੀ ਦੇਰ ਚੱਲ ਨਹੀਂ ਸਕਦੀ।

ਸਿੰਘਾਂ ਨੇ ਚਾਰੇ ਪਾਸਿਆਂ ਤੋਂ ਇਕੋ ਵੇਲੇ ਹਮਲਾ ਕਰ ਦਿੱਤਾ, ਜਿਸ ਨਾਲ ਸਰਕਾਰੀ ਫ਼ੌਜ ਵਿਚ ਹਫੜਾ-ਦਫੜੀ ਮੱਚ ਗਈ। ਉਹਨਾਂ ਨੂੰ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਕਿ ਦੋ ਸੌ ਸਿਪਾਹੀਆਂ ਦੇ ਹੁੰਦਿਆਂ ਸਿਖ ਹਮਲਾ ਕਰਨ ਦਾ ਹੌਂਸਲਾ ਕਰਨਗੇ। ਉਹਨਾਂ ਭਾਣੇ ਸਿੱਖਾਂ ਦੀ ਗਿਣਤੀ ਇਤਨੀ ਥੋੜ੍ਹੀ ਹੈ ਜੋ ਕੁਝ ਨਹੀਂ ਕਰ ਸਕਦੀ, ਪਰ ਉਹ ਇਹ ਨਹੀਂ ਸਨ ਜਾਣਦੇ ਕਿ ਸਿੰਘਾਂ ਦਾ ਪ੍ਰਚਾਰ ਤੇ ਲੋਕਾਂ ਦਾ ਦੁਖ ਦਬਾ ਦਬ ਸਿੱਖਾਂ ਦੀ ਗਿਣਤੀ ਵਧਾ ਰਿਹਾ ਹੈ। ਦੁਖੀ ਲੋਕ ਤਾਂ ਸਹਾਰਾ ਟੋਲਦੇ ਪਏ ਸਨ। ਸਿੱਖਾਂ ਦੀ ਲਹਿਰ ਉਹਨਾਂ ਨੂੰ ਮੁਕਤੀ ਦਾ ਸਭ ਤੋਂ ਚੰਗਾ ਸਾਧਨ ਦਿਸਿਆ ਤੇ ਇਹਨਾਂ ਸੰਤ ਸਿਪਾਹੀਆਂ ਨਾਲ ਧੜਾ ਧੜ ਲੋਕ ਰਲਦੇ ਗਏ।

ਸਿੰਘਾਂ ਦੇ ਤੇਜ਼ ਹਮਲੇ ਨਾਲ ਸਰਕਾਰੀ ਫ਼ੌਜਾਂ ਬੰਦੂਕਾਂ ਵੀ ਨਾ ਸੰਭਾਲ ਸਕੀਆਂ

ਤੇ ਥੋੜ੍ਹੀ ਜਿਹੀ ਝੜਪ ਪਿੱਛੋਂ ਹੀ ਸਿੰਘਾਂ ਦਾ ਖ਼ਜ਼ਾਨੇ 'ਤੇ ਕਬਜ਼ਾ ਹੋ ਗਿਆ। ਅੱਧੇ ਫ਼ੌਜੀ ਮੈਦਾਨ ਵਿਚ ਮਰ ਗਏ ਜਾਂ ਜ਼ਖ਼ਮੀ ਹੋ ਗਏ ਤੇ ਬਾਕੀ ਆਪਣੀ ਜਾਨ ਬਚਾ ਕੇ ਭੱਜ ਗਏ। ਦੋ ਘੰਟੇ ਪਿੱਛੋਂ ਮੈਦਾਨ ਵਿਚ ਲਾਸ਼ਾਂ ਪਈਆਂ ਸਨ ਤੇ ਜਾਂ ਸਿੰਘ ਖੜੇ ਸਨ।

ਸਰਦਾਰ ਕਪੂਰ ਸਿੰਘ ਨੇ ਉਸੇ ਵੇਲੇ ਮੁਖੀ ਜਥੇਦਾਰਾਂ ਦੀ ਮੀਟਿੰਗ ਸੱਦੀ ਤੇ ਫ਼ੈਸਲਾ ਕੀਤਾ ਗਿਆ ਕਿ ਝੱਟ-ਪਟ ਇਸ ਇਲਾਕੇ ਤੋਂ ਦੂਰ ਚਲੇ ਜਾਣਾ ਚਾਹੀਦਾ ਹੈ। ਸਾਰਾ ਖ਼ਜ਼ਾਨਾ ਜਥੇਦਾਰ ਬਹਾਦਰ ਸਿੰਘ ਦੀ ਸੌਂਪਣੀ ਵਿਚ ਦੇ ਦਿੱਤਾ ਗਿਆ ਤੇ ਉਹਨਾਂ ਨੂੰ ਕਿਹਾ ਗਿਆ ਕਿ ਉਹ ਬਿਆਸਾ ਦੇ ਜੰਗਲ ਵਿਚ ਲੈ ਚੱਲਣ, ਬਾਕੀ ਜਥੇ ਵੀ ਖਿੰਡਰ ਪੁੰਡਰ ਜਾਣ। ਇਹ ਫ਼ੈਸਲਾ ਉਸੇ ਵੇਲੇ ਕਰ ਦਿੱਤਾ ਗਿਆ ਕਿ ਇਸ ਵਿੱਚੋਂ ਅੱਧੀ ਰਕਮ ਸਾਰੇ ਸਿੰਘਾਂ ਵਿਚ ਵੰਡ ਦਿੱਤੀ ਜਾਵੇਗੀ ਤਾਕਿ ਘਰਾਂ ਨੂੰ ਖਰਚ ਆਦਿ ਲਈ ਭੇਜ ਦੇਣ ਤੇ ਅੱਧੀ ਰਕਮ ਦੇ ਹਥਿਆਰ ਤੇ ਘੋੜੇ ਖ਼ਰੀਦ ਕੇ ਜਥੇ ਹੋਰ ਮਜ਼ਬੂਤ ਕੀਤੇ ਜਾਣ।

"ਮੇਰੇ ਕੋਲ ਇਕ ਕੈਦੀ ਏ, ਉਹਦਾ ਕੀ ਕੀਤਾ ਜਾਏ?" ਜਥੇਦਾਰ ਬਹਾਦਰ ਸਿੰਘ ਨੇ ਕਿਹਾ, "ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਦਾ ਭਤੀਜਾ ਏ।" ਉਹਨੇ ਆਪਣੇ ਜਥੇ ਦੇ ਇਕ ਸਿੰਘ ਨੂੰ ਇਸ਼ਾਰਾ ਕੀਤਾ ਤੇ ਉਹ ਝੱਟ ਜੰਗਲ ਵੱਲ ਕਾਦਰ ਬਖ਼ਸ਼ ਨੂੰ ਲੈਣ ਲਈ ਚਲਾ ਗਿਆ। ਜਾਫ਼ਰ ਬੇਗ ਦਾ ਨਾਮ ਸੁਣ ਕੇ ਸਰਦਾਰ ਸ਼ੇਰ ਸਿੰਘ ਦੇ ਕੰਨ ਖੜੇ ਹੋ ਗਏ। ਉਹ ਸੋਚੀਂ ਪੈ ਗਿਆ ਤੇ ਉਹਦਾ ਚਿਹਰਾ ਕੁਝ ਗ਼ਮਗੀਨ ਹੋ ਗਿਆ।

"ਕੀ ਗੱਲ ਏ ਤੁਸੀਂ ਬੜੇ ਉਦਾਸ ਹੋ?" ਸਰਦਾਰ ਕਪੂਰ ਸਿੰਘ ਨੇ ਪੁੱਛਿਆ।

"ਕੁਝ ਨਹੀਂ," ਸਰਦਾਰ ਸ਼ੇਰ ਸਿੰਘ ਨੇ ਬਨਾਉਟੀ ਜਿਹੀ ਮੁਸਕਰਾਹਟ ਚਿਹਰੇ 'ਤੇ ਲਿਆਉਂਦਿਆਂ ਕਿਹਾ।

"ਤੁਸੀਂ ਝੱਟ ਕੁ ਪਹਿਲਾਂ ਤਾਂ ਬੜੇ ਖ਼ੁਸ਼ ਨਜ਼ਰ ਆ ਰਹੇ ਸਉ, ਪਰ ਹੁਣ ਕੀ ਹੋ ਗਿਆ ਏ?" ਸਰਦਾਰ ਕਪੂਰ ਸਿੰਘ ਨੇ ਫਿਰ ਪੁੱਛਿਆ।

"ਨਹੀਂ ਐਵੇਂ, ਕੁਝ ਤਬੀਅਤ ਠੀਕ ਨਹੀਂ," ਸਰਦਾਰ ਸ਼ੇਰ ਸਿੰਘ ਨੇ ਕਹਿ ਕੇ ਟਾਲਿਆ। ਅਸਲ ਵਿਚ ਜਾਫ਼ਰ ਬੇਗ ਦਾ ਨਾਂ ਸੁਣਦਿਆਂ ਸ਼ੇਰ ਸਿੰਘ ਨੂੰ ਆਪਣੀ ਪਤਨੀ ਜੀਤੋ ਯਾਦ ਆ ਗਈ ਤੇ ਉਹਦੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਆ ਗਿਆ, ਜਦੋਂ ਵਿਆਹ ਦੇ ਮੰਡਪ 'ਤੇ ਬੈਠਿਆਂ ਪੰਡਤ ਦੇ ਕਹਿਣ 'ਤੇ ਉਸ ਜੀਤੋ ਦੇ ਸਿਰ 'ਤੇ ਹੱਥ ਰੱਖਿਆ ਸੀ ਤੇ ਇਕ ਵਾਰ ਉਸ ਦੇ ਹੱਥ ਨਾਲ ਹੱਥ ਛੁਹਾਇਆ ਸੀ। ਉਹਨੇ ਜੀਤੋ ਦੇ ਮੁਖੜੇ ਦੇ ਦਰਸ਼ਨ ਤਾਂ ਭਾਵੇਂ ਨਹੀਂ ਕੀਤੇ ਪਰ ਜਿਵੇਂ ਭੂਆ ਦੱਸਦੀ ਸੀ, ਉਹਦੇ ਨਾਲ ਦੀ ਸੁਹਣੀ ਕੁੜੀ ਸਾਰੇ ਮਾਝੇ ਵਿਚ ਕੋਈ ਨਹੀਂ ਹੋਣੀ। ਉਹਨੂੰ ਫਿਰ ਖ਼ਿਆਲ ਆ ਗਿਆ ਕਿ ਅੱਜ ਜੀਤੋ ਜਾਫ਼ਰ ਬੇਗ ਦੇ ਮਹੱਲਾਂ ਵਿਚ ਹੋਵੇਗੀ। ਸ਼ਾਇਦ ਉਥੇ ਉਹਨੂੰ ਬੜੀਆਂ ਮੌਜਾਂ ਹੋਣ ਤੇ ਉਹ ਮੰਡਪ ਤੋਂ ਚੁੱਕੇ ਜਾਣ ਦਾ ਦ੍ਰਿਸ਼ ਭੁੱਲ ਗਈ ਹੋਵੇ। ਉਹਦਾ ਸਾਰਾ

ਸਗੀਰ ਕੰਬ ਗਿਆ। ਉਹਦੇ ਮਨ ਨੇ ਝੱਟ ਹੀ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਜੀਤੋ ਖ਼ੁਸ਼ ਹੋ ਸਕਦੀ ਏ। ਜਿਵੇਂ ਮੇਰਾ ਮਨ ਤੜਫਦਾ ਏ ਉਹ ਘਟਨਾ ਯਾਦ ਕਰ ਕੇ, ਇਸੇ ਤਰ੍ਹਾਂ ਅਵੱਸ਼ ਉਹ ਵੀ ਦੁਖੀ ਹੋਵੇਗੀ। ਹੋ ਸਕਦਾ ਏ ਉਸ ਕੁਝ ਖਾ ਲਿਆ ਹੋਵੇ ਤੇ ਸਦਾ ਦੀ ਨੀਂਦਰੇ ਸੌਂ ਗਈ ਹੋਵੇ।

ਇਸ ਖ਼ਿਆਲ ਨੇ ਉਸ ਦੇ ਮਨ ਨੂੰ ਹੋਰ ਦੁਖੀ ਕਰ ਦਿੱਤਾ। ਉਹਦੀਆਂ ਅੱਖਾਂ ਬੰਦ ਹੋ ਗਈਆਂ ਤੇ ਚੁੱਪ ਜ਼ਬਾਨ ਰਾਹੀਂ ਉਸ ਅਕਾਲ ਪੁਰਖ ਪਾਸ ਅਰਦਾਸ ਕੀਤੀ, "ਸੱਚੇ ਪਾਤਿਸ਼ਾਹ, ਮੇਰੀ ਜੀਤੋ ਨੂੰ ਤੱਤੀ 'ਵਾ ਭੀ ਨਾ ਲੱਗੇ। ਉਹ ਜੀਊਂਦੀ ਰਹੇ ਲੱਖ ਸੈਂ ਵਰ੍ਹਿਆਂ ਤਾਈਂ। ਮੈਨੂੰ ਇਕ ਵਾਰ ਮੇਰੀ ਜੀਤੋ ਮਿਲਾ ਦੇ, ਮੈਂ ਜ਼ਿੰਦਗੀ ਲਈ ਹੋਰ ਕੁਝ ਨਹੀਂ ਮੰਗਦਾ।" ਇਸ ਤਰ੍ਹਾਂ ਉਹਦੀਆਂ ਬੰਦ ਅੱਖਾਂ ਵਿੱਚੋਂ ਹੀ ਜੀਤੋ ਦੀ ਯਾਦ ਵਿਚ ਅੱਥਰੂ ਕਿਰਨ ਲੱਗ ਪਏ। ਸਰਦਾਰ ਕਪੂਰ ਸਿੰਘ ਦਾ ਅਚਾਨਕ ਓਧਰ ਧਿਆਨ ਚਲਾ ਗਿਆ। ਸ਼ੇਰ ਸਿੰਘ ਦੀਆਂ ਅੱਖਾਂ ਵਿੱਚੋਂ ਅੱਥਰੂ ਵਗਦੇ ਵੇਖ ਕੇ ਉਹਨਾਂ ਜਥੇਦਾਰ ਬਹਾਦਰ ਸਿੰਘ ਵੱਲ ਇਸ਼ਾਰਾ ਕੀਤਾ। ਜਥੇਦਾਰ ਬਹਾਦਰ ਸਿੰਘ ਨੇ ਸ਼ੇਰ ਸਿੰਘ ਨੂੰ ਬਾਂਹ ਤੋਂ ਫੜ ਕੇ ਹਿਲਾਇਆ ਤੇ ਪੁੱਛਿਆ, "ਕੀ ਗੱਲ ਏ ਸ਼ੇਰ ਸਿੰਘ ਜੀ, ਤੁਸੀਂ ਰੋ ਰਹੇ ਹੋ?"

"ਕੁਝ ਨਹੀਂ, ਕਦੋਂ ਰੋ ਰਿਹਾ ਹਾਂ?" ਮੂੰਹ ਦੂਜੇ ਪਾਸੇ ਕਰ ਕੇ ਅੱਥਰੂ ਪੂੰਝਦਿਆਂ ਸ਼ੇਰ ਸਿੰਘ ਨੇ ਕਿਹਾ, "ਐਵੇਂ ਇਕ ਪੁਰਾਣੀ ਯਾਦ ਆ ਗਈ ਏ ਜਿਸ ਕਰ ਕੇ ਮਨ ਡੋਲ ਗਿਆ ਏ।"

"ਵਾਹ! ਸ਼ੇਰ ਮਰਦ ਵੀ ਕਦੇ ਰੋਂਦੇ ਨੇ। ਫਿਰ ਤੁਸੀਂ ਤਾਂ ਉਂਜ ਵੀ ਸ਼ੇਰ ਸਿੰਘ ਹੋ," ਕਪੂਰ ਸਿੰਘ ਨੇ ਜ਼ਰਾ ਮੁਸਕਰਾਂਦਿਆਂ ਕਿਹਾ, "ਕੀ ਯਾਦ ਆ ਗਈ ਸੀ?"

"ਮੇਰਾ ਖ਼ਿਆਲ ਏ, ਇਹਨਾਂ ਜ਼ਿੰਦਗੀ ਵਿਚ ਪਹਿਲੀ ਲੜਾਈ ਲੜੀ ਏ ਤੇ ਬੰਦੇ ਮਰਦੇ ਦੇਖ ਕੇ ਦਿਲ ਦੁਖੀ ਹੋਇਆ ਹੈ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਨਹੀਂ, ਤੁਸੀਂ ਮੇਰੇ ਬਾਰੇ ਗ਼ਲਤ ਅਨੁਮਾਨ ਲਾ ਰਹੇ ਹੋ," ਸ਼ੇਰ ਸਿੰਘ ਬੋਲਿਆ, "ਮੈਨੂੰ ਅਸਲ ਗੱਲ ਦੱਸਣੀ ਹੀ ਪਵੇਗੀ।"

"ਹਾਂ ਹਾਂ, ਜ਼ਰੂਰ ਦੱਸੋ। ਅਸੀਂ ਸਾਰੇ ਭਰਾ ਇਸੇ ਲਈ ਤਾਂ ਇਕੱਠੇ ਹੋਏ ਹਾਂ ਕਿ ਦੁਖ ਦੂਰ ਕਰ ਸਕੀਏ। ਜੇ ਅਸੀਂ ਇਕ ਦੂਜੇ ਦਾ ਦਰਦ ਵੀ ਨਹੀਂ ਵੰਡਾ ਸਕਦੇ ਤਾਂ ਲੋਕਾਂ ਦਾ ਕੀ ਕਰਾਂਗੇ," ਕਪੂਰ ਸਿੰਘ ਨੇ ਕਿਹਾ।

"ਮੇਰਾ ਵਿਆਹ ਹੋ ਰਿਹਾ ਸੀ, ਜਦੋਂ ਜਾਫ਼ਰ ਬੇਗ ਦੇ ਸਿਪਾਹੀ ਮੌਕੇ 'ਤੇ ਪਹੁੰਚ ਗਏ ਤੇ ਮੰਡਪ ਵਿੱਚੋਂ ਹੀ ਮੇਰੀ ਵਹੁਟੀ ਚੁੱਕ ਕੇ ਲੈ ਗਏ। ਅੱਜ ਜਦੋਂ ਸਰਦਾਰ ਬਹਾਦਰ ਸਿੰਘ ਜੀ ਨੇ ਜਾਫ਼ਰ ਬੇਗ ਦਾ ਨਾਂ ਲਿਆ ਤਾਂ ਮੈਨੂੰ ਆਪਣੇ ਵਿਆਹ ਦਾ ਦ੍ਰਿਸ਼ ਯਾਦ ਆ ਗਿਆ ਏ, ਉਸ ਕਾਰਨ ਮੇਰੇ ਮਨ ਵਿਚ ਕਮਜ਼ੋਰੀ ਆ ਗਈ ਏ। ਇਸ 'ਤੇ ਮੈਂ ਬੜਾ

ਸ਼ਰਮਿੰਦਾ ਹਾਂ," ਸ਼ੇਰ ਸਿੰਘ ਨੇ ਇਹ ਕਹਿ ਕੇ ਅੱਖਾਂ ਨੀਵੀਆਂ ਪਾ ਲਈਆਂ।

"ਤੇ ਤੁਸੀਂ ਉਸ ਵੇਲੇ ਕੁਝ ਨਾ ਕੀਤਾ?" ਸਰਦਾਰ ਕਪੂਰ ਸਿੰਘ ਨੇ ਕਿਹਾ।

"ਮੇਰੀ ਜੰਞ ਕੋਈ ਸਿੰਘਾਂ ਦੀ ਥੋੜ੍ਹੀ ਸੀ। ਉਸ ਵਿਚ ਉਹੀ ਲੋਕ ਸ਼ਾਮਿਲ ਸਨ ਜੋ ਅੱਜ ਵੀ ਇੱਜ਼ਤਾਂ ਲੁਟਾ ਰਹੇ ਹਨ, ਜੁੱਤੀਆਂ ਖਾ ਰਹੇ ਹਨ ਤੇ ਅਪਮਾਨ ਕਰਾ ਕੇ ਵੀ ਬਗ਼ਾਵਤ ਕਰਨ ਦਾ ਹੌਂਸਲਾ ਨਹੀਂ ਰੱਖਦੇ। ਅੱਜ ਵੀ ਸਰਕਾਰ ਦੇ ਚੌਧਰੀਆਂ ਅੱਗੇ ਹੱਥ ਜੋੜੀ ਜਾ ਰਹੇ ਹਨ ਤੇ ਉਹਨਾਂ ਦੀ ਹਰ ਮੰਗ ਪੂਰੀ ਕਰਨ ਲਈ ਤਿਆਰ ਹਨ। ਮੈਂ ਇਕੱਲਾ ਹੀ ਸਾਂ ਜਿਸ ਨੇ ਹੱਥ ਉਠਾਇਆ, ਪਰ ਮੇਰੇ ਇਕੱਲੇ ਦਾ ਕੀ ਵੱਸ ਚੱਲਦਾ ਸੀ, ਉਹਨਾਂ ਡਾਂਗਾਂ ਮਾਰ ਮਾਰ ਕੇ ਮੈਨੂੰ ਬੇਹੋਸ਼ ਕਰ ਦਿੱਤਾ ਤੇ ਚੀਕਾਂ ਮਾਰਦੀ ਮੇਰੀ ਵਹੁਟੀ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਏ।"

"ਹੈਂ, ਤੁਸਾਂ ਸਾਨੂੰ ਤਾਂ ਅੱਜ ਤਕ ਦੱਸਿਆ ਨਹੀਂ। ਸਾਡੇ ਨਾਲ ਕਿੰਨੀ ਦੇਰ ਹੀ ਬਿਆਸਾ ਦੇ ਜੰਗਲ ਵਿਚ ਰਹੇ ਹੋ!" ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਮੈਂ ਨਹੀਂ ਸਾਂ ਚਾਹੁੰਦਾ ਕਿ ਮੇਰੀ ਇਸ ਕਮਜ਼ੋਰੀ ਦਾ ਪਤਾ ਲੱਗੇ। ਭਾਵੇਂ ਇਹ ਘਟਨਾ ਮੇਰੇ ਸਿੰਘ ਸੱਜਣ ਤੋਂ ਪਹਿਲਾਂ ਦੀ ਹੈ।"

ਸਰਦਾਰ ਬਹਾਦਰ ਸਿੰਘ ਦਾ ਭੇਜਿਆ ਸਿੰਘ ਜੰਗਲ ਵਿੱਚੋਂ ਡੇਰੇ ਤੋਂ ਕਾਦਰ ਬਖ਼ਸ਼ ਨੂੰ ਲੈ ਆਇਆ। ਉਹਦੀਆਂ ਅੱਖਾਂ ਬੰਨ੍ਹੀਆਂ ਹੋਈਆਂ ਸਨ ਤੇ ਪਿੱਛੋਂ ਮੁਸ਼ਕਾਂ ਕੱਸੀਆਂ ਹੋਈਆਂ ਸਨ। ਸਰਦਾਰ ਬਹਾਦਰ ਸਿੰਘ ਨੇ ਇਸ਼ਾਰਾ ਕੀਤਾ ਤੇ ਉਹਦੀਆਂ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ ਗਈ।

"ਇਹ ਜੋ ਜਾਫ਼ਰ ਬੇਗ ਦਾ ਭਤੀਜਾ ਕਾਦਰ ਬਖ਼ਸ਼ ਹੈ, ਮੈਂ ਇਸੇ ਬਾਰੇ ਕਹਿ ਰਿਹਾ ਸਾਂ ਕਿ ਇਹਦਾ ਕੀ ਕੀਤਾ ਜਾਏ। ਪਹਿਲਾਂ ਤਾਂ ਇਹਨੂੰ ਮਾਰਨ ਦਾ ਫ਼ੈਸਲਾ ਕੀਤਾ ਗਿਆ ਸੀ, ਪਰ ਫਿਰ ਇਹਦੀ ਜਵਾਨੀ ਤੇ ਬਹਾਦਰੀ 'ਤੇ ਤਰਸ ਆ ਗਿਆ, ਜਿਸ ਕਾਰਨ ਇਹਨੂੰ ਹੁਣ ਤਕ ਮਾਰਿਆ ਨਹੀਂ ਗਿਆ, ਸਗੋਂ ਅਸੀਂ ਨਾਲ ਹੀ ਲਈ ਫਿਰਦੇ ਹਾਂ। ਹੁਣ ਸਾਰੇ ਸੋਚ ਲਉ ਕਿ ਇਹਦਾ ਕੀ ਕਰਨਾ ਜੇ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਇਹਨੂੰ ਮੇਰੇ ਹਵਾਲੇ ਕਰ ਦਿਉ। ਮੈਂ ਇਸ ਬਾਰੇ ਫ਼ੈਸਲਾ ਕਰ ਲਵਾਂਗਾ," ਸਰਦਾਰ ਸ਼ੇਰ ਸਿੰਘ ਨੇ ਉਸ ਵੱਲ ਬੜੀ ਨੀਝ ਨਾਲ ਦੇਖਦਿਆਂ ਕਿਹਾ। ਸਰਦਾਰ ਸ਼ੇਰ ਸਿੰਘ ਨੇ ਸੋਚਿਆ ਕਿ ਇਸ ਤੋਂ ਸ਼ਾਇਦ ਪਤਾ ਲੱਗ ਸਕੇ ਕਿ ਜੀਤੋ ਮਰ ਗਈ ਹੈ ਜਾਂ ਅਜੇ ਜਿਊਂਦੀ ਹੈ। ਜੇ ਜਿਊਂਦੀ ਹੈ ਤਾਂ ਕਿਥੇ ਤੇ ਕਿਸ ਹਾਲਤ ਵਿਚ ਹੈ।

ਸਾਰਿਆਂ ਨੇ ਇਹੀ ਸਮਝਿਆ ਕਿ ਸਰਦਾਰ ਸ਼ੇਰ ਸਿੰਘ ਇਸ ਤੋਂ ਆਪਣੀ ਵਹੁਟੀ ਦਾ ਪਤਾ ਕਰਨਾ ਚਾਹੁੰਦਾ ਹੈ, ਇਸ ਲਈ ਕਾਦਰ ਬਖ਼ਸ਼ ਨੂੰ ਸ਼ੇਰ ਸਿੰਘ ਦੇ ਹਵਾਲੇ ਕਰ

ਦਿੱਤਾ ਗਿਆ ਤੇ ਇਥੋਂ ਛੇਤੀ ਕੂਚ ਕਰਨ ਦੇ ਖ਼ਿਆਲ ਨਾਲ ਝੱਟ-ਪਟ ਸਾਰੇ ਜਥੇ ਆਪਣੇ ਆਪਣੇ ਰਾਹ ਪੈ ਗਏ। ਸਰਦਾਰ ਗੱਜਣ ਸਿੰਘ ਦਾ ਜਥਾ ਤਰਨ ਤਾਰਨ ਵੱਲ ਚਲਾ ਗਿਆ ਤੇ ਸਰਦਾਰ ਬਹਾਦਰ ਸਿੰਘ ਹੋਰੀਂ ਬਿਆਸਾ ਦੇ ਜੰਗਲਾਂ ਵਿਚ ਚਲੇ ਗਏ। ਸਰਦਾਰ ਕਪੂਰ ਸਿੰਘ ਜਾਂਦੀ ਵਾਰ ਇਹ ਕਹਿ ਗਏ, "ਜੇ ਸਰਦਾਰ ਸ਼ੇਰ ਸਿੰਘ ਜੀ, ਕੁਝ ਪਤਾ ਲੱਗਾ ਤਾਂ ਸਾਨੂੰ ਪਤਾ ਦੇਣਾ, ਅਸੀਂ ਤੁਹਾਡੀ ਪਤਨੀ ਨੂੰ ਜ਼ਰੂਰ ਛੁਡਾ ਲਿਆਵਾਂਗੇ।"

ਸਰਦਾਰ ਕਪੂਰ ਸਿੰਘ ਦੇ ਇਹਨਾਂ ਸ਼ਬਦਾਂ ਨੂੰ ਕਾਦਰ ਬਖ਼ਸ਼ ਨੇ ਬੜੇ ਧਿਆਨ ਨਾਲ ਸੁਣਿਆ। ਉਹ ਸੋਚਣ ਲੱਗ ਪਿਆ, ਇਸ ਜਥੇਦਾਰ ਦੀ ਪਤਨੀ ਵੀ ਕਿਧਰੇ ਫਸੀ ਹੋਈ ਏ। ਉਹਨੂੰ ਕਿਹੜਾ ਕਾਬੂ ਕੀਤੀ ਬੈਠਾ ਏ ? ਹੋਵੇ ਨਾ ਤੇ ਇਹ ਜੀਤੋ ਦਾ ਪਤੀ ਹੀ ਹੋਵੇ। ਉਹਦੇ ਮਨ ਨੇ ਨਾ ਮੰਨਿਆ ਕਿ ਇਹ ਜੀਤੋ ਦਾ ਪਤੀ ਹੋ ਸਕਦਾ ਏ। ਉਹ ਤੇ ਕਰਾੜ ਸੀ, ਭਾਵੇਂ ਸਿਖ ਹੋ ਗਿਆ ਏ ਪਰ ਕਰਾੜ ਏਡਾ ਬਹਾਦਰ ਤੇ ਦਲੇਰ ਨਹੀਂ ਹੋ ਸਕਦਾ, ਜਿੱਡਾ ਇਹ ਸਿੰਘ ਏ। ਫਿਰ ਇਹ ਤਾਂ ਜਥੇਦਾਰ ਜਾਪਦਾ ਏ। ਇੱਡੀ ਛੇਤੀ ਦਿਆਲਾ ਕਿਵੇਂ ਜਥੇਦਾਰ ਬਣ ਸਕਦਾ ਏ ?

ਜਥੇਦਾਰ ਸ਼ੇਰ ਸਿੰਘ ਸਰਦਾਰ ਕਪੂਰ ਸਿੰਘ ਨੂੰ ਵਿਦਾ ਕਰਨ ਲਈ ਚਲਾ ਗਿਆ। ਪਿੱਛੋਂ ਕਾਦਰ ਬਖ਼ਸ਼ ਨੇ ਇਕ ਸਿੰਘ ਤੋਂ ਪੁੱਛਿਆ, "ਕੀ ਨਾਮ ਏਂ ਇਹਨਾਂ ਜਥੇਦਾਰ ਜੀ ਦਾ ?"

ਫਿਰ ਆਪ ਹੀ ਉਸ ਪੁੱਛ ਲਿਆ, "ਸਰਦਾਰ ਦਿਆਲ ਸਿੰਘ ਤਾਂ ਨਹੀਂ ?"

"ਨਹੀਂ," ਇਕ ਸਿੰਘ ਨੇ ਕਿਹਾ, "ਇਹ ਜਥੇਦਾਰ ਸ਼ੇਰ ਸਿੰਘ ਜੀ ਨੇ।"

ਹੁਣ ਉਹਨੂੰ ਪੱਕਾ ਨਿਸਚਾ ਹੋ ਗਿਆ ਕਿ ਇਹ ਦਿਆਲਾ ਨਹੀਂ। ਇਹ ਕੋਈ ਹੋਰ ਹੀ ਜਥੇਦਾਰ ਏ।

ਜਥੇਦਾਰ ਸ਼ੇਰ ਸਿੰਘ ਵਾਪਸ ਆਇਆ ਤਾਂ ਕਾਦਰ ਬਖ਼ਸ਼ ਦੀਆਂ ਅੱਖਾਂ 'ਤੇ ਫਿਰ ਕੱਪੜਾ ਬੰਨ੍ਹ ਕੇ ਇਕ ਘੋੜ-ਸਵਾਰ ਦੇ ਪਿੱਛੇ ਬਿਠਾ ਦਿੱਤਾ ਗਿਆ ਤੇ ਘੋੜੇ ਭਜਾਂਦੇ ਇਹ ਪੱਟੀ ਦੇ ਇਲਾਕੇ ਵਿਚ ਆ ਗਏ। ਇਸ ਵਾਰ ਸਰਦਾਰ ਸ਼ੇਰ ਸਿੰਘ ਦੇ ਜਥੇ ਨੂੰ ਪੱਟੀ ਦੇ ਇਲਾਕੇ ਵਿਚ ਰਹਿਣ ਦਾ ਕੰਮ ਸੌਂਪਿਆ ਗਿਆ।

ਪੱਟੀ ਤੋਂ ਪੰਜ ਛੇ ਮੀਲ ਦੂਰ ਹਟਵਾਂ ਇਕ ਵੱਡਾ ਜੰਗਲ ਸੀ ਜੋ ਕਈ ਮੀਲਾਂ ਵਿਚ ਪਸਰਿਆ ਹੋਇਆ ਸੀ। ਇਸ ਜੰਗਲ ਵਿਚ ਬਹੁਤ ਜ਼ਿਆਦਾ ਸੱਪ ਤੇ ਕੀੜੇ ਸਨ, ਜਿਸ ਕਾਰਨ ਅੱਗੇ ਇਥੇ ਸਿੰਘਾਂ ਦਾ ਕੋਈ ਜਥਾ ਨਹੀਂ ਸੀ ਆਇਆ ਤੇ ਨਾ ਹੀ ਜਾਫ਼ਰ ਬੇਗ ਨੂੰ ਕਦੇ ਖ਼ਿਆਲ ਆਇਆ ਸੀ ਕਿ ਇਥੇ ਵੀ ਕਦੇ ਸਿੰਘ ਆ ਸਕਦੇ ਹਨ।

ਜੰਗਲ ਵਿਚ ਆ ਕੇ ਜਾਫ਼ਰ ਬੇਗ ਦੇ ਭਤੀਜੇ ਕਾਦਰ ਬਖ਼ਸ਼ ਦੀਆਂ ਅੱਖਾਂ ਤੋਂ

ਪੱਟੀ ਲਾਹ ਦਿੱਤੀ ਗਈ। ਉਹਨੂੰ ਕੁਝ ਪਤਾ ਨਾ ਲੱਗਾ ਕਿ ਉਹ ਕਿਥੇ ਸੀ ਤੇ ਹੁਣ ਕਿਥੇ ਲੈ ਆਂਦਾ ਗਿਆ ਹੈ।

ਸ਼ਾਮ ਨੂੰ ਲੰਗਰ ਤਿਆਰ ਕੀਤਾ ਗਿਆ ਤੇ ਸਾਰਿਆਂ ਨੇ ਛਕ ਲਿਆ। ਇਸ ਪਿੱਛੋਂ ਟਹਿਲਣ ਲਈ ਸਾਰੇ ਏਧਰ ਓਧਰ ਖਿੰਡਰ ਗਏ।

ਕਾਦਰ ਬਖ਼ਸ਼ ਨੂੰ ਪਤਾ ਨਹੀਂ ਕੀ ਖ਼ਿਆਲ ਆਇਆ ਕਿ ਉਸ ਝੱਟ ਉੱਠ ਕੇ ਜਥੇਦਾਰ ਸ਼ੇਰ ਸਿੰਘ ਦੇ ਪੈਰ ਫੜ ਲਏ। ਉਹਦੀਆਂ ਅੱਖਾਂ ਵਿਚ ਅੱਥਰੂ ਭਰ ਆਏ ਤੇ ਭਰੇ ਗਲੇ ਨਾਲ ਉਸ ਕਿਹਾ, "ਬਹਾਦਰ ਬਹਾਦਰਾਂ ਦੀ ਕਦਰ ਕਰਦੇ ਹਨ। ਮੈਂ ਅੱਜ ਇਕ ਬਹਾਦਰ ਜਵਾਨ ਤੁਹਾਡੀ ਪੈਰੀਂ ਪੈ ਗਿਆ ਹਾਂ। ਇਹ ਮੇਰੇ ਮਰਨ ਨਾਲੋਂ ਘੱਟ ਨਹੀਂ। ਮੈਂ ਤੁਹਾਡੇ ਤੋਂ ਇਕ ਭਿੱਛਿਆ ਮੰਗਦਾ ਹਾਂ। ਮੈਨੂੰ ਬਖ਼ਸ਼ ਦਿੱਤਾ ਜਾਏ। ਮੇਰੀ ਇੱਕੋ ਇਕ ਭੈਣ ਹੈ, ਉਹਦਾ ਪਤਾ ਨਹੀਂ ਕੀ ਹਾਲ ਹੋਵੇ, ਜਦੋਂ ਉਹਨੂੰ ਇਹ ਪਤਾ ਲੱਗੇਗਾ ਕਿ ਉਹਦਾ ਵੀਰਾ ਕਾਦਰ ਬਖ਼ਸ਼ ਮਰ ਗਿਆ ਹੈ ਜਾਂ ਕੈਦੀ ਹੋ ਗਿਆ ਏ। ਮੇਰੇ ਕੋਲੋਂ ਤੁਸੀਂ ਜੀਹਦੀ ਚਾਹੋ ਸਹੁੰ ਚੁਕਾ ਲਓ, ਮੈਂ ਜ਼ਿੰਦਗੀ ਭਰ ਕਦੇ ਸਿੱਖਾਂ ਵਿਰੁੱਧ ਤਲਵਾਰ ਨਹੀਂ ਚੁੱਕਾਂਗਾ।"

ਸ਼ੇਰ ਸਿੰਘ ਉਹਦੇ ਵੱਲ ਬਿਨਾਂ ਅੱਖ ਝਮਕੇ ਨੀਝ ਲਾ ਕੇ ਦੇਖਦਾ ਰਿਹਾ। ਇਉਂ ਜਾਪਦਾ ਸੀ ਜਿਵੇਂ ਉਹ ਉਹਦਾ ਅੰਦਰ ਪੜ੍ਹਨ ਦਾ ਯਤਨ ਕਰ ਰਿਹਾ ਹੈ। ਜਦ ਕਾਦਰ ਬਖ਼ਸ਼ ਨੇ ਆਪਣੀ ਗੱਲ ਖ਼ਤਮ ਕੀਤੀ ਤਾਂ ਸ਼ੇਰ ਸਿੰਘ ਨੇ ਕਿਹਾ, "ਮੈਂ ਤੈਨੂੰ ਮਾਰਨ ਲਈ ਨਹੀਂ ਲਿਆਂਦਾ। ਜੇ ਮਾਰਨਾ ਹੁੰਦਾ ਤਾਂ ਉਥੇ ਹੀ ਮਾਰ ਦੇਂਦੇ। ਮੈਂ ਤੇਰੇ ਤੋਂ ਕੁਝ ਵਾਕਫ਼ੀ ਚਾਹੁੰਦਾ ਹਾਂ, ਜੇ ਤੂੰ ਠੀਕ ਠੀਕ ਦੱਸ ਦੇਵੇਂ ਤਾਂ ਤੈਨੂੰ ਛੱਡ ਦਿੱਤਾ ਜਾਏਗਾ।"

"ਦੱਸੋ, ਮੈਂ ਆਪਣੀ ਜਵਾਨੀ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਹਰ ਗੱਲ ਠੀਕ ਠੀਕ ਦੱਸਾਂਗਾ," ਕਾਦਰ ਬਖ਼ਸ਼ ਨੇ ਕਿਹਾ।

"ਤੇਰੇ ਚਾਚੇ ਜਾਫ਼ਰ ਬੇਗ ਨੇ ਕਿੰਨੀਆਂ ਜ਼ਨਾਨੀਆਂ ਲੋਕਾਂ ਦੀਆਂ ਜ਼ਬਰਦਸਤੀ ਚੁੱਕ ਕੇ ਲਿਆਂਦੀਆਂ ਹਨ?" ਸ਼ੇਰ ਸਿੰਘ ਨੇ ਪੁੱਛਿਆ।

"ਮੈਨੂੰ ਬਹੁਤੀਆਂ ਦਾ ਪਤਾ ਨਹੀਂ," ਕਾਦਰ ਬਖ਼ਸ਼ ਨੇ ਬੜੇ ਤਰਲੇ ਭਰੇ ਤਰੀਕੇ ਨਾਲ ਕਿਹਾ, "ਮੇਰੀ ਇਕ ਭੈਣ ਏ, ਜਿਸ ਦਾ ਚਾਚਾ ਜੀ 'ਤੇ ਬੜਾ ਅਸਰ ਏ ਤੇ ਉਹ ਕਿਸੇ ਜ਼ਨਾਨੀ ਨੂੰ ਘਰ ਨਹੀਂ ਰਹਿਣ ਦਿੰਦੀ।"

"ਇਹਦਾ ਮਤਲਬ ਏ ਕਿ ਇਸ ਵੇਲੇ ਕੋਈ ਜ਼ਨਾਨੀ ਤੁਹਾਡੇ ਘਰ ਨਹੀਂ?" ਸ਼ੇਰ ਸਿੰਘ ਨੇ ਜ਼ਰਾ ਉਤਾਵਲੇ ਹੋ ਕੇ ਪੁੱਛਿਆ।

"ਨਹੀਂ, ਸਾਡੇ ਘਰ ਇਸ ਵੇਲੇ ਚਾਚੀ ਜੀ ਤੇ ਮੇਰੀ ਭੈਣ ਤੋਂ ਬਿਨਾਂ ਹੋਰ ਕੋਈ ਜ਼ਨਾਨੀ ਨਹੀਂ।"

"ਬਕਵਾਸ ਕਰਦਾ ਏਂ," ਸ਼ੇਰ ਸਿੰਘ ਨੇ ਜ਼ਰਾ ਗੁੱਸੇ ਵਿਚ ਅੱਖਾਂ ਲਾਲ ਕਰ ਕੇ ਕਿਹਾ।

"ਮੈਂ ਸੱਚ ਕਹਿੰਦਾ ਹਾਂ। ਮੈਨੂੰ ਕੁਰਾਨ ਦੀ ਸਹੁੰ, ਸਾਡੇ ਘਰ ਹੋਰ ਕੋਈ ਜ਼ਨਾਨੀ ਨਹੀਂ। ਪਿਛਲੇ ਦਿਨੀਂ ਉਹਨਾਂ ਇਕ ਕੁੜੀ ਲਿਆਂਦੀ ਸੀ ਪਰ ਉਹਨੂੰ ਵੀ ਉਹ ਇਹ ਕਹਿ ਕੇ ਮੇਰੀ ਭੈਣ ਫ਼ਾਤਮਾ ਤੋਂ ਲੈ ਗਏ ਸਨ ਕਿ ਉਹਨੂੰ ਘਰ ਵਾਪਸ ਭੇਜ ਦੇਣਾ ਏ," ਕਾਦਰ ਬਖ਼ਸ਼ ਨੇ ਕਿਹਾ।

"ਉਹਦਾ ਨਾਮ ਤੈਨੂੰ ਪਤਾ ਏ ?" ਸ਼ੇਰ ਸਿੰਘ ਨੇ ਪੁੱਛਿਆ।

"ਸ਼ਾਇਦ ਜੀਤੋ ਸੀ," ਕਾਦਰ ਬਖ਼ਸ਼ ਨੇ ਕਿਹਾ। ਸ਼ੇਰ ਸਿੰਘ ਨੂੰ ਉਹਦੀ ਗੱਲ 'ਤੇ ਇਤਬਾਰ ਆ ਗਿਆ ਕਿਉਂਕਿ ਉਸ ਨਾਮ ਠੀਕ ਦੱਸ ਦਿੱਤਾ ਸੀ। ਇਹ ਵੀ ਪਤਾ ਲੱਗ ਗਿਆ ਕਿ ਜੀਤੋ ਅਜੇ ਜੀਉਂਦੀ ਏ।

"ਤੇਰਾ ਕੀ ਖ਼ਿਆਲ ਏ ਕਿ ਉਹ ਜੀਤੋ ਨੂੰ ਉਹਦੇ ਘਰ ਛੱਡ ਆਇਆ ਏ ਜਾਂ ਮਾਰ ਦਿੱਤੀ ਸੂ ?"

"ਮੇਰਾ ਖ਼ਿਆਲ ਏ ਉਹਨਾਂ ਮਾਰੀ ਨਹੀਂ ਹੋਣੀ। ਜਾਂ ਤਾਂ ਘਰ ਛੱਡ ਆਏ ਹੋਣਗੇ ਜਾਂ ਕਿਧਰੇ ਹੋਰ ਲੈ ਗਏ ਹੋਣਗੇ। ਉਹਨੂੰ ਪੱਟੀ ਵਿਚ ਨਹੀਂ ਰੱਖਿਆ।"

ਸ਼ੇਰ ਸਿੰਘ ਨੇ ਝੱਟ ਕੁਰਾਨ ਸ਼ਰੀਫ਼ ਮੰਗਵਾਇਆ ਤੇ ਉਸ 'ਤੇ ਕਾਦਰ ਬਖ਼ਸ਼ ਦਾ ਹੱਥ ਰਖਾ ਕੇ ਉਹਨੂੰ ਕਿਹਾ, "ਸਹੁੰ ਚੁੱਕ ਕਿ ਤੂੰ ਆਪਣੇ ਜੀਵਨ ਵਿਚ ਕਦੇ ਕਿਸੇ ਅਬਲਾ ਦੀ ਇੱਜ਼ਤ ਨਹੀਂ ਲੁੱਟੇਂਗਾ। ਕਦੇ ਕਿਸੇ ਬੇਕਸੂਰ ਗਰੀਬ ਤੇ ਮਾੜੇ 'ਤੇ ਹੱਥ ਨਹੀਂ ਚੁੱਕੇਂਗਾ। ਆਪਣਾ ਪਹਿਲਾ ਫ਼ਰਜ਼ ਇਹ ਸਮਝੇਂਗਾ ਕਿ ਜੀਤੋ ਨੂੰ, ਜਿਥੇ ਵੀ ਹੋਵੇ, ਲੱਭ ਕੇ ਉਹਦੇ ਘਰ ਪਹੁੰਚਾ ਦੇਵੇਂਗਾ।" ਕਾਦਰ ਬਖ਼ਸ਼ ਨੇ ਝੱਟ ਸਹੁੰ ਚੁੱਕੀ ਤੇ ਹੱਥ ਜੋੜ ਕੇ ਕਿਹਾ, "ਮੈਂ ਯਕੀਨ ਦਿਵਾਂਦਾ ਹਾਂ ਕਿ ਮੈਂ ਪੂਰੀ ਵਾਹ ਲਾ ਦਿਆਂਗਾ ਕਿ ਜੀਤੋ ਨੂੰ ਲੱਭਾਂ। ਉਸ ਦੱਸਿਆ ਕਿ ਉਸ ਦੀ ਭੈਣ ਫ਼ਾਤਮਾ ਨੂੰ ਜੀਤੋ ਨੇ ਭੈਣ ਕਿਹਾ ਸੀ ਤੇ ਮੈਂ ਪਹਿਲਾਂ ਹੀ ਆਪਣੀ ਭੈਣ ਨੂੰ ਕਹਿ ਆਇਆ ਸਾਂ ਕਿ ਮੈਂ ਜੀਤੋ ਨੂੰ ਭੈਣ ਸਮਝ ਕੇ ਲੱਭਾਂਗਾ।"

ਸਰਦਾਰ ਸ਼ੇਰ ਸਿੰਘ ਨੇ ਇਕ ਘੋੜ-ਸਵਾਰ ਨੂੰ ਸੱਦਿਆ ਤੇ ਉਹਨੂੰ ਕਿਹਾ ਕਿ ਕਾਦਰ ਬਖ਼ਸ਼ ਦੀਆਂ ਅੱਖਾਂ 'ਤੇ ਕੱਪੜਾ ਬੰਨ੍ਹ ਕੇ ਇਹਨੂੰ ਪੱਟੀ ਦੇ ਨੇੜੇ ਜਾ ਕੇ ਛੱਡ ਆਓ ਤੇ ਰਾਤ ਦੇ ਹਨੇਰੇ ਵਿਚ ਹੀ ਵਾਪਸ ਆ ਜਾਣਾ। ਨਾਲ ਹੀ ਕਾਦਰ ਬਖ਼ਸ਼ ਨੂੰ ਪੱਕੀ ਕਰ ਦਿੱਤੀ ਕਿ ਉਹਨੂੰ ਜੋ ਕੁਝ ਇਥੇ ਵੇਖਿਆ ਏ, ਉਸ ਬਾਰੇ ਕੁਝ ਨਾ ਦੱਸੇ, ਨਹੀਂ ਤੇ ਉਹਨੂੰ ਕੀਤੇ ਦਾ ਫਲ ਫਿਰ ਭੋਗਣਾ ਪਵੇਗਾ।

ਕਾਦਰ ਬਖ਼ਸ਼ ਨੂੰ ਘੋੜੇ 'ਤੇ ਬਿਠਾ ਕੇ ਸਿੰਘ ਝੱਟ ਜੰਗਲ ਤੋਂ ਬਾਹਰ ਆ ਗਿਆ ਤੇ ਹਨੇਰੇ ਵਿਚ ਪੱਟੀ ਵੱਲ ਚਲ ਪਿਆ।

11

ਫ਼ਾਤਮਾ ਨੂੰ ਭਰਾ ਦੇ ਘਰ ਪਹੁੰਚਣ ਦੀ ਬੜੀ ਖ਼ੁਸ਼ੀ ਹੋਈ। ਉਹ ਆਸ ਲਾਹ ਬੈਠੇ ਸਨ ਤੇ ਉਹਨਾਂ ਨੂੰ ਉਹਦੀ ਮੌਤ ਦਾ ਪੱਕਾ ਨਿਸਚਾ ਹੋ ਗਿਆ ਸੀ ਕਿਉਂਕਿ ਕਾਦਰ ਬਖ਼ਸ਼ ਦੇ ਨਾਲ ਜਿਹੜਾ ਆਦਮੀ ਗਿਆ ਸੀ ਤੇ ਜਿਸ ਨੂੰ ਸਿੰਘਾਂ ਨੇ ਛੱਡ ਦਿੱਤਾ ਸੀ, ਉਹਨੇ ਆ ਕੇ ਦੱਸ ਦਿੱਤਾ ਸੀ ਕਿ ਕਾਦਰ ਬਖ਼ਸ਼ ਨੂੰ ਸਿੱਖਾਂ ਨੇ ਕੈਦੀ ਬਣਾ ਲਿਆ ਏ ਤੇ ਆਸ ਹੈ ਕਿ ਮਾਰ ਦਿੱਤਾ ਹੋਵੇਗਾ। ਜੇ ਛੱਡਣਾ ਹੁੰਦਾ ਤਾਂ ਉਹਦੇ ਨਾਲ ਹੀ ਛੱਡ ਦਿੰਦੇ। ਜਦੋਂ ਉਸ ਸਾਰੀ ਗੱਲ ਦੱਸੀ ਤਾਂ ਉਸੇ ਵੇਲੇ ਜਾਫ਼ਰ ਬੇਗ ਆਪਣੀ ਸਾਰੀ ਫ਼ੌਜੀ ਤਾਕਤ ਲੈ ਕੇ ਤਰਨ ਤਾਰਨ ਪਹੁੰਚ ਗਿਆ ਤੇ ਉਸ ਨੇ ਜੰਗਲ ਨੂੰ ਘੇਰਾ ਪਾ ਲਿਆ। ਦੋ ਦਿਨ ਜੰਗਲ ਨੂੰ ਘੇਰ ਕੇ ਬੈਠੇ ਰਹੇ ਪਰ ਅੰਦਰੋਂ ਕੋਈ ਨਾ ਨਿਕਲਿਆ ਤੇ ਨਾ ਹੀ ਕੋਈ ਸੂਹ ਲੱਗੀ। ਅਖ਼ੀਰ ਇਕ ਆਦਮੀ ਨੂੰ ਲੁਕਵੇਂ ਤਰੀਕੇ ਨਾਲ ਅੰਦਰ ਭੇਜਿਆ ਗਿਆ ਤੇ ਉਸ ਦੱਸਿਆ ਕਿ ਇਸ ਜੰਗਲ ਵਿਚ ਤਾਂ ਕੋਈ ਸਿਖ ਨਹੀਂ, ਅੰਦਰ ਸਾਫ਼ ਹੋਈ ਪਈ ਥਾਂ, ਘੋੜਿਆਂ ਦੀਆਂ ਲਿੱਦਾਂ ਤੇ ਕਾਨਿਆਂ ਦੀਆਂ ਛੱਪਰੀਆਂ ਤੋਂ ਇਹ ਪਤਾ ਲੱਗ ਗਿਆ ਕਿ ਸਿਖ ਇਸ ਤਰ੍ਹਾਂ ਦੇ ਟਿਕਾਣੇ ਬਣਾ ਕੇ ਰਹਿੰਦੇ ਹਨ। ਜਾਫ਼ਰ ਬੇਗ ਬੜਾ ਹੈਰਾਨ ਸੀ ਕਿ ਸਿਖ ਕਾਦਰ ਬਖ਼ਸ਼ ਨੂੰ ਲੈ ਕੇ ਕਿਧਰ ਚਲੇ ਗਏ ਹਨ। ਉਸ ਨੇ ਲਾਹੌਰ ਸੁਨੇਹਾ ਭੇਜ ਕੇ ਫ਼ੌਜ ਮੰਗਵਾ ਲਈ ਤੇ ਕਾਦਰ ਬਖ਼ਸ਼ ਦੀ ਭਾਲ ਵਿਚ ਕਈ ਥਾਂ ਛਾਪੇ ਮਾਰੇ। ਜਦੋਂ ਤੋਂ ਕਾਦਰ ਬਖ਼ਸ਼ ਗੁਆਚਾ ਸੀ, ਜਾਫ਼ਰ ਬੇਗ ਅਜੇ ਤਕ ਪੱਟੀ ਨਹੀਂ ਸੀ ਮੁੜਿਆ।

ਕਾਦਰ ਬਖ਼ਸ਼ ਦੇ ਸੁਖ ਨਾਲ ਘਰ ਆ ਜਾਣ ਦੀ ਖ਼ਬਰ ਝੱਟ ਸਾਰੇ ਸ਼ਹਿਰ ਵਿਚ ਖਿੱਲਰ ਗਈ ਤੇ ਲੋਕ ਧੜਾ ਧੜ ਆਉਣ ਲੱਗ ਪਏ। ਸਰਕਾਰ ਦੇ ਖ਼ੁਸ਼ਾਮਦੀ ਜਾਫ਼ਰ ਬੇਗ ਦੇ ਕੰਮ ਕਰਨ ਵਾਲੇ ਤੇ ਹੋਰ ਡਰਾਕਲ ਲੋਕ ਵਧਾਈਆਂ ਦੇਣ ਲਈ ਤੁਰ ਪਏ। ਫ਼ਾਤਮਾ ਹਵੇਲੀ ਦੇ ਵੱਡੇ ਗੇਟ ਦੇ ਨੇੜੇ ਹੀ ਬੈਠ ਗਈ ਅਤੇ ਚਾਚੀ ਨੂੰ ਵੀ ਉਥੇ ਹੀ ਸੱਦ ਲਿਆ। ਹਰ ਕਿਸੇ ਕੋਲੋਂ ਵਧਾਈਆਂ ਲਈਆਂ ਅਤੇ ਇਸ ਖ਼ੁਸ਼ੀ ਵਿਚ ਮਿੱਠੇ ਚਾਵਲਾਂ ਦਾ ਪੀਲਾ ਜ਼ਰਦਾ ਤਿਆਰ ਕਰ ਕੇ ਵੰਡਿਆ ਗਿਆ।

ਜਦ ਲੋਕਾਂ ਦੀ ਆਵਾਜਾਈ ਘਟੀ ਤਾਂ ਫ਼ਾਤਮਾ ਕਾਦਰ ਬਖ਼ਸ਼ ਨੂੰ ਅੰਦਰ ਹਾਤੇ ਵਿਚ ਲੈ ਕੇ ਚਲੀ ਗਈ। ਰੋਟੀ ਪਾਣੀ ਖਾ ਕੇ ਜਦ ਵਿਹਲੀ ਹੋਈ ਤਾਂ ਕਾਦਰ ਬਖ਼ਸ਼ ਦੇ ਕੋਲ ਹੀ ਮੰਜਾ ਡਾਹ ਕੇ ਬੈਠ ਗਈ ਅਤੇ ਉਸ ਕੋਲੋਂ ਸਾਰੀ ਵਾਰਤਾ ਸੁਣੀ। ਕਿਧਰੇ ਕਿਧਰੇ ਫ਼ਾਤਮਾ ਉਸ ਨੂੰ ਸਵਾਲ ਵੀ ਕਰਦੀ ਤੇ ਕਾਦਰ ਬਖ਼ਸ਼ ਉਹਨੂੰ ਸਾਰਾ ਕੁਝ ਸਮਝਾਂਦਾ ਰਿਹਾ। ਫ਼ਾਤਮਾ ਨੇ ਪੁੱਛਿਆ, "ਤੁਹਾਨੂੰ ਇੰਨੇ ਦਿਨ ਸਿੱਖਾਂ ਨੇ ਕਿਥੇ ਰੱਖਿਆ ਸੀ ?"

"ਜੰਗਲ ਵਿਚ।"

"ਕਿਹੜੇ ਜੰਗਲ ਵਿਚ ?"

"ਇਹ ਤਾਂ ਮੈਨੂੰ ਪਤਾ ਨਹੀਂ," ਕਾਦਰ ਬਖ਼ਸ਼ ਨੇ ਕਿਹਾ, "ਮੈਨੂੰ ਸੜਕ 'ਤੇ ਜਦ ਜਾਂਦਿਆਂ ਉਹਨਾਂ ਘੋੜੇ ਤੋਂ ਥੱਲੇ ਸੁੱਟ ਲਿਆ ਤਾਂ ਉਸੇ ਵੇਲੇ ਮੇਰੀਆਂ ਅੱਖਾਂ ਬੰਨ੍ਹ ਦਿੱਤੀਆਂ ਤੇ ਇਕ ਘੋੜੇ 'ਤੇ ਬਿਠਾ ਕੇ ਇਕ ਜੰਗਲ ਵਿਚ ਲੈ ਗਏ। ਉਥੇ ਜਾ ਕੇ ਮੇਰੀਆਂ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ ਗਈ। ਮੈਂ ਜਿਧਰ ਵੀ ਦੇਖਾਂ ਰੁੱਖ ਹੀ ਰੁੱਖ ਨਜ਼ਰ ਆ ਰਹੇ ਸਨ। ਇਸ ਲਈ ਕੀ ਪਤਾ ਕਿਥੇ ਰੱਖਿਆ ਗਿਆ ਸਾਂ। ਜਦੋਂ ਵੀ ਬਾਹਰ ਲਿਜਾਂਦੇ, ਅੱਖਾਂ 'ਤੇ ਪੱਟੀ ਬੰਨ੍ਹ ਲੈਂਦੇ ਅਤੇ ਫਿਰ ਕਿਸੇ ਜੰਗਲ ਵਿਚ ਲਿਜਾ ਕੇ ਖੋਲ੍ਹ ਦੇਂਦੇ। ਇੰਨਾ ਕੁ ਪਤਾ ਏ ਕਿ ਤਰਨ ਤਾਰਨ ਦੇ ਨੇੜੇ ਹੀ ਕੋਈ ਜੰਗਲ ਹੈ ਜਿਥੇ ਫੜਿਆ ਗਿਆ ਸਾਂ ਅਤੇ ਪੱਟੀ ਦੇ ਨੇੜੇ ਦੇ ਕਿਸੇ ਜੰਗਲ ਵਿਚ ਆ ਕੇ ਛੱਡਿਆ ਗਿਆ ਹਾਂ।"

"ਤੁਹਾਨੂੰ ਸਿੱਖਾਂ ਮਾਰਿਆ ਕੁੱਟਿਆ ਤਾਂ ਨਹੀਂ ?" ਫ਼ਾਤਮਾ ਨੇ ਪੁੱਛਿਆ।

"ਨਹੀਂ, ਫੜ ਲੈਣ ਪਿੱਛੋਂ ਨਹੀਂ ਮਾਰਿਆ। ਜਦ ਮੈਂ ਘੋੜੇ ਤੋਂ ਡਿੱਗਾ ਸਾਂ ਤਾਂ ਉਦੋਂ ਮੇਰੇ ਉੱਤੇ ਡਿੱਗਣ ਵਾਲੇ ਸਿਖ ਤੋਂ ਜਦ ਮੈਂ ਭੱਜਣ ਦਾ ਯਤਨ ਕੀਤਾ ਤਾਂ ਉਦੋਂ ਉਸ ਮਾਰਿਆ ਸੀ, ਫਿਰ ਤਾਂ ਮੈਨੂੰ ਕਿਸੇ ਕੁਝ ਨਹੀਂ ਕਿਹਾ। ਸ਼ਾਇਦ ਉਹ ਮਾਰਦੇ ਪਰ ਮੈਂ ਸਭ ਕੁਝ ਸੱਚ ਸੱਚ ਦੱਸ ਦਿੱਤਾ ਸੀ ਕਿ ਮੈਂ ਕੌਣ ਹਾਂ," ਕਦਾਰ ਬਖ਼ਸ਼ ਨੇ ਦੱਸਿਆ।

"ਤੁਹਾਡੇ ਨਾਲ ਗਏ ਸਲੀਮ ਨੂੰ ਤਾਂ ਉਹਨਾਂ ਨੇ ਉਸੇ ਵੇਲੇ ਛੱਡ ਦਿੱਤਾ ਸੀ ਪਰ ਤੁਹਾਨੂੰ ਕਿਉਂ ਨਾ ਛੱਡਿਆ ?" ਫ਼ਾਤਮਾ ਨੇ ਕੁਝ ਸੋਚ ਕੇ ਸਵਾਲ ਕੀਤਾ।

"ਮੈਂ ਜਾਫ਼ਰ ਬੇਗ ਦਾ ਭਤੀਜਾ ਸਾਂ ਤੇ ਸਿਖ ਆਪਣਾ ਸਭ ਤੋਂ ਵੱਡਾ ਵੈਰੀ ਚਾਚਾ ਜੀ ਨੂੰ ਸਮਝਦੇ ਨੇ," ਕਾਦਰ ਬਖ਼ਸ਼ ਨੇ ਕਿਹਾ।

"ਕਿਉਂ ?" ਫ਼ਾਤਮਾ ਨੇ ਹੈਰਾਨ ਹੋ ਕੇ ਪੁੱਛਿਆ, "ਚਾਚਾ ਜੀ ਨੂੰ ਆਪਣਾ ਵੈਰੀ ਕਿਉਂ ਸਮਝਦੇ ਨੇ ?"

"ਚਾਚਾ ਜੀ ਇਕ ਤਾਂ ਉਹਨਾਂ ਦਾ ਪਿੱਛਾ ਕਰਦੇ ਨੇ, ਸਿੱਖਾਂ ਨੂੰ ਮਰਵਾਂਦੇ ਨੇ ਤੇ ਦੂਜਾ ਉਹ ਕਹਿੰਦੇ ਹਨ ਕਿ ਇਹ ਲੋਕਾਂ ਦੀ ਇੱਜ਼ਤ ਲੁੱਟਦੇ ਹਨ।"

"ਉਹਨਾਂ ਨੂੰ ਸਾਰਾ ਕੁਝ ਪਤਾ ਏ ?"

"ਹਾਂ, ਉਹਨਾਂ ਨੂੰ ਇਹ ਵੀ ਪਤਾ ਏ ਕਿ ਜੀਤੋ ਨੂੰ ਵਿਆਹ ਹੁੰਦਿਆਂ ਚੁੱਕ ਲਿਆ ਸੀ," ਕਾਦਰ ਬਖ਼ਸ਼ ਨੇ ਦੱਸਿਆ।

"ਤੁਹਾਨੂੰ ਦਿਆਲਾ ਤਾਂ ਨਹੀਂ ਮਿਲਿਆ ?" ਫ਼ਾਤਮਾ ਨੇ ਖ਼ਾਸ ਦਿਲਚਸਪੀ ਨਾਲ ਪੁੱਛਿਆ।

"ਨਹੀਂ, ਇਕ ਹੋਰ ਸਰਦਾਰ ਮਿਲਿਆ ਸੀ, ਉਹਦੀ ਜ਼ਨਾਨੀ ਵੀ ਚਾਚਾ ਜੀ ਜਾਂ ਕਿਸੇ ਹੋਰ ਫ਼ੌਜਦਾਰ ਨੇ ਚੁੱਕੀ ਹੋਈ ਏ ਤੇ ਉਹ ਛੁਡਾਣ ਦੀਆਂ ਸੋਚ ਰਹੇ ਸਨ। ਮੇਰਾ

ਪਹਿਲਾਂ ਇਹੀ ਖ਼ਿਆਲ ਸੀ ਕਿ ਸ਼ਾਇਦ ਉਹੀ ਸਰਦਾਰ ਜੀਤੋ ਦਾ ਦਿਆਲਾ ਹੋਵੇ, ਪਰ ਮੈਂ ਇਕ ਸਿਖ ਤੋਂ ਪੁੱਛਿਆ ਸੀ ਤਾਂ ਉਹਦਾ ਨਾਂ ਸ਼ੇਰ ਸਿੰਘ ਨਿਕਲਿਆ ਸੀ।" ਕਾਦਰ ਬਖ਼ਸ਼ ਨੇ ਇਸ ਤਰ੍ਹਾਂ ਦੇ ਕਈ ਹੋਰ ਸਵਾਲਾਂ ਦਾ ਉੱਤਰ ਦਿੱਤਾ। ਅਖ਼ੀਰ ਫ਼ਾਤਮਾ ਨੇ ਪੁੱਛਿਆ, "ਤੁਹਾਨੂੰ ਹੁਣ ਛਡਿਆ ਕਿਵੇਂ ਨੇ ? ਸੱਚ ਦੱਸਣਾ, ਉਹਨਾਂ ਛੱਡਿਆ ਏ ਕਿ ਆਪ ਨੱਸ ਆਏ ਹੋ।"

"ਨਹੀਂ, ਨੱਸਣ ਤੇ ਉਹ ਨਹੀਂ ਦੇਂਦੇ। ਬੜੇ ਤਕੜੇ ਨੇ। ਮੈਂ ਇਕਰਾਰ ਕਰ ਕੇ ਛੁਟਿਆ ਹਾਂ। ਕਾਦਰ ਬਖ਼ਸ਼ ਨੇ ਇਹ ਵਾਕ ਬਹੁਤ ਹੌਲੀ ਜਿਹੀ ਕਿਹਾ ਤਾਕਿ ਕੋਈ ਹੋਰ ਸੁਣ ਨਾ ਲਏ ਤੇ ਨਾਲ ਹੀ ਉਸ ਚਾਰ-ਚੁਫੇਰੇ ਨਜ਼ਰ ਮਾਰੀ ਕਿ ਕੋਈ ਦੇਖਦਾ ਤਾਂ ਨਹੀਂ।

ਫ਼ਾਤਮਾ ਵੀ ਉਹਦੀ ਗੱਲ ਸਮਝ ਗਈ ਤੇ ਉਸ ਆਪਣਾ ਮੰਜਾ ਹੋਰ ਨੇੜੇ ਕਰ ਲਿਆ। ਕਾਦਰ ਬਖ਼ਸ਼ ਵੱਲ ਉਸ ਬੜੇ ਧਿਆਨ ਨਾਲ ਦੇਖਦਿਆਂ ਪੁੱਛਿਆ, "ਦੱਸੋ ਕੀ ਇਕਰਾਰ ਕਰ ਕੇ ਆਏ ਹੋ ?"

ਕਾਦਰ ਬਖ਼ਸ਼ ਨੇ ਦੱਸਿਆ, "ਮੈਂ ਇਕਰਾਰ ਕੀਤਾ ਏ ਕਿ ਸ਼ਿਖਾਂ ਵਿਰੁਧ ਕਿਸੇ ਲੜਾਈ ਵਿਚ ਸ਼ਾਮਲ ਨਹੀਂ ਹੋਵਾਂਗਾ, ਕਿਸੇ ਅਬਲਾ 'ਤੇ ਹੱਥ ਨਹੀਂ ਚੁਕਾਂਗਾ ਤੇ ਜੀਤੋ ਨੂੰ ਉਹਦੇ ਘਰ ਪਹੁੰਚਾਵਾਂਗਾ।"

"ਬੜਾ ਕਰੜਾ ਇਕਰਾਰ ਕੀਤਾ ਏ। ਸਿੱਖਾਂ ਵਿਰੁਧ ਚਾਚਾ ਜੀ ਲੜਾਈ ਲੜਨ ਲਈ ਕਹਿਣਗੇ ਤਾਂ ਕਿਵੇਂ ਨਾਂਹ ਕਰੋਗੇ ? ਦੂਜਾ ਇਕਰਾਰ ਤਾਂ ਚੰਗਾ ਏ ਕਿ ਕਿਸੇ ਅਬਲਾ ਉੱਤੇ ਹੱਥ ਨਹੀਂ ਚੁੱਕੋਗੇ। ਇਹ ਸ਼ਰਤ ਲਾਣ ਵਾਲੇ ਬੜੇ ਆਚਰਣ ਦੇ ਮਾਲਕ ਜਾਪਦੇ ਨੇ। ਕੀ ਉਹ ਜ਼ਨਾਨੀਆਂ ਨੂੰ ਹੱਥ ਨਹੀਂ ਪਾਂਦੇ ?"

"ਬਿਲਕੁਲ ਨਹੀਂ," ਕਾਦਰ ਬਖ਼ਸ਼ ਨੇ ਕਿਹਾ, "ਮੈਂ ਜਿੰਨੀ ਦੇਰ ਉਹਨਾਂ ਕੋਲ ਰਿਹਾ ਹਾਂ, ਕਦੇ ਨਹੀਂ ਦੇਖਿਆ ਕਿ ਉਹਨਾਂ ਕੋਈ ਜ਼ਨਾਨੀ ਫੜ ਕੇ ਲਿਆਂਦੀ ਹੋਵੇ, ਸਗੋਂ ਜਿਥੇ ਵੀ ਕਿਸੇ ਜ਼ਨਾਨੀ ਦੀ ਇੱਜ਼ਤ ਖ਼ਤਰੇ ਵਿਚ ਹੋਣ ਦੀ ਇਤਲਾਹ ਮਿਲੇ, ਉਹ ਲੱਖ ਔਕੜਾਂ ਸਹਾਰ ਕੇ ਪਹੁੰਚਦੇ ਹਨ। ਇਸੇ ਲਈ ਉਹਨਾਂ ਮੇਰੇ ਕੋਲੋਂ ਇਹ ਇਕਰਾਰ ਲਿਆ ਏ।"

"ਜੀਤੋ ਨੂੰ ਘਰ ਪਹੁੰਚਾਣ ਵਾਲੀ ਗੱਲ ਵੀ ਬੜੀ ਔਖੀ ਏ। ਉਹਦਾ ਤਾਂ ਸਾਨੂੰ ਪਤਾ ਹੀ ਨਹੀਂ ਕਿਥੇ ਵੇ," ਫ਼ਾਤਮਾ ਨੇ ਕਿਹਾ।

"ਪਤਾ ਤਾਂ ਕਰਨਾ ਹੀ ਪਵੇਗਾ," ਕਾਦਰ ਬਖ਼ਸ਼ ਨੇ ਕਿਹਾ, "ਇਕਰਾਰ ਪੂਰਾ ਕਰਨਾ ਚਾਹੀਦਾ ਏ। ਉਹਨਾਂ ਮੈਨੂੰ ਛਡਿਆ ਏ ਤੇ ਬਹਾਦਰ ਦਾ ਕੰਮ ਇਹੋ ਏ ਕਿ ਉਹ ਇਕਰਾਰ ਪੂਰਾ ਕਰੇ। ਨਾਲੇ ਉਹਨਾਂ ਆਪਣੇ ਲਈ ਕੋਈ ਮੰਗ ਨਹੀਂ ਕੀਤੀ ਜੋ ਮੈਂ ਪੂਰੀ ਕਰਾਂ ਜਾਂ ਨਾ। ਇਹ ਤਾਂ ਚੰਗਾ ਕੰਮ ਏ ਜੋ ਅਸਾਂ ਕਰਨ ਦਾ ਪਹਿਲਾਂ ਹੀ ਫ਼ੈਸਲਾ ਕੀਤਾ

ਹੋਇਆ ਏ।"

"ਫਿਰ ਅਸੀਂ ਕੀ ਕਰੀਏ ?" ਫ਼ਾਤਮਾ ਨੇ ਸਿਰ ਖੁਰਕਦਿਆਂ ਤੇ ਦੰਦਾਂ ਨੂੰ ਉਂਗਲੀ ਦੇ ਨਹੁੰਆਂ ਨਾਲ ਖੁਰਚਦਿਆਂ ਕਿਹਾ।

"ਕੋਈ ਨਾ ਕੋਈ ਰਾਹ ਲੱਭਾਂਗੇ," ਕਾਦਰ ਬਖ਼ਸ਼ ਨੇ ਕਿਹਾ, "ਹੁਣ ਕਾਫ਼ੀ ਰਾਤ ਹੋ ਗਈ ਏ, ਸੌਂ ਜਾਣਾ ਚਾਹੀਦਾ ਏ। ਕੱਲ੍ਹ ਫਿਰ ਲੋਕਾਂ ਦੀ ਆਵਾਜਾਈ ਰਹਿਣੀ ਏਂ ਤੇ ਆਰਾਮ ਨਹੀਂ ਮਿਲਣਾ। ਕੱਲ੍ਹ ਇਸ ਬਾਰੇ ਪਤਾ ਕਰਾਂਗੇ ਕਿ ਉਹ ਕਿਧਰ ਗਈ ਏ। ਆਖ਼ਰ ਹੋਣੀ ਤਾਂ ਇਥੇ ਕਿਧਰੇ ਈ ਏ। ਉਹਦਾ ਪਤਾ ਕਰ ਹੀ ਲਵਾਂਗੇ। ਮੇਰਾ ਖ਼ਿਆਲ ਏ ਕਿ ਰਹੀਮੇ ਨੂੰ ਜ਼ਰੂਰ ਪਤਾ ਹੋਣਾ ਏਂ ਪਰ ਉਸ ਦੱਸਣਾ ਨਹੀਂ। ਇਸ ਲਈ ਹੋਰ ਰਾਹ ਹੀ ਲੱਭਣਾ ਪਵੇਗਾ।" ਇਹ ਕਹਿ ਕੇ ਕਾਦਰ ਬਖ਼ਸ਼ ਉਠਿਆ ਤੇ ਸੌਣ ਲਈ ਆਪਣੇ ਕਮਰੇ ਵੱਲ ਚਲਾ ਗਿਆ।

ਫ਼ਾਤਮਾ ਨੂੰ ਸਾਰੀ ਰਾਤ ਨੀਂਦਰ ਨਾ ਪਈ। ਉਹ ਸੋਚਦੀ ਰਹੀ ਕਿ ਉਹਦੇ ਭਰਾ ਨੇ ਇਕਰਾਰ ਕੀਤਾ ਏ, ਉਹ ਝੱਟ-ਪਟ ਪੂਰਾ ਹੋਣਾ ਚਾਹੀਦਾ ਹੈ। ਸਿੱਖਾਂ ਦੇ ਮਨ ਵਿਚ ਇਹ ਖ਼ਿਆਲ ਨਹੀਂ ਆਉਣ ਦੇਣਾ ਚਾਹੀਦਾ ਕਿ ਮੁਸਲਮਾਨ ਝੂਠੇ ਹੁੰਦੇ ਹਨ। ਉਹ ਕਸਮਾਂ ਖਾ ਕੇ ਮੁੱਕਰ ਜਾਂਦੇ ਹਨ। ਪਰ ਸਵਾਲ ਉਹਦੇ ਸਾਹਮਣੇ ਇਹ ਸੀ ਕਿ ਜੀਤੋ ਭੇਜ ਦਿੱਤੀ ਗਈ ਏ ਜਾਂ ਕਿਧਰੇ ਕੈਦ ਕੀਤਾ ਹੋਇਆ ਏ। ਫਿਰ ਉਸ ਨਾਲ ਪਤਾ ਨਹੀਂ ਕੀ ਵਾਪਰ ਰਹੀ ਏ ਤੇ ਕਿਸ ਦੇ ਵੱਸ ਵਿਚ ਹੈ। ਚਾਚਾ ਜੀ ਤਾਂ ਕਈ ਦਿਨਾਂ ਦੇ ਕਾਦਰ ਬਖ਼ਸ਼ ਨੂੰ ਲੱਭਣ ਨਿਕਲੇ ਹੋਏ ਹਨ ਤੇ ਜੀਤੋ ਕੋਲ ਜਾਣ ਦਾ ਉਹਨਾਂ ਨੂੰ ਮੌਕਾ ਹੀ ਨਹੀਂ ਮਿਲ ਸਕਿਆ ਹੋਣਾ। ਕਈ ਖ਼ਿਆਲ ਤੇ ਕਹਾਣੀਆਂ ਉਹ ਮਨ ਵਿਚ ਘੜਦੀ ਰਹੀ ਤੇ ਪਤਾ ਨਹੀਂ ਕਦੋਂ ਉਹਦੀ ਅੱਖ ਲੱਗ ਗਈ।

ਦੂਜੇ ਦਿਨ ਸਵੇਰੇ ਹੀ ਰਹੀਮ ਖ਼ਾਨ ਵਧਾਈ ਦੇਣ ਆ ਗਿਆ। ਉਹਦਾ ਇਹਨਾਂ ਦੇ ਘਰ ਆਉਣ ਜਾਣ ਬਹੁਤ ਹੀ ਖੁੱਲ੍ਹਾ ਸੀ। ਸਿੱਧਾ ਉਹ ਕਾਦਰ ਬਖ਼ਸ਼ ਦੇ ਕਮਰੇ ਵਿਚ ਗਿਆ ਪਰ ਉਹ ਅਜੇ ਤਕ ਸੁੱਤਾ ਪਿਆ ਸੀ, ਇਸ ਲਈ ਉਹਨੂੰ ਜਗਾਉਣਾ ਚੰਗਾ ਨਾ ਸਮਝਿਆ ਤੇ ਪਿੱਛੇ ਪਰਤ ਆਇਆ। ਫਿਰ ਉਹਨੂੰ ਖ਼ਿਆਲ ਆਇਆ ਕਿ ਚਲੋ ਫ਼ਾਤਮਾ ਨੂੰ ਹੀ ਵਧਾਈ ਦੇ ਚੱਲੋ। ਭਰਾ ਦੇ ਘਰ ਮੁੜ ਆਉਣ ਦੀ ਭੈਣ ਨਾਲੋਂ ਵੱਧ ਖ਼ੁਸ਼ੀ ਹੋਰ ਕਿਸ ਨੂੰ ਹੋ ਸਕਦੀ ਏ। ਨਾਲੇ ਇਸੇ ਬਹਾਨੇ ਫ਼ਾਤਮਾ ਨਾਲ ਦੋ-ਚਾਰ ਗੱਲਾਂ ਹੋ ਜਾਣਗੀਆਂ। ਰਹੀਮ ਖ਼ਾਨ ਫ਼ਾਤਮਾ ਦੀ ਜੁਆਨੀ ਤੇ ਸੁੰਦਰਤਾ ਉੱਤੇ ਵਿਛਿਆ ਪਿਆ ਸੀ ਪਰ ਉਹ ਫ਼ੌਜਦਾਰ ਦੀ ਭਤੀਜੀ ਸੀ ਤੇ ਉਂਜ ਵੀ ਫ਼ਾਤਮਾ ਦਾ ਰੋਅਬ ਸੀ। ਇਸ ਲਈ ਇਹਨੂੰ ਗੱਲ ਸ਼ੁਰੂ ਕਰਨ ਤੇ ਪਿਆਰ ਪ੍ਰਗਟ ਕਰਨ ਦਾ ਕਦੇ ਹੌਂਸਲਾ ਹੀ ਨਹੀਂ ਸੀ ਪਿਆ। ਜਦੋਂ ਕਦੇ ਉਹ ਫ਼ਾਤਮਾ ਦੇ ਦਰਸ਼ਨ ਕਰਨ ਜਾਂਦਾ ਤਾਂ ਆਪਣੇ ਮਨ ਵਿਚ ਇਹੀ ਵਿਉਂਤਾਂ

ਬਣਾਂਦਾ ਕਿ ਜਾਫ਼ਰ ਬੇਗ ਜਦ ਬਹੁਤ ਖ਼ੁਸ਼ ਹੋਏਗਾ, ਜਦ ਬਹੁਤ ਸ਼ਰਾਬ ਪੀ ਕੇ ਮਸਤ ਹੋਏਗਾ ਤਾਂ ਉਹਦੇ ਨਾਲ ਗੱਲ ਛੇੜਾਂਗਾ ਕਿ ਫ਼ਾਤਮਾ ਦਾ ਰਿਸ਼ਤਾ ਮੇਰੇ ਨਾਲ ਕਰ ਦਏ। ਮੈਂ ਵੀ ਹੁਣ ਕੋਈ ਘੱਟ ਪਦਵੀ ਦਾ ਮਾਲਕ ਨਹੀਂ। ਜਾਫ਼ਰ ਬੇਗ ਦੀ ਫ਼ੌਜ ਦਾ ਸਰਦਾਰ ਹਾਂ ਪਰ ਜਦੋਂ ਵੀ ਜਾਫ਼ਰ ਬੇਗ ਦੇ ਸਾਹਮਣੇ ਜਾਂਦਾ, ਉਹਨੂੰ ਗੱਲ ਕਰਨ ਦਾ ਹੌਂਸਲਾ ਨਾ ਪੈਂਦਾ। ਫ਼ਾਤਮਾ ਸਾਹਮਣੇ ਵੀ ਪਿਆਰ ਪ੍ਰਗਟ ਕਰਨ ਤੋਂ ਝਿਜਕਦਾ ਰਹਿੰਦਾ।

ਫ਼ਾਤਮਾ ਬਾਰੇ ਰੰਗੀਨ ਸੁਪਨੇ ਲੈਂਦਾ ਉਹ ਫ਼ਾਤਮਾ ਦੇ ਕਮਰੇ ਵਿਚ ਪੁੱਜ ਗਿਆ ਤੇ ਜਾ ਦਰਵਾਜ਼ਾ ਖੜਕਾਇਆ। ਫ਼ਾਤਮਾ ਉੱਠ ਕੇ ਬਾਹਰ ਆ ਗਈ ਤੇ ਰਹੀਮ ਨੂੰ ਦੇਖ ਕੇ ਮੁਸਕਰਾ ਪਈ। ਰਹੀਮ ਨੇ ਪਹਿਲੀ ਵਾਰ ਮੁਸਕਰਾਹਟ ਦੇਖੀ ਤੇ ਉਹਨੂੰ ਇਕ ਨਸ਼ਾ ਜਿਹਾ ਆ ਗਿਆ। ਉਹਦੇ ਰੋਮ ਰੋਮ ਵਿਚ ਇਕ ਅਨੋਖਾ ਜਿਹਾ ਸੁਆਦ ਭਰਿਆ ਗਿਆ। ਇਸ ਮਸਤੀ ਵਿਚ ਉਹ ਵਧਾਈ ਦੇਣੀ ਵੀ ਭੁੱਲ ਗਿਆ ਤੇ ਬਿਟ ਬਿਟ ਉਸ ਦੇ ਮੂੰਹ ਵੱਲ ਦੇਖਦਾ ਰਿਹਾ।

ਫ਼ਾਤਮਾ ਵੀ ਉਹਦੀ ਅਵਸਥਾ ਨੂੰ ਸਮਝ ਗਈ। ਸਿਆਣੀ ਕੁੜੀ ਸੀ ਉਹਨੂੰ ਇਹਦੀ ਗੱਲ ਤੋਂ ਲਾਭ ਪ੍ਰਾਪਤ ਕਰਨ ਦੀ ਸੁੱਝ ਪਈ ਤੇ ਹੱਸ ਕੇ ਬੋਲੀ, "ਰਹੀਮ ਖ਼ਾਨ ਜੀ! ਲੰਘ ਆਉ ਅੰਦਰ, ਤੁਸੀਂ ਤੇ ਬਾਹਰ ਹੀ ਖੜੇ ਹੋ ਗਏ ਹੋ ਜਿਵੇਂ ਇਹ ਕੋਈ ਬਿਗਾਨਾ ਘਰ ਏ।"

ਰਹੀਮ ਖ਼ਾਨ ਅੰਦਰ ਲੰਘ ਗਿਆ ਤੇ ਫ਼ਾਤਮਾ ਦੇ ਇਸ਼ਾਰੇ 'ਤੇ ਪਲੰਘ ਉੱਪਰ ਬੈਠ ਗਿਆ। ਹੁਣ ਉਹਦੀ ਹਾਲਤ ਹੋਰ ਬਦਲ ਗਈ ਸੀ। ਉਹ ਹੈਰਾਨ ਹੋ ਗਿਆ ਕਿ ਅੱਜ ਫ਼ਾਤਮਾ ਉਸ 'ਤੇ ਇਤਨੀ ਮਿਹਰਬਾਨ ਕਿਵੇਂ ਹੋ ਗਈ ਏ। ਅੱਗੇ ਉਹ ਇਕ ਪਿਆਰ-ਭਰੇ ਬੋਲ ਨੂੰ ਤਰਸਦਾ ਸੀ, ਪਰ ਅੱਜ ਤਾਂ ਫ਼ਾਤਮਾ ਨੇ ਨਿਝੱਕ ਹੋ ਕੇ ਉਹਨੂੰ ਅੰਦਰ ਸੱਦ ਲਿਆ ਤੇ ਭਾਵੇਂ ਉਹ ਇਹਨਾਂ ਦੀ ਹਵੇਲੀ ਵਿਚ ਸੈਂਕੜੇ ਵਾਰ ਨਹੀਂ ਹਜ਼ਾਰਾਂ ਵਾਰ ਆਇਆ ਸੀ, ਪਰ ਫ਼ਾਤਮਾ ਦੇ ਕਮਰੇ ਵਿਚ ਵੜਨ ਦਾ ਉਹਨੂੰ ਕਦੇ ਮੌਕਾ ਨਹੀਂ ਸੀ ਮਿਲਿਆ। ਕਈ ਵਾਰ ਉਸ ਕਮਰੇ ਵਿਚ ਜਾਣ ਦਾ ਵਿਚਾਰ ਬਣਾਇਆ ਪਰ ਜਦ ਵੀ ਉਹ ਹਾਤੇ ਦੇ ਦਰਵਾਜ਼ੇ 'ਤੇ ਜਾ ਕੇ ਆਵਾਜ਼ ਦੇਂਦਾ ਤਾਂ ਫ਼ਾਤਮਾ ਬਾਹਰ ਆ ਜਾਂਦੀ ਤੇ ਉਥੋਂ ਹੀ ਗੱਲ-ਬਾਤ ਕਰ ਕੇ ਉਹਨੂੰ ਵਾਪਸ ਮੋੜ ਦੇਂਦੀ। ਅੱਜ ਪਹਿਲੀ ਵਾਰੀ ਰਹੀਮ ਖ਼ਾਨ ਨੂੰ ਅੰਦਰ ਬੁਲਾਇਆ ਤੇ ਪਲੰਘ 'ਤੇ ਬਿਠਾਇਆ। ਉਹਦੀ ਹੈਰਾਨੀ ਦੀ ਹੋਰ ਹੱਦ ਨਾ ਰਹੀ, ਜਦੋਂ ਫ਼ਾਤਮਾ ਪੱਖਾ ਲੈ ਕੇ ਆਪ ਉਹਨੂੰ ਝੱਲਣ ਲੱਗ ਪਈ। ਹੁਣ ਤਾਂ ਉਹਨੂੰ ਸਵਰਗ ਦੇ ਝੂਟੇ ਆਉਣ ਲੱਗ ਪਏ। ਉਸ ਦਾ ਮਨ ਨਹੀਂ ਸੀ ਚਾਹੁੰਦਾ ਕਿ ਉਹ ਫ਼ਾਤਮਾ ਨੂੰ ਪੱਖਾ ਝੱਲਣ ਤੋਂ ਰੋਕੇ, ਪਰ ਉਪਰੋਂ ਉਪਰੋਂ ਮੂੰਹ ਰੱਖਣ ਲਈ ਉਸ ਪੱਖਾ ਫੜ ਲਿਆ ਤੇ ਕਿਹਾ, "ਤੁਸੀਂ ਕਿਉਂ ਖੇਚਲ ਕਰਦੇ ਹੋ। ਸਾਡਾ ਫ਼ਰਜ਼ ਏ ਕਿ ਅਸੀਂ ਸੇਵਾ ਕਰੀਏ

ਨਾ ਕਿ ਤੁਹਾਡੇ ਤੋਂ ਕਰਾਈਏ। ਇਹ ਗੁਨਾਹ ਸਾਡੇ ਸਿਰ ਕਿਉਂ ਚਾੜ੍ਹਦੇ ਹੋ ? ਇਹਨਾਂ ਨਾਜ਼ੁਕ ਹੱਥਾਂ ਨਾਲ ਪੱਖੇ ਝੱਲਣੇ ਚੰਗੇ ਨਹੀਂ ਲੱਗਦੇ। ਥੱਕ ਜਾਓਗੇ।"

"ਨਹੀਂ, ਤੁਸੀਂ ਬਾਹਰੋਂ ਗਰਮੀ ਵਿੱਚੋਂ ਆਏ ਹੋ, ਅਜੇ ਉਂਝ ਵੀ ਮੈਂ ਨਿੱਕੀ ਹਾਂ ਤੇ ਮੇਰਾ ਫ਼ਰਜ਼ ਏ ਕਿ ਤੁਹਾਡੀ ਸੇਵਾ ਕਰਾਂ," ਫ਼ਾਤਮਾ ਨੇ ਕਿਹਾ।

"ਹੈਂ, ਇਹ ਕੀ ਹਨੇਰ ਕਰਦੇ ਹੋ। ਤੁਸੀਂ ਨਿੱਕੇ ਹੋ !" ਰਹੀਮ ਖ਼ਾਨ ਨੇ ਹੋਰ ਹੈਰਾਨ ਹੋ ਕੇ ਕਿਹਾ।

"ਹੋਰ ਮੈਂ ਵੱਡੀ ਹਾਂ ?"

"ਨਹੀਂ ਹੋਰ।"

"ਤੁਹਾਡੀ ਉਮਰ ਹੋਣੀ ਏਂ ਅਠਾਈ ਕੁ ਸਾਲ ਦੀ ਤੇ ਮੈਂ ਅਜੇ ਵੀਹਾਂ ਦੀ ਨਹੀਂ," ਫ਼ਾਤਮਾ ਨੇ ਕਿਹਾ।

"ਲੈ ਉਮਰ ਨਾਲ ਕੋਈ ਥੋੜ੍ਹਾ ਵੱਡਾ ਹੁੰਦਾ ਏ," ਰਹੀਮ ਖ਼ਾਨ ਨੇ ਕਿਹਾ, "ਤੁਸੀਂ ਉੱਚੇ ਘਰ ਦੇ ਹੋ। ਉਂਝ ਵੀ ਸੁੰਦਰਤਾ ਵਿਚ ਤੁਹਾਡਾ ਮੁਕਾਬਲਾ, ਮੇਰਾ ਖ਼ਿਆਲ ਏ ਦੁਨੀਆਂ ਦੀ ਕੋਈ ਹੂਰਾਂ ਪਰੀ ਨਹੀਂ ਕਰ ਸਕਦੀ।"

"ਤੁਸੀਂ ਇੰਨੇ ਦਿਨ ਕਿਥੇ ਰਹੇ ਹੋ ?" ਫ਼ਾਤਮਾ ਨੇ ਬੜੇ ਪਿਆਰ ਨਾਲ ਦੇਖਦਿਆਂ ਪੁੱਛਿਆ, "ਜਦ ਤੁਸੀਂ ਏਨੇ ਦਿਨ ਘਰ ਨਹੀਂ ਆਉਂਦੇ ਤਾਂ ਮੇਰਾ ਦਿਲ ਉਦਾਸ ਹੋ ਜਾਂਦਾ ਹੈ।"

ਰਹੀਮ ਖ਼ਾਨ ਗਦ ਗਦ ਹੋ ਗਿਆ। ਉਹਦੀਆਂ ਆਸਾਂ ਪੂਰੀਆਂ ਹੋ ਗਈਆਂ, ਉਹਨੂੰ ਇਉਂ ਪ੍ਰਤੀਤ ਹੋਇਆ ਕਿ ਜਿਵੇਂ ਰੱਬ ਉਸ 'ਤੇ ਬੜਾ ਹੀ ਮਿਹਰਬਾਨ ਹੋ ਗਿਆ ਏ, ਪਰ ਫ਼ਾਤਮਾ ਦੀਆਂ ਗੱਲਾਂ ਨਾਲ ਉਹਦਾ ਸਿਰ ਨੀਵਾਂ ਹੋ ਗਿਆ। ਉਹਦੀਆਂ ਨਜ਼ਰਾਂ ਧਰਤ ਵਿਚ ਗੱਡੀਆਂ ਗਈਆਂ। ਪੈਰਾਂ ਨਾਲ ਉਹ ਧਰਤੀ ਖਰੋਚਣ ਲੱਗ ਪਿਆ। ਫ਼ਾਤਮਾ ਨੇ ਫਿਰ ਪੁੱਛਿਆ, "ਦੱਸੋ ਤਾਂ ਸਹੀ, ਤੁਸੀਂ ਕਿਥੇ ਰਹਿੰਦੇ ਹੋ, ਰੋਜ਼ ਦਰਸ਼ਨ ਕਿਉਂ ਨਹੀਂ ਦੇਂਦੇ ?"

"ਤੁਹਾਨੂੰ ਪਤਾ ਏ ਕਿ ਕੰਮ ਨਹੀਂ ਮੁੱਕਦੇ। ਇਕ ਤਾਂ ਸਿੱਖਾਂ ਵਖਤ ਪਾਇਆ ਹੋਇਆ ਏ। ਪਤਾ ਨਹੀਂ ਕਿਧਰੋਂ ਆ ਨਿਕਲਦੇ ਨੇ। ਬਥੇਰੇ ਮਾਰੇ ਵੀ ਨੇ ਪਰ ਫਿਰ ਵੀ ਮੁੱਕਦੇ ਨਹੀਂ," ਰਹੀਮ ਖ਼ਾਨ ਨੇ ਕਿਹਾ।

"ਤੁਸੀਂ ਹੁਣ ਸਿੱਖਾਂ ਦੇ ਮਗਰ ਗਏ ਸਓ ?" ਫ਼ਾਤਮਾ ਨੇ ਪੁੱਛਿਆ।

"ਨਹੀਂ," ਰਹੀਮ ਖ਼ਾਨ ਨੇ ਕਿਹਾ, "ਮੀਆਂ ਜੀ ਕਾਦਰ ਬਖ਼ਸ਼ ਨੂੰ ਲੱਭਣ ਗਏ ਸਨ ਤੇ ਮੈਨੂੰ ਹੋਰ ਕੰਮ ਸੌਂਪ ਗਏ ਸਨ।"

"ਤੁਹਾਨੂੰ ਕਿਹੜਾ ਕੰਮ ਸੌਂਪ ਗਏ ਸੀ ?" ਫ਼ਾਤਮਾ ਨੇ ਪਿਆਰ ਨਾਲ ਉਹਦੇ ਮੋਢੇ

'ਤੇ ਹੱਥ ਰੱਖਦਿਆਂ ਕਿਹਾ, "ਸਾਡੇ ਨਾਲੋਂ ਤਾਂ ਫਿਰ ਕੰਮ ਚੰਗੇ ਹੋਏ ?"

"ਨਹੀਂ ਫ਼ਾਤਮਾ ਨਹੀਂ, ਸਹੁੰ ਰੱਬ ਦੀ ਇਸ ਤਰ੍ਹਾਂ ਨਹੀਂ। ਮੈਂ ਭਾਵੇਂ ਕਿਧਰੇ ਕੰਮ ਗਿਆ ਹੋਵਾਂ, ਮੈਨੂੰ ਝੱਟ-ਪਟ ਪਿੱਛੇ ਮੁੜਨ ਦੀ ਤਾਂਘ ਰਹਿੰਦੀ ਏ। ਭਾਵੇਂ ਮੈਂ ਅੱਜ ਤਕ ਤੁਹਾਡੇ ਨਾਲ ਗੱਲ ਕਰਨ ਦਾ ਹੌਂਸਲਾ ਨਹੀਂ ਕਰ ਸਕਿਆ, ਪਰ ਰੱਬ ਜਾਣਦਾ ਜੇ ਮੈਂ ਸਦਾ ਇਹੀ ਚਾਹੁੰਦਾ ਹਾਂ ਕਿ ਜਦੋਂ ਵਾਪਸ ਪੱਟੀ ਮੁੜਾਂ ਤਾਂ ਤੁਹਾਡੇ ਦਰਸ਼ਨ ਕਰਨ ਆਵਾਂ। ਬਾਕੀ ਹੁਣ ਕੰਮ ਹੀ ਕੁਝ ਅਜਿਹਾ ਸੀ ਕਿ ਮੈਨੂੰ ਵਕਤ ਘੱਟ ਮਿਲਦਾ ਏ। ਵਧੇਰੇ ਸਮਾਂ ਉਥੇ ਹੀ ਰਹਿਣਾ ਪੈਂਦਾ ਏ।"

"ਕਿਥੇ ਰਹਿਣਾ ਪੈਂਦਾ ਜੇ ?"

'ਉਥੇ ਹੀ।"

"ਉਥੇ ਕਿਥੇ ?" ਫ਼ਾਤਮਾ ਨੇ ਕਿਹਾ, "ਸਾਨੂੰ ਦੱਸਣ ਵਾਲੀ ਥਾਂ ਨਹੀਂ, ਚਲੋ ਨਾ ਦੱਸੋ, ਅਸੀਂ ਪੁੱਛ ਕੇ ਕੀ ਲੈਣਾ ਏਂ।" ਇਹ ਕਹਿ ਕੇ ਫ਼ਾਤਮਾ ਉਸ ਤੋਂ ਥੋੜ੍ਹਾ ਜਿਹਾ ਪਿੱਛੇ ਹਟ ਕੇ ਖੜੀ ਹੋ ਗਈ। ਉਂਝ ਵੀ ਮੂੰਹ 'ਤੇ ਉਹ ਮੁਸਕਰਾਹਟ ਨਾ ਰਹੀ, ਸਗੋਂ ਇਹੋ ਜਿਹਾ ਮੂੰਹ ਹੋ ਗਿਆ ਜਿਵੇਂ ਕਿ ਨਾਰਾਜ਼ ਹੋ ਗਈ ਹੋਵੇ।

ਰਹੀਮ ਖ਼ਾਨ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਫ਼ਾਤਮਾ ਨਾਰਾਜ਼ ਹੋ ਜਾਏ। ਭਾਵੇਂ ਜਾਫ਼ਰ ਬੇਗ ਵੱਲੋਂ ਸਖ਼ਤ ਤਾੜਨਾ ਕੀਤੀ ਹੋਈ ਸੀ ਕਿ ਉਹ ਕਿਸੇ ਨੂੰ ਭੇਦ ਨਾ ਦੱਸੇ, ਪਰ ਪਿਆਰ ਨਾਲੋਂ ਵੱਡਾ ਪਰਬਲ ਕਿਹੜਾ ਹੁਕਮ ਹੋ ਸਕਦਾ ਏ। ਰਹੀਮ ਖ਼ਾਨ ਨੇ ਫ਼ਾਤਮਾ ਨੂੰ ਬਾਹੋਂ ਫੜਨਾ ਚਾਹਿਆ ਪਰ ਉਹ ਦੋ ਕਦਮ ਹੋਰ ਪਿੱਛੇ ਹਟ ਗਈ ਤੇ ਬੋਲੀ, "ਰਹਿਣ ਦਿਉ ਜੀ, ਇਹ ਫੋਕੀਆਂ ਗੱਲਾਂ। ਅਸੀਂ ਰਾਹ ਤੱਕਦੇ ਮਰ ਜਾਂਦੇ ਹਾਂ ਤੇ ਇਹ ਏਨਾ ਵੀ ਨਹੀਂ ਦੱਸ ਸਕਦੇ ਕਿ ਕਿਥੇ ਰਹਿੰਦੇ ਹਨ। ਵੇਖ ਲਿਆ ਏ ਤੁਹਾਡਾ ਪਿਆਰ।"

ਰਹੀਮ ਖ਼ਾਨ ਨੂੰ ਇਹ ਵਾਕ ਤੀਰ ਵਾਂਗ ਵੱਜੇ। ਉਹਦੇ ਪਿਆਰ ਤੇ ਫ਼ਰਜ਼ ਦਾ ਇਮਤਿਹਾਨ ਸੀ। ਉਹਦਾ ਮਨ ਬੜੇ ਸ਼ਸ਼ੋਪੰਜ ਵਿਚ ਪੈ ਗਿਆ ਕਿ ਉਹ ਫ਼ਾਤਮਾ ਨੂੰ ਜੀਤੋ ਦਾ ਪਤਾ ਦੱਸ ਦੇਵੇ ਜਾਂ ਨਾ। ਜੇ ਨਾ ਦੱਸੇ ਤਾਂ ਹੋਰ ਕੀ ਬਹਾਨਾ ਲਾਏ। ਉਸ ਮਨ ਵਿਚ ਕਈ ਗੱਲਾਂ ਸੋਚੀਆਂ ਪਰ ਪੱਕਾ ਫ਼ੈਸਲਾ ਨਾ ਹੋ ਸਕਿਆ ਕਿ ਕੀ ਆਖੇ। ਉਹ ਮਨ ਵਿਚ ਸੋਚਦਾ, ਝੱਟ ਹੀ ਆਪ ਉਹਨੂੰ ਰੱਦ ਕਰ ਦੇਂਦਾ ਤੇ ਫਿਰ ਨਵੀਂ ਗੱਲ ਸੋਚਣ ਲੱਗ ਪੈਂਦਾ। ਅਖ਼ੀਰ ਉਸ ਮਨ ਵਿਚ ਪੱਕਾ ਫ਼ੈਸਲਾ ਕਰ ਲਿਆ ਕਿ ਫ਼ਾਤਮਾ ਨੂੰ ਸਭ ਕੁਝ ਦੱਸ ਦੇਣਾ ਹੈ। ਇਸ ਨਾਲ ਤਾਂ ਖ਼ੁਸ਼ ਹੋ ਜਾਵੇਗੀ, ਬਾਕੀ ਦੇਖਿਆ ਜਾਏਗਾ ਜੋ ਹੋਵੇਗਾ। ਵੱਡੀ ਗੱਲ ਤਾਂ ਇਹੀ ਏ ਕਿ ਜਾਫ਼ਰ ਬੇਗ ਚਾਰ ਗੱਲਾਂ ਉੱਚੀਆਂ ਉੱਚੀਆਂ ਕਰ ਲਏਗਾ ਪਰ ਆਖ਼ਰ ਉਹਦਾ ਵੀ ਮੇਰੇ ਬਿਨਾਂ ਗੁਜ਼ਾਰਾ ਨਹੀਂ। ਫ਼ਾਤਮਾ ਨੂੰ ਖ਼ੁਸ਼ ਕਰਨ

ਦਾ ਇਸ ਤੋਂ ਹੋਰ ਚੰਗਾ ਸਮਾਂ ਉਹਨੂੰ ਫਿਰ ਨਹੀਂ ਮਿਲ ਸਕੇਗਾ। ਉਸ ਕਿਹਾ, "ਫ਼ਾਤਮਾ! ਮੈਂ ਤੈਨੂੰ ਦੱਸ ਦੇਂਦਾ ਹਾਂ ਪਰ ਇਕ ਇਕਰਾਰ ਕਰ ਕਿ ਮੇਰਾ ਨਾਮ ਨਹੀਂ ਲਵੇਂਗੀ।"

"ਇਹੋ ਜਿਹੀ ਖ਼ਤਰਨਾਕ ਗੱਲ ਏ," ਫ਼ਾਤਮਾ ਨੇ ਦਿਲ ਵਿਚ ਬੜੀ ਖ਼ੁਸ਼ੀ ਮਨਾਈ ਕਿ ਹੁਣ ਰਹੀਮ ਖ਼ਾਨ ਉਹਨੂੰ ਜੀਤੋ ਦਾ ਪਤਾ ਦੱਸ ਦੇਵੇਗਾ। ਇਕ ਮਿੰਟ ਲਈ ਉਹਦੇ ਮਨ ਵਿਚ ਇਹ ਵੀ ਖ਼ਿਆਲ ਆਇਆ ਕਿ ਹੋ ਸਕਦਾ ਹੈ ਕਿ ਹੋਰ ਹੀ ਗੱਲ ਨਿਕਲੇ। ਉਸ ਕਿਹਾ, "ਮੈਂ ਭਰੋਸਾ ਦਿਵਾਂਦੀ ਹਾਂ ਕਿ ਇਹ ਭੇਦ ਕਿਸੇ ਨੂੰ ਨਹੀਂ ਦਿਆਂਗੀ ਕਿ ਰਹੀਮ ਖ਼ਾਨ ਨੇ ਮੈਨੂੰ ਦੱਸਿਆ ਸੀ।"

"ਮੀਆਂ ਜੀ ਜੀਤੋ ਨੂੰ ਤੁਹਾਡੇ ਕੋਲੋਂ ਲੈ ਗਏ ਸਨ," ਰਹੀਮ ਖ਼ਾਨ ਨੇ ਦੱਸਿਆ, "ਉਹਨੂੰ ਉਹਦੇ ਪਿੰਡ ਨਹੀਂ ਭੇਜਿਆ ਸਗੋਂ ਪੱਟੀ ਦੇ ਚੜ੍ਹਦੇ ਵੱਲ ਜਿਹੜਾ ਖ਼ੂਹ ਏ, ਉਥੇ ਜੀਤੋ ਰੱਖੀ ਹੋਈ ਏ। ਖ਼ੂਹ ਉੱਤੇ ਕੋਠਾ ਏ, ਉਸ ਵਿਚ ਡੱਕੀ ਹੋਈ ਏ। ਮੀਆਂ ਜੀ ਮੇਰੇ ਜ਼ਿੰਮੇ ਲਾ ਗਏ ਹਨ ਕਿ ਜਦ ਤਕ ਉਹ ਮੁੜਦੇ ਨਹੀਂ, ਮੈਂ ਉਹਦੀ ਨਿਗਰਾਨੀ ਕਰਾਂ। ਮੇਰਾ ਖ਼ਿਆਲ ਏ ਕਿ ਉਹ ਜੀਤੋ ਨੂੰ ਨਾਲ ਦੇ ਪਿੰਡ ਵਿਚ ਰੱਖਣਗੇ ਜਾਂ ਖ਼ੂਹ 'ਤੇ ਹੀ ਰਹਿਣ ਦੇਣਗੇ।"

"ਅੱਛਾ, ਤਾਂ ਮੇਰੇ ਨਾਲ ਧੋਖਾ ਕੀਤਾ ਏ," ਫ਼ਾਤਮਾ ਨੇ ਕਿਹਾ, "ਕੋਈ ਹਰਜ ਨਹੀਂ, ਮੈਂ ਵੀ ਆਪਣੇ ਪਿਉ ਦੀ ਧੀ ਨਹੀਂ ਜੇ ਜੀਤੋ ਉਹਨਾਂ ਤੋਂ ਛੁਡਾਵਾਂ ਨਾ।"

"ਰੱਬ ਦਾ ਵਾਸਤਾ ਈ ਮੇਰਾ ਨਾਂ ਨਾ ਲਈਂ, ਨਹੀਂ ਤਾਂ ਮੇਰੇ ਸਿਰ 'ਤੇ ਇਕ ਵਾਲ ਨਹੀਂ ਰਹਿਣ ਦੇਣਾ," ਰਹੀਮ ਖ਼ਾਨ ਨੇ ਤਰਲੇ ਨਾਲ ਕਿਹਾ।

"ਤੁਸੀਂ ਫ਼ਿਕਰ ਨਾ ਕਰੋ," ਫ਼ਾਤਮਾ ਨੇ ਕਿਹਾ, "ਮੈਨੂੰ ਕਿਸੇ ਦਾ ਨਾਂ ਲੈਣ ਦੀ ਕੀ ਲੋੜ ਹੈ, ਤੁਸੀਂ ਮੇਰਾ ਇਕ ਹੋਰ ਕੰਮ ਕਰੋ।"

"ਕੀ?"

"ਮੈਨੂੰ ਇਕ ਵਾਰ ਜੀਤੋ ਮਿਲਾ ਦਿਉ।"

"ਇਹ ਮੁਸ਼ਕਿਲ ਏ," ਰਹੀਮ ਖ਼ਾਨ ਝੱਟ ਬੋਲਿਆ।

"ਵਾਹ! ਰਹੀਮ ਖ਼ਾਨ ਲਈ ਮੁਸ਼ਕਿਲ ਏ, ਮੇਰੇ ਲਈ ਇੰਨਾ ਵੀ ਨਹੀਂ ਹੋ ਸਕਦਾ!" ਪਿਆਰ ਨਾਲ ਖ਼ਾਸ ਅੰਦਾਜ਼ ਵਿਚ ਫ਼ਾਤਮਾ ਦੇ ਕਹੇ ਇਹ ਸ਼ਬਦ ਵੀ ਰਹੀਮ ਖ਼ਾਨ ਨੂੰ ਫਿਰ ਵਿੰਨ੍ਹ ਗਏ। ਉਸ ਕਿਹਾ, "ਚੰਗਾ ਜਿਵੇਂ ਆਖੇਂ, ਪਰ ਮਿਲਾਵਾਂ ਕਿਵੇਂ?" ਫ਼ਾਤਮਾ ਸੋਚ ਕੇ ਬੋਲੀ, "ਮੈਂ ਰਾਤ ਨੂੰ ਖ਼ੂਹ 'ਤੇ ਆਵਾਂਗੀ ਤੇ ਤੁਸੀਂ ਬਾਕੀ ਆਦਮੀਆਂ ਨੂੰ ਇਧਰ ਉਧਰ ਭੇਜ ਦੇਣਾ ਤੇ ਮੈਂ ਦੂਜੇ ਪਹਿਰ ਤੁਹਾਡੇ ਕੋਲ ਖ਼ੂਹ 'ਤੇ ਆ ਜਾਵਾਂਗੀ। ਤੁਹਾਡੇ ਦਰਸ਼ਨ ਹੋ ਜਾਣਗੇ ਤੇ ਨਾਲੇ ਜੀਤੋ ਨੂੰ ਮਿਲ ਲਵਾਂਗੀ। ਉਹ ਵਿਚਾਰੀ ਰੋਂਦੀ ਤਾਂ ਬੜੀ ਹੋਣੀ ਏਂ।"

"ਬੜੀ ਰੋਂਦੀ ਏ, ਦਿਨ ਰਾਤ ਰੋਂਦੀ ਰਹਿੰਦੀ ਏ। ਖਾਂਦੀ ਪੀਂਦੀ ਵੀ ਘੱਟ ਵੱਧ ਹੀ ਏ," ਰਹੀਮ ਖ਼ਾਨ ਨੇ ਕਿਹਾ, "ਚੰਗਾ, ਤੁਸੀਂ ਫਿਰ ਜ਼ਰਾ ਬਚ ਕੇ ਆਉਣਾ, ਕਿਸੇ ਨੂੰ ਪਤਾ ਨਾ ਲੱਗੇ।"

ਇਹ ਕਹਿ ਕੇ ਰਹੀਮ ਖ਼ਾਨ ਪਲੰਘ ਤੋਂ ਉੱਠ ਬੈਠਾ ਤੇ ਇਕ ਪਿਆਰ ਤੱਕਣੀ ਨਾਲ ਫ਼ਾਤਮਾ ਵੱਲ ਦੇਖ ਕੇ ਹਾਤੇ ਤੋਂ ਬਾਹਰ ਚਲਾ ਗਿਆ।

12

ਰਹੀਮ ਖ਼ਾਨ ਨੇ ਸਾਰਾ ਦਿਨ ਬੜੇ ਔਖੇ ਹੋ ਕੇ ਲੰਘਾਇਆ। ਹਰ ਘੜੀ ਉਹ ਸੂਰਜ ਵੱਲ ਵੇਖਦਾ ਤਾਂ ਉਹਨੂੰ ਇਉਂ ਜਾਪਦਾ ਜਿਵੇਂ ਸੂਰਜ ਵੀ ਅੱਜ ਅੱਗੇ ਨਾਲੋਂ ਹੌਲੀ ਹੋ ਗਿਆ ਹੈ। ਅੱਗੇ ਤਾਂ ਦੋ-ਚਾਰ ਕੰਮ ਕਰਦਿਆਂ ਦਿਨ ਲਹਿ ਜਾਂਦਾ ਸੀ, ਪਰ ਅੱਜ ਉਸ ਕਈ ਕੰਮ ਝੱਟ-ਪਟ ਮੁਕਾ ਲਏ। ਆਦਤ ਅਨੁਸਾਰ ਉਹ ਦੁਪਹਿਰ ਨੂੰ ਰੋਟੀ ਖਾ ਕੇ ਪਿੱਪਲ ਥੱਲੇ ਮੰਜਾ ਡਾਹ ਕੇ ਲੇਟ ਗਿਆ ਤੇ ਕਿੰਨਾ ਚਿਰ ਉਸਲ-ਵੱਟੇ ਲੈਂਦਾ ਰਿਹਾ ਪਰ ਉਹਨੂੰ ਨੀਂਦਰ ਨਾ ਪਈ। ਅੱਗੇ ਉਹ ਦੁਪਹਿਰ ਨੂੰ ਚੰਗਾ ਚੋਖਾ ਖਾ ਕੇ ਜਦ ਲੇਟਦਾ ਤਾਂ ਖ਼ੁਰਾਕ ਦੀ ਖ਼ੁਮਾਰੀ ਨਾਲ ਉਹਨੂੰ ਝੱਟ ਨੀਂਦਰ ਆ ਜਾਂਦੀ, ਪਰ ਅੱਜ ਉਸ ਨੂੰ ਮੰਜੇ 'ਤੇ ਨੀਂਦਰ ਨਾ ਪਈ। ਮਨ ਬੜਾ ਖ਼ੁਸ਼ ਸੀ ਕਿ ਅੱਜ ਪਹਿਲੀ ਵਾਰ ਉਹਨੂੰ ਫ਼ਾਤਮਾ ਨੇ ਪਿਆਰ ਨਾਲ ਬੁਲਾਇਆ ਹੈ ਤੇ ਉਹਦੇ ਨੇੜੇ ਹੋਣ ਦਾ ਇਹਨੂੰ ਮਾਣ ਪ੍ਰਾਪਤ ਹੋਇਆ ਏ। ਅਖ਼ੀਰ ਇਹਨਾਂ ਸੋਚਾਂ ਵਿਚ ਹੀ ਉਹ ਸੌਂ ਗਿਆ। ਸੁਪਨੇ ਵਿਚ ਉਹ ਕਈ ਦ੍ਰਿਸ਼ ਦੇਖਦਾ ਰਿਹਾ ਤੇ ਫ਼ਾਤਮਾ ਨਾਲ ਆਪਣੀ ਪ੍ਰੀਤ ਕਹਾਣੀ ਅੱਗੇ ਤੋਰਦਾ ਰਿਹਾ। ਉਹਨੂੰ ਸੁੱਤਿਆਂ ਬੁੜਬੁੜਾਉਣ ਦੀ ਆਦਤ ਸੀ, ਜਿਸ ਲਈ ਉਹ ਸੁੱਤਿਆਂ ਪਿਆਂ ਫ਼ਾਤਮਾ ਨਾਲ ਜੋ ਗੱਲਾਂ ਕਰਦਾ ਰਿਹਾ, ਉਹ ਨਾਲ ਦੇ ਸਿਪਾਹੀ ਸੁਣਦੇ ਰਹੇ। ਉਹ ਕਹਿ ਰਿਹਾ ਸੀ—"ਮੈਂ ਸੱਚ ਕਹਿੰਦਾ ਹਾਂ ਕਿ ਮੇਰਾ ਰੋਮ ਰੋਮ ਤੈਨੂੰ ਪਿਆਰ ਕਰਦਾ ਏ! ਮੈਂ ਤੇਰੇ ਬਿਨਾਂ ਇਕ ਪਲ ਵੀ ਨਹੀਂ ਜਿਊ ਸਕਦਾ ਫ਼ਾਤਮਾ! ਤੈਨੂੰ ਮਿਲ ਕੇ ਮੇਰੇ ਕਲੇਜੇ ਠੰਢ ਪੈ ਗਈ। ਮੈਨੂੰ ਤੇਰੀਆਂ ਗੱਲਾਂ ਬਹੁਤ ਚੰਗੀਆਂ ਲੱਗਦੀਆਂ ਹਨ, ਇਸ ਲਈ ਆਪਣੇ ਮੂੰਹੋਂ ਕਹਿ ਦੇ 'ਮੈਂ ਤੈਨੂੰ ਪਿਆਰ ਕਰਦੀ ਹਾਂ।' ਸੋਹਣਿਉਂ ਸ਼ਰਮਾ ਕਿਉਂ ਗਏ ਹੋ। ਵਾਹ! ਤੁਹਾਡੀ ਸ਼ਰਮ ਵੀ ਤੁਹਾਨੂੰ ਹੋਰ ਸੋਹਣਾ ਕਰ ਰਹੀ ਏ।"

ਸਿਪਾਹੀ ਆਪਸ ਵਿਚ ਘੁਸਰ ਮੁਸਰ ਕਰਦੇ ਰਹੇ। ਇਕ ਨੇ ਕਿਹਾ, "ਲਉ ਭਾਈ

ਗਿਆ ਜੇ ਰਹੀਮ ਖ਼ਾਨ ਹੁਣ, ਇਹ ਵੀ ਕਿਸੇ ਦੀਆਂ ਜ਼ੁਲਫ਼ਾਂ ਦਾ ਸ਼ਿਕਾਰ ਹੋ ਗਿਆ ਜੇ।"

"ਰਹੀਮ ਖ਼ਾਨ ਹੋਰੀਂ ਕਿਸ ਨੂੰ ਪਿਆਰ ਕਰਦੇ ਨੇ?" ਇਕ ਨੇ ਹੈਰਾਨੀ ਨਾਲ ਸੋਚਦਿਆਂ ਆਪਣੇ ਦੂਜੇ ਸਾਥੀਆਂ ਤੋਂ ਪੁੱਛਿਆ।

"ਸੁਣਿਆ ਨਹੀਉਂ, ਹੁਣੇ ਪਏ ਕਹਿੰਦੇ ਸੀ ਮੈਂ ਤੇਰੇ ਬਿਨਾਂ ਇਕ ਪਲ ਨਹੀਂ ਜਿਊ ਸਕਦਾ ਫ਼ਾਤਮਾ," ਇਕ ਹੋਰ ਬੋਲਿਆ।

"ਇਹ ਫ਼ਾਤਮਾ ਕੌਣ ਏਂ?" ਉਸ ਹੈਰਾਨ ਹੋ ਕੇ ਪੁੱਛਿਆ।

"ਸਾਨੂੰ ਕੀ ਪਤਾ, ਅਸੀਂ ਤਾਂ ਕਦੇ ਪੱਟੀ ਰਹੇ ਨਹੀਂ, ਜਦੋਂ ਦੇ ਭਰਤੀ ਹੋ ਕੇ ਆਏ ਹਾਂ, ਬਾਹਰ ਹੀ ਭਜਾਈ ਰੱਖਦੇ ਨੇ," ਦੂਜੇ ਨੇ ਕਿਹਾ।

"ਆਪਾਂ ਵਿਚ ਪੱਟੀ ਦਾ ਰਹਿਣ ਵਾਲਾ ਕੋਈ ਨਹੀਂ?" ਪਹਿਲੇ ਨੇ ਪੁੱਛਿਆ।

"ਮੇਰਾ ਖ਼ਿਆਲ ਏ ਨਹੀਂ," ਦੂਜੇ ਨੇ ਕਿਹਾ, "ਇਹ ਗੱਲ ਤਾਂ ਉਹੀ ਬੁਝ ਸਕਦਾ ਏ ਜੋ ਉਹਨਾਂ ਦੇ ਨੇੜੇ ਰਹਿੰਦਾ ਹੋਏ। ਸਾਨੂੰ ਕੀ ਪਤਾ ਫ਼ਾਤਮਾ ਕੌਣ ਏਂ?"

"ਮੈਂ ਦੱਸਾਂ?" ਇਕ ਆਦਮੀ ਬੋਲ ਪਿਆ ਜੋ ਹੁਣ ਤਕ ਚੁੱਪ ਕਰ ਕੇ ਗੱਲਾਂ ਸੁਣ ਰਿਹਾ ਸੀ।

"ਦੱਸ," ਸਾਰੇ ਹੈਰਾਨ ਹੋ ਕੇ ਉਸ ਵੱਲ ਦੇਖਣ ਲੱਗ ਪਏ।

"ਹੋਰ ਕਿਸੇ ਨੂੰ ਤਾਂ ਨਹੀਂ ਦੱਸੋਗੇ?" ਉਸ ਸਾਰਿਆਂ ਵੱਲ ਇਕ ਨਜ਼ਰ ਮਾਰ ਕੇ ਕਿਹਾ।

"ਨਹੀਂ," ਸਾਰੇ ਇਕੋ ਵਾਰ ਬੋਲ ਪਏ।

"ਨਹੀਂ, ਤੁਸੀਂ ਦੱਸ ਦਿਉਗੇ," ਉਸ ਬੜੇ ਗੰਭੀਰ ਹੋ ਕੇ ਕਿਹਾ, "ਹੋਰ ਮੈਨੂੰ ਜੁੱਤੀਆਂ ਪਵਾਂਦੇ ਹੋਵੋ।"

"ਨਹੀਂ ਦੱਸਦੇ, ਤੈਨੂੰ ਸਾਡੇ 'ਤੇ ਇਤਬਾਰ ਨਹੀਂ?" ਪਹਿਲਾ ਬੋਲਿਆ।

"ਦੱਸ ਦਿਆਂ ਫੇਰ," ਉਸ ਦੁਹਰਾਇਆ।

"ਦੱਸ ਵੀ ਕਿ ਐਵੇਂ ਤੜਫਾਈ ਜਾਏਂਗਾ," ਦੋ ਆਦਮੀ ਇਕੱਠੇ ਹੀ ਬੋਲ ਪਏ।

"ਜਿਸ ਨੂੰ ਰਹੀਮ ਖ਼ਾਨ ਹੋਰੀਂ ਪਿਆਰ ਕਰਦੇ ਨੇ, ਇਹ ਫ਼ਾਤਮਾ ਇਕ ਜ਼ਨਾਨੀ ਏ," ਉਸ ਕਿਹਾ ਤੇ ਨਾਲ ਹੀ ਉਹਦਾ ਹਾਸਾ ਨਿਕਲ ਗਿਆ। ਸਾਰੇ ਉਹਦੀ ਗੱਲ 'ਤੇ ਹੱਸ ਪਏ। ਇਕ ਨੇ ਕਿਹਾ, "ਵਾਹ ਮੂਰਖਾ, ਅਸੀਂ ਕਿਹਾ ਪਤਾ ਨਹੀਂ ਕੀ ਦੱਸਣ ਲੱਗਾ ਏ। ਇਹ ਤਾਂ ਸਾਨੂੰ ਵੀ ਪਤਾ ਏ ਕਿ ਉਹ ਜ਼ਨਾਨੀ ਏ।"

ਜਦ ਸਾਰੇ ਜ਼ੋਰ ਨਾਲ ਹੱਸੇ ਤਾਂ ਉੱਚੀ ਆਵਾਜ਼ ਕਾਰਨ ਰਹੀਮ ਖ਼ਾਨ ਜਾਗ ਪਿਆ। ਸਾਰੇ ਇਕ ਦਮ ਚੁੱਪ ਹੋ ਗਏ ਤੇ ਦੋ ਆਦਮੀ ਉੱਠ ਕੇ ਪਰੇ ਚਲੇ ਗਏ ਜਿਨ੍ਹਾਂ ਤੋਂ ਆਪਣੇ ਹਾਸੇ 'ਤੇ ਕਾਬੂ ਨਹੀਂ ਸੀ ਪਾਇਆ ਜਾ ਰਿਹਾ।

"ਕੀ ਗੱਲ ਏ ?" ਰਹੀਮ ਖ਼ਾਨ ਨੇ ਪੁੱਛਿਆ।

"ਕੁਝ ਨਹੀਂ ਜਨਾਬ," ਸਾਰੇ ਹੀ ਬੋਲ ਪਏ।

"ਤੁਸੀਂ ਕਿਹੜੀ ਗੱਲੋਂ ਹੱਸੇ ਹੋ ਇਤਨਾ ਜ਼ੋਰ ਦਾ ?" ਰਹੀਮ ਖ਼ਾਨ ਨੇ ਕਿਹਾ।

"ਐਵੇਂ ਗੱਪਾਂ ਪਏ ਮਾਰਦੇ ਸਾਂ ਕਿਸੇ ਗੱਲ 'ਤੇ ਹਾਸਾ ਨਿਕਲ ਗਿਆ," ਇਕ ਨੇ ਕਿਹਾ ਤੇ ਬਾਕੀ ਦੇ ਸਾਰੇ ਹੀ ਉੱਠ ਕੇ ਏਧਰ ਉਧਰ ਖਿੰਡਰ ਗਏ।

ਰਹੀਮ ਖ਼ਾਨ ਨੇ ਸ਼ਾਮ ਵੇਲੇ ਨਹਾ ਧੋ ਕੇ ਸਿਰ ਨੂੰ ਤੇਲ ਲਾਇਆ ਤੇ ਵਾਲਾਂ ਵਿਚ ਕੰਘੀ ਫੇਰ ਕੇ ਪਟੇ ਸਵਾਰ ਲਏ। ਭਾਵੇਂ ਸਵੇਰੇ ਹੀ ਉਸ ਦਾੜ੍ਹੀ ਮੁੰਨੀ ਸੀ ਪਰ ਹੁਣ ਫਿਰ ਨਹਾਣ ਤੋਂ ਪਹਿਲਾਂ ਇਕ ਵਾਰ ਦਾੜ੍ਹੀ ਮੁੰਨੀ। ਵਧੀਆ ਰੇਸ਼ਮੀ ਤਹਿਮਤ ਕੱਢੀ ਤੇ ਉਹ ਬੰਨ੍ਹ ਲਈ, ਜਿਸ ਦੇ ਲਾਂਗੜ ਗੋਡਿਆਂ ਤਕ ਦੋਵੇਂ ਪਾਸੇ ਲਟਕ ਰਹੇ ਸਨ। ਪੈਰੀਂ ਉਸ ਤਿੱਲੇ ਦੀ ਉਹ ਜੁੱਤੀ ਪਾਈ ਜਿਹੜੀ ਕਸੂਰ ਤੋਂ ਉਚੇਚੀ ਬਣਵਾ ਕੇ ਲਿਆਇਆ ਸੀ। ਮਾਇਆ ਲੱਗੀ ਪਗੜੀ ਕੱਢੀ ਤੇ ਉਹਦਾ ਡੇਢ ਫ਼ੁਟ ਸ਼ਮਲਾ ਛੱਡ ਕੇ ਉਹ ਬੰਨ੍ਹੀ। ਅੱਜ ਪਹਿਲੀ ਵਾਰ ਰਹੀਮ ਖ਼ਾਨ ਨੇ ਤਿਆਰ ਹੁੰਦਿਆਂ ਦੋ ਘੰਟੇ ਦਾ ਸਮਾਂ ਲਾ ਦਿੱਤਾ। ਸ਼ੀਸ਼ਾ ਉਹ ਸਾਲ ਵਿਚ ਕਦੇ ਇਕ ਅੱਧ ਵਾਰੀ ਹੀ ਦੇਖਦਾ ਹੁੰਦਾ ਸੀ ਪਰ ਅੱਜ ਉਸ ਘੰਟੇ ਵਿਚ ਘੱਟੋ ਘੱਟ ਦਰਜਨ ਵਾਰੀ ਸ਼ੀਸ਼ਾ ਦੇਖਿਆ। ਜਦ ਸੂਰਜ ਡੁੱਬ ਗਿਆ ਤਾਂ ਉਸ ਸਿਪਾਹੀਆਂ ਨੂੰ ਇਕੱਠਾ ਕੀਤਾ ਤੇ ਕਿਹਾ ਕਿ ਅੱਜ ਉਹ ਘਰ ਜਾ ਸਕਦੇ ਹਨ। ਜਿਹੜਾ ਕੱਲ੍ਹ ਸਵੇਰੇ ਆਉਣ ਦਾ ਇਕਰਾਰ ਕਰੇ, ਉਹਨੂੰ ਛੁੱਟੀ ਮਿਲ ਸਕਦੀ ਏ। ਦੋ ਤਿੰਨ ਆਦਮੀ, ਜਿਨ੍ਹਾਂ ਦੇ ਪਿੰਡ ਨੇੜੇ ਹੀ ਸਨ, ਉਹ ਚਲੇ ਗਏ ਤੇ ਬਾਕੀ ਦੋ ਆਦਮੀ ਰਹਿ ਗਏ। ਉਹਨਾਂ ਨੂੰ ਉਥੋਂ ਭੇਜਣ ਲਈ ਉਸ ਝੱਟ ਸੋਚਿਆ ਤੇ ਅਖ਼ੀਰ ਉਹਨਾਂ ਨੂੰ ਸੱਦ ਕੇ ਡਿਊਟੀ ਲਾਈ ਕਿ ਉਹ ਅੱਜ ਰਾਤ ਪੱਟੀ ਦੇ ਨੇੜੇ ਚਾਰ ਮੀਲਾਂ 'ਤੇ ਜੋ ਜੰਗਲ ਹੈ, ਉਹਦੇ ਆਲੇ-ਦੁਆਲੇ ਚੱਕਰ ਲਾ ਕੇ ਅਨੁਮਾਨ ਲਾਣ ਕਿ ਉਥੇ ਸਿੱਖਾਂ ਦਾ ਕੋਈ ਜਥਾ ਰਹਿੰਦਾ ਹੈ ਜਾਂ ਨਹੀਂ। ਉਹ ਦੋਵੇਂ ਹੁਕਮ ਮੰਨ ਕੇ ਉਸੇ ਵੇਲੇ ਟੁਰ ਗਏ।

ਰਾਤ ਦੇ ਦਸ ਵੱਜ ਗਏ, ਪਰ ਅਜੇ ਤਕ ਫ਼ਾਤਮਾ ਨਹੀਂ ਸੀ ਆਈ। ਰਹੀਮ ਖ਼ਾਨ ਦੇ ਕੰਨ ਰੱਤੀ ਵੀ ਕੋਈ ਬਿੜਕ ਸੁਣਦੇ ਤਾਂ ਖੜ੍ਹੇ ਹੋ ਜਾਂਦੇ। ਰੁੱਖਾਂ ਤੇ ਪੰਛੀਆਂ ਦੀ ਹਿਲਜੁਲ ਵੀ ਉਹਨੂੰ ਫ਼ਾਤਮਾ ਦੇ ਪੈਰਾਂ ਦਾ ਖੜਾਕ ਪ੍ਰਤੀਤ ਹੁੰਦੀ। ਅਖ਼ੀਰ ਉਡੀਕ ਦੀਆਂ ਘੜੀਆਂ ਮੁੱਕ ਗਈਆਂ ਤੇ ਫ਼ਾਤਮਾ ਆ ਗਈ। ਫ਼ਾਤਮਾ ਨੇ ਕਾਲਾ ਬੁਰਕਾ ਜਦੋਂ ਚੁੱਕਿਆ ਤਾਂ ਇਉਂ ਹੋਇਆ ਜਿਵੇਂ ਚੰਨ ਬੱਦਲਾਂ ਵਿੱਚੋਂ ਨਿਕਲ ਆਉਂਦਾ ਹੈ। ਫ਼ਾਤਮਾ ਅੱਗੇ ਹੀ ਸੋਹਣੀ ਸੀ ਪਰ ਕਾਲਾ ਬੁਰਕਾ ਉਹਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਿਹਾ ਸੀ। ਸੱਚ ਮੁੱਚ ਚੰਨ ਵੀ ਬੱਦਲਾਂ ਵਿੱਚੋਂ ਚੜ੍ਹ ਪਿਆ ਤੇ ਉਸ ਨਾਲ ਹਨੇਰਾ ਕੁਝ ਘਟ ਗਿਆ।

"ਬੜੀ ਉਡੀਕ ਕਰਨੀ ਪਈ ਏ ਤੁਹਾਡੀ," ਰਹੀਮ ਖ਼ਾਨ ਨੇ ਕਿਹਾ।

"ਕਿਉਂ ?" ਫ਼ਾਤਮਾ ਬੋਲੀ।

"ਲਉ ਜੀ, ਇਹ ਵੀ ਕੋਈ ਪੁੱਛਣ ਵਾਲੀ ਗੱਲ ਏ, ਤੁਹਾਡੀ ਉਡੀਕ ਨਾ ਕਰੀਏ," ਰਹੀਮ ਖ਼ਾਨ ਨੇ ਕਿਹਾ, "ਖ਼ੁਦਾ ਦਾ ਲੱਖ ਲੱਖ ਸ਼ੁਕਰ ਏ ਜਿਸ ਤੁਹਾਨੂੰ ਅੱਜ ਇਥੇ ਲਿਆਂਦਾ ਏ। ਮੈਂ ਕਹਿੰਦਾ ਹਾਂ ਕਿ ਜੀਤੋ ਦੇ ਪੱਜ ਹੀ ਸਹੀ, ਤੁਹਾਡੇ ਦਰਸ਼ਨ ਤਾਂ ਹੋ ਗਏ ਨੇ।"

"ਵੇਖ ਲਓ, ਫਿਰ ਜੀਤੋ ਤੁਹਾਡੇ ਸਾਡੇ ਲਈ ਕਿੰਨੀ ਚੰਗੀ ਏ ਜੋ ਸਾਨੂੰ ਮਿਲਾਣ ਦਾ ਵਸੀਲਾ ਬਣੀ," ਫ਼ਾਤਮਾ ਨੇ ਕਿਹਾ।

"ਅੱਛਾ ਦੱਸੋ, ਫਿਰ ਕੀ ਪੀਓਗੇ ?" ਰਹੀਮ ਖ਼ਾਨ ਨੇ ਸਵਾਲ ਕੀਤਾ।

"ਪੀਣਾ ਕੀ ਏ, ਬੱਸ ਰੋਟੀ ਖਾ ਕੇ ਆਈ ਹਾਂ ਤੁਹਾਡੇ ਦਰਸ਼ਨ ਹੋ ਗਏ ਨੇ, ਇਹ ਥੋੜ੍ਹੀ ਗੱਲ ਏ, ਅਜੇ ਹੋਰ ਪੀਣ ਦੀ ਕੋਈ ਕਸਰ ਬਾਕੀ ਏ।"

"ਨਹੀਂ, ਤੁਸੀਂ ਤਾਂ ਮਖ਼ੌਲ ਪਏ ਕਰਦੇ ਹੋ," ਰਹੀਮ ਖ਼ਾਨ ਨੇ ਕਿਹਾ, "ਮੈਂ ਦੁੱਧ ਗਰਮ ਕਰਵਾ ਰੱਖਿਆ ਏ, ਉਹ ਪੀ ਲਓ।"

"ਨਹੀਂ, ਮੈਂ ਇਕ ਵਾਰ ਜੁ ਕਿਹਾ ਏ ਕਿ ਰੋਟੀ ਖਾ ਕੇ ਆਈ ਹਾਂ। ਲੋੜ ਹੁੰਦੀ ਤਾਂ ਮੈਂ ਆਪ ਹੀ ਕਹਿ ਦੇਣਾ ਸੀ। ਅੱਛਾ, ਦੱਸੋ ਜੀਤੋ ਕਿਥੇ ਜੇ, ਮੈਂ ਉਹਨੂੰ ਪਹਿਲਾਂ ਮਿਲਣਾ ਚਾਹੁੰਦੀ ਹਾਂ।"

ਇਹ ਕਹਿ ਕੇ ਫ਼ਾਤਮਾ ਕਮਰੇ ਵੱਲ ਵਧੀ, ਪਰ ਰਹੀਮ ਖ਼ਾਨ ਉਹਦੇ ਅੱਗੇ ਹੋ ਕੇ ਖੜਾ ਹੋ ਗਿਆ। ਆਪਣੀਆਂ ਦੋਵੇਂ ਬਾਹਵਾਂ ਖਿਲਾਰ ਲਈਆਂ ਤੇ ਬੜੇ ਤਰਲੇ ਭਰੇ ਤਰੀਕੇ ਨਾਲ ਕਿਹਾ, "ਸਾਡੇ ਕਲੇਜੇ ਨੂੰ ਅੱਗ ਲੱਗੀ ਹੋਈ ਏ, ਉਹ ਤਾਂ ਮੱਠੀ ਕਰ ਜਾਓ।"

"ਰਹੀਮ ਖ਼ਾਨ !" ਫ਼ਾਤਮਾ ਨੇ ਹੁਣ ਜ਼ਰਾ ਗੁੱਸੇ ਵਿਚ ਡਾਂਟਵੇਂ ਤਰੀਕੇ ਨਾਲ ਕਿਹਾ, "ਆਪਣੇ ਆਪ 'ਤੇ ਕਾਬੂ ਪਾਓ, ਮੈਨੂੰ ਇਸ ਤਰ੍ਹਾਂ ਦੀਆਂ ਗੱਲਾਂ ਪਸੰਦ ਨਹੀਂ।"

ਰਹੀਮ ਖ਼ਾਨ ਠਠੰਬਰ ਗਿਆ। ਉਹਦੀਆਂ ਆਸਾਂ 'ਤੇ ਗੜੇਮਾਰ ਹੋ ਗਈ। ਉਹਨੂੰ ਅੱਜ ਸਵੇਰ ਦੀ ਇਹ ਆਸ ਉੱਕੀ ਨਹੀਂ ਸੀ ਕਿ ਫ਼ਾਤਮਾ ਇਤਨੀ ਸਖ਼ਤ ਹੋ ਕੇ ਉਸ ਨਾਲ ਵਰਤਾਉ ਕਰ ਸਕਦੀ ਹੈ। ਉਹਦੀਆਂ ਬਾਹਵਾਂ ਢਿੱਲੀਆਂ ਹੋ ਗਈਆਂ ਤੇ ਅੱਗੋਂ ਇਕ ਪਾਸੇ ਹਟ ਗਿਆ। ਅੱਖਾਂ ਨੀਵੀਆਂ ਪਾ ਲਈਆਂ ਤੇ ਹੌਲੀ ਜਿਹੀ ਕਿਹਾ, "ਤੁਸੀਂ ਗੁੱਸੇ ਹੋ ਗਏ ਹੋ।"

ਫ਼ਾਤਮਾ ਨੇ ਵੀ ਝੱਟ ਆਪਣਾ ਵਤੀਰਾ ਬਦਲ ਲਿਆ। ਉਸ ਸੋਚਿਆ ਕਿ ਰਹੀਮ ਖ਼ਾਨ ਨਾਲ ਵਿਗਾੜਨੀ ਠੀਕ ਨਹੀਂ। ਜੇ ਇਹ ਦੋ-ਚਾਰ ਪਿਆਰ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ 'ਤੇ ਰੀਝ ਕੇ ਮੇਰੇ ਮਨੋਰਥ ਵਿਚ ਸਹਾਇਕ ਬਣੇ ਤਾਂ ਮੈਂ ਇਸ ਨਾਲ ਕਾਹਦੇ ਲਈ ਵਿਗਾੜ ਪਾ ਲਵਾਂ। ਉਸ ਰਹੀਮ ਖ਼ਾਨ ਦੀ ਕੰਡ 'ਤੇ ਨਿੱਕੀ ਜਿਹੀ ਥਬੋਕੀ ਮਾਰ ਕੇ ਕਿਹਾ, "ਮੈਂ ਨਰਾਜ਼ ਤੁਹਾਡੇ ਨਾਲ ਹੋ ਸਕਦੀ ਹਾਂ, ਮੈਂ ਤਾਂ ਸਿਰਫ਼ ਇਹ ਕਿਹਾ

ਸੀ ਕਿ ਤੁਸੀਂ ਆਪੇ ਤੋਂ ਬਾਹਰ ਹੋ ਰਹੇ ਸਓ ਤੇ ਉਹ ਠੀਕ ਨਹੀਂ। ਕੋਈ ਸਿਪਾਹੀ ਸਾਡੀਆਂ ਗੱਲਾਂ ਸੁਣਦਾ ਹੋਵੇ ਤਾਂ ਕੀ ਬਣੇਗਾ। ਤੁਹਾਨੂੰ ਪਤਾ ਏ ਕਿ ਮੈਂ ਬਿਨਾਂ ਦੱਸੇ ਆ ਰਹੀ ਹਾਂ। ਜੇ ਚਾਚਾ ਜੀ ਨੂੰ ਪਤਾ ਲੱਗ ਗਿਆ ਤਾਂ ਉਹਨਾਂ ਦੋਹਾਂ ਨੂੰ ਨਹੀਂ ਛੱਡਣਾ। ਅਸੀਂ ਗੱਲਾਂ ਕਦੇ ਫਿਰ ਕਰਾਂਗੇ। ਮੈਂ ਤੁਹਾਡੇ ਨਾਲ ਇਸ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰਨਾ ਏਂ।"

ਕਮਰੇ ਵਿਚ ਬੰਦ ਜੀਤੋ ਮੌਤ ਦੀਆਂ ਘੜੀਆਂ ਗਿਣ ਰਹੀ ਸੀ। ਹੁੱਸੜ ਦੇ ਦਿਨਾਂ ਵਿਚ ਅੰਦਰ ਡੱਕੀ ਹੋਈ ਸੀ ਤੇ ਕਮਰੇ ਨੂੰ ਸਿਵਾਏ ਨਿੱਕੀ ਤਾਕੀ ਦੇ ਹੋਰ ਹਵਾ ਲਈ ਵੀ ਕੋਈ ਰਾਹ ਨਹੀਂ ਸੀ। ਜੀਤੋ ਤਾਕੀ ਅੱਗੇ ਖੜੀ ਹੋ ਕੇ ਸੀਖਾਂ ਨੂੰ ਫੜ ਕੇ ਬਾਹਰ ਦੇਖਦੀ ਰਹਿੰਦੀ ਤੇ ਜਦੋਂ ਕੋਈ ਦੂਰ ਖੇਤਾਂ ਦੀਆਂ ਵੱਟਾਂ ਲੰਘਦਾ ਦਿਸਦਾ ਤਾਂ ਉਹਦਾ ਮਨ ਵੀ ਡਾਹਡਾ ਤਰਸਦਾ ਕਿ ਉਹ ਵੀ ਖੁੱਲ੍ਹੀ ਖੇਤਾਂ ਦੀਆਂ ਵੱਟਾਂ 'ਤੇ ਫਿਰੇ। ਜਦੋਂ ਉਹ ਤਾਕੀ ਅੱਗੇ ਖੜੀ ਹੁੰਦੀ ਤਾਂ ਕੋਈ ਨਾ ਕੋਈ ਸਿਪਾਹੀ ਰਹੀਮ ਖ਼ਾਨ ਦੀ ਅੱਖ ਬਚਾ ਕੇ ਆ ਜਾਂਦਾ ਤੇ ਉਸ ਨੂੰ ਟਿਚਕਰ ਕਰ ਜਾਂਦਾ।

ਅੱਜ ਸ਼ਾਮ ਤੋਂ ਉਹਦਾ ਮਨ ਡਾਹਡਾ ਹੀ ਕਾਹਲਾ ਪਿਆ ਹੋਇਆ ਸੀ ਤੇ ਇਸੇ ਕਰਕੇ ਉਹਨੂੰ ਨੀਂਦਰ ਨਹੀਂ ਸੀ ਆ ਰਹੀ। ਤਾਕੀ ਅੱਗੇ ਖੜੀ ਬੱਦਲਾਂ ਵੱਲ ਵੇਖ ਰਹੀ ਸੀ ਕਿ ਉਹਨੂੰ ਫ਼ਾਤਮਾ ਦੀ ਆਵਾਜ਼ ਸੁਣਾਈ ਦਿੱਤੀ। ਉਹਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਾ ਆਇਆ। ਪਰ ਜਦੋਂ ਫ਼ਾਤਮਾ ਨੇ ਜੀਤੋ ਦਾ ਨਾਂ ਲਿਆ ਤਾਂ ਉਸ ਪਛਾਣ ਲਿਆ ਕਿ ਇਹ ਫ਼ਾਤਮਾ ਆ ਗਈ ਏ। ਜੀਤੋ ਨੇ ਉੱਚੀ ਸਾਰੀ ਕਿਹਾ, "ਭੈਣ ਫ਼ਾਤਮਾ!" ਇਹਦੇ ਨਾਲ ਹੀ ਉਹਦੀ ਚੀਕ ਨਿਕਲ ਗਈ ਤੇ ਉਹ ਰੋਣ ਲੱਗ ਪਈ। ਫ਼ਾਤਮਾ ਕੋਲੋਂ ਵੀ ਦੂਰ ਖੜੇ ਰਹਿਣਾ ਔਖਾ ਹੋ ਗਿਆ ਤੇ ਉਹ ਦੌੜ ਕੇ ਤਾਕੀ ਕੋਲ ਆ ਗਈ। ਜੀਤੋ ਨੇ ਸੀਖਾਂ ਵਿੱਚੋਂ ਬਾਹਵਾਂ ਬਾਹਰ ਕੱਢ ਕੇ ਫ਼ਾਤਮਾ ਨੂੰ ਜੱਫਾ ਪਾ ਲਿਆ। ਉਹਦੀਆਂ ਚੀਕਾਂ ਤੇ ਰੋਣ ਨੇ ਫ਼ਾਤਮਾ ਦਾ ਮਨ ਵੀ ਡੁਲਾ ਦਿੱਤਾ ਤੇ ਉਹਦੇ ਵੀ ਅੱਥਰੂ ਨਿਕਲ ਆਏ।

ਫ਼ਾਤਮਾ ਨੇ ਰਹੀਮ ਖ਼ਾਨ ਨੂੰ ਕਿਹਾ ਤੇ ਉਸ ਦਰਵਾਜ਼ਾ ਖੋਲ੍ਹ ਦਿੱਤਾ। ਜੀਤੋ ਦੌੜ ਕੇ ਬਾਹਰ ਆ ਗਈ ਜਿਵੇਂ ਕੋਈ ਆਜ਼ਾਦ ਪੰਛੀ ਪਿੰਜਰੇ ਪਾ ਦਿੱਤਾ ਜਾਏ ਤੇ ਜਦੋਂ ਪਿੰਜਰੇ ਦੀ ਤਾਕੀ ਖੁੱਲ੍ਹ ਜਾਏ ਤਾਂ ਪੰਛੀ ਬਾਹਰ ਨੂੰ ਭੱਜਦਾ ਏ।

ਜੀਤੋ ਤੇ ਫ਼ਾਤਮਾ ਕਿੰਨੀ ਦੇਰ ਜੱਫਾ ਪਾ ਕੇ ਰੋਂਦੀਆਂ ਰਹੀਆਂ। ਜੀਤੋ ਨੇ ਕਿਹਾ, "ਭੈਣ, ਮੈਂ ਮਰ ਚੱਲੀ ਹਾਂ ਮੈਨੂੰ ਇਸ ਨਰਕ ਵਿੱਚੋਂ ਕੱਢ। ਤੂੰ ਤੇ ਕਹਿੰਦੀ ਸੈਂ ਕਿ ਮੈਨੂੰ ਪਿੰਡ ਛੱਡ ਆਉਣਗੇ, ਪਰ ਇਹਨਾਂ ਤਾਂ ਮੈਨੂੰ ਕੈਦ ਕਰ ਦਿੱਤਾ ਏ।"

"ਮੈਨੂੰ ਕੀ ਪਤਾ ਸੀ ਕਿ ਤੈਨੂੰ ਮੇਰੇ ਤੋਂ ਧੋਖੇ ਨਾਲ ਲਿਆ ਰਹੇ ਨੇ," ਫ਼ਾਤਮਾ

ਨੇ ਕਿਹਾ, "ਜਦੋਂ ਦਾ ਮੈਨੂੰ ਪਤਾ ਲੱਗਾ ਏ ਕਿ ਤੂੰ ਘਰ ਨਹੀਂ ਪਹੁੰਚੀ, ਉਸ ਦਿਨ ਤੋਂ ਮੈਂ ਵੀ ਆਰਾਮ ਨਾਲ ਨਹੀਂ ਸੁੱਤੀ।"

"ਮੈਂ ਇਥੇ ਬੜੀ ਔਖੀ ਹਾਂ। ਅੰਦਰ ਮੱਛਰ ਵੱਢ ਵੱਢ ਖਾਂਦੇ ਨੇ। ਪਿੱਤ ਨਾਲ ਮੇਰਾ ਸਾਰਾ ਪਿੰਡਾ ਭਰ ਗਿਆ ਏ। ਖਾਣ ਲਈ ਕੁਝ ਨਹੀਂ ਦੇਂਦੇ। ਜਿੰਨੇ ਬੰਦੇ ਇਥੇ ਫਿਰਦੇ ਨੇ ਸਭ ਮੇਰੇ ਵੱਲ ਬਘਿਆੜਾਂ ਵਾਂਗ ਵੇਖਦੇ ਨੇ," ਜੀਤੋ ਨੇ ਸਿਸਕੀਆਂ ਲੈਂਦਿਆਂ ਕਿਹਾ।

ਰਹੀਮ ਖ਼ਾਨ ਕੁਝ ਦੂਰ ਖੜਾ ਇਹਨਾਂ ਦੀਆਂ ਗੱਲਾਂ ਸੁਣਨ ਦਾ ਯਤਨ ਕਰ ਰਿਹਾ ਸੀ। ਫ਼ਾਤਮਾ ਨੇ ਉਹਦੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਹ ਵੀ ਇਸੇ ਤਰ੍ਹਾਂ ਵੇਖਦਾ ਏ ?"

"ਇਹ ਕਿਹੜਾ ਕਿਸੇ ਤੋਂ ਘੱਟ ਏ," ਜੀਤੋ ਨੇ ਬੜੀ ਹੌਲੀ ਜਿਹੀ ਕਿਹਾ ਤਾਕਿ ਰਹੀਮ ਖ਼ਾਨ ਸੁਣ ਨਾ ਲਏ, "ਇਹ ਤਾਂ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਦਾ ਏ ਫਸਾਣ ਲਈ। ਮੈਨੂੰ ਕਹਿੰਦਾ ਸੀ ਕਿ ਜੇ ਤੂੰ ਮੇਰੇ ਨਾਲ ਵਿਆਹ ਕਰਨਾ ਮੰਨ ਲਏਂ ਤਾਂ ਮੈਂ ਇਥੋਂ ਕੱਢ ਕੇ ਦੂਰ ਪਹੁੰਚਾ ਦੇਂਦਾ ਹਾਂ।"

"ਅੱਛਾ, ਇਹ ਇਤਨਾ ਭੈੜਾ ਏ," ਫ਼ਾਤਮਾ ਨੇ ਅੱਖਾਂ ਟੀਰੀਆਂ ਜਿਹੀਆਂ ਕਰ ਕੇ ਰਹੀਮ ਖ਼ਾਨ ਵੱਲ ਦੇਖਦਿਆਂ ਕਿਹਾ, "ਇਹਨੂੰ ਜਾਣਨੀ ਏਂ, ਇਹ ਕੌਣ ਏਂ।"

"ਲੈ, ਮੈਂ ਇਹਨੂੰ ਨਹੀਂ ਜਾਣਦੀ। ਇਹੀ ਤਾਂ ਮੈਨੂੰ ਚੁੱਕ ਕੇ ਲਿਆਇਆ ਸੀ," ਜੀਤੋ ਨੇ ਕਿਹਾ, "ਪਰ ਭੈਣ, ਤੂੰ ਇਹ ਤਾਂ ਦੱਸਿਆ ਹੀ ਨਹੀਂ ਕਿ ਤੈਨੂੰ ਮੇਰਾ ਇਥੇ ਕਿਵੇਂ ਪਤਾ ਲੱਗਾ।"

"ਬਸ ਲੱਗ ਹੀ ਗਿਆ," ਫ਼ਾਤਮਾ ਨੇ ਕਿਹਾ ਤੇ ਫਿਰ ਰਹੀਮ ਖ਼ਾਨ ਨੂੰ ਇਸ਼ਾਰਾ ਕਰਕੇ ਨੇੜੇ ਸੱਦਿਆ ਤੇ ਉਹਨੂੰ ਪਾਣੀ ਲਿਆਉਣ ਲਈ ਕਿਹਾ। ਰਹੀਮ ਖ਼ਾਨ ਪਾਣੀ ਦੀ ਤਾਜ਼ੀ ਬਾਲਟੀ ਲੈਣ ਲਈ ਖੂਹ 'ਤੇ ਚਲਾ ਗਿਆ। ਉਹਨੂੰ ਟੋਰ ਕੇ ਫ਼ਾਤਮਾ ਨੇ ਕਿਹਾ, "ਇਹ ਰਹੀਮ ਖ਼ਾਨ ਮੇਰੇ 'ਤੇ ਮਰਦਾ ਏ।"

"ਤੂੰ ਭੁੱਲਦੀ ਏਂ, ਇਹ ਹਰ ਜ਼ਨਾਨੀ 'ਤੇ ਮਰਦਾ ਏ," ਫ਼ਾਤਮਾ ਦੀ ਗੱਲ ਨੂੰ ਵਿੱਚੇ ਟੋਕ ਕੇ ਜੀਤੋ ਨੇ ਕਿਹਾ, "ਮੈਨੂੰ ਵੀ ਮਰ ਜਾਣ ਜੋਗਾ ਇਹੀ ਕਹਿੰਦਾ ਏ ਕਿ ਮੈਂ ਤੇਰੇ 'ਤੇ ਹੀ ਮਰਦਾ ਹਾਂ।"

"ਤੂੰ ਨਹੀਂ ਸਮਝਦੀ, ਜੇ ਅਜਿਹੇ ਬੰਦੇ ਉੱਲੂ ਬਣ ਜਾਣ ਤਾਂ ਆਪਣਾ ਕੰਮ ਹੋ ਸਕਦਾ ਏ। ਅੱਜ ਵੀ ਮੈਂ ਇਹਦੇ ਨਾਲ ਦੋ ਪਿਆਰ ਦੀਆਂ ਗੱਲਾਂ ਕੀਤੀਆਂ ਤਾਂ ਇਸ ਝੱਟ ਦੱਸ ਦਿੱਤਾ ਕਿ ਜੀਤੋ ਬਾਹਰ ਖੂਹ 'ਤੇ ਬੰਦ ਹੈ। ਜੇ ਜ਼ਰਾ ਇਹਨੂੰ ਹੋਰ ਪਿਆਰ ਨਾਲ ਬੋਲੀ ਤਾਂ ਉਸ ਮਿਲਾਣ ਦਾ ਪ੍ਰੋਗਰਾਮ ਵੀ ਬਣਾ ਲਿਆ। ਵੇਖ ਲੈ ਹੁਣ ਕੋਈ ਸਿਪਾਹੀ ਇਥੇ ਦਿਸਦਾ ਈ, ਸਭ ਇਥੋਂ ਟੋਰ ਦਿੱਤੇ ਨੇ। ਚੰਗਾ ਹੁਣ ਅਸੀਂ ਕੰਮ ਦੀ ਗੱਲ ਕਰੀਏ,"

ਫ਼ਾਤਮਾ ਨੇ ਕਿਹਾ, "ਤੈਨੂੰ ਇਥੋਂ ਕੱਢਣ ਦਾ ਰਾਹ ਕੱਢਣਾ ਚਾਹੀਦਾ ਹੈ।"

"ਮੈਨੂੰ ਨਾਲ ਲੈ ਚੱਲੋ। ਮੈਂ ਹੁਣ ਇਥੇ ਨਹੀਂ ਰਹਿਣਾ," ਜੀਤੋ ਨੇ ਨਿੱਕੇ ਬੱਚਿਆਂ ਵਾਂਗ ਫ਼ਾਤਮਾ ਨੂੰ ਗਲਵਕੜੀ ਪਾ ਲਈ।

"ਨਹੀਂ, ਹੁਣ ਨਹੀਂ ਲਿਜਾ ਸਕਦੀ।"

"ਕਿਉਂ?"

"ਇਹ ਗ਼ਰੀਬ ਮਾਰਿਆ ਜਾਏਗਾ।"

"ਰਹੀਮ ਖ਼ਾਨ?"

"ਮਾਰੇ ਜਾਣ ਦਿਓ ਸੂ। ਇਸ ਕਿਹੜੀ ਮੇਰੇ ਨਾਲ ਘੱਟ ਕੀਤੀ ਏ। ਇਹੀ ਤਾਂ ਸਾਰੇ ਪੁਆੜੇ ਦੀ ਜੜ੍ਹ ਬਣਿਆ ਏਂ," ਜੀਤੋ ਨੇ ਕਿਹਾ।

ਫ਼ਾਤਮਾ ਨੇ ਕੁਝ ਸੋਚ ਕੇ ਪੁੱਛਿਆ, "ਚਾਚਾ ਜੀ ਕਿੰਨੀ ਕੁ ਵਾਰ ਆਏ ਨੇ?"

"ਜਦੋਂ ਦੇ ਛੱਡ ਕੇ ਗਏ ਨੇ ਫਿਰ ਨਹੀਂ ਆਏ," ਜੀਤੋ ਨੇ ਦੱਸਿਆ, "ਸਿਪਾਹੀ ਪਏ ਕਹਿੰਦੇ ਸਨ ਕਿ ਕਾਦਰ ਬਖ਼ਸ਼ ਗੁਆਚ ਗਿਆ ਏ ਤੇ ਉਹਨੂੰ ਲੱਭਣ ਗਏ ਨੇ। ਇਹ ਕਾਦਰ ਬਖ਼ਸ਼ ਤੁਹਾਡਾ ਭਰਾ ਤਾਂ ਨਹੀਂ?"

"ਉਹੀ ਏ," ਫ਼ਾਤਮਾ ਨੇ ਕਿਹਾ, "ਉਹ ਸਿੱਖਾਂ ਦੇ ਕਾਬੂ ਆ ਗਿਆ ਸੀ ਪਰ ਉਹਨਾਂ ਛੱਡ ਦਿੱਤਾ ਪਰ ਇਹ ਇਕਰਾਰ ਕਰ ਕੇ ਕਿ ਕਾਦਰ ਬਖ਼ਸ਼ ਜੀਤੋ ਨੂੰ ਛੁਡਾ ਕੇ ਘਰ ਪਹੁੰਚਾਏਗਾ।"

"ਉਹਨਾਂ ਨੂੰ ਮੇਰਾ ਕਿਵੇਂ ਪਤਾ ਲੱਗਾ? ਉਹ ਮੈਨੂੰ ਕਿਵੇਂ ਜਾਣਦੇ ਨੇ?" ਜੀਤੋ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਕਾਦਰ ਬਖ਼ਸ਼ ਨੇ ਆਪ ਹੀ ਦੱਸਿਆ ਸੀ। ਨਾਲੇ ਤੈਨੂੰ ਮੈਂ ਦੱਸਣਾ ਹੀ ਭੁੱਲ ਗਈ ਹਾਂ ਕਿ ਕਾਦਰ ਬਖ਼ਸ਼ ਤੇਰੇ ਸਹੁਰੇ ਪਿੰਡ ਗਿਆ ਸੀ ਤੇ ਉਥੋਂ ਉਹਨੂੰ ਪਤਾ ਲੱਗਾ ਏ ਕਿ ਦਿਆਲਾ ਸਿਖ ਬਣ ਗਿਆ ਏ," ਫ਼ਾਤਮਾ ਨੇ ਦੱਸਿਆ।

"ਤੇ ਫਿਰ ਉਹ ਮਿਲੇ ਨਹੀਂ?" ਜੀਤੋ ਨੇ ਤੌਖ਼ਲੇ ਨਾਲ ਪੁੱਛਿਆ।

"ਨਹੀਂ, ਅੱਜ ਕੱਲ੍ਹ ਜਿਹੜਾ ਸਿਖ ਬਣ ਜਾਏ, ਉਹ ਘਰ ਘੱਟ ਵੱਧ ਹੀ ਰਹਿ ਸਕਦਾ ਏ। ਇਸੇ ਲਈ ਦਿਆਲਾ ਵੀ ਕਿਸੇ ਟੋਲੀ ਨਾਲ ਰਲ ਗਿਆ ਜਾਪਦਾ ਏ," ਫ਼ਾਤਮਾ ਨੇ ਦੇਖਿਆ ਕਿ ਜੀਤੋ ਇਕ ਦਮ ਮੁਰਝਾ ਗਈ ਏ। ਇਸ ਲਈ ਉਹਨੇ ਤਸੱਲੀ ਦੇਣ ਲਈ ਕਿਹਾ, "ਪਰ ਕਾਦਰ ਬਖ਼ਸ਼ ਨੂੰ ਛੇਤੀ ਹੀ ਦਿਆਲਾ ਮਿਲ ਪਵੇਗਾ। ਅਸਾਂ ਤੈਨੂੰ ਤੇਰੇ ਸਹੁਰੇ ਭੇਜ ਹੀ ਦੇਣਾ ਏਂ।"

ਜੀਤੋ ਸ਼ਰਮਾ ਗਈ। ਅਜੇ ਤਕ ਉਹ ਸਹੁਰੇ ਨਹੀਂ ਗਈ ਸੀ, ਇਸ ਲਈ ਸਹੁਰੇ ਘਰ ਦਾ ਨਾਂ ਸੁਣਦਿਆਂ ਉਹਨੂੰ ਸ਼ਰਮ ਆ ਗਈ। •

ਫ਼ਾਤਮਾ ਨੇ ਫਿਰ ਕਿਹਾ, "ਤੈਨੂੰ ਇਥੋਂ ਕੱਢਣ ਦਾ ਕਿਹੜਾ ਤਰੀਕਾ ਹੋ ਸਕਦਾ ਏ ?"

"ਆਪਣੇ ਚਾਚਾ ਜੀ ਨੂੰ ਸਾਫ਼ ਕਹਿ ਦਿਉ ਕਿ ਮੈਨੂੰ ਛੱਡ ਦੇਣ," ਜੀਤੋ ਨੇ ਕਿਹਾ।

"ਨਹੀਂ, ਮੈਂ ਸਮਝਦੀ ਹਾਂ ਕਿ ਹੁਣ ਇਹ ਮਾਮਲਾ ਇਸ ਤਰ੍ਹਾਂ ਹੱਲ ਨਹੀਂ ਹੋਣਾ," ਸਾਨੂੰ ਹੀ ਕੋਈ ਯਤਨ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਤੂੰ ਵੀ ਬਚ ਜਾਏਂ ਤੇ ਮੇਰੀ ਅਤੇ ਚਾਚਾ ਜੀ ਦੀ ਵੀ ਨਾ ਵਿਗੜੇ ਤੇ ਨਾ ਹੀ ਰਹੀਮ 'ਤੇ ਕੋਈ ਦੂਸ਼ਣ ਲੱਗੇ।"

ਰਹੀਮ ਖ਼ਾਨ ਪਾਣੀ ਦੀ ਬਾਲਟੀ ਭਰ ਕੇ ਲੈ ਆਇਆ। ਜਦ ਤੋਂ ਇਸ ਖੂਹ 'ਤੇ ਰਹੀਮ ਨੂੰ ਭੇਜਿਆ ਗਿਆ ਏ, ਅੱਜ ਪਹਿਲੀ ਵਾਰ ਉਸ ਆਪ ਪਾਣੀ ਦੀ ਬਾਲਟੀ ਭਰੀ ਸੀ। ਭਰਦਾ ਵੀ ਕਿਸ ਤਰ੍ਹਾਂ ਨਾ ਜਦ ਕਿ ਫ਼ਾਤਮਾ ਨੇ ਹੁਕਮ ਦਿੱਤਾ ਸੀ। ਉਹਨੂੰ ਆਉਂਦਾ ਦੇਖ ਕੇ ਫ਼ਾਤਮਾ ਨੇ ਇਸ ਗੱਲ ਦਾ ਰੁਖ਼ ਮੋੜ ਲਿਆ ਅਤੇ ਕਿਹਾ, "ਜੀਤੋ, ਤੂੰ ਨਹੀਂ ਜਾਣਦੀ, ਇਹ ਮੇਰੇ ਦਿਲ ਜਾਨੀ ਨੇ, ਤੈਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਇਹਨਾਂ ਨੂੰ ਕਹੀਂ, ਇਹ ਤੇਰੀ ਮਦਦ ਕਰਨਗੇ। ਕਿਉਂ ਕਰੋਗੇ ਨਾ, ਰਹੀਮ ਜੀ ?"

"ਕਿਉਂ ਨਹੀਂ, ਮੈਂ ਨੌਕਰ ਕਿਸ ਦਾ ਹਾਂ। ਮੇਰੇ ਹੁੰਦਿਆਂ ਇਹਨਾਂ ਦੀ 'ਵਾ ਵੱਲ ਵੀ ਕੋਈ ਦੇਖ ਨਹੀਂ ਸਕਦਾ," ਰਹੀਮ ਨੇ ਕਿਹਾ।

"ਦੇਖੋ ਰਹੀਮ ਖ਼ਾਨ ਜੀ! ਚਾਚਾ ਜੀ ਆਉਣ ਤਾਂ ਉਹਨਾਂ ਨੂੰ ਵੀ ਕਿਸੇ ਤਰ੍ਹਾਂ ਟਾਲ ਦੇਣਾ। ਸਮਝ ਗਏ ਹੋ ਨਾ ਮੇਰੀ ਗੱਲ," ਫ਼ਾਤਮਾ ਨੇ ਕਿਹਾ, "ਚੰਗਾ ਜੀਤੋ, ਮੈਂ ਚੱਲਦੀ ਹਾਂ। ਕੋਈ ਆ ਨਾ ਜਾਏ। ਮੈਂ ਕਦੇ ਕਦੇ ਤੈਨੂੰ ਮਿਲਣ ਆ ਜਾਇਆ ਕਰਾਂਗੀ।"

"ਮੈਨੂੰ ਇਥੋਂ ਕਦੋਂ ਲੈ ਚੱਲੋਗੇ ?" ਜੀਤੋ ਨੇ ਪੁੱਛਿਆ।

"ਜਾਣਾ ਤੂੰ ਕਿਥੇ ਏ ?" ਫ਼ਾਤਮਾ ਨੇ ਕਿਹਾ। ਜੀਤੋ ਦਾ ਫਿਰ ਰੋਣ ਨਿਕਲ ਗਿਆ। ਫ਼ਾਤਮਾ ਨੇ ਉਹਨੂੰ ਗਲਵਕੜੀ ਵਿਚ ਲੈ ਲਿਆ ਤੇ ਉਹਦੇ ਕੰਨ ਵਿਚ ਹੌਲੀ ਜਿਹੀ ਕਿਹਾ, "ਘਬਰਾਂਦੀ ਕਿਉਂ ਏਂ ? ਮੈਂ ਤੇਰਾ ਹੁਣੇ ਪ੍ਰਬੰਧ ਕਰ ਦੇਣਾ ਏਂ। ਰਹੀਮ ਸਾਹਮਣੇ ਤੈਨੂੰ ਕਿਵੇਂ ਦੱਸ ਦਿਆਂ ਕਿ ਕਿਸ ਤਰ੍ਹਾਂ ਤੇ ਕਦੋਂ ਲਿਜਾਣਾ ਏਂ।"

ਜੀਤੋ ਉੱਠ ਕੇ ਕਮਰੇ ਵਿਚ ਚਲੀ ਗਈ ਤੇ ਰਹੀਮ ਬਾਹਰ ਦਰਵਾਜ਼ਾ ਬੰਦ ਕਰਨ ਲਈ ਗਿਆ। ਫ਼ਾਤਮਾ ਝੱਟ-ਪਟ ਪੱਟੀ ਦੇ ਰਾਹ ਪੈ ਗਈ।

ਰਹੀਮ ਖ਼ਾਨ ਜਦ ਦਰਵਾਜ਼ਾ ਬੰਦ ਕਰ ਕੇ ਮੁੜਿਆ ਤਾਂ ਫ਼ਾਤਮਾ ਜਾ ਚੁੱਕੀ ਸੀ। ਉਸ ਆਸ ਪਾਸ ਦੇਖਿਆ ਤੇ ਇਕ ਦੋ ਆਵਾਜ਼ਾਂ ਵੀ ਦਿੱਤੀਆਂ, ਪਰ ਫ਼ਾਤਮਾ ਅਣਸੁਣੀਆਂ ਕਰ ਕੇ ਤੇਜ਼ ਕਦਮ ਪੁੱਟਦੀ ਚਲੀ ਗਈ।

13

ਜੀਤੋ ਕਮਰੇ ਦੀ ਤਾਕੀ ਅੱਗੇ ਖਲੋਤੀ ਸੋਚਾਂ ਦੇ ਵਹਿਣ ਵਿਚ ਰੁੜ੍ਹੀ ਜਾ ਰਹੀ ਸੀ। ਉਸ ਸਿੱਖਾਂ ਬਾਰੇ ਬਹੁਤ ਕੁਝ ਸੁਣਿਆ ਜਾਣਿਆ ਨਹੀਂ ਸੀ। ਪਿੰਡ ਦੀਆਂ ਕੁੜੀਆਂ ਕਦੇ ਕਦੇ ਗੱਲਾਂ ਕਰਦੀਆਂ ਸਨ ਕਿ ਸਿਖ ਬੜੇ ਬਹਾਦਰ ਹੁੰਦੇ ਨੇ। ਇਹਨਾਂ ਕਿਸੇ ਦੀ ਇੱਜ਼ਤ ਲੁੱਟਣ ਦਾ ਯਤਨ ਨਹੀਂ ਕੀਤਾ। ਸਰਕਾਰ ਨਾਲ ਇਹਨਾਂ ਦੀ ਉੱਕੀ ਨਹੀਂ ਬਣਦੀ। ਫਿਰ ਉਹਨੂੰ ਦਿਆਲੇ ਦਾ ਖ਼ਿਆਲ ਆਇਆ। ਉਹ ਸਿਖ ਬਣ ਗਿਆ ਹੋਵੇਗਾ। ਉੱਤੋਂ ਤੇ ਘੋਨ ਮੋਨ ਸੀ ਤੇ ਪਗੜੀ ਵੀ ਸ਼ਾਇਦ ਪਹਿਲੀ ਵਾਰੀ ਹੀ ਬੰਨ੍ਹੀ ਸੀ, ਪਰ ਹੁਣ ਬੜੀ ਘੋਟਵੀਂ ਪਗੜੀ ਬੰਨ੍ਹੀ ਹੋਵੇਗੀ। ਹੁਣ ਤੇ ਪਛਾਣੇ ਵੀ ਨਹੀਂ ਜਾ ਸਕਣਗੇ। ਫਿਰ ਉਹਨੂੰ ਖ਼ਿਆਲ ਆਉਂਦਾ ਕਿ ਪਤਾ ਨਹੀਂ ਉਹ ਜਿਊਂਦੇ ਹਨ ਕਿ ਨਹੀਂ। ਜਦੋਂ ਖ਼ਿਆਲ 'ਨਹੀਂ' 'ਤੇ ਪੁੱਜਿਆ ਤਾਂ ਉਹਦਾ ਸਾਰਾ ਸਰੀਰ ਕੰਬ ਗਿਆ। ਉਹਦੀਆਂ ਅੱਖਾਂ ਵਿਚ ਆਪ-ਮੁਹਾਰੇ ਅੱਥਰੂ ਵਗ ਪਏ। ਰੋ ਰੋ ਕੇ ਉਹਦੀਆਂ ਅੱਖਾਂ ਦੇ ਅੱਥਰੂ ਵੀ ਸੁੱਕ ਗਏ ਸਨ ਤੇ ਹੁਣ ਜਦੋਂ ਜਜ਼ਬੇ ਦਾ ਬਹੁਤਾ ਹੀ ਜ਼ੋਰ ਪੈਂਦਾ ਤਾਂ ਇਕ ਅੱਧ ਅੱਥਰੂ ਹੀ ਆਉਂਦਾ ਤੇ ਬਹੁਤੀ ਵਾਰ ਉਹ ਵੀ ਪਲਕਾਂ ਵਿਚ ਹੀ ਅੜਿਆ ਰਹਿੰਦਾ ਤੇ ਅਖ਼ੀਰ ਉਹ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝ ਕੇ ਫਿਰ ਖ਼ਿਆਲਾਂ ਵਿਚ ਡੁੱਬ ਜਾਂਦੀ। "ਫ਼ਾਤਮਾ ਮੈਨੂੰ ਕਿਵੇਂ ਲਿਜਾਏਗੀ?" ਉਹਨੂੰ ਖ਼ਿਆਲ ਆਇਆ, "ਰਹੀਮ ਖ਼ਾਨ ਬਾਰੇ ਵੀ ਉਹਨੂੰ ਗ਼ਲਤ ਖ਼ਿਆਲ ਏ," ਫਿਰ ਉਸ ਸੋਚਿਆ, "ਨਹੀਂ, ਆਖ਼ਰ ਤੇ ਮਰਦ ਏ ਤ੍ਰੇ ਫਿਰ ਮਰਦ ਵੀ ਨੀਵੀਂ ਕਿਸਮ ਦਾ। ਜ਼ਰੂਰ ਹਰ ਗੱਲ ਕਰਨ ਲਈ ਤਿਆਰ ਹੋ ਸਕਦਾ ਏ।" ਜੀਤੋ ਨੇ ਬਾਹਰ ਨਜ਼ਰ ਮਾਰੀ ਤਾਂ ਰਹੀਮ ਖ਼ਾਨ ਥੋੜ੍ਹੀ ਦੂਰ ਇਕ ਪਾਸੇ ਮੰਜਾ ਡਾਹ ਕੇ ਲੇਟਿਆ ਪਿਆ ਸੀ। ਉਸ ਆਸੇ ਪਾਸੇ ਵੀ ਨਜ਼ਰ ਮਾਰੀ, ਪਰ ਉਹਨੂੰ ਕੋਈ ਨਾ ਦਿੱਸਿਆ।

"ਜ਼ਰਾ ਗੱਲ ਸੁਣੋਗੇ," ਉਸ ਆਵਾਜ਼ ਮਾਰੀ, ਪਰ ਰਹੀਮ ਖ਼ਾਨ ਸੁੱਤਾ ਪਿਆ ਹੋਰ ਹੀ ਸੁਪਨੇ ਲੈ ਰਿਹਾ ਸੀ, ਉਸ ਆਵਾਜ਼ ਨਾ ਸੁਣੀ। ਜੀਤੋ ਨੇ ਫਿਰ ਆਵਾਜ਼ ਦਿੱਤੀ, "ਰਹੀਮ ਖ਼ਾਨ ਜੀ!"

ਰਹੀਮ ਖ਼ਾਨ ਤ੍ਰਬਕ ਕੇ ਉੱਠ ਬੈਠਾ। ਇਕ ਜ਼ਨਾਨਾ ਆਵਾਜ਼ ਰਹੀਮ ਖ਼ਾਨ ਦਾ ਨਾਂ ਲੈ ਰਹੀ ਸੀ। ਇਸ ਖੂਹ 'ਤੇ ਉਹਨੂੰ ਕੌਣ ਆਵਾਜ਼ ਦੇਣ ਆ ਸਕਦੀ ਏ? ਉਹ ਮੰਜੇ 'ਤੇ ਹੈਰਾਨ ਹੋ ਕੇ ਬੈਠ ਗਿਆ ਤੇ ਚਾਰ-ਚੁਫੇਰੇ ਉਸ ਨਜ਼ਰ ਮਾਰੀ, ਪਰ ਉਹਨੂੰ ਕੋਈ ਨਾ ਦਿਸਿਆ। ਅਜੇ ਤਕ ਕਦੇ ਜੀਤੋ ਨੇ ਉਹਨੂੰ ਆਵਾਜ਼ ਨਹੀਂ ਸੀ ਦਿੱਤੀ, ਇਸ ਲਈ ਉਹਨੂੰ ਸ਼ੱਕ ਵੀ ਨਹੀਂ ਹੋ ਸਕਦਾ ਸੀ ਕਿ ਇਹ ਜੀਤੋ ਏ। ਉਸ ਸਮਝਿਆ ਸ਼ਾਇਦ ਐਵੇਂ ਮੇਰੇ ਕੰਨ ਹੀ ਬੋਲਦੇ ਹੋਣ, ਇਸ ਲਈ ਉਹ ਫਿਰ ਲੇਟ ਗਿਆ। ਜੀਤੋ ਦਾ ਖ਼ਿਆਲ ਸੀ ਕਿ

ਸੁੱਤਾ ਉਠਿਆ ਏ, ਹੁਣ ਆਏਗਾ। ਮੰਜਾ ਉਹਦਾ ਤਾਕੀ ਦੇ ਇਕ ਪਾਸੇ ਤਿਰਛਵਾਂ ਜਿਹਾ ਸੀ, ਜਿਸ ਵੱਲ ਦੇਖਣ ਲਈ ਤਾਕੀ ਦੇ ਬਿਲਕੁਲ ਨਾਲ ਇਕ ਨੁੱਕਰੇ ਲੱਗਣਾ ਪੈਂਦਾ ਸੀ। ਜੀਤੋ ਨੇ ਫਿਰ ਆਵਾਜ਼ ਦਿੱਤੀ, "ਰਹੀਮ ਖ਼ਾਨ ਜੀ, ਜ਼ਰਾ ਗੱਲ ਸੁਣਿਆ ਜੇ।"

ਹੁਣ ਰਹੀਮ ਖ਼ਾਨ ਜਾਗਦਾ ਸੀ, ਇਸ ਲਈ ਸਮਝ ਗਿਆ ਕਿ ਇਹ ਆਵਾਜ਼ ਤਾਕੀ ਵਿੱਚੋਂ ਆ ਰਹੀ ਏ। ਝੱਟ ਮੰਜੇ ਤੋਂ ਉਠਿਆ ਤੇ ਤਾਕੀ ਸਾਹਮਣੇ ਆ ਗਿਆ। ਜੀਤੋ ਤਾਕੀ ਪਿੱਛੇ ਖਲੋਤੀ ਅੱਜ ਪਹਿਲੀ ਵਾਰ ਉਹਦੇ ਵੱਲ ਦੇਖ ਰਹੀ ਸੀ। ਅੱਗੇ ਜਦੋਂ ਕਦੇ ਵੀ ਰਹੀਮ ਖ਼ਾਨ ਤਾਕੀ ਸਾਹਮਣੇ ਆਉਂਦਾ ਤਾਂ ਜੀਤੋ ਇਕ ਦਮ ਅੱਖਾਂ ਨੀਵੀਆਂ ਪਾ ਲੈਂਦੀ ਤੇ ਜਿਤਨੀ ਦੇਰ ਉਹ ਖਲੋਤਾ ਰਹਿੰਦਾ ਉਹਦੇ ਵੱਲ ਅੱਖ ਪੁੱਟ ਕੇ ਨਾ ਤੱਕਦੀ। ਇਕ-ਦੋ ਵਾਰ ਰਹੀਮ ਖ਼ਾਨ ਨੇ ਦਰਵਾਜ਼ਾ ਖੋਲ੍ਹ ਕੇ ਕਮਰੇ ਵਿਚ ਵੀ ਜਾਣ ਦਾ ਯਤਨ ਕੀਤਾ ਪਰ ਜਦੋਂ ਵੀ ਉਹ ਮੁਹਾਠ ਟੱਪਦਾ ਤਾਂ ਜੀਤੋ ਚੀਕਾਂ ਮਾਰਨ ਲੱਗ ਜਾਂਦੀ ਤੇ ਰਹੀਮ ਖ਼ਾਨ ਇਸ ਗੱਲ ਤੋਂ ਡਰਦਾ ਮੁੜ ਜਾਂਦਾ ਕਿ ਕਿਧਰੇ ਕਿਸੇ ਸਿਪਾਹੀ ਨੇ ਦੇਖ ਲਿਆ ਤਾਂ ਜਾਫ਼ਰ ਬੇਗ ਨੂੰ ਜਾ ਦੱਸੇਗਾ। ਰਹੀਮ ਖ਼ਾਨ ਦਾ ਸਿਪਾਹੀਆਂ ਨਾਲ ਵਤੀਰਾ ਚੰਗਾ ਨਹੀਂ ਸੀ ਤੇ ਇਸ ਲਈ ਇਹਨੂੰ ਵੀ ਸਦਾ ਡਰ ਰਹਿੰਦਾ ਸੀ ਕਿ ਸਿਪਾਹੀ ਕਿਸੇ ਵੇਲੇ ਵੀ ਜਾਫ਼ਰ ਬੇਗ ਨੂੰ ਉਹਦੇ ਬਾਰੇ ਦੱਸ ਸਕਦੇ ਹਨ।

ਅੱਜ ਪਹਿਲੀ ਵਾਰ ਜੀਤੋ ਨੇ ਉਹਨੂੰ ਆਪ ਬੁਲਾਇਆ ਸੀ ਤੇ ਫਿਰ ਉਹਦੇ ਵੱਲ ਤੱਕਿਆ ਸੀ। ਰਹੀਮ ਖ਼ਾਨ ਨੇ ਪੁੱਛਿਆ, "ਤੂੰ ਸੱਦਿਆ ਏ ?"

"ਜੀ ਆ," ਜੀਤੋ ਨੇ ਕਿਹਾ।

"ਕਿਉਂ ?" ਰਹੀਮ ਖ਼ਾਨ ਨੇ ਹੈਰਾਨ ਹੋ ਕੇ ਕਿਹਾ। ਉਹਦਾ ਖ਼ਿਆਲ ਸੀ ਕਿ ਸ਼ਾਇਦ ਫ਼ਾਤਮਾ ਨਾਲ ਮੇਰੀਆਂ ਗੱਲਾਂ ਦੀ ਰੌਸ਼ਨੀ ਵਿਚ ਇਹਦਾ ਵਤੀਰਾ ਬਦਲ ਗਿਆ ਏ।

"ਤੁਸੀਂ ਫ਼ਾਤਮਾ ਨੂੰ ਪਿਆਰ ਕਰਦੇ ਹੋ ?" ਜੀਤੋ ਨੇ ਬੜੇ ਨਿਝੱਕ ਹੋ ਕੇ ਪੁੱਛਿਆ।

"ਨਹੀਂ," ਰਹੀਮ ਖ਼ਾਨ ਨੇ ਉੱਤਰ ਦਿੱਤਾ।

"ਤੁਸੀਂ ਮੈਨੂੰ ਧੋਖਾ ਦੇਂਦੇ ਹੋ," ਜੀਤੋ ਨੇ ਸਾਫ਼ ਕਹਿ ਦਿੱਤਾ, "ਮੈਨੂੰ ਫ਼ਾਤਮਾ ਦੱਸ ਗਈ ਏ ਸਾਰੀ ਗੱਲ।"

"ਕੀ ਦੱਸਿਆ ਏ ਉਸ ?" ਰਹੀਮ ਖ਼ਾਨ ਨੇ ਉਤਾਵਲੇ ਹੋ ਕੇ ਪੁੱਛਿਆ।

"ਪਹਿਲਾਂ ਤੁਸੀਂ ਦੱਸੋ, ਕੀ ਤੁਸੀਂ ਉਹਨੂੰ ਪਿਆਰ ਕਰਦੇ ਹੋ ਕਿ ਨਹੀਂ ?" ਜੀਤੋ ਨੇ ਫਿਰ ਪੁੱਛਿਆ।

"ਹਾਂ, ਮੈਂ ਉਹਨੂੰ ਪਿਆਰ ਕਰਦਾ ਹਾਂ। ਹੁਣ ਦੱਸ, ਉਸ ਤੈਨੂੰ ਕੀ ਕਿਹਾ ਏ ?"

"ਬਸ ਇਹੀ, ਜੋ ਕੁਝ ਤੁਸੀਂ ਕਿਹਾ ਏ," ਜੀਤੋ ਨੇ ਕਿਹਾ, "ਉਸ ਬਿਨਾਂ ਹੁਣ ਕਿਵੇਂ ਦਿਨ ਕੱਟ ਰਹੇ ਹੋ ?"

"ਕੀ ਪੁੱਛਦੀ ਏਂ, ਉਸ ਬਿਨਾਂ ਮੇਰਾ ਹਾਲ ਕੀ ਏ ? ਕਈ ਵਾਰੀ ਤਾਂ ਜੀ ਕਰਦੈ ਕਿ ਫ਼ਾਤਮਾ ਨੂੰ ਚਸ਼ਮਾਂ 'ਤੇ ਬਿਠਾਈ ਰੱਖਾਂ ਪਰ ਜਦੋਂ ਉਹਦੇ ਕਈ ਕਈ ਦਿਨ ਦਰਸ਼ਨ ਨਹੀਂ ਹੁੰਦੇ ਤਾਂ ਜੀ ਕਰਦੈ ਕਿ ਇਸ ਜਿਊਣ ਨਾਲੋਂ ਤਾਂ ਮਰ ਜਾਈਏ ?"

"ਸੱਚੀਂ," ਜੀਤੋ ਨੇ ਮਾਸੂਮਾਂ ਵਾਲਾ ਮੂੰਹ ਬਣਾ ਕੇ ਕਿਹਾ, "ਪਿਆਰ ਵਿਚ ਇਹ ਹਾਲਤ ਹੋ ਜਾਂਦੀ ਏ ?"

"ਤੈਨੂੰ ਨਹੀਂ ਪਤਾ," ਰਹੀਮ ਖ਼ਾਨ ਨੇ ਪੁੱਛਿਆ, "ਐਵੇਂ ਤੇ ਨਹੀਂ ਦਿਨ ਰਾਤ ਰੋਂਦੀ ਰਹਿੰਦੀ।"

"ਪਰ ਤੈਨੂੰ ਮੇਰੀ ਹਾਲਤ 'ਤੇ ਤਰਸ ਨਹੀਂ ਆਇਆ। ਤੁਸੀਂ ਹੀ ਮੈਨੂੰ ਲਿਆਉਣ ਵਾਲੇ ਹੋ," ਜੀਤੋ ਨੇ ਕਿਹਾ, "ਘੱਟੋ ਘੱਟ ਪਿਆਰ ਕਰਨ ਵਾਲੇ ਨੂੰ ਤਾਂ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ।"

"ਮੇਰੇ ਵੱਸ ਦੀ ਗੱਲ ਨਹੀਂ, ਜੋ ਕੁਝ ਮੈਂ ਕੀਤਾ, ਉਹ ਜਾਫ਼ਰ ਬੇਗ ਦੇ ਕਹਿਣ 'ਤੇ ਕੀਤਾ ਏ," ਰਹੀਮ ਖ਼ਾਨ ਨੇ ਕਿਹਾ।

"ਚਲੋ ਹੁਣ ਹੀ ਮੈਨੂੰ ਛੱਡ ਦਿਓ," ਜੀਤੋ ਨੇ ਕਿਹਾ।

"ਤੈਨੂੰ ਛੱਡ ਦਿਆਂ ਤੇ ਆਪਣੀ ਨੌਕਰੀ ਗੁਆ ਲਵਾਂ," ਰਹੀਮ ਖ਼ਾਨ ਨੇ ਕਿਹਾ, "ਜਾਫ਼ਰ ਬੇਗ ਨੇ ਮੇਰੇ ਸਿਰ ਦਾ ਵਾਲ ਇਕ ਨਹੀਂ ਛੱਡਣਾ।"

"ਫਿਰ ਤੁਹਾਨੂੰ ਵੀ ਫ਼ਾਤਮਾ ਨਹੀਂ ਮਿਲਦੀ," ਜੀਤੋ ਨੇ ਕਿਹਾ, "ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਮੈਂ ਤੁਹਾਡਾ ਤੇ ਫ਼ਾਤਮਾ ਦਾ ਕੰਮ ਬਣਾ ਦਿਆਂਗੀ।"

"ਕਿਵੇਂ ?"

"ਇਹ ਹੁਣੇ ਕਿਉਂ ਦੱਸਾਂ ?"

"ਤੈਨੂੰ ਛੱਡਿਆ ਤੇ ਤੂੰ ਨੱਸ ਜਾਣਾ ਏਂ ਤੇ ਮੈਂ ਫਿਰ ਕਿਸ ਨੂੰ ਫੜਾਂਗਾ," ਰਹੀਮ ਖ਼ਾਨ ਨੇ ਕਿਹਾ।

"ਜੇ ਤੁਹਾਨੂੰ ਮੇਰੇ 'ਤੇ ਇਤਬਾਰ ਨਹੀਂ ਆਉਂਦਾ ਤਾਂ ਕੋਈ ਲਾਭ ਨਹੀਂ ਹੋ ਸਕਦਾ। ਆਖ਼ਰ ਦੁਨੀਆਂ ਵਿਚ ਇਤਬਾਰ ਨਾਲ ਹੀ ਕੰਮ ਹੁੰਦੇ ਨੇ। ਜੇ ਤੁਸੀਂ ਭਰੋਸਾ ਕਰ ਨਹੀਂ ਸਕਦੇ ਤਾਂ ਭਰੋਸਾ ਲੈ ਕਿਵੇਂ ਸਕਦੇ ਹੋ। ਫ਼ਾਤਮਾ ਨਾਲ ਇਸ ਮਾਮਲੇ 'ਤੇ ਸਾਰੀ ਗੱਲ ਕਰ ਲਈ ਏ। ਤੁਸੀਂ ਪਾਣੀ ਲੈਣ ਗਏ ਹੋਏ ਸਓ ਤਾਂ ਮੈਂ ਉਹਨੂੰ ਕਿਹਾ ਸੀ। ਉਸ ਦਾ ਤੁਹਾਨੂੰ ਪਤਾ ਈ ਏ ਕਿ ਮੇਰੇ ਨਾਲ ਕਿੰਨਾ ਪਿਆਰ ਏ। ਮੇਰੇ ਪਿੱਛੇ ਉਹ ਵਿਚਾਰੀ ਰਾਤ ਨੂੰ ਆਪਣੀ ਜਾਨ ਤੇ ਆਪਣੀ ਇੱਜ਼ਤ ਖ਼ਤਰੇ ਵਿਚ ਪਾ ਕੇ ਆਈ ਸੀ। ਉਹ ਕਹਿ ਗਈ ਏ ਕਿ ਜੇ ਰਹੀਮ ਖ਼ਾਨ ਹੋਰੀਂ ਇਤਨੀ ਕੁਰਬਾਨੀ ਕਰ ਦੇਣ ਤਾਂ ਮੈਂ ਉਹਨਾਂ ਨਾਲ ਵਿਆਹ ਕਰਨ ਲਈ ਤਿਆਰ ਹਾਂ। ਹੁਣ ਦੱਸੋ ਤੁਹਾਡੀ ਕੀ ਸਲਾਹ ਏ ?" ਜੀਤੋ ਨੇ ਬੜੀ ਹੁਸ਼ਿਆਰੀ

ਨਾਲ ਰਹੀਮ ਖ਼ਾਨ ਨੂੰ ਕਾਬੂ ਕਰ ਲਿਆ। ਉਹ ਸੋਚੀਂ ਪੈ ਗਿਆ ਕਿ ਹੁਣ ਕੀ ਕਰੇ। ਜੇ ਉਹ ਜੀਤੋ ਨੂੰ ਛੱਡ ਦੇਵੇ ਤਾਂ ਜਾਫ਼ਰ ਬੇਗ ਨੇ ਜਾਨ ਨਹੀਂ ਛੱਡਣੀ ਤੇ ਹੋ ਸਕਦਾ ਏ ਕਿ ਉਹ ਇਤਨਾ ਗੁੱਸੇ ਹੋ ਜਾਏ ਕਿ ਉਸ ਫ਼ਾਤਮਾ ਦਾ ਰਿਸ਼ਤਾ ਕਰਨਾ ਵੀ ਹੋਵੇ ਤਾਂ ਵੀ ਮੇਰੇ ਨਾਲ ਕਰਨ ਤੋਂ ਇਨਕਾਰ ਕਰ ਦੇਵੇ। ਆਖ਼ਰ ਉਹਦੀ ਮਰਜ਼ੀ ਤੋਂ ਬਿਨਾਂ ਤਾਂ ਵਿਆਹ ਹੋ ਨਹੀਂ ਸਕਦਾ। ਝੱਟ ਸੋਚਣ ਪਿੱਛੋਂ ਉਸ ਕਿਹਾ, "ਜੀਤੋ, ਮੈਂ ਤੈਨੂੰ ਛੱਡਣ ਲਈ ਤਿਆਰ ਹਾਂ। ਵੇਖੀ ਜਾਏਗੀ ਜੋ ਕੁਝ ਮੇਰੇ ਨਾਲ ਬੀਤੇਗੀ ਪਰ ਇਕ ਸ਼ਰਤ ਏ ਕਿ ਫ਼ਾਤਮਾ ਮੇਰੇ ਸਾਹਮਣੇ ਕਹਿ ਦੇਵੇ ਕਿ ਮੈਂ ਜੀਤੋ ਨੂੰ ਛੱਡ ਦਿਆਂ ਤਾਂ ਉਹ ਮੇਰੇ ਨਾਲ ਵਿਆਹ ਕਰਾ ਲਏਗੀ। ਫਿਰ ਮੈਂ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ।"

"ਉਹ ਕਹਿ ਦਏਗੀ।"

"ਮੈਂ ਛੱਡ ਦਿਆਂਗਾ।"

"ਉਹ ਕਦੋਂ ਕਹੇਗੀ?"

"ਮੈਂ ਇਹਨੂੰ ਅੱਜ ਹੀ ਸੁਨੇਹਾ ਭੇਜ ਦੇਂਦੀ ਹਾਂ ਕਿ ਕੱਲ੍ਹ ਰਾਤ ਨੂੰ ਜ਼ਰੂਰ ਆ ਕੇ ਮਿਲੇ। ਤੁਹਾਡੇ ਸਾਹਮਣੇ ਗੱਲ ਕਰਾ ਦਿਆਂਗੀ। ਇੰਜ ਕਰੋ ਕਿ ਤੁਸੀਂ ਆਪ ਹੀ ਕਿਸੇ ਬਹਾਨੇ ਜਾ ਕੇ ਉਹਨੂੰ ਕਹਿ ਆਓ ਕਿ ਜੀਤੋ ਤੈਨੂੰ ਯਾਦ ਪਈ ਕਰਦੀ ਏ।"

"ਚੰਗਾ ਮੈਂ ਕਹਿ ਦਿਆਂਗਾ," ਰਹੀਮ ਖ਼ਾਨ ਨੇ ਕਿਹਾ। ਉਹ ਖਲੋਤਾ ਥੱਕ ਗਿਆ ਤੇ ਤਾਕੀ ਦੀਆਂ ਸੀਖਾਂ ਫੜ ਕੇ ਝੁਕ ਗਿਆ।

ਕੋਠੇ ਦੇ ਦੂਜੇ ਪਾਸਿਉਂ ਪੈਰਾਂ ਦੀ ਆਵਾਜ਼ ਆਈ ਤੇ ਝੱਟ ਹੀ ਜਾਫ਼ਰ ਬੇਗ ਸਾਹਮਣੇ ਆ ਗਿਆ। ਰਹੀਮ ਖ਼ਾਨ ਨੂੰ ਤਾਕੀ ਅੱਗੇ ਝੁਕਿਆ ਤੇ ਜੀਤੋ ਨੂੰ ਅੰਦਰ ਸਾਹਮਣੇ ਖਲੋਤਾ ਦੇਖ ਕੇ ਉਹਨੂੰ ਗੁੱਸਾ ਚੜ੍ਹ ਗਿਆ। ਅੱਖਾਂ ਵਿਚ ਲਾਲੀ ਆ ਗਈ ਤੇ ਮੱਥੇ 'ਤੇ ਦੋ-ਤਿੰਨ ਮੋਟੇ ਮੋਟੇ ਵੱਟ ਪੈ ਗਏ। ਉਸ ਸਿਰ ਹਿਲਾਂਦਿਆਂ ਕਿਹਾ, "ਹੂੰ ਇਹ ਗੱਲ ਏ! ਮੇਰੇ ਪਿੱਛੋਂ ਹੋਰ ਕਰਤੂਤਾਂ ਹੋ ਰਹੀਆਂ ਨੇ।"

"ਸਲਾਮ ਮੀਆਂ ਜੀ," ਰਹੀਮ ਖ਼ਾਨ ਨੇ ਇਕ ਦਮ ਸਿੱਧੇ ਖੜੇ ਹੁੰਦਿਆਂ ਕਿਹਾ, "ਕਦੋਂ ਆਏ ਹੋ?"

"ਜਦੋਂ ਤੂੰ ਦੇਖ ਲਿਆ ਏ," ਜਾਫ਼ਰ ਬੇਗ ਨੇ ਕੁਰੱਖ਼ਤ ਤਰੀਕੇ ਨਾਲ ਉੱਤਰ ਦਿੱਤਾ। ਰਹੀਮ ਖ਼ਾਨ ਡਰ ਗਿਆ। ਉਹਦੇ ਮੱਥੇ 'ਤੇ ਇਕ ਦਮ ਤਰੇਲੀ ਜਿਹੀ ਆ ਗਈ ਤੇ ਰੰਗ ਉੱਡ ਗਿਆ, ਪਰ ਛੇਤੀ ਉਸ ਆਪਣੇ ਆਪ ਨੂੰ ਸੰਭਾਲ ਲਿਆ ਤੇ ਕਿਹਾ, "ਮੈਂ ਇਹਨੂੰ ਪਿਆ ਸਮਝਾਂਦਾ ਸਾਂ ਕਿ ਕਿੰਨੇ ਕੁ ਦਿਨ ਰੋਈ ਜਾਏਂਗੀ, ਹੁਣ ਤੂੰ ਰਹਿਣਾ ਤਾਂ ਇਥੇ ਈ ਏ, ਫਿਰ ਕਿਉਂ ਨਾ ਖ਼ੁਸ਼ ਖ਼ੁਸ਼ ਰਹਿ ਕੇ ਮੌਜਾਂ ਮਾਣੇ। ਕੀ ਕਰੇਂਗੀ ਉਸ ਕੰਗਾਲ ਦੇ ਘਰ ਜਾ ਕੇ ਜਿਥੇ ਤੈਨੂੰ ਰਜਵੀਂ ਰੋਟੀ ਵੀ ਚੰਗੀ ਨਸੀਬ ਨਹੀਂ ਹੋਣੀ। ਪਰ ਇਸ ਇਕੋ

ਨਾਂਹ ਫੜੀ ਹੋਈ ਏ।"

ਜਾਫ਼ਰ ਬੇਗ ਨੇ ਅੱਖ ਪੁੱਟ ਕੇ ਜੀਤੋ ਵੱਲ ਤੱਕਿਆ। ਉਹਦੀਆਂ ਅੱਖਾਂ ਨੀਵੀਆਂ ਸਨ ਤੇ ਚਿਹਰੇ ਦਾ ਰੰਗ ਪੀਲਾ ਜ਼ਰਦ ਹੋਇਆ ਪਿਆ ਸੀ।

ਗੱਲ੍ਹਾਂ ਦਾ ਲਾਲ ਗੁਲਾਬੀ ਰੰਗ ਉੱਡ ਗਿਆ ਸੀ ਪਰ ਉਹਨਾਂ ਵਿਚ ਡੂੰਘੇ ਟੋਏ ਪਏ ਹੋਏ ਸਨ। ਸਰੀਰ ਤੋਂ ਹੀ ਪਤਾ ਲੱਗ ਰਿਹਾ ਸੀ ਕਿ ਉਹਦਾ ਦਿਲ ਬੜੀ ਘਬਰਾਹਟ ਨਾਲ ਤੇਜ਼ ਧੱਕ ਧੱਕ ਕਰ ਰਿਹਾ ਹੈ। ਜਾਫ਼ਰ ਬੇਗ ਨੇ ਰਹੀਮ ਖ਼ਾਨ ਨੂੰ ਇਸ਼ਾਰਾ ਕੀਤਾ ਤੇ ਉਸ ਕਮਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ। ਜੀਤੋ ਸਖ਼ਤ ਘਬਰਾ ਗਈ। ਉਹਨੂੰ ਚੱਕਰ ਆ ਗਿਆ, ਖਲੋਤੀ ਹੋਈ ਧੜੱਮ ਕਰ ਕੇ ਜ਼ਮੀਨ 'ਤੇ ਡਿੱਗ ਪਈ। ਜਾਫ਼ਰ ਬੇਗ ਤੇ ਰਹੀਮ ਖ਼ਾਨ ਨੇ ਭੱਜ ਕੇ ਉਹਨੂੰ ਥੰਮ੍ਹਿਆ। ਬਾਹਰ ਚੁੱਕ ਕੇ ਲੈ ਆਂਦਾ ਤੇ ਮੰਜੇ 'ਤੇ ਪਾ ਦਿੱਤਾ। ਰਹੀਮ ਭੱਜਾ ਭੱਜਾ ਗਿਆ ਤੇ ਪਾਣੀ ਦੀ ਬਾਲਟੀ ਭਰ ਲਿਆਇਆ ਤੇ ਜੀਤੋ ਦੇ ਮੂੰਹ 'ਤੇ ਪਾਣੀ ਦੇ ਛੱਟੇ ਮਾਰੇ।

"ਕੀ ਗੱਲ ਏ, ਬੀਮਾਰ ਰਹੀ ਏ," ਜਾਫ਼ਰ ਬੇਗ ਨੇ ਪੁੱਛਿਆ।

"ਨਹੀਂ ਜੀ, ਬੀਮਾਰ ਤੇ ਖ਼ਾਸ ਨਹੀਂ ਰਹੀ। ਸਿਰਫ਼ ਰੋਂਦੀ ਹੀ ਰਹੀ ਏ। ਸਾਨੂੰ ਤੇ ਕਦੇ ਦੱਸਿਆ ਨਹੀਂ ਸੂ, ਹੋ ਸਕਦਾ ਏ ਬੀਮਾਰ ਰਹੀ ਹੋਵੇ। ਮੇਰਾ ਖ਼ਿਆਲ ਏ ਤੁਹਾਡੇ ਤੋਂ ਘਬਰਾ ਗਈ ਏ।"

"ਕੰਜਰਾ, ਤੇਰੇ ਨਾਲ ਤਾਂ ਮਿੱਠੀਆਂ ਮਿੱਠੀਆਂ ਗੱਲਾਂ ਕਰ ਰਹੀ ਸੀ ਤੇ ਸਾਨੂੰ ਵੇਖ ਕੇ ਘਬਰਾ ਗਈ ਏ। ਕਿਉਂ ਅਸੀਂ ਕੋਈ ਰਾਕਸ਼ ਹਾਂ," ਜਾਫ਼ਰ ਬੇਗ ਨੇ ਜ਼ਰਾ ਜੋਸ਼ ਨਾਲ ਕਿਹਾ।

"ਤੁਸੀਂ ਮੇਰੇ 'ਤੇ ਐਵੇਂ ਸ਼ੱਕ ਕਰਨ ਲੱਗ ਪਏ ਓ," ਰਹੀਮ ਖ਼ਾਨ ਨੇ ਕਿਹਾ, "ਮੈਂ ਸੱਚ ਕਹਿੰਦਾ ਹਾਂ ਕਿ ਇਹ ਸਾਡੇ ਨਾਲ ਕਦੇ ਨਹੀਂ ਜੇ ਬੋਲੀ। ਹੁਣ ਵੀ ਤੁਸਾਂ ਇਹਦੀ 'ਵਾਜ ਨਹੀਂ ਸੁਣੀ ਹੋਣੀ। ਸਿਰਫ਼ ਮੈਂ ਹੀ ਪਿਆ ਸਮਝਾਂਦਾ ਸਾਂ ਕਿ ਇਥੇ ਸ਼ਾਹੀ ਮੌਜਾਂ ਨੇ। ਕੀ ਕਰਨਾ ਈ ਭੌਖੜੇ ਦੇ ਮਾਰਿਆਂ ਦੇ ਘਰ। ਤੁਸੀਂ ਇਹਨੂੰ ਅਜੇ ਕੁਝ ਦਿਨ ਇਸ ਤਰ੍ਹਾਂ ਹੀ ਰਹਿਣ ਦਿਓ। ਮੇਰਾ ਖ਼ਿਆਲ ਏ ਕਿ ਇਹ ਛੇਤੀ ਠੀਕ ਹੋ ਜਾਏਗੀ। ਤੁਹਾਨੂੰ ਪਤਾ ਈ ਏ ਕਿ ਡੰਗਰ ਵੀ ਕਿੱਲਿਉਂ ਖੋਲ੍ਹ ਲਿਆਓ ਤੇ ਉਹ ਵੀ ਨਵੀਂ ਥਾਂ ਖੁਰਲੀ 'ਤੇ ਨਹੀਂ ਟਿਕਦਾ। ਇਹ ਤਾਂ ਫਿਰ ਆਦਮ ਜ਼ਾਤ ਏ।"

ਜਾਫ਼ਰ ਬੇਗ ਇਸ ਵਿਸ਼ੇ 'ਤੇ ਰਹੀਮ ਨਾਲ ਗੱਲ-ਬਾਤ ਨਹੀਂ ਸੀ ਕਰਨਾ ਚਾਹੁੰਦਾ। ਉਹਦਾ ਵਿਚਾਰ ਸੀ ਕਿ ਜੇ ਨੌਕਰਾਂ ਨਾਲ ਮਾਲਕ ਖੁੱਲ੍ਹ ਜਾਣ ਤਾਂ ਉਹਨਾਂ ਦਾ ਰੋਹਬ ਨਹੀਂ ਰਹਿੰਦਾ। ਇਸੇ ਲਈ ਉਸ ਗੱਲ-ਬਾਤ ਦਾ ਰੁਖ਼ ਝੱਟ ਮੋੜਿਆ, "ਕੀ ਹਾਲ ਰਿਹਾ ਏ ਪਿੱਛੋਂ, ਕਦੇ ਪੱਟੀ ਵੀ ਗਿਆ ਸੀ ਕਿ ਇਥੇ ਹੀ ਰਿਹਾ ਏਂ ?"

"ਹੱਦ ਹੋ ਗਈ! ਪੱਟੀ ਕਦੋਂ ਜਾਂਦਾ, ਇੱਡੀ ਕਰੜੀ ਸੌਂਪਣੀ ਕਰ ਗਏ ਸਓ, ਮੈਂ ਕਿਸੇ ਦਾ ਵਸਾਹ ਨਹੀਂ ਕੀਤਾ। ਸਿਰਫ਼ ਇਕ ਵਾਰ ਪਿੰਡ ਗਿਆ ਸਾਂ ਜਦੋਂ ਕਾਦਰ ਬਖ਼ਸ਼ ਦੇ ਆਉਣ ਦਾ ਪਤਾ ਲੱਗਾ।"

"ਕਾਦਰ ਬਖ਼ਸ਼ ਆ ਗਿਆ ਏ?" ਜਾਫ਼ਰ ਬੇਗ ਉਹਦੀ ਆਸ ਲਾਹ ਬੈਠਾ ਸੀ ਅਤੇ ਉਹਨੂੰ ਖ਼ਿਆਲ ਹੀ ਨਹੀਂ ਸੀ ਕਿ ਉਹ ਘਰ ਆ ਗਿਆ ਹੋਵੇਗਾ। ਉਸ ਕਿਹਾ, "ਮੈਨੂੰ ਪਤਾ ਕਿਉਂ ਨਹੀਂ ਦਿੱਤਾ? ਕਦੋਂ ਆਇਆ ਏ?"

"ਮੈਨੂੰ ਤਾਂ ਪਤਾ ਨਹੀਂ ਤੁਹਾਨੂੰ ਖ਼ਬਰ ਕਿਉਂ ਨਹੀਂ ਦਿੱਤੀ। ਮੇਰਾ ਖ਼ਿਆਲ ਏ ਕਿ ਉਹਨਾਂ ਨੂੰ ਪਤਾ ਹੀ ਨਹੀਂ ਕਿ ਤੁਸੀਂ ਕਿਥੇ ਸਓ।"

"ਜਾਣਾ ਕਿਥੇ ਸੀ, ਤਰਨ ਤਾਰਨ ਦੇ ਲਾਗੇ ਦੇ ਜੰਗਲ ਢੂੰਡ ਮਾਰੇ ਨੇ। ਜਿਥੇ ਵੀ ਗਿਆ, ਉਥੋਂ ਹੀ ਪਤਾ ਲੱਗਦਾ ਕਿ ਸਿੱਖਾਂ ਦਾ ਟੋਲਾ ਇਧਰ ਲੰਘ ਗਿਆ ਏ।"

"ਸਿੱਖਾਂ ਉਹਨੂੰ ਆਪੇ ਛੱਡ ਦਿੱਤਾ ਏ," ਰਹੀਮ ਖ਼ਾਨ ਨੇ ਕਿਹਾ, "ਤੁਹਾਨੂੰ ਹੋਰ ਗੱਲ ਦੱਸਾਂ, ਮੈਨੂੰ ਕਿਧਰੋਂ ਭਿਣਕ ਪਈ ਜੇ ਕਿ ਜੀਤੋ ਦਾ ਖਸਮ ਵੀ ਸਿਖ ਬਣ ਗਿਆ ਏ।"

"ਉਹ ਵੀ ਸਿਖ ਹੋ ਗਿਆ?" ਜਾਫ਼ਰ ਬੇਗ ਨੇ ਹੈਰਾਨ ਹੋ ਕੇ ਪੁੱਛਿਆ।

"ਜੀ ਹਾਂ।"

"ਲੋਕਾਂ ਨੂੰ ਕੀ ਹੁੰਦਾ ਜਾਂਦੈ। ਜਿਧਰ ਜਾਓ, ਇਹੀ ਸੁਣੀਦਾ ਏ ਕਿ ਲੋਕ ਸਿਖ ਹੁੰਦੇ ਜਾਂਦੇ ਨੇ। ਆਖ਼ਰ ਲੋਕਾਂ ਨੂੰ ਸਿਖ ਬਣਨ ਵਿਚ ਲੱਭਦਾ ਕੀ ਏ? ਅਸੀਂ ਇਹਨਾਂ ਨੂੰ ਪਿੰਡ ਵਿਚ ਟਿਕਣ ਨਹੀਂ ਦਿੰਦੇ। ਜਿਥੇ ਲੱਭਣ, ਮਾਰਨ ਨੂੰ ਤਿਆਰ ਹੋ ਜਾਂਦੇ ਹਾਂ ਪਰ ਪਤਾ ਨਹੀਂ ਇਹ ਕਿਹੜੀ ਮਿੱਟੀ ਦੇ ਬਣ ਜਾਂਦੇ ਨੇ ਕਿ ਇਹਨਾਂ ਨੂੰ ਕਿਸੇ ਗੱਲ ਦੀ ਪਰਵਾਹ ਹੀ ਨਹੀਂ। ਤੈਨੂੰ ਪਤਾ ਲੱਗਾ ਏ ਕਿ ਇਹਨਾਂ ਸਿੱਖਾਂ ਅੱਜ-ਕੱਲ੍ਹ ਕੀ ਚਾਲੇ ਫੜੇ ਹੋਏ ਨੇ?"

"ਕੀ?" ਰਹੀਮ ਖ਼ਾਨ ਨੇ ਪੁੱਛਿਆ।

"ਆਖਦੇ ਨੇ ਸਰਕਾਰੀ ਖ਼ਜ਼ਾਨੇ ਵਿਚ ਦਮੜੀ ਨਹੀਂ ਆਉਣ ਦੇਣੀ। ਬਾਹਰੋਂ ਆਈ ਰਕਮ ਲੁੱਟ ਲਿਆ ਕਰਾਂਗੇ।"

"ਹੈ ਖਾਂ, ਲੁੱਟ ਪੈ ਗਈ। ਵੇਖੇ ਹੋਏ ਨੇ ਵੱਡੇ ਸੂਰਮੇ। ਇੱਡੇ ਬਹਾਦਰ ਹੁੰਦੇ ਤਾਂ ਫਿਰ ਜੰਗਲਾਂ ਵਿਚ ਹੀ ਗਿੱਦੜਾਂ ਵਾਂਗ ਲੁਕਦੇ ਫਿਰਦੇ," ਰਹੀਮ ਖ਼ਾਨ ਨੇ ਕਿਹਾ।

"ਤੂੰ ਭੁੱਲਦਾ ਏਂ। ਉਹ ਬੜੇ ਡਾਹਡੇ ਹੋ ਗਏ ਨੇ। ਪਿਛਲੇ ਦਿਨੀਂ ਮੁਲਤਾਨ ਤੋਂ ਬੜੀ ਵੱਡੀ ਰਕਮ ਆ ਰਹੀ ਸੀ, ਉਹਦੇ ਨਾਲ ਦੋ ਸੌ ਸਿਪਾਹੀ ਸਨ, ਪਰ ਸਿੱਖਾਂ ਝੱਟ ਨਹੀਂ ਲੱਗਣ ਦਿੱਤਾ, ਸਾਰਾ ਮਾਲ ਲੈ ਕੇ ਟੁਰ ਗਏ। ਅਜੇ ਕੱਲ੍ਹ ਦੀ ਗੱਲ ਏ ਕਿ ਕਸੂਰ

ਤੋਂ ਲੱਖ ਰੁਪਿਆ ਆ ਰਿਹਾ ਸੀ ਕਿ ਇਹਨਾਂ ਰਾਹ ਵਿਚ ਹੀ ਲੁੱਟ ਲਿਆ। ਤੇਰੇ ਭਾਣੇ ਗੱਲ ਈ ਕੋਈ ਨਹੀਂ। ਓਧਰ ਲਾਹੌਰ ਵਿਚ ਤਰਥੱਲੀ ਮਚੀ ਹੋਈ ਏ। ਸਿੱਖਾਂ ਸ਼ਾਹ ਰਗ ਤੋਂ ਆ ਫੜਿਆ ਈ। ਜੇ ਖ਼ਜ਼ਾਨੇ ਵਿਚ ਰੁਪਏ ਨਾ ਹੋਣ ਤਾਂ ਸਾਡਾ ਸਰਕਾਰੀ ਕੰਮ ਠੱਪ ਹੋ ਜਾਏਗਾ।"

"ਸ਼ਾਹੀ ਫ਼ੌਜਾਂ ਲਾਹੌਰ ਕੀ ਕਰਦੀਆਂ ਨੇ ? ਕਿਉਂ ਨਹੀਂ ਮਾਰ ਮੁਕਾਂਦੀਆਂ ਇਹਨਾਂ ਨੂੰ ?"

"ਇਹ ਕੌੜੀ ਵੇਲ ਵਾਂਗ ਵਧੀ ਜਾਂਦੇ ਨੇ," ਜਾਫ਼ਰ ਬੇਗ ਨੇ ਕਿਹਾ, "ਅਸੀਂ ਕਿੰਨੇ ਹੀ ਮਾਰ ਮੁਕਾਏ ਨੇ, ਪਰ ਫਿਰ ਦਿਨਾਂ ਵਿਚ ਹੀ ਇੱਜੜਾਂ ਵਾਂਗ ਇਕੱਠੇ ਹੋ ਜਾਂਦੇ ਨੇ।"

"ਚਲੋ ਖਾਣ ਖਸਮਾਂ ਨੂੰ, ਸਾਨੂੰ ਕੀ," ਰਹੀਮ ਖ਼ਾਨ ਨੇ ਕਿਹਾ ਤੇ ਗੱਲ-ਬਾਤ ਦਾ ਸਿਲਸਿਲਾ ਮੋੜਨਾ ਚਾਹਿਆ, ਪਰ ਜਾਫ਼ਰ ਬੇਗ ਨੇ ਕਿਹਾ, "ਸਾਡੇ ਲਈ ਵੀ ਖ਼ਤਰਨਾਕ ਹਨ। ਅਸਾਂ ਮਾਰਿਆ ਸੀ ਤਾਰਾ ਸਿਹੁੰ 'ਵਾਂ' ਪਿੰਡ ਵਾਲਾ ਤੇ ਸਿਖ ਕਹਿੰਦੇ ਫਿਰਦੇ ਨੇ ਕਿ ਅਸਾਂ ਬਦਲਾ ਲੈਣਾ ਏ।"

"ਮੇਰਾ ਖ਼ਿਆਲ ਏ ਜੀਤੋ ਦਾ ਖਸਮ ਵੀ 'ਵਾਂ' ਪਿੰਡ ਦਾ ਰਹਿਣ ਵਾਲਾ ਸੀ, ਜੋ ਸਿਖ ਹੋ ਗਿਆ ਏ," ਰਹੀਮ ਖ਼ਾਨ ਨੇ ਕਿਹਾ।

"ਤਾਂ ਉਹ ਜ਼ਰੂਰ ਆਏਗਾ," ਜਾਫ਼ਰ ਬੇਗ ਨੇ ਕਿਹਾ, "ਸਾਨੂੰ ਹੋਰ ਕੋਈ ਪ੍ਰਬੰਧ ਕਰਨਾ ਚਾਹੀਦਾ ਏ। ਇਸ ਕੁੜੀ ਨੂੰ ਇਥੇ ਰੱਖਣਾ ਠੀਕ ਨਹੀਂ।"

ਘੋੜੇ ਦੇ ਦੌੜੇ ਆਉਣ ਦੀ ਆਵਾਜ਼ ਸੁਣ ਕੇ ਦੋਵੇਂ ਉੱਠ ਖਲੋਤੇ। ਜਦ ਕੋਠੇ ਦੇ ਪਿਛਲੇ ਪਾਸਿਉਂ ਤੱਕਿਆ ਤਾਂ ਕਾਦਰ ਬਖ਼ਸ਼ ਘੋੜਾ ਭਜਾਈ ਆਉਂਦਾ ਹੋਇਆ ਦਿਸਿਆ।

ਕਾਦਰ ਬਖ਼ਸ਼ ਬਹੁਤ ਘਬਰਾਇਆ ਹੋਇਆ ਸੀ। ਸਾਹਮਣੇ ਜਾਫ਼ਰ ਬੇਗ ਨੂੰ ਵੇਖ ਕੇ ਉਸ ਨੂੰ ਕੁਝ ਫ਼ਰਕ ਪਿਆ। "ਆ ਗਏ ਓ," ਉਸ ਆਉਂਦਿਆਂ ਕਿਹਾ ਤੇ ਜਾਫ਼ਰ ਬੇਗ ਨੂੰ ਗਲਵਕੜੀ ਪਾ ਲਈ। ਦੋਵੇਂ ਘੁੱਟ ਕੇ ਮਿਲੇ। ਜਾਫ਼ਰ ਬੇਗ ਨੇ ਗਲਵਕੜੀ ਖੋਲ੍ਹਦਿਆਂ ਪੁੱਛਿਆ, "ਤੇਰੇ ਨਾਲ ਕਿਵੇਂ ਬੀਤੀ ? ਮੈਂ ਤੈਨੂੰ ਲੱਭਣ ਗਿਆ ਹੋਇਆ ਸਾਂ। ਮੈਨੂੰ ਖ਼ਬਰ ਤਾਂ ਭੇਜ ਦੇਣੀ ਸੀ।"

"ਗਿਆ ਨਹੀਂ ਆਦਮੀ ?"

"ਨਹੀਂ।"

"ਅਸੀਂ ਭੇਜਿਆ ਸੀ।"

"ਉਹ ਹੋਰ ਕਿਧਰੇ ਲੋੜਦਾ ਰਿਹਾ ਹੋਵੇਗਾ," ਜਾਫ਼ਰ ਬੇਗ ਨੇ ਕਿਹਾ, "ਤੂੰ ਘਬਰਾਇਆ ਹੋਇਆ ਕਿਉਂ ਏਂ ?"

"ਕੁਝ ਨਹੀਂ," ਕਾਦਰ ਬਖ਼ਸ਼ ਨੇ ਆਪਣੀ ਘਬਰਾਹਟ ਛੁਪਾਣ ਦਾ ਯਤਨ ਕਰਦਿਆਂ ਕਿਹਾ। ਨਾਲ ਹੀ ਉਹ ਸੋਚਾਂ ਵਿਚ ਪੈ ਗਿਆ ਕਿ ਚਾਚਾ ਜੀ ਨੂੰ ਅਸਲ ਗੱਲ ਦੱਸ ਹੀ ਦਿੱਤੀ ਜਾਏ। ਇਹਨਾਂ ਨੂੰ ਪਤਾ ਤਾਂ ਲੱਗ ਹੀ ਜਾਣਾ ਏ, ਫਿਰ ਗੁੱਸੇ ਹੋਣਗੇ ਕਿ ਦੱਸਿਆ ਕਿਉਂ ਨਹੀਂ। ਦੋ ਮਿੰਟ ਪਿੱਛੋਂ ਉਹ ਆਪੇ ਬੋਲ ਪਿਆ, "ਇਧਰ ਫ਼ਾਤਮਾ ਨਹੀਂ ਆਈ?"

"ਨਹੀਂ," ਰਹੀਮ ਖ਼ਾਨ ਬੋਲਿਆ।

"ਕਿਉਂ ਫ਼ਾਤਮਾ ਘਰ ਨਹੀਂ?" ਜਾਫ਼ਰ ਬੇਗ ਨੇ ਹੈਰਾਨ ਹੋ ਕੇ ਪੁੱਛਿਆ।

"ਨਹੀਂ," ਕਾਦਰ ਬਖ਼ਸ਼ ਨੇ ਕਿਹਾ।

"ਤਾਂ ਕਿਧਰੇ ਕਿਸੇ ਸਹੇਲੀ ਦੇ ਘਰ ਗਈ ਹੋਵੇਗੀ," ਜਾਫ਼ਰ ਬੇਗ ਨੇ ਕਿਹਾ।

"ਨਹੀਂ, ਉਹ ਸਵੇਰ ਦੀ ਹੀ ਘਰ ਨਹੀਂ। ਰਾਤੀਂ ਰੋਟੀ ਖਾਣ ਪਿੱਛੋਂ ਮੈਂ ਚੰਗਾ ਭਲਾ ਉਸ ਨਾਲ ਗੱਲਾਂ ਕਰਦਾ ਛੱਡ ਕੇ ਗਿਆ ਸਾਂ, ਪਰ ਸਵੇਰੇ ਜਦ ਵੇਖਿਆ ਤਾਂ ਉਹ ਕਮਰੇ ਵਿਚ ਨਹੀਂ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਕਮਰੇ ਨੂੰ ਬਾਹਰੋਂ ਕੁੰਡਾ ਲੱਗਾ ਹੋਇਆ ਏ। ਮੈਂ ਕੁਝ ਚਿਰ ਉਡੀਕਿਆ, ਪਰ ਉਹ ਨਾ ਮੁੜੀ। ਫਿਰ ਉਹਦੀਆਂ ਸਾਰੀਆਂ ਸਹੇਲੀਆਂ ਦੇ ਘਰੋਂ ਵੀ ਪਤਾ ਕੀਤਾ ਏ। ਉਹ ਕਿਧਰੇ ਨਹੀਂ ਮਿਲੀ। ਹੁਣ ਮੈਂ ਇਸੇ ਲਈ ਇਧਰ ਆਇਆ ਸਾਂ ਕਿ ਸ਼ਾਇਦ ਖੂਹ 'ਤੇ ਆਈ ਹੋਵੇ।"

"ਹੱਦ ਹੋ ਗਈ, ਫ਼ਾਤਮਾ ਕਿਧਰ ਚਲੀ ਗਈ," ਜਾਫ਼ਰ ਬੇਗ ਘਬਰਾ ਗਿਆ ਤੇ ਉੱਠ ਖਲੋਤਾ। ਕਾਦਰ ਬਖ਼ਸ਼ ਦੀ ਨਜ਼ਰ ਰੁੱਖ ਦੇ ਦੂਜੇ ਪਾਸੇ ਮੰਜੇ 'ਤੇ ਜਾ ਪਈ, ਜਿਸ 'ਤੇ ਜੀਤੋ ਪਈ ਸੀ।

"ਇਹ ਕੌਣ ਏਂ?" ਉਸ ਪੁੱਛਿਆ, "ਫ਼ਾਤਮਾ ਹੀ ਤਾਂ ਹੈ," ਉਹ ਦੌੜ ਕੇ ਉਥੇ ਗਿਆ ਪਰ ਅੱਗੋਂ ਹੋਰ ਹੀ ਕੁੜੀ ਵੇਖ ਕੇ ਉਹ ਹੈਰਾਨ ਹੋ ਗਿਆ। ਉਸ ਫਿਰ ਪੁੱਛਿਆ, "ਇਹ ਕੌਣ ਏਂ?"

"ਛੱਡ ਤੂੰ ਇਹਨੂੰ, ਪਹਿਲਾਂ ਇਹ ਦੱਸ ਕਿ ਹੁਣ ਕੀ ਕਰੀਏ," ਜਾਫ਼ਰ ਬੇਗ ਨੇ ਗੱਲ ਟਾਲਣ ਲਈ ਤੇ ਫ਼ਾਤਮਾ ਦੀ ਚਿੰਤਾ ਨਾਲ ਕਿਹਾ।

"ਪਤਾ ਤਾਂ ਲੱਗੇ ਕਿ ਇਹ ਕੌਣ ਏਂ," ਕਾਦਰ ਬਖ਼ਸ਼ ਨੂੰ ਚੇਤੇ ਆ ਗਿਆ ਕਿ ਜੀਤੋ ਨੂੰ ਚਾਚਾ ਜੀ ਲੈ ਆਏ ਸਨ ਤੇ ਉਹਦੇ ਪਿੰਡ ਨਹੀਂ ਸੀ ਪਹੁੰਚਾਇਆ। ਇਹ ਜੀਤੋ ਈ ਏ। ਉਸ ਫਿਰ ਪੁੱਛਿਆ, "ਇਹ ਜੀਤੋ ਏ। ਪਰ ਇਹ ਬੇਹੋਸ਼ ਕਿਉਂ ਪਈ ਏ?"

"ਬੇਹੋਸ਼ ਨਹੀਂ, ਸੁੱਤੀ ਪਈ ਏ," ਜਾਫ਼ਰ ਬੇਗ ਨੇ ਉਹਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ ਤੇ ਕਿਹਾ, "ਬੰਦੇ ਸੱਦੋ ਤੇ ਇਧਰ ਉਧਰ ਭੇਜੋ ਤਾਕਿ ਪਤਾ ਲੱਗੇ।"

ਰਹੀਮ ਖ਼ਾਨ 'ਤੇ ਤਾਂ ਗੜੇਮਾਰ ਹੋ ਗਈ। ਉਹਨੂੰ ਪਤਾ ਸੀ ਕਿ ਫ਼ਾਤਮਾ ਰਾਤ

ਖੂਹ 'ਤੇ ਆਈ ਸੀ ਪਰ ਉਹ ਹੈਰਾਨ ਸੀ ਕਿ ਘਰ ਕਿਉਂ ਨਹੀਂ ਪਹੁੰਚੀ।

ਕਾਦਰ ਬਖ਼ਸ਼ ਨੇ ਕਿਹਾ, "ਖੋਜੀਆਂ ਨੂੰ ਸੱਦੋ, ਉਹ ਪੈਰਾਂ ਦੇ ਚਿੰਨ੍ਹਾਂ ਤੋਂ ਕੁਝ ਪਤਾ ਕੱਢ ਲੈਣਗੇ।"

"ਇਹ ਠੀਕ ਏ!" ਜਾਫ਼ਰ ਬੇਗ ਨੇ ਕਿਹਾ ਤੇ ਝੱਟ ਘੋੜੇ 'ਤੇ ਸਵਾਰ ਹੋ ਗਿਆ। ਕਾਦਰ ਬਖ਼ਸ਼ ਵੀ ਘੋੜੇ 'ਤੇ ਚੜ੍ਹ ਗਿਆ। ਜਾਫ਼ਰ ਬੇਗ ਨੇ ਰਹੀਮ ਖ਼ਾਨ ਨੂੰ ਕਿਹਾ, "ਤੂੰ ਇਥੇ ਹੀ ਰਹੀਂ ਤੇ ਮੈਂ ਫਿਰ ਪਤਾ ਦਿਆਂਗਾ।"

"ਅੱਛਾ ਜੀ," ਰਹੀਮ ਖ਼ਾਨ ਨੇ ਕਿਹਾ ਪਰ ਉਹਦਾ ਜੀਅ ਕਰਦਾ ਸੀ ਕਿ ਹੁਣੇ ਉਹ ਇਥੋਂ ਨੱਸ ਜਾਏ ਤੇ ਜਦ ਤਕ ਫ਼ਾਤਮਾ ਦਾ ਪਤਾ ਨਾ ਕਰ ਲਏ, ਉਦੋਂ ਤਕ ਵਾਪਸ ਨਾ ਮੁੜੇ। ਜੇ ਫ਼ਾਤਮਾ ਨੂੰ ਕੁਝ ਹੋ ਗਿਆ ਹੋਇਆ ਤਾਂ ਮੇਰਾ ਜਿਊਣਾ ਵੀ ਕਾਹਦਾ ਏ।

ਜਾਫ਼ਰ ਬੇਗ ਹੋਰੀਂ ਘੋੜੇ ਭਜਾਂਦੇ ਦੂਰ ਪਿੰਡ ਵੱਲ ਨਿਕਲ ਗਏ। ਰਹੀਮ ਉਥੇ ਹੀ ਸਿਰ ਫੜ ਕੇ ਬਹਿ ਗਿਆ।

14

ਫ਼ਾਤਮਾ ਜਦ ਜੀਤੋ ਨੂੰ ਮਿਲ ਕੇ ਖੂਹ ਤੋਂ ਵਾਪਸ ਮੁੜੀ ਤਾਂ ਉਹ ਬੜੀ ਤੇਜ਼ੀ ਨਾਲ ਕਦਮ ਪੁੱਟਦੀ ਘਰ ਨੂੰ ਆ ਰਹੀ ਸੀ। ਇਕ ਤਾਂ ਉਹਦੇ ਮਨ ਵਿਚ ਇਹ ਤੌਖ਼ਲਾ ਸੀ ਕਿ ਕਿਧਰੇ ਕੋਈ ਮੇਰੇ ਕਮਰੇ ਵੱਲ ਆਇਆ ਨਾ ਹੋਵੇ, ਉਹ ਬਾਹਰੋਂ ਕੁੰਡਾ ਵੱਜਾ ਦੇਖ ਕੇ ਰੌਲਾ ਪਾ ਦਏਗਾ, ਰਾਤ ਨੂੰ ਦਸ ਵਜੇ ਪਿੱਛੋਂ ਮੈਂ ਕਿਧਰ ਜਾ ਸਕਦੀ ਹਾਂ। ਇਹ ਸਾਰਿਆਂ ਲਈ ਪਰੇਸ਼ਾਨੀ ਦਾ ਕਾਰਨ ਹੋਵੇਗਾ। ਦੂਜਾ ਉਹਨੂੰ ਖ਼ਿਆਲ ਸੀ ਕਿ ਰਹੀਮ ਖ਼ਾਨ ਬੜੀਆਂ ਆਸਾਂ ਨਾਲ ਮੈਨੂੰ ਉਡੀਕਦਾ ਰਿਹਾ ਹੈ। ਉਹ ਜਜ਼ਬੇ ਦੇ ਵਹਿਣ ਵਿਚ ਵਿਆਕੁਲ ਜ਼ਰੂਰ ਮੇਰੇ ਪਿੱਛੇ ਆਉਂਦਾ ਹੋਵੇਗਾ।

ਇਹਨਾਂ ਦੇ ਖੂਹ ਤੇ ਪੱਟੀ ਸ਼ਹਿਰ ਵਿਚਕਾਰ ਇਕ ਵੱਡੀ ਸੜਕ ਲੰਘਦੀ ਸੀ। ਭਾਵੇਂ ਰਾਹ ਕੱਚਾ ਤੇ ਬਹੁਤਾ ਚੰਗਾ ਨਹੀਂ ਸੀ, ਪਰ ਫਿਰ ਵੀ ਆਵਾਜਾਈ ਬਹੁਤ ਰਹਿੰਦੀ ਸੀ। ਖ਼ਾਸ ਕਰਕੇ ਫ਼ੌਜਾਂ ਦੇ ਲੰਘਣ ਦਾ ਰਾਹ ਇਹੋ ਸੀ।

ਲਾਹੌਰ ਤੋਂ ਸੂਬੇਦਾਰ ਜ਼ਕਰੀਆ ਖ਼ਾਨ ਨੇ ਦਿੱਲੀ ਇਤਲਾਹਾਂ ਭੇਜੀਆਂ ਕਿ ਪੰਜਾਬ ਵਿਚ ਸਿੱਖਾਂ ਖਰੂਦ ਮਚਾ ਦਿੱਤਾ ਹੈ। ਲੁਟੇਰੇ ਟੋਲੇ ਬਣ ਗਏ ਹਨ ਤੇ ਉਹਨਾਂ ਸਰਕਾਰੀ ਮਾਲ ਲੁੱਟਣਾ ਸ਼ੁਰੂ ਕਰ ਦਿੱਤਾ ਹੈ। ਮੁਲਤਾਨ ਤੋਂ ਆ ਰਹੀ ਰਕਮ ਉਹ ਲੁੱਟ ਕੇ ਲੈ ਗਏ

ਹਨ। ਉਸ ਨਾਲ ਦੋ ਸੌ ਸਿਪਾਹੀ ਵੀ ਸਨ ਪਰ ਸਿਖ ਬਹੁਤ ਭਾਰੀ ਗਿਣਤੀ ਵਿਚ ਆ ਪਏ ਸਨ। ਇਸ ਤਰ੍ਹਾਂ ਕਸੂਰ ਤੋਂ ਵੀ ਸਰਕਾਰੀ ਖ਼ਜ਼ਾਨੇ ਵਿਚ ਆ ਰਹੀ ਰਕਮ ਲੁੱਟੀ ਗਈ ਹੈ। ਲਾਹੌਰ ਰਾਜ ਦਾ ਖ਼ਜ਼ਾਨਾ ਖ਼ਾਲੀ ਹੋ ਰਿਹਾ ਹੈ, ਇਸ ਲਈ ਦਿੱਲੀ ਵੱਲ ਰਕਮ ਛੇਤੀ ਨਹੀਂ ਭੇਜੀ ਜਾ ਸਕੇਗੀ।

ਇਹਨਾਂ ਇਤਲਾਹਾਂ ਦੇ ਆਧਾਰ 'ਤੇ ਦਿੱਲੀ ਤੋਂ ਸ਼ਾਹੀ ਫ਼ੌਜਾਂ ਪੰਜਾਬ ਭੇਜੀਆਂ ਗਈਆਂ ਤਾਕਿ ਸਿੱਖਾਂ ਦੀ ਵਧ ਰਹੀ ਤਾਕਤ ਤੇ ਸਰਕਾਰ ਵਿਰੁੱਧ ਬਗ਼ਾਵਤ ਨੂੰ ਕੁਚਲਿਆ ਜਾ ਸਕੇ। ਦੂਜਾ ਪੜਤਾਲ ਕੀਤੀ ਜਾਏ ਕਿ ਕੀ ਜ਼ਕਰੀਆ ਖ਼ਾਨ ਠੀਕ ਕਹਿ ਰਿਹਾ ਹੈ ਜਾਂ ਦਿੱਲੀ ਦਰਬਾਰ ਨੂੰ ਰਕਮਾਂ ਨਾ ਭੇਜਣ ਦੇ ਬਹਾਨੇ ਬਣਾ ਰਿਹਾ ਹੈ।

ਇਹੀ ਸ਼ਾਹੀ ਫ਼ੌਜਾਂ ਪਹਿਲਾਂ ਲਾਹੌਰ ਪੁੱਜੀਆਂ ਤੇ ਉਥੋਂ ਕਸੂਰ ਗਈਆਂ। ਸਾਰੀ ਹਾਲਤ ਦੇਖੀ ਤੇ ਸੁਣੀ। ਕਈ ਥਾਂ ਛਾਪੇ ਮਾਰੇ ਤੇ ਸਿੱਖਾਂ ਦਾ ਪਿੱਛਾ ਕੀਤਾ, ਪਰ ਇਹਨਾਂ ਦੀ ਕੋਈ ਪੇਸ਼ ਨਾ ਗਈ। ਇਹਨਾਂ ਇਕ ਦੋ ਜੰਗਲਾਂ ਨੂੰ ਵੀ ਘੇਰਿਆ ਪਰ ਸਿੰਘਾਂ ਨੇ ਆਪਣੇ ਮੋਰਚਿਆਂ ਤੋਂ ਅਜਿਹਾ ਹਮਲਾ ਕੀਤਾ ਕਿ ਭਾਰੀ ਨੁਕਸਾਨ ਕਰਾ ਕੇ ਫ਼ੌਜਾਂ ਵਾਪਸ ਪਰਤ ਗਈਆਂ।

ਪੱਟੀ ਦੇ ਨੇੜਿਓਂ ਫ਼ੌਜਾਂ ਲੰਘ ਰਹੀਆਂ ਸਨ ਕਿ ਰਾਤ ਪੈ ਗਈ ਤੇ ਇਕ ਖੁੱਲ੍ਹਾ ਮੈਦਾਨ ਵੇਖ ਕੇ ਉਥੇ ਡੇਰੇ ਲਾ ਲਏ। ਕਾਫ਼ੀ ਰਾਤ ਗਏ ਰੋਟੀ ਖਾ ਕੇ ਫ਼ੌਜੀ ਵਿਹਲੇ ਹੋਏ। ਕੈਂਪ ਦੇ ਆਲੇ-ਦੁਆਲੇ ਦੂਰ ਦੂਰ ਤਕ ਪਹਿਰਾ ਲਾ ਦਿੱਤਾ ਗਿਆ ਤਾਕਿ ਅਚਾਨਕ ਕੋਈ ਬਿਪਤਾ ਨਾ ਆ ਪਏ।

ਜਦ ਫ਼ਾਤਮਾ ਸੜਕ 'ਤੇ ਪੁੱਜੀ ਤਾਂ ਇਕ ਸਿਪਾਹੀ ਨੇ ਆਵਾਜ਼ ਦਿੱਤੀ, "ਕੌਣ ਏ?"

ਫ਼ਾਤਮਾ ਨੇ ਕਾਲਾ ਬੁਰਕਾ ਪਾਇਆ ਹੋਇਆ ਸੀ ਜੋ ਰਾਤ ਦੇ ਹਨੇਰੇ ਕਾਰਨ ਇਸ ਅੱਗੋਂ ਚੁੱਕਿਆ ਹੋਇਆ ਸੀ। ਇਹ ਆਵਾਜ਼ ਆਉਂਦਿਆਂ ਫ਼ਾਤਮਾ ਨੇ ਬੁਰਕਾ ਫਿਰ ਮੂੰਹ ਅੱਗੇ ਸੁੱਟ ਲਿਆ ਤੇ ਬਿਨਾਂ ਉੱਤਰ ਦਿੱਤੇ ਅੱਗੇ ਟੁਰਦੀ ਗਈ। ਉਹਨੂੰ ਨਹੀਂ ਸੀ ਪਤਾ ਕਿ ਦਿੱਲੀ ਦੀਆਂ ਫ਼ੌਜਾਂ ਇਸ ਇਲਾਕੇ ਵਿਚ ਫਿਰ ਰਹੀਆਂ ਹਨ। ਉਸ ਸਮਝਿਆ ਕਿ ਪੱਟੀ ਦਾ ਕੋਈ ਆਦਮੀ ਹੋਵੇਗਾ, ਇਸ ਲਈ ਉਹ ਟੁਰਦੀ ਗਈ ਤਾਕਿ ਪਤਾ ਨਾ ਲੱਗੇ ਕਿ ਮੈਂ ਰਾਤ ਨੂੰ ਕਿਧਰ ਗਈ ਸਾਂ। ਇਸ ਗੱਲੋਂ ਉਹਦੇ ਮਨ ਨੂੰ ਤਸੱਲੀ ਸੀ ਕਿ ਪੱਟੀ ਦੇ ਇਲਾਕੇ ਵਿਚ ਉਹਨੂੰ ਕੋਈ ਛੇੜ ਨਹੀਂ ਸਕਦਾ ਕਿਉਂਕਿ ਉਹ ਜਾਫ਼ਰ ਬੇਗ ਦੀ ਭਤੀਜੀ ਹੈ। ਉਸ ਸੋਚਿਆ ਕਿ ਜੇ ਇਹ ਆਦਮੀ ਮੇਰੇ ਪਿੱਛੇ ਭੱਜਾ ਆਇਆ ਤਾਂ ਇਹਨੂੰ ਦੱਸ ਦਿਆਂਗੀ ਕਿ ਮੈਂ ਫ਼ਾਤਮਾ ਹਾਂ, ਆਖ਼ਰ ਪੱਟੀ ਦਾ ਕਿਹੜਾ ਆਦਮੀ ਮੈਨੂੰ ਨਹੀਂ ਜਾਣਦਾ। ਪੱਟੀ ਦੀਆਂ ਗਲੀਆਂ ਵਿਚ ਮੈਂ ਖੇਡ ਖੇਡ ਵੱਡੀ ਹੋਈ ਹਾਂ।

"ਕੌਣ ਏ," ਫਿਰ ਆਵਾਜ਼ ਆਈ। ਸਿਪਾਹੀ ਨੇ ਪਹਿਲਾਂ ਤਾਂ ਸਮਝਿਆ ਕਿ ਕਾਲਾ ਜਿਹਾ ਪਰਛਾਵੇਂ ਵਾਂਗ ਟੁਰਿਆ ਜਾਂਦਾ ਕੋਈ ਜਿੰਨ ਭੂਤ ਏ। ਇਸ ਇਲਾਕੇ ਵਿਚ ਸੁਣਿਆ ਏ ਕਿ ਚੁੜੇਲਾਂ ਬੜੀਆਂ ਹੁੰਦੀਆਂ ਨੇ, ਇਸ ਲਈ ਉਹਨੂੰ ਹੌਂਸਲਾ ਨਾ ਪਿਆ ਕਿ ਪਿੱਛੇ ਭੱਜਾ ਆਵੇ ਤੇ ਆ ਕੇ ਫੜ ਲਵੇ। ਉਸ ਇਕ ਹੋਰ ਆਦਮੀ ਨੂੰ ਆਵਾਜ਼ ਦਿੱਤੀ ਜੋ ਉਸ ਤੋਂ ਥੋੜ੍ਹੀ ਦੂਰ ਖੜਾ ਸੀ।

ਦੋਵੇਂ ਰਲ ਕੇ ਫ਼ਾਤਮਾ ਦੇ ਪਿੱਛੇ ਪਿੱਛੇ ਤੇਜ਼ ਕਦਮ ਪੁੱਟਦੇ ਆ ਗਏ। ਬੰਦੂਕਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ ਤੇ ਬੰਦੂਕਾਂ ਦੇ ਘੋੜਿਆਂ 'ਤੇ ਹੱਥ ਰੱਖੇ ਹੋਏ ਸਨ ਤਾਕਿ ਜੇ ਬਲਾ ਅਚਨਚੇਤ ਹਮਲਾ ਕਰ ਦੇਵੇ ਤਾਂ ਜਵਾਬੀ ਕਾਰਵਾਈ ਕੀਤੀ ਜਾ ਸਕੇ।

ਜਦ ਨੇੜੇ ਆ ਗਏ ਤਾਂ ਉਹਨਾਂ ਇਕ ਹੋਰ ਆਵਾਜ਼ ਮਾਰੀ। ਫ਼ਾਤਮਾ ਨੇ ਪਿੱਛੇ ਮੁੜ ਕੇ ਦੇਖਿਆ। ਘੁਸਮੁਸੇ ਵਿਚ ਉਹਨੂੰ ਦੋ ਆਦਮੀ ਆਪਣੇ ਵੱਲ ਬੰਦੂਕਾਂ ਸਿੱਧੀਆਂ ਕੀਤੀ ਆ ਰਹੇ ਦਿਸੇ। ਫ਼ਾਤਮਾ ਨੇ ਮਹਿਸੂਸ ਕੀਤਾ ਕਿ ਜੇ ਹੁਣ ਵੀ ਨਾ ਬੋਲੀ ਤੇ ਚੁੱਪ ਕਰ ਕੇ ਅੱਗੇ ਵਧਦੀ ਗਈ ਤਾਂ ਇਹਨਾਂ ਗੋਲੀ ਮਾਰ ਦੇਣੀ ਹੈ, ਇਸ ਲਈ ਫ਼ਾਤਮਾ ਨੇ ਉੱਤਰ ਦਿੱਤਾ, "ਮੈਂ ਹਾਂ।"

"ਮੈਂ ਕੌਣ ?" ਇਕ ਆਦਮੀ ਨੇ ਜ਼ਰਾ ਉੱਚੀ ਸਾਰੀ ਕਿਹਾ।

"ਤੁਸੀਂ ਕੌਣ ਹੋ," ਫ਼ਾਤਮਾ ਗਰਜ ਕੇ ਬੋਲੀ, "ਤੁਹਾਡਾ ਕੀ ਮਤਲਬ ਏ ਮੈਨੂੰ ਬੁਲਾਣ ਦਾ ?"

ਹੁਣ ਉਹਨਾਂ ਨੂੰ ਭਰੋਸਾ ਹੋ ਗਿਆ ਕਿ ਇਹ ਜ਼ਨਾਨੀ ਈ ਏ ਤੇ ਖ਼ਤਰੇ ਵਾਲੀ ਕੋਈ ਗੱਲ ਨਹੀਂ। ਦੋਵੇਂ ਇਕ ਦਮ ਝਪਟੇ ਤੇ ਫ਼ਾਤਮਾ ਨੂੰ ਫੜ ਲਿਆ। ਫ਼ਾਤਮਾ ਦੀਆਂ ਚੀਕਾਂ ਨਿਕਲ ਗਈਆਂ, ਪਰ ਉਹਨਾਂ ਝੱਟ ਹੀ ਇਹਦੀ ਆਵਾਜ਼ ਬੰਦ ਕਰ ਦਿੱਤੀ। ਇਕ ਆਦਮੀ ਨੇ ਜ਼ੋਰ ਨਾਲ ਇਹਦਾ ਮੂੰਹ ਘੁੱਟ ਲਿਆ ਤੇ ਦੂਜੇ ਨੇ ਬੰਦੂਕ ਉਹਦੇ ਸੀਨੇ 'ਤੇ ਰੱਖ ਦਿੱਤੀ।

ਫ਼ਾਤਮਾ ਨੂੰ ਸੁਪਨੇ ਵਿਚ ਵੀ ਇਹ ਖ਼ਿਆਲ ਨਹੀਂ ਸੀ ਕਿ ਪੱਟੀ ਦੇ ਇਲਾਕੇ ਵਿਚ ਕੋਈ ਉਹਦੀ ਇੱਜ਼ਤ ਨੂੰ ਹੱਥ ਪਾ ਸਕਦਾ ਹੈ ਜਾਂ ਕੋਈ ਉਹਨੂੰ ਰਾਹ ਜਾਂਦਿਆਂ ਇਸ ਤਰ੍ਹਾਂ ਘੇਰ ਸਕਦਾ ਹੈ।

ਫ਼ਾਤਮਾ ਨੇ ਆਪਣਾ ਆਪ ਛੁਡਾਣ ਲਈ ਬੜੇ ਹੱਥ ਪੈਰ ਮਾਰੇ, ਪਰ ਕਰੜੇ ਹੱਥਾਂ ਨੇ ਉਹਨੂੰ ਇਸ ਤਰ੍ਹਾਂ ਕਾਬੂ ਕਰ ਲਿਆ ਸੀ ਕਿ ਹੁਣ ਉਹਦੇ ਲਈ ਹਿੱਲਣਾ ਜਾਂ ਉਹਨਾਂ ਤੋਂ ਛੁਟਕਾਰਾ ਪਾਣਾ ਅਸੰਭਵ ਸੀ। ਫ਼ਾਤਮਾ ਉਹਨਾਂ ਨਾਲ ਘੁਲਦੀ ਹਫ਼ ਗਈ ਤੇ ਅਖ਼ੀਰ ਉਹ ਬੇਹੋਸ਼ ਹੋ ਗਈ। ਉਹਦੇ ਹੱਥ ਪੈਰ ਨਿੱਸਲ ਹੋ ਗਏ ਤੇ ਧੌਣ ਪਿਛਲੇ ਪਾਸੇ ਢਿਲਕ ਗਈ।

"ਉਏ, ਕਿਧਰੇ ਮਾਰ ਤਾਂ ਨਹੀਂ ਦਿੱਤੀ ?" ਬੰਦੂਕ ਵਾਲੇ ਸਿਪਾਹੀ ਨੇ ਦੂਜੇ ਨੂੰ ਪੁੱਛਿਆ, ਜਿਸਨੇ ਆਪਣੇ ਦੋਹਾਂ ਹੱਥਾਂ ਨਾਲ ਫ਼ਾਤਮਾ ਦਾ ਮੂੰਹ ਬੰਦ ਕੀਤਾ ਹੋਇਆ ਸੀ।

"ਨਹੀਂ," ਉਸ ਕਿਹਾ, "ਮੈਂ ਗਲ ਤਾਂ ਨਹੀਂ ਘੁੱਟਿਆ, ਨਾ ਹੀ ਮੈਂ ਇਹਦੀਆਂ ਨਾਸਾਂ ਬੰਦ ਕੀਤੀਆਂ ਹਨ।"

"ਫਿਰ ਇਹਨੂੰ ਹੋ ਕੀ ਗਿਆ ਏ ?" ਬੰਦੂਕ ਵਾਲੇ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਕਿਧਰੇ ਐਵੇਂ ਮਕਰ ਤਾਂ ਨਹੀਂ ਕਰਦੀ ?" ਦੂਜਾ ਬੋਲਿਆ।

"ਨਹੀਂ, ਇਸ ਤਰ੍ਹਾਂ ਨਹੀਂ ਜਾਪਦਾ।"

"ਫਿਰ ਹੋਇਆ ਕੀ ਸੂ ?"

"ਹੋ ਸਕਦਾ ਏ ਘਾਬਰ ਗਈ ਹੋਵੇ।" ਬੰਦੂਕ ਵਾਲੇ ਨੇ ਫ਼ਾਤਮਾ ਦੇ ਦਿਲ 'ਤੇ ਹੱਥ ਰੱਖ ਕੇ ਦੇਖਿਆ। ਦਿਲ ਬੜੀ ਤੇਜ਼ੀ ਨਾਲ ਧੱਕ ਧੱਕ ਕਰ ਰਿਹਾ ਸੀ। ਫ਼ਾਤਮਾ ਨੂੰ ਇਹਨਾਂ ਸੜਕ 'ਤੇ ਹੀ ਲਿਟਾ ਦਿੱਤਾ ਤੇ ਦੋਵੇਂ ਉਹਦੇ ਕੋਲ ਬੈਠ ਗਏ।

"ਤੇਰੇ ਕੋਲ ਅੱਗ ਦਾ ਸਾਮਾਨ ਹੋਏਗਾ," ਇਕ ਬੋਲਿਆ।

"ਹਾਂ," ਦੂਜੇ ਨੇ ਕਿਹਾ।

"ਫਿਰ ਅੱਗ ਤਾਂ ਬਾਲ ਜ਼ਰਾ ਇਹਦਾ ਚਿਹਰਾ ਤਾਂ ਦੇਖੀਏ, ਹੈ ਕਿਸ ਤਰ੍ਹਾਂ ਦੀ," ਬੰਦੂਕ ਵਾਲੇ ਨੇ ਕਿਹਾ ਤੇ ਕੱਖ ਕਾਨੇ ਹੱਥ ਪੈਰ ਮਾਰ ਕੇ ਇਕੱਠੇ ਕਰਨ ਲੱਗ ਪਿਆ। ਅੱਗ ਬਾਲ ਕੇ ਜਦ ਉਹਦੇ ਚਾਨਣੇ ਵਿਚ ਇਹਨਾਂ ਫ਼ਾਤਮਾ ਦਾ ਹੁਸਨ ਦੇਖਿਆ ਤਾਂ ਦੋਵੇਂ ਖ਼ੁਸ਼ ਹੋ ਗਏ। ਇਕ ਨੇ ਕਿਹਾ, "ਲੈ, ਇਸ ਤੋਂ ਸੁਹਣੀ ਕੁੜੀ ਤੂੰ ਕਦੇ ਵੇਖੀ ਏ ?"

"ਨਹੀਂ, ਮੈਂ ਝੂਠ ਨਹੀਂ ਬੋਲਦਾ, ਇਸ ਤੋਂ ਸੁਹਣੀਆਂ ਤਾਂ ਪਰੀਆਂ ਨਹੀਂ ਹੋਣੀਆਂ," ਦੂਜੇ ਨੇ ਕਿਹਾ। ਅਜੇ ਹੋਰ ਉਹ ਉਪਮਾ ਕਰਦਾ ਪਰ ਪਹਿਲਾ ਝਟ ਬੋਲ ਪਿਆ, "ਪਰੀਆਂ ਵੀ ਕੋਹਕਾਫ਼ ਦੀਆਂ।"

"ਇਹ ਕੌਣ ਹੋ ਸਕਦੀ ਏ ?"

"ਕੋਈ ਹੋਵੇ, ਸਾਨੂੰ ਕੀ, ਇਹਨੂੰ ਇਥੋਂ ਚੁੱਕਣ ਵਾਲੀ ਗੱਲ ਕਰੋ।"

"ਲਿਜਾਏਂਗਾ ਕਿਥੇ। ਡੇਰੇ ਗਏ ਤਾਂ ਕਾਸਮ ਖ਼ਾਨ ਨੇ ਨਹੀਂ ਛੱਡਣਾ। ਤੈਨੂੰ ਚੰਗਾ ਭਲਾ ਪਤਾ ਏ ਕਿ ਉਹ ਕਿੱਡਾ ਮੁਸ਼ਕੀ ਏ ਇਹਨਾਂ ਗੱਲਾਂ ਦਾ। ਦਿੱਲੀ ਵਿਚ ਵੀ ਉਹਨੇ ਸ਼ਾਇਦ ਹੀ ਕੋਈ ਆਲਾ-ਦੁਆਲਾ ਛੱਡਿਆ ਹੋਵੇ।"

ਇਹ ਗੱਲਾਂ ਕਰ ਹੀ ਰਹੇ ਸਨ ਕਿ ਉਪਰੋਂ ਕਾਸਮ ਖ਼ਾਨ ਆ ਗਿਆ ਜੋ ਕਿ ਇਸ ਫ਼ੌਜੀ ਦਸਤੇ ਦਾ ਇਨਚਾਰਜ ਸੀ। ਆਉਂਦਿਆਂ ਉਸ ਦਬਕਾ ਮਾਰਿਆ, "ਕੀ ਪਏ ਕਰਦੇ ਹੋ, ਉੱਲੂ ਦੇ ਪੱਠਿਓ ?" ਦੋਵੇਂ ਡਰਦੇ ਮਾਰੇ ਉੱਠ ਖਲੋਤੇ। ਉਹਨਾਂ ਨੂੰ ਜਿਸ ਗੱਲ ਦਾ

ਡਰ ਸੀ, ਉਹੀ ਹੋ ਗਈ। ਇਕ ਨੂੰ ਝੱਟ ਗੱਲ ਸੁੱਝ ਪਈ। ਉਸ ਕਾਸਮ ਖ਼ਾਨ ਨੂੰ ਸੰਬੋਧਨ ਕਰਦਿਆਂ ਕਿਹਾ, "ਹਜ਼ੂਰ, ਬੜੇ ਖ਼ੁਸ਼ਕਿਸਮਤ ਹੋ। ਤੁਹਾਡੀ ਉਮਰ ਵੀ ਬੜੀ ਲੰਮੀ ਏ। ਇਹ ਤੁਹਾਡੇ ਲਈ ਇਕ ਤੋਹਫ਼ਾ ਲੱਭਾ ਸੀ ਤੇ ਅਸੀਂ ਅਜੇ ਤੁਹਾਡਾ ਨਾਮ ਹੀ ਲੈ ਰਹੇ ਸਾਂ ਕਿ ਤੁਸੀਂ ਆ ਗਏ ਹੋ।"

"ਕੀ ਏ ਤੋਹਫ਼ਾ ?" ਉਸ ਅੱਗੇ ਹੋ ਕੇ ਦੇਖਿਆ ਤਾਂ ਕੱਪੜਿਆਂ ਵਿੱਚੋਂ ਚੰਨ ਵਰਗਾ ਮੁਖੜਾ ਦੇਖ ਕੇ ਉਹਦੀਆਂ ਵਾਛਾਂ ਖੁੱਲ੍ਹ ਗਈਆਂ। ਉਸ ਕਿਹਾ, "ਇਹ ਕੌਣ ਜੇ ?"

"ਇਹ ਨਾ ਪੁੱਛੋ," ਝੱਟ ਇਕ ਆਦਮੀ ਬੋਲ ਪਿਆ।

"ਤੁਸੀਂ ਇਹ ਦੱਸੋ, ਮਾਲ ਵਧੀਆ ਏ ਕਿ ਨਹੀਂ ?"

"ਬੁਰਕੇ ਤੋਂ ਇਹੀ ਜਾਪਦਾ ਏ ਕਿ ਇਹ ਕੋਈ ਮੁਸਲਮਾਨਣੀ ਏ!"

ਆਦਮੀ ਬੋਲਿਆ, "ਰੰਗ ਢੰਗ ਤਾਂ ਇਹੀ ਦੱਸਦਾ ਏ ਕਿ ਹੈ ਵੀ ਕਿਸੇ ਚੰਗੇ ਘਰਾਣੇ ਦੀ।"

"ਚਲੋ ਛੱਡੋ ਇਹਨਾਂ ਗੱਲਾਂ ਨੂੰ, ਇੰਜ ਕਰੋ ਕਿ ਮੇਰੀ ਪਾਲਕੀ ਵਿਚ ਇਹਨੂੰ ਲਿਟਾ ਦਿਓ ਤੇ ਚੰਗਾ ਇਹੀ ਏ ਕਿ ਪਾਲਕੀ ਇਥੇ ਲੈ ਆਓ ਤੇ ਆਪਣੇ ਨਾਲ ਕੁਝ ਹੋਰ ਭਰੋਸੇ ਵਾਲੇ ਬੰਦੇ ਲੈ ਕੇ ਇਹਨੂੰ ਲੈ ਚੱਲੋ।"

"ਤੁਹਾਨੂੰ ਇਸ ਵੇਲੇ ਕਿਵੇਂ ਪਤਾ ਲੱਗਾ ?" ਇਕ ਆਦਮੀ ਨੇ ਪੁੱਛ ਲਿਆ।

"ਇਹਨੇ ਚੀਕ ਮਾਰੀ ਸੀ ?" ਕਾਸਮ ਖ਼ਾਨ ਨੇ ਪੁੱਛਿਆ।

"ਆਹੋ, ਜਦ ਅਸੀਂ ਫੜਿਆ ਸੀ ਤਾਂ ਇੱਕੋ 'ਵਾਜ ਕੱਢੀ ਸੀ ਫਿਰ ਤਾਂ ਅਸਾਂ ਕਾਬੂ ਕਰ ਲਿਆ ਸੀ।"

"ਬੱਸ ਉਹੀ ਆਵਾਜ਼ ਸੁਣ ਕੇ ਮੇਰੀ ਜਾਗ ਖੁੱਲ੍ਹ ਗਈ ਤੇ ਮੈਂ ਜ਼ਨਾਨਾ ਆਵਾਜ਼ ਤੋਂ ਅਨੁਮਾਨ ਲਾ ਲਿਆ ਕਿ ਇਹ ਜ਼ਰੂਰ ਕੋਈ ਸ਼ਿਕਾਰ ਆ ਫਸਿਆ ਏ।"

"ਹੋ ਸਕਦਾ ਏ ਆਵਾਜ਼ ਹੋਰ ਵੀ ਕਿਸੇ ਸੁਣੀ ਹੋਵੇ," ਇਕ ਆਦਮੀ ਬੋਲਿਆ, "ਇਸ ਲਈ ਸਾਨੂੰ ਹੁਣ ਦੇਰ ਨਹੀਂ ਲਾਣੀ ਚਾਹੀਦੀ ਤੇ ਇਹਨੂੰ ਇਥੋਂ ਬਿੱਲੇ ਲਾ ਦੇਣਾ ਚਾਹੀਦਾ ਹੈ।"

"ਤੁਸੀਂ ਉਸੇ ਤਰ੍ਹਾਂ ਕਰੋ, ਜਿਵੇਂ ਮੈਂ ਕਿਹਾ ਏ। ਇਹਨੂੰ ਲੈ ਕੇ ਰਾਤੋ ਰਾਤ ਲੰਘ ਜਾਉ ਤੇ ਅਸੀਂ ਤੁਹਾਨੂੰ ਪਿੱਛੋਂ ਆ ਮਿਲਾਂਗੇ," ਕਾਸਮ ਖ਼ਾਨ ਨੇ ਕਿਹਾ।

"ਨਹੀਂ ਹਜ਼ੂਰ, ਤੁਸੀਂ ਚੱਲੋ ਤੇ ਅਸੀਂ ਤੁਹਾਨੂੰ ਪਿੱਛੋਂ ਆ ਮਿਲਾਂਗੇ," ਕਾਸਮ ਖ਼ਾਨ ਨੂੰ ਖ਼ੁਸ਼ ਕਰਨ ਲਈ ਸਿਪਾਹੀਆਂ ਨੇ ਕਿਹਾ। ਉਹਨਾਂ ਦਾ ਖ਼ਿਆਲ ਸੀ ਕਿ ਕਾਸਮ ਖ਼ਾਨ ਫ਼ੌਜ ਛੱਡ ਕੇ ਵੱਖਰੇ ਜਾਣਾ ਪਸੰਦ ਨਹੀਂ ਕਰੇਗਾ ਤੇ ਉਹਨਾਂ ਨੂੰ ਹੀ ਫਿਰ ਕਹੇਗਾ, ਪਰ ਉਹਨਾਂ ਦਾ ਇੱਕੋ ਵਾਰ ਫੋਕਾ ਭਲ-ਭੁਲਾਇਆ ਵੀ ਖ਼ਾਲੀ ਨਾ ਗਿਆ ਤੇ ਕਾਸਮ ਖ਼ਾਨ

ਤਿਆਰ ਹੋ ਗਿਆ।

ਇਕ ਆਦਮੀ ਭੱਜਾ ਗਿਆ ਤੇ ਜਾ ਕੇ ਪਾਲਕੀ ਲੈ ਆਇਆ। ਚਾਰ ਕਹਾਰਾਂ ਤੋਂ ਛੁੱਟ ਕੁਝ ਫ਼ੌਜੀ ਸਿਪਾਹੀ ਵੀ ਜਗਾ ਲਿਆਇਆ। ਉਹ ਵਿਚਾਰੇ ਅਜੇ ਹੁਣੇ ਸੁੱਤੇ ਸਨ ਪਰ ਕਾਸਮ ਖ਼ਾਨ ਦਾ ਹੁਕਮ ਮੋੜਨਾ ਔਖਾ ਸੀ। ਇਸ ਲਈ ਟੁਰ ਪਏ।

ਫ਼ਾਤਮਾ ਨੂੰ ਪਾਲਕੀ ਵਿਚ ਪਾ ਲਿਆ ਤੇ ਕਾਸਮ ਖ਼ਾਨ ਨਾਲ ਘੋੜੇ 'ਤੇ ਸਵਾਰ ਹੋ ਗਿਆ। ਸਾਰੀ ਰਾਤ ਸਫ਼ਰ ਕਰਦੇ ਰਹੇ ਤੇ ਸਵੇਰੇ ਉਹ ਅੰਮ੍ਰਿਤਸਰ ਤੋਂ ਦਿੱਲੀ ਜਾਣ ਵਾਲੀ ਸੜਕ 'ਤੇ ਪੁੱਜ ਗਏ। ਅਜੇ ਥੋੜ੍ਹੀ ਜਿਹੀ ਹੀ ਲੋਅ ਹੋਈ ਸੀ ਕਿ ਕਾਸਮ ਖ਼ਾਨ ਨੇ ਪਾਲਕੀ ਵਿਚ ਝਾਤੀ ਮਾਰੀ, ਅਜੇ ਫ਼ਾਤਮਾ ਬੇਹੋਸ਼ ਪਈ ਸੀ। ਫ਼ਾਤਮਾ ਦਾ ਮਾਸੂਮ ਪਰ ਬੜਾ ਪ੍ਰਭਾਵਸ਼ਾਲੀ ਮੁਖੜਾ ਦੇਖ ਕੇ ਕਾਸਮ ਖ਼ਾਨ ਬੜਾ ਖ਼ੁਸ਼ ਹੋਇਆ। ਉਸ ਨੇ ਬੜੀਆਂ ਥੋੜ੍ਹੀਆਂ ਸੋਹਣੀਆਂ ਕੁੜੀਆਂ ਦੇਖੀਆਂ ਸਨ, ਪਰ ਇਸ ਤਰ੍ਹਾਂ ਦੀ ਸੁੰਦਰਤਾ ਦੀ ਮੂਰਤ ਉਸ ਦੀ ਕਿਸਮਤ ਵਿੱਚ ਪਹਿਲੀ ਵਾਰ ਦੇਖਣ ਵਿਚ ਆਈ ਸੀ।

ਹੁਣ ਉਹਦੇ ਮਨ ਵਿਚ ਰਹਿ ਰਹਿ ਕੇ ਇਹੋ ਖ਼ਿਆਲ ਆਉਂਦਾ ਕਿ ਇਹਨੂੰ ਜਦੋਂ ਹੋਸ਼ ਆਏਗੀ ਤਾਂ ਇਹ ਪਾਲਕੀ ਵਿਚ ਆਪਣੇ ਆਪ ਨੂੰ ਦੇਖ ਕੇ ਹੈਰਾਨ ਹੋਵੇਗੀ, ਪਰ ਉਹਨੂੰ ਇਸ ਗੱਲ ਦਾ ਨਿਸਚਾ ਸੀ ਕਿ ਜਦੋਂ ਉਹਨੂੰ ਕਾਸਮ ਖ਼ਾਨ ਦੀ ਪਦਵੀ ਤੇ ਠਾਠ ਦਾ ਪਤਾ ਲੱਗਾ ਤਾਂ ਉਹ ਜ਼ਰੂਰ ਖ਼ੁਸ਼ ਹੋ ਜਾਏਗੀ। ਉਹ ਪਾਲਕੀ ਦੇ ਰੇਸ਼ਮੀ ਪਰਦਿਆਂ ਵਿੱਚੋਂ ਝਾਤੀ ਮਾਰੇਗੀ ਤੇ ਮੇਰੀ ਜਵਾਨੀ ਦੇਖ ਕੇ ਖ਼ੁਸ਼ ਹੋ ਜਾਏਗੀ। ਉਹ ਚਾਹੁੰਦਾ ਸੀ ਕਿ ਪਾਲਕੀ ਦੇ ਨਾਲ ਨਾਲ ਟੁਰਿਆ ਜਾਏ ਤਾਕਿ ਇਹ ਸੁੰਦਰੀ ਉੱਠ ਕੇ ਆਪ ਉਹਦੇ ਦਰਸ਼ਨ ਕਰ ਲਵੇ ਪਰ ਪਤਾ ਨਹੀਂ ਉਹਦਾ ਮਨ ਕੀਤੇ ਫ਼ੈਸਲੇ ਨੂੰ ਕਿਉਂ ਝੱਟ ਹੀ ਉਲੰਘ ਜਾਂਦਾ ਤੇ ਕਾਸਮ ਖ਼ਾਨ ਪਾਲਕੀ ਦੇ ਨੇੜੇ ਘੋੜਾ ਕਰ ਕੇ ਪਰਦੇ ਚੁੱਕ ਚੁੱਕ ਕੇ ਦੇਖਦਾ।

ਇਕ ਥਾਂ ਪਾਣੀ ਦਾ ਖੂਹ ਆ ਗਿਆ। ਇਥੇ ਝੱਟ ਆਰਾਮ ਕਰਨ ਲਈ ਸਾਰੇ ਠਹਿਰ ਗਏ। "ਕਦੋਂ ਤਕ ਤੁਰੇ ਜਾਵਾਂਗੇ ਇਸੇ ਤਰ੍ਹਾਂ ?" ਕਹਾਰਾਂ ਨੇ ਪੁੱਛਿਆ। ਕਈ ਘੰਟੇ ਲਗਾਤਾਰ ਚੁੱਕੀ ਟੁਰਨ ਨਾਲ ਉਹ ਥੱਕ ਗਏ ਸਨ। ਰਾਤ ਨੂੰ ਸੁੱਤੇ ਵੀ ਨਹੀਂ ਸਨ ਤੇ ਹੁਣ ਵੀ ਬੜਾ ਸਫ਼ਰ ਕਰ ਚੁੱਕੇ ਸਨ।

"ਬਸ ਥੋੜ੍ਹੀ ਦੂਰ ਹੀ ਚੱਲ ਕੇ ਆਰਾਮ ਕਰਾਂਗੇ ਤੇ ਉਥੇ ਹੀ ਪਿਛਲੇ ਸਾਥੀਆਂ ਨੂੰ ਉਡੀਕਾਂਗੇ। ਮੈਨੂੰ ਤੁਹਾਡੀ ਤਕਲੀਫ਼ ਦਾ ਅਹਿਸਾਸ ਹੈ," ਕਾਸਮ ਖ਼ਾਨ ਨੇ ਕਿਹਾ।

ਇਥੇ ਸਾਰਿਆਂ ਥੋੜ੍ਹਾ ਬਹੁਤ ਜੋ ਕੁਝ ਲੱਭਾ, ਉਹ ਖਾਧਾ ਤੇ ਕਾਸਮ ਖ਼ਾਨ ਨੇ ਪਾਣੀ ਦੇ ਕੁਝ ਛੱਟੇ ਫ਼ਾਤਮਾ ਦੇ ਮੂੰਹ 'ਤੇ ਮਾਰੇ। ਸਾਰਾ ਦਿਨ ਫਿਰ ਸਫ਼ਰ ਜਾਰੀ ਰਿਹਾ ਤੇ ਅਖ਼ੀਰ ਇਹ ਰੱਈਏ ਪਹੁੰਚ ਗਏ। ਸ਼ਾਮ ਦਾ ਖਾਣਾ ਖਾਧਾ ਗਿਆ।

ਕਾਸਮ ਖ਼ਾਨ ਨੇ ਆਪਣੇ ਸਾਥੀਆਂ ਨੂੰ ਕਿਹਾ ਹੋਇਆ ਸੀ ਕਿ ਉਹ ਉਨ੍ਹਾਂ ਨੂੰ

ਦਰਿਆ ਬਿਆਸ ਦੇ ਕੰਢੇ ਮਿਲੇਗਾ। ਬਿਆਸ ਦੇ ਕੰਢੇ ਵੱਡੀ ਸੜਕ 'ਤੇ ਹੀ ਇਕ ਉੱਚਾ ਸਾਰਾ ਟਿੱਬਾ ਸੀ, ਇਹ ਉਸ ਜ਼ਮਾਨੇ ਵਿਚ ਕਾਫ਼ੀ ਵੱਡਾ ਤੇ ਉੱਚਾ ਸੀ ਤੇ ਆਮ ਕਰਕੇ ਸ਼ਾਹੀ ਫ਼ੌਜਾਂ ਇਸ ਨੂੰ ਸਿਗਨਲ ਲਈ ਵਰਤਿਆ ਕਰਦੀਆਂ ਸਨ। ਇਥੇ ਖਲੋ ਕੇ ਦੂਰ ਦੂਰ ਤਕ ਝੰਡੇ ਹਿਲਾ ਕੇ ਹੁਕਮ ਦਿੱਤੇ ਜਾਂਦੇ ਸਨ। ਇਸ ਥਾਂ ਨੂੰ ਕਾਸਮ ਖ਼ਾਨ ਨੇ ਚੁਣਿਆ। ਉਹਦਾ ਖ਼ਿਆਲ ਸੀ ਕਿ ਇਕ ਤਾਂ ਪੱਟੀ ਦੇ ਇਲਾਕੇ ਤੋਂ ਕਾਫ਼ੀ ਦੂਰ ਚਲੇ ਜਾਣਾ ਚਾਹੀਦਾ ਹੈ ਤੇ ਦੂਜਾ ਲੜਕੀ ਨੂੰ ਹੋਸ਼ ਆ ਜਾਏਗੀ ਤੇ ਉਸ ਨਾਲ ਗੱਲ-ਬਾਤ ਦਾ ਖੁੱਲ੍ਹਾ ਮੌਕਾ ਮਿਲ ਜਾਏਗਾ। ਤੇ ਜੇ ਮਿੰਨਤਾਂ ਵੀ ਕਰਨੀਆਂ ਪਈਆਂ ਤਾਂ ਉਹ ਵੀ ਕਰ ਲਈਆਂ ਜਾਣਗੀਆਂ। ਸਾਰੇ ਫ਼ੌਜੀਆਂ ਸਾਹਮਣੇ ਇਕ ਜ਼ਨਾਨੀ ਅੱਗੇ ਹਾੜੇ ਕੱਢਦਾ ਉਹ ਚੰਗਾ ਨਹੀਂ ਸੀ ਲੱਗਦਾ।

ਰਾਤ ਨੂੰ ਸ਼ਾਹੀ ਫ਼ੌਜ ਨੇ ਵੀ ਪਹੁੰਚ ਜਾਣਾ ਸੀ। ਇਸੇ ਲਈ ਕਾਸਮ ਖ਼ਾਨ ਰੱਈਏ ਨਾ ਠਹਿਰਿਆ, ਸਗੋਂ ਇਸ ਟਿੱਬੇ 'ਤੇ ਆ ਗਿਆ।

ਟਿੱਬੇ 'ਤੇ ਅੱਗ ਬਾਲੀ ਗਈ ਤੇ ਇਕ ਮਸ਼ਾਲ ਵੀ ਜਗਾ ਲਈ ਗਈ, ਜਿਸ ਦੀ ਰੌਸ਼ਨੀ ਆਸ ਪਾਸ ਦੂਰ ਤਕ ਪਹੁੰਚੀ।

"ਸੁਭਾਨ ਅੱਲਾ, ਸੁਭਾਨ ਅੱਲਾ!" ਕਾਸਮ ਖ਼ਾਨ ਦੇ ਮੂੰਹੋਂ ਜ਼ੋਰ ਦੀ ਨਿਕਲਿਆ ਤੇ ਸਾਥੀ ਦੌੜ ਕੇ ਉਸ ਕੋਲ ਆ ਗਏ। ਸਾਰੇ ਹੈਰਾਨ ਹੋ ਗਏ ਕਿ ਇਤਨੀ ਖ਼ੁਸ਼ੀ ਵਾਲੀ ਕਿਹੜੀ ਗੱਲ ਹੋ ਗਈ ਏ। ਕਾਸਮ ਖ਼ਾਨ ਨੇ ਕਿਹਾ, "ਵੇਖ ਓਏ ਫ਼ੈਜ਼ ਅਲੀ, ਕੁੜੀ ਹਿੱਲਣ ਜੁੱਲਣ ਲੱਗ ਪਈ ਆ। ਹੁਣ ਇਹਨੇ ਉੱਠ ਪੈਣਾ ਈ।"

ਫ਼ਾਤਮਾ ਨੇ ਅੱਖਾਂ ਖੋਲ੍ਹੀਆਂ ਤਾਂ ਉਹ ਇਕ ਪਾਲਕੀ ਵਿਚ ਪਈ ਸੀ। ਇਹ ਉਹਦੇ ਲਈ ਬੜੀ ਹੈਰਾਨੀ ਦਾ ਕਾਰਨ ਸੀ। ਉਸ ਪਾਲਕੀ ਦੇ ਪਰਦੇ ਚੁੱਕ ਕੇ ਬਾਹਰ ਦੇਖਣ ਦਾ ਯਤਨ ਕੀਤਾ, ਪਰ ਬੜੇ ਕੱਦ-ਆਵਰ ਬੰਦੇ ਦੇਖ ਕੇ ਉਹ ਡਰ ਗਈ। ਉਹ ਸੋਚ ਰਹੀ ਸੀ ਕਿ ਕਿਥੇ ਆ ਗਈ ਏ। ਕਾਸਮ ਖ਼ਾਨ ਨੂੰ ਵੀ ਸ਼ਾਂਤੀ ਨਹੀਂ ਸੀ ਆ ਰਹੀ। ਉਸ ਵੀ ਝੱਟ ਪਿੱਛੋਂ ਫਿਰ ਪਾਲਕੀ ਦਾ ਪਰਦਾ ਚੁੱਕ ਕੇ ਅੰਦਰ ਝਾਕਿਆ। ਫ਼ਾਤਮਾ ਦੀਆਂ ਚੀਕਾਂ ਨਿਕਲ ਗਈਆਂ। ਰਾਤ ਦੇ ਹਨੇਰੇ ਵਿਚ ਜਦ ਕਿ ਚਾਰ-ਚੁਫ਼ੇਰੇ ਬਿਲਕੁਲ ਚੁੱਪ ਸੀ, ਇਹ ਚੀਕਾਂ ਬਹੁਤ ਦੂਰ ਤਕ ਸੁਣੀਆਂ ਗਈਆਂ।

ਟਿੱਬੇ ਦੇ ਨੇੜੇ ਹੀ ਜੰਗਲ ਵਿਚ ਸਿੰਘਾਂ ਦਾ ਡੇਰਾ ਸੀ। ਸਰਦਾਰ ਬਹਾਦਰ ਸਿੰਘ ਨੇ ਆਵਾਜ਼ ਸੁਣੀ ਤਾਂ ਤ੍ਰਬਕ ਪਏ। ਧਿਆਨ ਨਾਲ ਦੇਖਿਆ ਤੇ ਸੁਣਿਆ। ਦੂਜੀ ਆਵਾਜ਼ ਆਉਣ 'ਤੇ ਪਛਾਣ ਗਏ ਕਿ ਇਹ ਆਵਾਜ਼ ਕਿਸੇ ਜ਼ਨਾਨੀ ਦੀ ਹੈ। ਜਦ ਟਿੱਬੇ ਵੱਲ ਨਜ਼ਰ ਮਾਰੀ ਤਾਂ ਰੁੱਖਾਂ ਦੇ ਵਿੱਚੋਂ ਦੀ ਕੁਝ ਚਾਨਣ ਦਿਸਿਆ। ਆਪ ਨੇ ਉਸੇ ਵੇਲੇ ਇਕ ਸਿੰਘ ਨੂੰ ਭੇਜਿਆ ਕਿ ਉਹ ਪਤਾ ਕਰੇ। ਸਿੰਘ ਝੱਟ ਸ਼ਸਤਰ ਸਜਾ ਕੇ ਤਿਆਰ ਹੋ ਗਿਆ

ਤੇ ਰੁੱਖਾਂ ਦੇ ਵਿੱਚੋਂ ਹੋ ਕੇ ਟਿੱਬੇ ਦੇ ਨਾਲ ਪਹੁੰਚ ਗਿਆ। ਕਾਫ਼ੀ ਚਿਰ ਇਸੇ ਇਲਾਕੇ ਵਿਚ ਰਹਿੰਦੇ ਹੋਣ ਕਾਰਨ ਸਿੰਘਾਂ ਨੂੰ ਹਰ ਰਾਹ ਤੇ ਹਰ ਰੁੱਖ ਦਾ ਪਤਾ ਸੀ, ਇਸ ਲਈ ਬੜੀ ਆਸਾਨੀ ਨਾਲ ਇਹ ਸਿੰਘ ਟਿੱਬੇ 'ਤੇ ਚੜ੍ਹ ਕੇ ਉਹਨਾਂ ਦੇ ਡੇਰੇ ਦੇ ਬਿਲਕੁਲ ਨੇੜੇ ਪਹੁੰਚ ਗਿਆ।

ਕਾਫ਼ੀ ਦੇਰ ਖੜਾ ਸਿੰਘ ਸਾਰੀ ਗੱਲ-ਬਾਤ ਸੁਣਦਾ ਰਿਹਾ ਤੇ ਵਿੱਚੋਂ ਅਸਲ ਗੱਲ ਲੱਭਣ ਦਾ ਯਤਨ ਕਰਦਾ ਰਿਹਾ। ਜਦੋਂ ਉਹਦੀ ਤਸੱਲੀ ਹੋ ਗਈ ਤਾਂ ਮੁੜ ਗਿਆ। ਜਾ ਕੇ ਸਰਦਾਰ ਬਹਾਦਰ ਸਿੰਘ ਨੂੰ ਦੱਸਿਆ ਕਿ ਕੋਈ ਵੱਡਾ ਫ਼ੌਜੀ ਅਫ਼ਸਰ ਜਾਪਦਾ ਏ। ਅੱਜ-ਕੱਲ੍ਹ ਜਿਨ੍ਹਾਂ ਨਾਲ ਸਾਡੇ ਮੁਕਾਬਲੇ ਹੋਏ ਹਨ, ਉਹਨਾਂ ਵਿੱਚੋਂ ਤਾਂ ਨਹੀਂ, ਕੋਈ ਨਵਾਂ ਆਦਮੀ ਜਾਪਦਾ ਏ। ਉਹ ਗਿਣਤੀ ਵਿਚ ਦਰਜਨ ਦੇ ਲਗਪਗ ਹਨ। ਉਹਨਾਂ ਇਕ ਜ਼ਨਾਨੀ ਕੱਢ ਕੇ ਲਿਆਂਦੀ ਜਾਪਦੀ ਏ, ਉਸੇ ਬਾਰੇ ਗੱਲਾਂ ਕਰ ਰਹੇ ਹਨ। ਜ਼ਨਾਨੀ ਤਾਂ ਮੈਂ ਵੇਖ ਨਹੀਂ ਸਕਿਆ, ਕਿਉਂਕਿ ਉਹ ਇਕ ਪਾਲਕੀ ਵਿਚ ਸੀ ਪਰ ਉਸ ਅਫ਼ਸਰ ਨੂੰ ਹਾੜੇ ਕੱਢਦਿਆਂ ਤੇ ਅੱਗੋਂ ਉਹਦੇ ਚਿਚਲਾ ਚਿਚਲਾ ਕੇ ਉੱਤਰ ਦੇਂਦਿਆਂ ਸੁਣਿਆ ਏ। ਇਸ ਵੇਲੇ ਉਹ ਸ਼ਰਾਬ ਪੀ ਰਹੇ ਨੇ।"

"ਮਾਮਲਾ ਗੰਭੀਰ ਏ," ਸਰਦਰ ਬਹਾਦਰ ਸਿੰਘ ਨੇ ਕਿਹਾ, "ਇਹ ਖ਼ਜ਼ਾਨਾ ਤਾਂ ਦਿੱਲੀ ਨਹੀਂ ਲਿਜਾ ਰਹੇ ?"

"ਮੈਨੂੰ ਤਾਂ ਇਸ ਤਰ੍ਹਾਂ ਨਹੀਂ ਜਾਪਦਾ। ਖ਼ਜ਼ਾਨੇ ਨਾਲ ਤਾਂ ਸੈਂਕੜੇ ਬੰਦੇ ਚਾਹੀਦੇ ਹਨ। ਇਹ ਤਾਂ ਮੈਨੂੰ ਕੋਈ ਗਸ਼ਤੀ ਜਿਹਾ ਦਸਤਾ ਲੱਗਦਾ ਏ ਅਤੇ ਇਹ ਜ਼ਨਾਨੀ ਕਿਧਰੋਂ ਚੁੱਕ ਲਿਆਂਦੀ ਨੇ।"

"ਤਾਂ ਸਾਨੂੰ ਉਹ ਦੁਖਿਆਰਨ ਛੁਡਾਣ ਲਈ ਯਤਨ ਕਰਨਾ ਚਾਹੀਦਾ ਹੈ," ਕੋਲ ਬੈਠਾ ਇਕ ਸਿੰਘ ਬੋਲਿਆ।

"ਸਵੇਰੇ ਤੜਕੇ ਸਾਰ ਹਮਲਾ ਕਰ ਦੇਈਏ," ਇਕ ਹੋਰ ਨੇ ਸਲਾਹ ਦਿੱਤੀ।

"ਕਿਉਂ ?" ਸਰਦਾਰ ਬਹਾਦਰ ਸਿੰਘ ਨੇ ਜੋਸ਼ ਵਿਚ ਕਿਹਾ, "ਹੁਣੇ ਕਿਉਂ ਨਾ ਉਸ ਅਬਲਾ ਨੂੰ ਛੁਡਾਇਆ ਜਾਏ। ਸਿੰਘਾਂ ਦਾ ਇਹ ਧਰਮ ਨਹੀਂ ਕਿ ਉਹਨਾਂ ਦੇ ਗੁਆਂਢ ਕੋਈ ਦੁਖਿਆਰਾ ਪਿਆ ਰਹੇ ਅਤੇ ਉਹ ਲੰਮੀਆਂ ਤਾਣ ਕੇ ਸੌਂ ਜਾਣ। ਫੇਰ ਉਹ ਸਵੇਰ ਨੂੰ ਪਤਾ ਨਹੀਂ ਕਿਧਰ ਚਲੇ ਜਾਣ ਜਾਂ ਰਾਤ ਨੂੰ ਹੀ ਕੋਈ ਹੋਰ ਘਟਨਾ ਵਾਪਰ ਜਾਵੇ, ਇਸ ਲਈ ਹੁਣੇ ਹਮਲਾ ਕਰਨਾ ਚਾਹੀਦਾ ਹੈ।"

ਸਰਬ ਸੰਮਤੀ ਨਾਲ ਇਹ ਫ਼ੈਸਲਾ ਹੋ ਗਿਆ ਕਿ ਹੁਣੇ ਹਮਲਾ ਕੀਤਾ ਜਾਏ। ਅਰਦਾਸਾ ਸੋਧ ਕੇ ਸਿੰਘ ਟੁਰ ਪਏ। ਜੰਗਲ ਤੋਂ ਬਾਹਰ ਨਿਕਲ ਕੇ ਸਿੰਘਾਂ ਨੇ ਚਾਰ ਜਥੇ ਬਣਾ ਲਏ ਅਤੇ ਟਿੱਬੇ ਦੇ ਚੌਹਾਂ ਪਾਸਿਆਂ ਤੋਂ ਹਮਲਾ ਕਰਨ ਲਈ ਚੱਲ ਪਏ। ਸਿੰਘ

ਵੀ ਬਹੁਤੀ ਗਿਣਤੀ ਵਿਚ ਨਹੀਂ ਸਨ ਪਰ ਹਮਲਾ ਇਸ ਵਿਉਂਤ ਨਾਲ ਕੀਤਾ ਗਿਆ ਕਿ ਥੋੜ੍ਹੇ ਜਿਹੇ ਵੀ ਬਹੁਤੇ ਲੱਗਣ ਲੱਗ ਪਏ।

ਇਕ ਪਾਸਿਉਂ ਜਦੋਂ ਸਰਦਾਰ ਬਹਾਦਰ ਸਿੰਘ ਦਾ ਦਸਤਾ ਉਪਰ ਡੇਰੇ ਦੇ ਬਿਲਕੁਲ ਨੇੜੇ ਪੁੱਜ ਗਿਆ ਤਾਂ ਉਸ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਿਆ, ਜਿਸਦਾ ਉੱਤਰ ਬਾਕੀ ਤਿੰਨਾਂ ਪਾਸਿਆਂ ਤੋਂ ਇੱਕੋ ਵਾਰ ਆਇਆ ਤੇ ਸਾਰਾ ਇਲਾਕਾ ਗੂੰਜ ਉੱਠਿਆ।

ਕਾਸਮ ਖ਼ਾਨ ਘਬਰਾ ਗਿਆ। ਉਸ ਦੇ ਸਾਥੀ ਸ਼ਰਾਬ ਦੇ ਨਸ਼ੇ ਵਿਚ ਚੂਰ ਹੋ ਕੇ ਡਿੱਗੇ ਪਏ ਸਨ। ਉਹਨਾਂ ਲਈ ਛੇਤੀ ਉੱਠਣਾ ਤੇ ਸੰਭਲਣਾ ਮੁਸ਼ਕਲ ਸੀ, ਇਸ ਲਈ ਉਹਨਾਂ ਦੇ ਹਿੱਲਦਿਆਂ ਤਕ ਸਿੰਘ ਸਿਰਾਂ 'ਤੇ ਜਾ ਚੜ੍ਹੇ ਅਤੇ ਹਰ ਆਦਮੀ ਦੇ ਸਰ੍ਹਾਣੇ ਦੋ ਦੋ ਸਿੰਘ ਜਾ ਖੜੇ ਹੋਏ।

ਸਾਰਿਆਂ ਨੂੰ ਇਕ ਥਾਂ ਇਕੱਠਾ ਕਰ ਕੇ ਜੂੜ ਦਿੱਤਾ ਤੇ ਇਕ ਲੰਮੇ ਰੱਸੇ ਨਾਲ ਬੰਨ੍ਹ ਕੇ ਲਾਈਨ ਵਿਚ ਖੜਾ ਕਰ ਦਿੱਤਾ।

ਜਦ ਇਸ ਕੰਮ ਤੋਂ ਵਿਹਲੇ ਹੋਏ ਤਾਂ ਸਰਦਾਰ ਬਹਾਦਰ ਸਿੰਘ ਪਾਲਕੀ ਕੋਲ ਚਲਾ ਗਿਆ ਤੇ ਆਵਾਜ਼ ਦਿੱਤੀ, "ਬੀਬੀ, ਬਾਹਰ ਆ ਜਾਓ।" ਕੋਈ ਉੱਤਰ ਨਾ ਆਇਆ। ਸਰਦਾਰ ਬਹਾਦਰ ਸਿੰਘ ਨੇ ਦੂਜੀ ਵਾਰ ਫਿਰ ਕਿਹਾ, "ਬੀਬੀ, ਬਾਹਰ ਆ ਜਾਓ। ਹੁਣ ਤੁਹਾਨੂੰ ਕੋਈ ਖ਼ਤਰਾ ਨਹੀਂ। ਤੁਹਾਨੂੰ ਲਿਆਉਣ ਵਾਲੇ ਜ਼ਾਲਮ ਹੁਣ ਨੂੜੇ ਪਏ ਹਨ।" ਜਦ ਫਿਰ ਵੀ ਕੋਈ ਆਵਾਜ਼ ਨਾ ਆਈ ਤਾਂ ਸਰਦਾਰ ਬਹਾਦਰ ਸਿੰਘ ਨੇ ਸਮਝਿਆ ਕਿ ਜਾਂ ਤਾਂ ਸਾਡੇ ਰੌਲੇ ਵਿਚ ਉਹ ਕਿਧਰੇ ਖਿਸਕ ਗਈ ਏ ਤੇ ਜਾਂ ਅੰਦਰ ਹੀ ਮਾਰ ਦਿੱਤੀ ਗਈ ਏ।

ਜਦ ਕੱਪੜਾ ਪਰੇ ਹਟਾਇਆ ਤਾਂ ਫ਼ਾਤਮਾ ਬੇਹੋਸ਼ ਪਈ ਸੀ। ਅਸਲ ਵਿਚ ਉਹ ਕਾਸਮ ਖ਼ਾਨ ਦੀਆਂ ਮੋਟੀਆਂ ਵਹਿਸ਼ੀ ਅੱਖਾਂ ਦੇਖ ਕੇ ਡਰ ਗਈ ਤੇ ਦਹਿਸ਼ਤ ਨਾਲ ਹੀ ਉਹ ਫਿਰ ਗਸ਼ ਖਾ ਗਈ। ਸਰਦਾਰ ਬਹਾਦਰ ਸਿੰਘ ਨੇ ਉਹਦੀ ਨਬਜ਼ ਦੇਖੀ ਤਾਂ ਉਹ ਠੀਕ ਚੱਲ ਰਹੀ ਸੀ।

ਸਿੰਘਾਂ ਨੂੰ ਕਿਹਾ ਕਿ ਪਾਲਕੀ ਸਮੇਤ ਇਹਨੂੰ ਡੇਰੇ ਪੁਚਾ ਦਿਓ ਤੇ ਬਾਕੀ ਸਾਰੇ ਕੈਦੀਆਂ ਨੂੰ ਵੀ ਅੱਖਾਂ ਬੰਨ੍ਹ ਕੇ ਲੈ ਚੱਲੋ। ਕੱਲ੍ਹ ਸਵੇਰੇ ਇਹਨਾਂ ਤੋਂ ਪੁੱਛ-ਪੜਤਾਲ ਕੀਤੀ ਜਾਵੇਗੀ।

15

ਸਵੇਰੇ ਤੜਕ ਸਾਰ ਫ਼ਾਤਮਾ ਨੂੰ ਹੋਸ਼ ਆਈ। ਉਹ ਦੇਖ ਕੇ ਹੈਰਾਨ ਰਹਿ ਗਈ ਕਿ ਹੁਣ ਨਾ ਉਹ ਪਾਲਕੀ ਵਿਚ ਸੀ ਤੇ ਨਾ ਹੀ ਉਸ ਦੇ ਆਸੇ-ਪਾਸੇ ਕੋਈ ਆਦਮੀ। ਉਹ ਇਕ ਕੱਖਾਂ ਕਾਨਿਆਂ ਦੀ ਝੁੱਗੀ ਜਿਹੀ ਵਿਚ ਫੂਹੜੀ 'ਤੇ ਪਈ ਸੀ ਜੋ ਕਿ ਗੰਨੇ ਦੀ ਬਣੀ ਹੋਈ ਸੀ। ਉਪਰ ਨਜ਼ਰ ਮਾਰੀ ਤਾਂ ਛੱਤ ਵਾਲੀ ਲੱਕੜੀ ਨਾਲ ਇਕ ਬਰਛਾ ਅੜਿਆ ਹੋਇਆ ਸੀ ਤੇ ਕੁਝ ਕੱਪੜੇ ਖੂੰਗੀਆਂ ਨਾਲ ਲਟਕ ਰਹੇ ਸਨ। ਬਾਹਰ ਝਾਤੀ ਮਾਰੀ ਤਾਂ ਚਾਰ ਚੁਫ਼ੇਰੇ-ਰੁੱਖਾਂ ਦਾ ਝੁੰਡ ਹੀ ਦਿਸਿਆ। ਝੱਟ ਉੱਠ ਕੇ ਬੈਠ ਗਈ ਤੇ ਸਰ੍ਹਾਣੇ ਵਾਲੇ ਪਾਸੇ ਖਿੱਛੇ ਮੂੰਹ ਕਰਕੇ ਦੇਖਿਆ ਤਾਂ ਇਕ ਮੈਦਾਨ ਦਿਸਿਆ, ਜਿਸ ਦੇ ਆਸੇ-ਪਾਸੇ ਇਸ ਤਰ੍ਹਾਂ ਦੀਆਂ ਝੁੱਗੀਆਂ ਜਿਹੀਆਂ ਸਨ। ਵਿਚਕਾਰ ਇਕ ਰੁੱਖ ਥੱਲੇ ਕੁਝ ਘੋੜੇ ਖੜ੍ਹੇ ਸਨ।

ਫ਼ਾਤਮਾ ਸੋਚੀਂ ਪੈ ਗਈ ਕਿ ਇਹ ਕਿਹੜਾ ਟਿਕਾਣਾ ਏ। ਪਹਿਲਾਂ ਉਸ ਸੋਚਿਆ ਕਿ ਸ਼ਾਇਦ ਉਹਨੂੰ ਪਿੰਡ ਦੇ ਕਿਸੇ ਕੰਮੀ ਕਮੀਨ ਦੇ ਘਰ ਲੈ ਆਂਦਾ ਗਿਆ ਹੈ ਪਰ ਜਦੋਂ ਆਸੇ-ਪਾਸੇ ਜੰਗਲ ਦੇਖ ਲਿਆ ਤਾਂ ਉਹਦੀ ਘਬਰਾਹਟ ਵਧ ਗਈ। ਉਹਦੇ ਵਿਚ ਸਾਹ-ਸਤ ਨਹੀਂ ਸੀ ਰਿਹਾ। ਬੜੀ ਮੁਸ਼ਕਲ ਨਾਲ ਉਹ ਹੱਥ ਦੀ ਤਲੀ ਦਾ ਸਹਾਰਾ ਦੇ ਕੇ ਉੱਠੀ।

ਇਕ ਆਵਾਜ਼ ਆਈ ਤੇ ਉਹ ਫਿਰ ਡਰ ਕੇ ਬੈਠ ਗਈ। ਇਕ ਸਿੰਘ ਪੜ੍ਹਦਾ ਜਾ ਰਿਹਾ ਸੀ, "ਮਿੱਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ।" ਸਿੰਘ ਮੂੰਹ ਧਿਆਨੇ ਝੁੱਗੀ ਦੇ ਅੱਗੋਂ ਲੰਘ ਗਿਆ। ਫ਼ਾਤਮਾ ਨੂੰ ਹੁਣ ਪਤਾ ਲੱਗਾ ਕਿ ਉਹ ਸਿੱਖਾਂ ਦੇ ਡੇਰੇ 'ਤੇ ਆ ਗਈ ਏ। ਉਹਨੂੰ ਪਤਾ ਸੀ ਕਿ ਸਿਖ ਜੰਗਲਾਂ ਵਿਚ ਹੀ ਰਹਿੰਦੇ ਹਨ। ਇਸ ਲਈ ਇਹ ਜੰਗਲ ਅਵੱਸ਼ ਸਿੱਖਾਂ ਦਾ ਅੱਡਾ ਹੀ ਹੈ। ਕਾਦਰ ਬਖ਼ਸ਼ ਨੇ ਉਹਨੂੰ ਦੱਸਿਆ ਹੋਇਆ ਸੀ ਕਿ ਸਿਖ ਕਿਸੇ ਦੀ ਧੀ ਭੈਣ ਵੱਲ ਮਾੜੀ ਨਜ਼ਰ ਨਾਲ ਨਹੀਂ ਦੇਖਦੇ ਤੇ ਇਹਨਾਂ ਦਾ ਆਚਰਣ ਬਹੁਤ ਉੱਚਾ ਹੁੰਦਾ ਹੈ, ਇਸ ਲਈ ਉਹਨੂੰ ਤਸੱਲੀ ਸੀ ਕਿ ਉਹਦੀ ਇੱਜ਼ਤ ਨੂੰ ਇਸ ਥਾਂ ਕੋਈ ਖ਼ਤਰਾ ਨਹੀਂ ਹੋ ਸਕਦਾ।

ਉਹ ਸੋਚੀਂ ਪੈ ਗਈ ਕਿ ਇਥੇ ਕਿਵੇਂ ਆ ਗਈ ਏ ? ਉਸ ਆਪਣੀ ਸਾਰੀ ਸੋਚ ਸ਼ਕਤੀ 'ਤੇ ਜ਼ੋਰ ਪਾ ਕੇ ਯਾਦ ਕੀਤਾ ਕਿ ਖੂਹ ਤੋਂ ਮੁੜਦਿਆਂ ਉਸ 'ਤੇ ਹਮਲਾ ਕਰਨ ਵਾਲੇ ਸਿਖ ਤਾਂ ਨਹੀਂ ਸਨ। ਉਹਨੇ ਦੇਖਿਆ ਸੀ ਕਿ ਇਕ ਸਿਰੋਂ ਨੰਗਾ ਸੀ। ਤੇ ਜਦ ਆਪਣਾ ਆਪ ਛੁਡਾਣ ਲਈ ਉਸ ਹੱਥ ਪੈਰ ਮਾਰੇ ਸਨ ਤਾਂ ਇਕ ਵਾਰ ਉਹਦਾ ਹੱਥ ਇਕ ਆਦਮੀ ਦੇ ਮੂੰਹ 'ਤੇ ਵੀ ਵੱਜਾ ਸੀ, ਉਹਦਾ ਖਰ੍ਹਵਾ ਚਿਹਰਾ ਦੱਸਦਾ ਸੀ ਕਿ ਦਾਹੜੀ

ਮੁਨਾਈ ਹੋਈ ਏ। ਉਹਨੂੰ ਫਿਰ ਇਹ ਵੀ ਯਾਦ ਆ ਗਈ ਕਿ ਪਾਲਕੀ ਵਿੱਚੋਂ ਜਦ ਉਸ ਇਕ ਵਾਰ ਹੋਸ਼ ਆਉਣ 'ਤੇ ਝਾਕਿਆ ਸੀ ਤਾਂ ਉਹਨੂੰ ਸਿਖ ਕੋਈ ਨਹੀਂ ਸੀ ਦਿਸਿਆ, ਸਗੋਂ ਉਹ ਤਾਂ ਕੋਈ ਮੁਸਲਮਾਨ ਫ਼ੌਜੀ ਜਾਪਦਾ ਸੀ। ਉਸ ਫ਼ੌਜੀ ਦਾ ਖ਼ਿਆਲ ਆਉਂਦਿਆਂ ਇਕ ਵਾਰ ਫਿਰ ਇਹਦਾ ਸਾਰਾ ਸਰੀਰ ਕੰਬ ਗਿਆ।

ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਜੰਗਲ ਵਿਚ ਕਿਵੇਂ ਪਹੁੰਚੀ ਤੇ ਸਿੱਖਾਂ ਉਹਨੂੰ ਕਿਵੇਂ ਤੇ ਕਿਵੇਂ ਲਿਆਂਦਾ ਏ।

ਬਾਹਰੋਂ ਇਕ ਸਿੰਘ ਦੀ ਆਵਾਜ਼ ਆਈ ਤੇ ਫ਼ਾਤਮਾ ਦੀ ਸੋਚ ਲੜੀ ਟੁੱਟ ਗਈ। ਪੈਰਾਂ ਦੀ ਆਵਾਜ਼ ਵੀ ਨੇੜੇ ਆਉਂਦੀ ਜਾ ਰਹੀ ਸੀ, ਜਿਸ ਕਰਕੇ ਫ਼ਾਤਮਾ ਸਹਿਮ ਗਈ ਤੇ ਇਕ ਨੁੱਕਰੇ ਆਪਣਾ ਸਾਰਾ ਸਰੀਰ 'ਕੱਠਾ ਕਰ ਕੇ ਬੈਠ ਗਈ। ਸਰਦਾਰ ਬਹਾਦਰ ਸਿੰਘ, ਜੋ ਪਾਠ ਕਰਦੇ ਆ ਰਹੇ ਸਨ। ਆਉਂਦਿਆਂ ਉਹਨਾਂ ਗਿੱਲੇ ਕੱਪੜੇ ਕਿੱਲੀ ਨਾਲ ਟੰਗ ਦਿੱਤੇ ਤੇ ਇਕ ਪਾਸੇ ਚੌਂਕੜਾ ਮਾਰ ਕੇ ਬੈਠ ਗਏ। ਉਹਨਾਂ ਇਕ ਨਜ਼ਰ ਫ਼ਾਤਮਾ ਵੱਲ ਮਾਰੀ ਤੇ ਉਹਨੂੰ ਹੱਥ ਇਸ਼ਾਰੇ ਨਾਲ ਸਮਝਾਇਆ ਕਿ ਉਹ ਬੇਸ਼ੱਕ ਖੁਲ੍ਹ ਕੇ ਬੈਠ ਜਾਏ।

ਝੱਟ ਸਰਦਾਰ ਬਹਾਦਰ ਸਿੰਘ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਆਪ ਪਾਠ ਕਰਦੇ ਰਹੇ। ਭਾਵੇਂ ਆਪ ਕਾਫ਼ੀ ਹੌਲੀ ਆਵਾਜ਼ ਵਿਚ ਪਾਠ ਕਰ ਰਹੇ ਸਨ ਪਰ ਫਿਰ ਵੀ ਉਸ ਝੁੱਗੀ ਵਿਚ ਬੈਠਾ ਆਦਮੀ ਆਸਾਨੀ ਨਾਲ ਸੁਣ ਸਕਦਾ ਸੀ। ਫ਼ਾਤਮਾ ਨੇ ਅੱਜ ਤਕ ਕਿਸੇ ਸਿਖ ਨੂੰ ਪਾਠ ਕਰਦਿਆਂ ਨਹੀਂ ਸੀ ਸੁਣਿਆ ਤੇ ਨਾ ਹੀ ਉਹਨੂੰ ਪਤਾ ਸੀ ਕਿ ਸਿਖ ਕਿਵੇਂ ਤੇ ਕਿਸ ਭਾਸ਼ਾ ਵਿਚ ਪਰਮਾਤਮਾ ਨੂੰ ਯਾਦ ਕਰਦੇ ਹਨ। ਸਰਦਾਰ ਬਹਾਦਰ ਸਿੰਘ ਦੀ ਇਹ ਤੁਕ ਉਹਨੂੰ ਬੜੀ ਸਪੱਸ਼ਟ ਕਰ ਕੇ ਸੁਣਾਈ ਦਿੱਤੀ—"ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥"

ਉਹ ਇਹਨਾਂ ਸਤਰਾਂ ਨੂੰ ਚੰਗੀ ਤਰ੍ਹਾਂ ਸਮਝ ਗਈ ਤੇ ਹੋਰ ਧਿਆਨ ਨਾਲ ਸੁਣਨ ਲੱਗ ਪਈ। ਸਰਦਾਰ ਬਹਾਦਰ ਸਿੰਘ ਨੇ ਨਿਤਨੇਮ ਪੂਰਾ ਕੀਤਾ ਤੇ ਫਿਰ ਖੜੇ ਹੋ ਕੇ ਅਰਦਾਸ ਕੀਤੀ, ਜਿਸ ਵਿਚ ਅਖ਼ੀਰ 'ਤੇ ਕਿਹਾ, "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।"

ਫ਼ਾਤਮਾ 'ਤੇ ਬੜਾ ਅਸਰ ਹੋਇਆ। ਉਹ ਹੈਰਾਨ ਸੀ ਕਿ ਇਹ ਕਿਸ ਤਰ੍ਹਾਂ ਦੇ ਇਨਸਾਨ ਹਨ। ਇਹਨਾਂ ਨਾਲ ਮੁਸਲਮਾਨਾਂ ਤੇ ਸਰਕਾਰਾਂ ਦਾ ਵੈਰ ਹੈ। ਇਹਨਾਂ ਨੂੰ ਘਰਾਂ ਵਿਚ ਰਹਿਣ ਨਹੀਂ ਦਿੱਤਾ ਗਿਆ ਪਰ ਇਹ ਰੱਬ ਅੱਗੇ ਅਰਦਾਸ ਕਰ ਰਹੇ ਹਨ ਕਿ ਉਹ ਸਾਰਿਆਂ ਦਾ ਭਲਾ ਕਰੇ। ਉਹਨੇ ਸੋਚਿਆ ਕਿ ਦੁਨੀਆਂ ਵਿਚ ਹੋਰ ਇਸ ਤਰ੍ਹਾਂ ਦਾ ਕੋਈ ਨਹੀਂ ਹੋ ਸਕਦਾ, ਜੋ ਦੁਸ਼ਮਣਾਂ ਤੇ ਮਿੱਤਰਾਂ ਸਭ ਦਾ ਇੱਕੋ ਜਿਹਾ ਭਲਾ ਚਾਹੇ।

ਸਰਦਾਰ ਬਹਾਦਰ ਸਿੰਘ ਜਦ ਪਾਠ ਕਰ ਕੇ ਵਿਹਲੇ ਹੋਏ ਤਾਂ ਉਹਨਾਂ ਫ਼ਾਤਮਾ ਵੱਲ ਮੂੰਹ ਮੋੜਿਆ ਤੇ ਕਿਹਾ, "ਬੀਬੀ, ਤੂੰ ਇਤਨੀ ਸਹਿਮੀ ਹੋਈ ਕਿਉਂ ਏਂ। ਤੈਨੂੰ ਖ਼ਾਲਸੇ ਦੇ ਡੇਰੇ 'ਤੇ ਕੋਈ ਡਰ ਨਹੀਂ, ਘਬਰਾ ਨਾ, ਇਥੇ ਕੋਈ ਤੇਰੀ 'ਵਾ ਵੱਲ ਵੀ ਨਹੀਂ ਦੇਖ ਸਕਦਾ।"

"ਨਹੀਂ ਜੀ," ਫ਼ਾਤਮਾ ਦੇ ਮੂੰਹੋਂ ਮਸਾਂ ਨਿਕਲਿਆ ਪਰ ਇਹਦੇ ਨਾਲ ਹੀ ਉਹਨੂੰ ਪਤਾ ਨਹੀਂ ਕੀ ਖ਼ਿਆਲ ਆਇਆ ਕਿ ਉਹ ਰੋਣ ਲੱਗ ਪਈ। ਉਸ ਸਿਰ ਗੋਡਿਆਂ ਵਿਚ ਦੇ ਲਿਆ ਤੇ ਦਿਲ ਹੌਲਾ ਕਰਨ ਲੱਗ ਪਈ।

"ਮੈਂ ਜੁ ਕਿਹਾ ਏ ਕਿ ਤੈਨੂੰ ਇਥੇ ਕੋਈ ਖ਼ਤਰਾ ਨਹੀਂ, ਵਿਸ਼ਵਾਸ ਨਹੀਂ ਆਇਆ? ਹੁਣ ਜ਼ਾਲਮ ਜਰਵਾਣਿਆਂ ਦੇ ਕਬਜ਼ੇ ਵਿਚ ਨਹੀਂ, ਸਗੋਂ ਖ਼ਾਲਸੇ ਦੇ ਡੇਰੇ 'ਤੇ ਹੈਂ। ਅਸੀਂ ਤੈਨੂੰ ਛੇਤੀ ਘਰ ਪਹੁੰਚਾ ਦਿਆਂਗੇ।"

"ਸੱਚ," ਫ਼ਾਤਮਾ ਨੇ ਗੋਡਿਆਂ 'ਚੋਂ ਸਿਰ ਚੁੱਕਿਆ ਤੇ ਚੁੰਨੀ ਨਾਲ ਅੱਖਾਂ ਪੂੰਝਦਿਆਂ ਕਿਹਾ। ਉਹਦੇ ਚਿਹਰੇ ਦੀ ਪਲਿੱਤਣ ਕੁਝ ਘੱਟ ਗਈ ਤੇ ਇਉਂ ਜਾਪਿਆ ਜਿਵੇਂ ਬੁਝਦੀ ਆਸ ਦਾ ਦੀਵਾ ਫਿਰ ਜਗਣ ਲੱਗ ਪਿਆ ਹੋਵੇ। ਉਸ ਪੁੱਛਿਆ, "ਮੈਨੂੰ ਘਰ ਪੁਚਾ ਦਿਓਗੇ? ਮੈਂ ਤੁਹਾਡਾ ਅਹਿਸਾਨ ਕਦੇ ਨਹੀਂ ਭੁੱਲਾਂਗੀ।"

"ਤੇਰਾ ਪਿੰਡ ਕਿਹੜਾ ਏ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ, "ਤੈਨੂੰ ਉਹ ਜ਼ਾਲਮ ਲਿਆਏ ਕਿਥੋਂ ਸਨ?"

ਫ਼ਾਤਮਾ ਸੋਚਾਂ ਵਿਚ ਪੈ ਗਈ। ਉਹਨੂੰ ਯਾਦ ਆ ਗਿਆ ਕਿ ਕਾਦਰ ਬਖ਼ਸ਼ ਨੇ ਦੱਸਿਆ ਸੀ ਕਿ ਚਾਚਾ ਜੀ ਦੇ ਨਾਮ ਤੋਂ ਸਿੱਖਾਂ ਨੂੰ ਬੜੀ ਨਫ਼ਰਤ ਹੈ, ਕਿਉਂਕਿ ਇਹਨਾਂ ਕਿਸੇ ਚੰਗੇ ਸਿਖ ਨੂੰ ਮਾਰਿਆ ਸੀ ਤੇ ਹੁਣ ਜੇ ਇਥੇ ਇਹ ਦੱਸਿਆ ਕਿ ਮੈਂ ਜਾਫ਼ਰ ਬੇਗ ਦੀ ਭਤੀਜੀ ਹਾਂ ਤਾਂ ਇਹਨਾਂ ਛੱਡਣਾ ਨਹੀਂ। ਪਰ ਨਾਲ ਹੀ ਇਹ ਖ਼ਿਆਲ ਆਇਆ ਕਿ ਕਾਦਰ ਬਖ਼ਸ਼ ਨੂੰ ਵੀ ਤਾਂ ਛੱਡ ਦਿੱਤਾ ਸੀ, ਇਸ ਲਈ ਮੈਨੂੰ ਕਿਉਂ ਨਾ ਛੱਡਣਗੇ। ਇਹ ਸੋਚ ਕੇ ਉਸ ਕਿਹਾ, "ਮੈਂ ਜਾਫ਼ਰ ਬੇਗ ਪੱਟੀ ਦੇ ਫ਼ੌਜਦਾਰ ਦੀ ਭਤੀਜੀ ਹਾਂ।"

"ਹੈਂ! ਤੂੰ ਜਾਫ਼ਰ ਬੇਗ ਦੀ ਭਤੀਜੀ ਏਂ!" ਸਰਦਾਰ ਬਹਾਦਰ ਸਿੰਘ ਨੇ ਬੜੀ ਹੈਰਾਨੀ ਨਾਲ ਕਿਹਾ, "ਹੱਦ ਹੋ ਗਈ, ਜਿਹੜਾ ਵੀ ਸਾਡੇ ਕਾਬੂ ਆਉਂਦਾ ਏ, ਉਹੀ ਆਪਣੇ ਆਪ ਨੂੰ ਜਾਫ਼ਰ ਬੇਗ ਦਾ ਭਤੀਜਾ ਭਤੀਜੀ ਕਹਿੰਦਾ ਏ।"

"ਤੁਹਾਨੂੰ ਇਤਬਾਰ ਨਹੀਂ ਆਇਆ ਕਿ ਮੈਂ ਜਾਫ਼ਰ ਬੇਗ ਦੀ ਭਤੀਜੀ ਹਾਂ। ਅੱਗੇ ਤੁਹਾਡੇ ਕੋਲ ਕੌਣ ਆਇਆ ਸੀ?" ਉਸ ਉਤਸੁਕਤਾ ਨਾਲ ਪੁੱਛਿਆ।

"ਸੀ ਇਕ ਗੱਭਰੂ ਜਿਹਾ ਮੁੰਡਾ, ਕੀ ਨਾਂ ਸੀ ਉਹਦਾ, ਸ਼ਾਇਦ ਕਾਦਰ ਬਖ਼ਸ਼ ਦੱਸਿਆ ਸੀ।"

"ਹਾਂ, ਉਹ ਮੇਰਾ ਭਰਾ ਸੀ, ਪਰ ਉਹ ਤੁਹਾਡੇ ਕੋਲ ਕਿਵੇਂ ਆ ਗਿਆ ? ਉਹ ਤਾਂ ਕਹਿੰਦਾ ਸੀ ਕਿ ਤਰਨ ਤਾਰਨ ਦੇ ਪਰਲੇ ਪਾਰ ਦੇ ਜੰਗਲਾਂ ਵਿਚ ਸਿੱਖਾਂ ਕਾਬੂ ਕੀਤਾ ਸੀ," ਫ਼ਾਤਮਾ ਨੇ ਕਿਹਾ।

"ਠੀਕ, ਉਦੋਂ ਅਸੀਂ ਤਰਨ ਤਾਰਨ ਦੇ ਨੇੜੇ ਦੇ ਜੰਗਲ ਵਿਚ ਹੀ ਸਾਂ। ਹੁਣ ਪਤਾ ਲੱਗਾ ਕਿ ਤੂੰ ਵੀ ਜਾਫ਼ਰ ਬੇਗ ਦੀ ਭਤੀਜੀ ਏਂ, ਪਰ ਤੈਨੂੰ ਤਾਂ ਸ਼ਾਹੀ ਫ਼ੌਜਾਂ ਲਈ ਜਾਂਦੀਆਂ ਸਨ। ਇਹ ਕੀ ਗੱਲ ਹੋਈ ? ਇਹਨਾਂ ਸ਼ਾਹੀ ਫ਼ੌਜਾਂ ਤੋਂ ਤੁਹਾਡੀਆਂ ਹਾਕਮਾਂ ਦੀਆਂ ਇੱਜ਼ਤਾਂ ਵੀ ਨਹੀਂ ਬਚੀਆਂ, ਹੋਰਾਂ ਲੋਕਾਂ ਵਿਚਾਰਿਆਂ ਦਾ ਕੀ ਕਹਿਣਾ ਹੋਇਆ ? ਮੈਂ ਹੈਰਾਨ ਹਾਂ ਕਿ ਇਹ ਸ਼ਾਹੀ ਫ਼ੌਜ ਤੈਨੂੰ ਲੈ ਕਿਵੇਂ ਆਈ ? ਜਾਫ਼ਰ ਬੇਗ ਨੇ ਮੁਕਾਬਲਾ ਨਹੀਂ ਕੀਤਾ ?"

"ਨਹੀਂ, ਇਹ ਗੱਲ ਨਹੀਂ। ਚਾਚਾ ਜੀ ਵਿਚਾਰਿਆਂ ਨੂੰ ਤਾਂ ਪਤਾ ਹੀ ਨਹੀਂ। ਅਸਲ ਵਿਚ ਮੈਂ ਬਾਹਰ ਖੇਤਾਂ ਵੱਲ ਨਿਕਲ ਗਈ ਸਾਂ ਅਤੇ ਕਾਫ਼ੀ ਹਨੇਰੇ ਪਏ ਘਰ ਜਾ ਰਹੀ ਸਾਂ ਜਦੋਂ ਰਾਹ ਵਿਚ ਹੀ ਮੇਰੇ 'ਤੇ ਹਮਲਾ ਹੋ ਗਿਆ। ਮੈਂ ਘਬਰਾ ਗਈ ਤੇ ਇਸ ਘਬਰਾਹਟ ਵਿਚ ਹੀ ਗਸ਼ ਪੈ ਗਈ। ਫਿਰ ਮੈਨੂੰ ਪਤਾ ਨਹੀਂ ਕੀ ਹੋਇਆ।"

"ਅੱਛਾ, ਤੈਨੂੰ ਕੋਈ ਸੁਧ ਨਹੀਂ, ਜਦੋਂ ਅਸੀਂ ਤੈਨੂੰ ਇਥੇ ਲਿਆਏ ਹਾਂ ?" ਬਹਾਦਰ ਸਿੰਘ ਨੇ ਪੁੱਛਿਆ।

"ਨਹੀਂ।"

"ਹੱਦ ਹੋ ਗਈ, ਇੰਨੀ ਘਬਰਾਹਟ ਤੇ ਇੰਨੀ ਬੇਹੋਸ਼ੀ।"

"ਅਚਨਚੇਤ ਪਰਲੋ ਆ ਜਾਵੇ ਤਾਂ ਇਸੇ ਤਰ੍ਹਾਂ ਹੁੰਦਾ ਏ," ਫ਼ਾਤਮਾ ਨੇ ਕਿਹਾ, "ਤੁਸੀਂ ਮੈਨੂੰ ਕਿੱਥੋਂ ਲਿਆਂਦਾ ਏ ?"

"ਜੰਗਲ ਦੇ ਬਾਹਰਵਾਰ ਇਕ ਟਿੱਬਾ ਏ। ਇਸ 'ਤੇ ਆ ਕੇ ਉਹਨਾਂ ਡੇਰਾ ਲਾਇਆ ਸੀ। ਤੇਰੀਆਂ ਚੀਕਾਂ ਅਤੇ ਉਹਨਾਂ ਦੀਆਂ ਬਾਲੀਆਂ ਮਸ਼ਾਲਾਂ ਨੇ ਸਾਨੂੰ ਸ਼ੱਕ ਪਾਇਆ ਕਿ ਏਧਰ ਕੁਝ ਜ਼ਰੂਰ ਦਾਲ ਵਿਚ ਕਾਲਾ ਕਾਲਾ ਏ। ਅਸਾਂ ਝੱਟ ਪਤਾ ਕੀਤਾ ਤਾਂ ਇਤਲਾਹ ਮਿਲੀ ਕਿ ਸਰਕਾਰੀ ਫ਼ੌਜੀ ਕਿਸੇ ਜ਼ਨਾਨੀ ਨੂੰ ਦਿੱਲੀ ਲਈ ਜਾ ਰਹੇ ਹਨ। ਇਸ 'ਤੇ ਹਮਲਾ ਕਰ ਕੇ ਅਸਾਂ ਉਹਨਾਂ ਦੇ ਸੰਭਲਣ ਤੋਂ ਪਹਿਲਾਂ ਹੀ ਸਭ ਨੂੰ ਕਾਬੂ ਕਰ ਲਿਆ।"

"ਹੈਂ, ਮੈਨੂੰ ਦਿੱਲੀ ਲੈ ਜਾ ਰਹੇ ਸਨ ?" ਫ਼ਾਤਮਾ ਨੇ ਕਿਹਾ, "ਇਸ ਵੇਲੇ ਮੈਂ ਪੱਟੀ ਤੋਂ ਕਿਤਨੀ ਦੂਰ ਹਾਂ। ਇਹ ਕਿਹੜੀ ਥਾਂ ਏ ?"

"ਇਹ ਮੈਂ ਨਹੀਂ ਦੱਸ ਸਕਦਾ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਕੇਵਲ ਇਹੀ ਕਹਿ ਸਕਦਾ ਹਾਂ ਕਿ ਪੱਟੀ ਤੋਂ ਕਾਫ਼ੀ ਦੂਰ ਏਂ।"

"ਦਿੱਲੀ ਨੇੜੇ ?"

"ਨਹੀਂ, ਰਾਹ ਵਿਚ।"

"ਤੂੰ ਇਹ ਪੁੱਛ ਕੇ ਕੀ ਲੈਣਾ ਏਂ ?" ਸਰਦਾਰ ਬਹਾਦਰ ਸਿੰਘ ਨੇ ਕਿਹਾ, "ਅਸੀਂ ਹੋਰ ਹੀ ਗੱਲਾਂ ਵਿਚ ਲੱਗ ਪਏ ਹਾਂ ਤੇ ਮੈਂ ਤੈਨੂੰ ਖਾਣ ਪੀਣ ਬਾਰੇ ਕੁਝ ਪੁੱਛਿਆ ਹੀ ਨਹੀਂ।"

"ਮੈਂ ਕੁਝ ਨਹੀਂ ਖਾਣਾ," ਫ਼ਾਤਮਾ ਨੇ ਕਿਹਾ ਅਤੇ ਸੋਚਾਂ ਵਿਚ ਡੁੱਬ ਗਈ। ਉਹਦਾ ਸੁਭਾ ਸੀ ਕਿ ਉਹ ਜਦ ਤਕ ਉੱਠ ਕੇ ਸਵੇਰ ਦੀ ਨਮਾਜ਼ ਨਾ ਪੜ੍ਹ ਲੈਂਦੀ, ਉਸ ਸਮੇਂ ਤਕ ਕੁਝ ਵੀ ਮੂੰਹ ਨਹੀਂ ਸੀ ਲਾਂਦੀ। ਹੁਣ ਵੀ ਉਹ ਚਾਹੁੰਦੀ ਸੀ ਕਿ ਨਮਾਜ਼ ਪੜ੍ਹੇ, ਪਰ ਉਹਨੂੰ ਡਰ ਲੱਗ ਰਿਹਾ ਸੀ ਕਿ ਸਿੱਖਾਂ ਦੇ ਡੇਰੇ 'ਤੇ ਜੇ ਨਮਾਜ਼ ਦਾ ਨਾਂ ਲਿਆ ਤਾਂ ਕਿਧਰੇ ਹੋਰ ਹੀ ਮੁਸੀਬਤ ਨਾ ਆ ਜਾਏ ਪਰ ਫਿਰ ਜਦੋਂ ਉਹਦਾ ਧਿਆਨ ਸਰਦਾਰ ਬਹਾਦਰ ਸਿੰਘ ਦੀ ਅਰਦਾਸ ਦੇ ਸ਼ਬਦਾਂ ਵੱਲ ਗਿਆ ਤਾਂ ਉਹਦੇ ਮਨ ਨੇ ਕਿਹਾ ਕਿ ਸਾਰਿਆਂ ਦਾ ਭਲਾ ਚਾਹੁਣ ਵਾਲੇ ਇਤਨੇ ਤੰਗਦਿਲ ਨਹੀਂ ਹੋਣੇ ਚਾਹੀਦੇ ਕਿ ਉਹ ਨਮਾਜ਼ ਵੀ ਨਾ ਪੜ੍ਹਨ ਦੇਣ ਪਰ ਫਿਰ ਉਹਨੂੰ ਖ਼ਿਆਲ ਆਇਆ ਕਿ ਕੌਣ ਕਿਸੇ ਨੂੰ ਉਹ ਧਾਰਮਿਕ ਰੀਤੀਆਂ ਕਰਨ ਦਿੰਦਾ ਹੈ, ਜਿਨ੍ਹਾਂ ਵਿਚ ਕਿ ਉਹ ਆਪ ਭਰੋਸਾ ਨਹੀਂ ਰੱਖਦਾ। ਇਸ ਜੱਕੋ ਤੱਕੇ ਵਿਚ ਹੀ ਸੀ ਕਿ ਸਰਦਾਰ ਬਹਾਦਰ ਸਿੰਘ ਨੇ ਫਿਰ ਬੁਲਾ ਕੇ ਕਿਹਾ, "ਕੀ ਸੋਚਣ ਲੱਗ ਪਈ ਏਂ ? ਸਿੱਖਾਂ ਦੇ ਹੱਥਾਂ ਦੀ ਬਣੀ ਨਹੀਂ ਖਾਣੀ ਤਾਂ ਸੁੱਕੀਆਂ ਚੀਜ਼ਾਂ ਦੇ ਦਿੰਦੇ ਹਾਂ।"

"ਇਹ ਗੱਲ ਨਹੀਂ।"

"ਹੋਰ ਕੀ ਏ ?"

"ਕੁਝ ਨਹੀਂ।"

"ਕੁਝ ਤਾਂ ਜ਼ਰੂਰ ਏ।"

"ਮੈਂ ਪਹਿਲਾਂ ਨਮਾਜ਼ ਪੜ੍ਹਨ ਦੀ ਆਦੀ ਹਾਂ ਇਸ ਲਈ....." ਅੱਗੋਂ ਉਹ ਬੋਲ ਨਾ ਸਕੀ ਤੇ ਰੁਕ ਗਈ।

"ਮੈਂ ਸਮਝ ਗਿਆ ਹਾਂ। ਤੁਸੀਂ ਨਮਾਜ਼ ਪੜ੍ਹਨਾ ਚਾਹੁੰਦੇ ਹੋ ਤਾਂ ਜੀਅ ਸਦਕੇ, ਇਹਦੇ ਵਿਚ ਸੰਗਣ ਵਾਲੀ ਕਿਹੜੀ ਗੱਲ ਏ," ਸਰਦਾਰ ਬਹਾਦਰ ਸਿੰਘ ਨੇ ਕਿਹਾ ਤੇ ਉੱਠ ਕੇ ਬਾਹਰ ਚਲਾ ਗਿਆ।

ਫ਼ਾਤਮਾ ਦੇ ਦਿਲ ਵਿਚ ਸਿੱਖਾਂ ਲਈ ਪਹਿਲਾਂ ਹੀ ਨਫ਼ਰਤ ਕੋਈ ਨਹੀਂ ਸੀ, ਪਰ ਹੁਣ ਉਹਨਾਂ ਦੀ ਖੁੱਲ੍ਹ-ਦਿਲੀ, ਵਰਤਾਉ ਤੇ ਬਾਣੀ ਸੁਣ ਕੇ ਉਹਦੇ ਮਨ ਵਿਚ ਹੋਰ ਸਤਿਕਾਰ ਵਧ ਗਿਆ। ਉਹਦਾ ਮਨ ਕਹਿੰਦਾ ਕਿ ਸਿੱਖਾਂ ਬਾਰੇ ਐਵੇਂ ਝੂਠਾ ਪ੍ਰਚਾਰ ਕੀਤਾ ਜਾਂਦਾ ਏ ਕਿ ਇਹ ਡਾਕੂ ਤੇ ਲੁਟੇਰੇ ਨੇ। ਇਹ ਅਸਲ ਮਨੁੱਖ ਨੇ। ਇਸੇ ਲਈ ਸਰਕਾਰ

ਇਹਨਾਂ ਦੇ ਮਗਰ ਪਈ ਹੋਈ ਏ।

ਸਰਦਾਰ ਬਹਾਦਰ ਸਿੰਘ ਪਾਣੀ ਦੀ ਇਕ ਝੱਜਰੀ ਚੁੱਕ ਲਿਆਇਆ ਤੇ ਫ਼ਾਤਮਾ ਦੇ ਨੇੜੇ ਰੱਖ ਕੇ ਕਿਹਾ, "ਲਉ, ਨਮਾਜ਼ ਪੜ੍ਹ ਲਉ ਤੇ ਮੈਂ ਤੁਹਾਡੇ ਖਾਣ ਪੀਣ ਦਾ ਪ੍ਰਬੰਧ ਕਰਾ ਦਿਆਂ।"

ਫ਼ਾਤਮਾ ਨੇ ਨਮਾਜ਼ ਪੜ੍ਹੀ, ਇਸ ਨਾਲ ਉਹਦੇ ਮਨ ਨੂੰ ਹੋਰ ਸ਼ਾਂਤੀ ਆਈ ਤੇ ਉਹ ਹੁਣ ਮੂੰਹ ਹੱਥ ਧੋ ਲੈਣ ਨਾਲ ਆਪਣੇ ਆਪ ਨੂੰ ਹਲਕੀ ਫੁੱਲ ਮਹਿਸੂਸ ਕਰਨ ਲੱਗ ਪਈ।

ਸਰਦਾਰ ਬਹਾਦਰ ਸਿੰਘ ਨੇ ਮੱਕੀ ਦੀਆਂ ਮੋਟੀਆਂ ਮੋਟੀਆਂ ਰੋਟੀਆਂ ਤੇ ਆਚਾਰ ਲੈ ਆਂਦਾ। ਫ਼ਾਤਮਾ ਨੂੰ ਇਸ ਰੁੱਖੀ ਰੋਟੀ ਦਾ ਵੀ ਉਹ ਸਵਾਦ ਆਇਆ ਜੋ ਸ਼ਾਇਦ ਘੱਟ ਵੱਧ ਹੀ ਚੰਗੀਆਂ ਚੰਗੀਆਂ ਚੀਜ਼ਾਂ ਦਾ ਆਇਆ ਹੋਵੇ।

ਫ਼ਾਤਮਾ ਨੇ ਰੋਟੀ ਖਾ ਲਈ ਤੇ ਸਰਦਾਰ ਬਹਾਦਰ ਸਿੰਘ ਨੇ ਫ਼ਿਰ ਪੁੱਛਿਆ, "ਭਰਾ ਨੇ ਜਾ ਕੇ ਸਾਡੇ ਬਾਰੇ ਕੀ ਦੱਸਿਆ ਸੀ ?"

"ਬਹੁਤ ਕੁਝ," ਫ਼ਾਤਮਾ ਨੇ ਮੁਸਕਰਾ ਕੇ ਕਿਹਾ। ਹੁਣ ਉਹਦੀ ਹਾਲਤ ਬਿਲਕੁਲ ਬਦਲੀ ਹੋਈ ਸੀ, ਚਿਹਰਾ ਪੂਰੀ ਤਰ੍ਹਾਂ ਨਿੱਖਰ ਆਇਆ ਸੀ ਤੇ ਦਾਨਿਆਂ ਵਾਲੇ ਚਿੰਨ੍ਹ ਉੱਘੜ ਆਏ ਸਨ। ਰੋ ਰੋ ਕੇ ਤੇ ਘਬਰਾਹਟ ਨਾਲ ਤਾਂ ਉਹ ਬਿਲਕੁਲ ਹੀ ਹੋਰ ਤਰ੍ਹਾਂ ਲੱਗਦੀ ਸੀ।

"ਕੀ ਦੱਸਿਆ ਸੀ ਉਸ ?" ਸਰਦਾਰ ਬਹਾਦਰ ਸਿੰਘ ਨੇ ਫਿਰ ਦੁਹਰਾਇਆ।

"ਮੈਂ ਦੱਸ ਨਹੀਂ ਸਕਦੀ," ਫ਼ਾਤਮਾ ਨੇ ਨੀਵੀਂ ਪਾ ਲਈ ਤੇ ਹੌਲੀ ਜਿਹੀ ਕਿਹਾ।

"ਕਿਉਂ ਬਹੁਤ ਮਾੜੀਆਂ ਗੱਲਾਂ ਕਹੀਆਂ ਸਨ," ਸਰਦਾਰ ਬਹਾਦਰ ਸਿੰਘ ਨੇ ਹੋਠਾਂ ਵਿਚ ਨਿੱਕੀ ਜਿਹੀ ਮੁਸਕਰਾਹਟ ਲਿਆਉਂਦਿਆਂ ਪੁੱਛਿਆ।

"ਨਹੀਂ, ਬਹੁਤ ਚੰਗੀਆਂ ਗੱਲਾਂ ਕਹੀਆਂ ਸਨ," ਫ਼ਾਤਮਾ ਨੇ ਕਿਹਾ।

"ਤੂੰ ਝੂਠ ਮਾਰ ਰਹੀ ਏਂ, ਜੇ ਚੰਗੀਆਂ ਗੱਲਾਂ ਕਹਿੰਦਾ ਤਾਂ ਤੂੰ ਝੱਟ ਦੱਸ ਦੇਂਦੀ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਨਹੀਂ, ਇਹ ਗੱਲ ਨਹੀਂ। ਮੈਨੂੰ ਤੁਹਾਡੇ ਮੂੰਹ 'ਤੇ ਤਾਰੀਫ਼ ਕਰਦਿਆਂ ਸ਼ਰਮ ਆਉਂਦੀ ਏ।"

"ਅੱਛਾ, ਇਹ ਗੱਲ ਏ ਤਾਂ ਅਸੀਂ ਪੁੱਛਦੇ ਹੀ ਨਹੀਂ," ਸਰਦਾਰ ਬਹਾਦਰ ਸਿੰਘ ਨੇ ਹੱਸਦਿਆਂ ਕਿਹਾ।

"ਤੁਹਾਡੇ ਭਰਾ ਨੂੰ ਅਸਾਂ ਇਕ ਹੋਰ ਜਥੇ ਦੇ ਹਵਾਲੇ ਕਰ ਦਿੱਤਾ ਸੀ, ਉਹਨਾਂ ਤਾਂ ਕੁਝ ਨਹੀਂ ਕਿਹਾ?"

"ਨਹੀਂ, ਉਹਨਾਂ ਸਿਰਫ਼ ਇਕ ਦੋ ਇਕਰਾਰ ਲਏ ਸਨ ਤੇ ਛੱਡ ਦਿੱਤਾ ਸੀ।"

"ਕੀ ਇਕਰਾਰ ਲਏ ਸਨ ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ।

"ਇਕ ਤਾਂ ਇਹ ਸੀ ਕਿ ਉਹ ਸਿੱਖਾਂ ਵਿਰੁੱਧ ਕੋਈ ਲੜਾਈ ਨਹੀਂ ਲੜੇਗਾ ਤੇ ਦੂਜਾ ਸਾਡੇ ਚਾਚਾ ਜੀ ਨੇ ਇਕ ਬਾਣੀਏ ਦੀ ਕੁੜੀ ਲਿਆਂਦੀ ਹੋਈ ਸੀ, ਉਹਨੂੰ ਘਰ ਪਹੁੰਚਾਏਗਾ।"

"ਬਹੁਤ ਅੱਛਾ," ਸਰਦਾਰ ਬਹਾਦਰ ਸਿੰਘ ਨੇ ਬੜਾ ਖ਼ੁਸ਼ ਹੋ ਕੇ ਕਿਹਾ। ਉਹਨੂੰ ਆਸ ਸੀ ਕਿ ਸਰਦਾਰ ਸ਼ੇਰ ਸਿੰਘ ਨੇ ਉਹਦੇ ਹੱਥੋਂ ਅੰਮ੍ਰਿਤਪਾਨ ਕੀਤਾ ਏ ਤੇ ਉਹਦੀ ਅਗਵਾਈ ਵਿਚ ਹੀ ਸਿੱਖਿਆ ਲਈ ਏ। ਆਪਣੇ ਇਕ ਸਾਥੀ ਦੀ ਦੂਰ-ਅੰਦੇਸ਼ੀ ਤੇ ਉੱਚ ਆਚਰਨ 'ਤੇ ਉਹਨੂੰ ਬੜੀ ਪ੍ਰਸੰਨਤਾ ਹੋਈ।

"ਫਿਰ ਤੇਰਾ ਭਰਾ ਇਕਰਾਰ 'ਤੇ ਕਾਇਮ ਏ ਕਿ ਨਹੀਂ ?" ਬਹਾਦਰ ਸਿੰਘ ਨੇ ਪੁੱਛਿਆ ਤੇ ਫ਼ਾਤਮਾ ਦੇ ਚਿਹਰੇ ਵੱਲ ਧਿਆਨ ਨਾਲ ਦੇਖਣ ਲੱਗ ਪਿਆ ਜਿਵੇਂ ਉਹਦੇ ਚਿਹਰੇ ਤੋਂ ਅੰਦਰ ਦੀ ਅਸਲ ਗੱਲ ਪੜ੍ਹਨ ਦਾ ਯਤਨ ਕਰ ਰਿਹਾ ਹੋਵੇ। ਫ਼ਾਤਮਾ ਵੀ ਉਹਦੀ ਇਸ ਅਵਸਥਾ ਨੂੰ ਭਾਂਪ ਗਈ। ਉਸ ਕਿਹਾ, "ਸਿੱਖਾਂ ਨਾਲ ਕਿਸੇ ਲੜਾਈ ਦਾ ਅਜੇ ਹੀ ਵੇਲਾ ਨਹੀਂ ਆਇਆ ਇਸ ਲਈ ਇਸ ਬਾਰੇ ਤਾਂ ਉਦੋਂ ਹੀ ਕਿਹਾ ਜਾ ਸਕਦਾ ਏ ਜਦੋਂ ਕੋਈ ਸਾਕਾ ਬਣੇ ਤੇ ਫਿਰ ਉਹ ਲੜੇ ਜਾਂ ਨਾ ਲੜੇ। ਬਾਕੀ ਰਿਹਾ ਜੀਤੋ ਦਾ ਮਾਮਲਾ, ਉਸ ਬਾਰੇ ਕਾਦਰ ਬਖ਼ਸ਼ ਬੜਾ ਉਤਾਵਲਾ ਏ। ਉਹ ਚਾਹੁੰਦਾ ਏ ਕਿ ਝੱਟ-ਪਟ ਉਹਨੂੰ ਪਿੰਡ ਪਹੁੰਚਾ ਦੇਵੇ।"

"ਕੁੜੀ ਦਾ ਨਾਂ ਜੀਤੋ ਏ ?"

"ਜੀ ਆ।"

"ਕਿਧਰੇ ਉਹ ਕੁੜੀ ਤਾਂ ਨਹੀਂ ਜੋ ਵਿਆਹ ਦੇ ਮੰਡਪ ਤੋਂ ਚੁੱਕੀ ਗਈ ਸੀ ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ। ਉਹਨੂੰ ਯਾਦ ਆ ਗਿਆ ਕਿ ਸ਼ੇਰ ਸਿੰਘ ਨੇ ਦੱਸਿਆ ਸੀ ਕਿ ਜਾਫ਼ਰ ਬੇਗ ਉਹਦੀ ਵਹੁਟੀ ਨੂੰ ਵਿਆਹ ਸਮੇਂ ਮੰਡਪ ਤੋਂ ਹੀ ਚੁਕਾ ਕੇ ਲੈ ਗਿਆ ਸੀ।

"ਤੁਸੀਂ ਉਹਨੂੰ ਜਾਣਦੇ ਹੋ ? ਉਹੀ ਕੁੜੀ ਜੀਤੋ ਏ," ਫ਼ਾਤਮਾ ਨੇ ਕਿਹਾ, "ਬੜੀ ਚੰਗੀ ਕੁੜੀ ਏ। ਮੈਨੂੰ ਤਾਂ ਉਹਨੇ ਭੈਣ ਕਹਿ ਕੇ ਹੀ ਮੋਹ ਲਿਆ ਸੀ।"

"ਮੈਂ ਉਹਨੂੰ ਜਾਣਦਾ ਵੀ ਹਾਂ ਤੇ ਨਹੀਂ ਵੀ," ਬਹਾਦਰ ਸਿੰਘ ਨੇ ਕਿਹਾ, "ਸ਼ਕਲੋਂ ਨਹੀਂ ਜਾਣਦਾ ਪਰ ਉਸ ਬਾਰੇ ਸੁਣਿਆ ਹੋਇਆ ਏ।"

"ਕਿਸ ਕੋਲੋਂ ?" ਫ਼ਾਤਮਾ ਨੇ ਪੁੱਛਿਆ, "ਉਹਦੇ ਪਤੀ ਕੋਲੋਂ ?"

ਫ਼ਾਤਮਾ ਨੂੰ ਸ਼ੱਕ ਪੈ ਗਿਆ ਕਿ ਕਿਧਰੇ ਇਹ ਹੀ ਤਾਂ ਦਿਆਲਾ ਨਹੀਂ। ਉਸ ਅੱਖ ਪੁੱਟ ਕੇ ਚੰਗੀ ਤਰ੍ਹਾਂ ਸਰਦਾਰ ਬਹਾਦਰ ਸਿੰਘ ਵੱਲ ਤੱਕਿਆ ਤੇ ਫਿਰ ਪੁੱਛੇ ਬਿਨਾ

ਰਹਿ ਨਾ ਸਕੀ, "ਤੁਸੀਂ ਦਿਆਲਾ ਜੇ?"

"ਨਹੀਂ," ਬਹਾਦਰ ਸਿੰਘ ਨੇ ਕਿਹਾ। ਫ਼ਾਤਮਾ ਦੀ ਆਸ 'ਤੇ ਫਿਰ ਪਾਣੀ ਪੈ ਗਿਆ। ਉਹਨੂੰ ਇਕ ਵਾਰ ਤਾਂ ਆਪਣਾ ਸਾਰਾ ਦੁੱਖ ਭੁੱਲ ਗਿਆ ਸੀ ਤੇ ਇਸ ਗੱਲ ਦੀ ਬੜੀ ਖ਼ੁਸ਼ੀ ਹੋਈ ਸੀ ਕਿ ਕਾਦਰ ਬਖ਼ਸ਼ ਦਿਆਲੇ ਨੂੰ ਨਹੀਂ ਲੱਭ ਸਕਿਆ ਪਰ ਉਸ ਲੱਭ ਲਿਆ ਹੈ। ਸਰਦਾਰ ਬਹਾਦਰ ਸਿੰਘ ਦੀ 'ਨਾਂਹ' 'ਤੇ ਉਹਨੂੰ ਇਤਬਾਰ ਨਾ ਆਇਆ ਤੇ ਉਸ ਫਿਰ ਪੁੱਛਿਆ, "ਤੁਹਾਡਾ ਨਾਮ ਕੀ ਏ?"

"ਬਹਾਦਰ ਸਿੰਘ।"

"ਜੀਤੋ ਦੇ ਪਤੀ ਨੂੰ ਜਾਣਦੇ ਹੋ?" ਫ਼ਾਤਮਾ ਨੇ ਉਤਾਵਲੇ ਹੋ ਕੇ ਪੁੱਛਿਆ।

"ਹਾਂ।"

"ਕਿਥੇ ਵੇ?"

"ਪੱਟੀ ਨੇੜੇ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਦਿਆਲਾ ਸਿੰਘ ਸਜ ਗਿਆ ਏ ਤੇ ਉਹਦਾ ਨਾਮ ਅੱਜ-ਕੱਲ੍ਹ ਸ਼ੇਰ ਸਿੰਘ ਏ।"

"ਹੈਂ, ਸ਼ੇਰ ਸਿੰਘ, ਉਹੀ ਸ਼ੇਰ ਸਿੰਘ, ਜਿਸ ਕਾਦਰ ਬਖ਼ਸ਼ ਨੂੰ ਕੈਦ ਰੱਖਿਆ ਸੀ?"

"ਹਾਂ, ਬਿਲਕੁਲ ਉਹੀ ਸ਼ੇਰ ਸਿੰਘ।"

"ਪਰ ਕਾਦਰ ਬਖ਼ਸ਼ ਨੇ ਜਦੋਂ ਉਹਨੂੰ ਪੁੱਛਿਆ ਸੀ ਤਾਂ ਉਹ ਮੁਕਰ ਗਿਆ ਸੀ," ਫ਼ਾਤਮਾ ਨੇ ਹੈਰਾਨ ਹੋ ਕੇ ਕਿਹਾ।

"ਨਹੀਂ, ਮੁਕਰ ਨਹੀਂ ਗਿਆ, ਉਸ ਟਾਲ ਦਿੱਤਾ ਏ। ਅਸਲ ਵਿਚ ਉਹਨੂੰ ਇਹ ਦੱਸਦਿਆਂ ਸ਼ਰਮ ਆਉਂਦੀ ਏ ਕਿ ਉਹਦੀ ਵਹੁਟੀ ਉਸ ਤੋਂ ਖੋਹੀ ਗਈ ਏ। ਉਹ ਇਸ ਵਿਚ ਆਪਣੀ ਕਮਜ਼ੋਰੀ ਸਮਝਦਾ ਏ, ਉਸ ਸਾਨੂੰ ਵੀ ਕਿੰਨਾ ਚਿਰ ਨਹੀਂ ਦੱਸਿਆ।"

"ਮੈਨੂੰ ਉਹਨਾਂ ਨਾਲ ਮਿਲਾ ਸਕਦੇ ਹੋ?" ਫ਼ਾਤਮਾ ਨੇ ਤਰਲੇ-ਭਰੇ ਢੰਗ ਨਾਲ ਕਿਹਾ।

"ਜ਼ਰੂਰ ਮਿਲਾ ਸਕਦਾ ਹਾਂ, ਪਰ ਤੂੰ ਇਹ ਤਾਂ ਦੱਸਿਆ ਨਹੀਂ ਕਿ ਜੀਤੋ ਅੱਜ-ਕੱਲ੍ਹ ਕਿਥੇ ਵੇ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ।

"ਜੀਤੋ ਬਾਹਰ ਸਾਡੇ ਖੂਹ 'ਤੇ ਹੈ। ਮੈਂ ਉਸੇ ਨੂੰ ਰਾਤੀਂ ਮਿਲਣ ਗਈ ਸਾਂ ਤੇ ਮੁੜਦੀ ਹੋਈ ਰਾਕਸ਼ਾਂ ਦੇ ਕਾਬੂ ਆ ਗਈ ਸਾਂ," ਫ਼ਾਤਮਾ ਨੇ ਦੱਸਿਆ।

ਸਰਦਾਰ ਬਹਾਦਰ ਸਿੰਘ ਸੋਚੀਂ ਪੈ ਗਿਆ ਤੇ ਦੋ ਕੁ ਮਿੰਟ ਸੋਚ ਕੇ ਉਸ ਕਿਹਾ, "ਜੀਤੋ ਖੂਹ 'ਤੇ ਵੇ।"

"ਹਾਂ, ਖੂਹ 'ਤੇ ਵੇ," ਫ਼ਾਤਮਾ ਨੇ ਕਿਹਾ, "ਤੁਸੀਂ ਬੇਸ਼ੱਕ ਜਾ ਕੇ ਦੇਖ ਲਉ। ਜੇ ਮੇਰੇ ਨਾਲ ਚੱਲੋ ਤਾਂ ਮੈਂ ਜੀਤੋ ਨੂੰ ਮਿਲਾ ਸਕਦੀ ਹਾਂ।"

"ਖੂਹ 'ਤੇ ਹੋਰ ਕੌਣ ਹੁੰਦਾ ਏ ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ।

"ਕੁਝ ਪਹਿਰੇਦਾਰ ਹੁੰਦੇ ਨੇ," ਫ਼ਾਤਮਾ ਨੇ ਦੱਸਿਆ, "ਕੋਈ ਗੱਲ ਨਹੀਂ, ਤੁਹਾਨੂੰ ਮਿਲਾਣ ਦਾ ਪ੍ਰਬੰਧ ਮੈਂ ਕਰ ਦਿਆਂਗੀ।"

"ਜੇ ਅੱਗੋਂ ਹਮਲਾ ਹੋ ਗਿਆ ?" ਸਰਦਾਰ ਬਹਾਦਰ ਸਿੰਘ ਨੇ ਮੁਸਕਰਾਂਦਿਆਂ ਕਿਹਾ, "ਫਿਰ ਕੌਣ ਜ਼ੁੰਮੇਵਾਰ ਹੋਏਗਾ ?"

"ਮੇਰੇ ਹੁੰਦਿਆਂ ਕੋਈ ਹਮਲਾ ਨਹੀਂ ਕਰ ਸਕਦਾ। ਮੈਂ ਕਸਮ ਖਾ ਕੇ ਕਹਿੰਦੀ ਹਾਂ ਕਿ ਜੇ ਹਮਲਾ ਹੋਇਆ ਤਾਂ ਮੈਂ ਤੁਹਾਡੇ ਤੋਂ ਅੱਗੇ ਹੋ ਕੇ ਗੋਲੀ ਖਾਵਾਂਗੀ," ਫ਼ਾਤਮਾ ਨੇ ਕਿਹਾ, "ਜੇ ਇਤਬਾਰ ਨਹੀਂ ਤਾਂ ਆਪਣੀ ਫ਼ੌਜ ਨਾਲ ਲੈ ਚੱਲੋ ਤੇ ਹਮਲਾ ਕਰ ਕੇ ਜੀਤੋ ਨੂੰ ਲੈ ਆਓ।"

"ਇਹ ਠੀਕ ਏ," ਸਰਦਾਰ ਬਹਾਦਰ ਸਿੰਘ ਨੇ ਕਿਹਾ ਤੇ ਇਕ ਸਿੰਘ ਨੂੰ ਆਵਾਜ਼ ਦਿੱਤੀ, "ਝੱਟ-ਪਟ ਤਿਆਰੀ ਕਰੋ, ਅਸਾਂ ਅੱਜ ਕਿਸੇ ਥਾਂ ਹਮਲਾ ਕਰਨ ਜਾਣਾ ਏ।"

"ਪਰ ਉਹਨਾਂ ਦਾ ਕੀ ਕਰੀਏ, ਜਿਨ੍ਹਾਂ ਨੂੰ ਰਾਤ ਫੜਿਆ ਸੀ ?" ਇਕ ਸਿੰਘ ਨੇ ਕਿਹਾ। ਸਰਦਾਰ ਬਹਾਦਰ ਸਿੰਘ ਨੇ ਜ਼ਰਾ ਕੁ ਸੋਚਿਆ ਤੇ ਫਿਰ ਕਿਹਾ, "ਹੱਛਾ ਬੀਬੀ, ਤੁਸੀਂ ਹੀ ਦੱਸੋ, ਜਿਨ੍ਹਾਂ ਤੁਹਾਨੂੰ ਚੁੱਕ ਕੇ ਲਿਆਂਦਾ ਸੀ, ਉਹਨਾਂ ਨੂੰ ਕੀ ਸਜ਼ਾ ਦਿੱਤੀ ਜਾਏ ?"

"ਉਹ ਅਜੇ ਤੁਹਾਡੇ ਕਬਜ਼ੇ ਵਿਚ ਨੇ ?" ਫ਼ਾਤਮਾ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ, ਉਹ ਤਾਂ ਰਾਤ ਦੇ ਹੀ ਸਾਡੇ ਕਬਜ਼ੇ ਵਿਚ ਹਨ।"

ਫ਼ਾਤਮਾ ਨੂੰ ਇਕ ਨਵੀਂ ਉਲਝਣ ਆ ਪਈ। ਉਹ ਕੀ ਕਹੇ ਇਹਨਾਂ ਨੂੰ ਮਾਰ ਦਿਓ ਜਾਂ ਛੱਡ ਦਿਓ। ਅਖ਼ੀਰ ਉਸ ਕਿਹਾ, "ਜਿਵੇਂ ਠੀਕ ਸਮਝਦੇ ਹੋ, ਉਸੇ ਤਰ੍ਹਾਂ ਕਰ ਲਓ, ਮੈਨੂੰ ਕੀ ਪਤਾ।"

"ਨਹੀਂ, ਮੈਂ ਚਾਹੁੰਦਾ ਹਾਂ ਕਿ ਇਹਨਾਂ ਦੀ ਸਜ਼ਾ ਤੁਸੀਂ ਆਪ ਹੀ ਨਿਯਤ ਕਰੋ।"

ਫ਼ਾਤਮਾ ਨੇ ਸੋਚ ਕੇ ਕਿਹਾ, "ਇਹਨਾਂ ਨੂੰ ਅਜੇ ਕੈਦ ਹੀ ਰਹਿਣ ਦਿਓ, ਪਹਿਲਾਂ ਜੀਤੋ ਨੂੰ ਲੈ ਆਓ ਤੇ ਫਿਰ ਸਜ਼ਾ ਦੇ ਲਿਆ ਜੇ।"

ਇਹ ਸਲਾਹ ਮੰਨੀ ਗਈ। ਸਰਦਾਰ ਬਹਾਦਰ ਸਿੰਘ ਨੇ ਕਿਹਾ ਕਿ ਕੁਝ ਆਦਮੀ ਇਥੇ ਡੇਰੇ 'ਤੇ ਹੀ ਰਹਿਣ ਤੇ ਪੰਜਾਹ ਕੁ ਸਿੰਘ ਤਿਆਰ ਹੋ ਕੇ ਨਾਲ ਚੱਲੋ।

ਸ਼ਾਮ ਵੇਲੇ ਤਕ ਪੂਰੀ ਤਿਆਰੀ ਹੋ ਗਈ ਤੇ ਦਿਨ ਡੁੱਬਦਿਆਂ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਚੱਲ ਪਏ। ਫ਼ਾਤਮਾ ਨੂੰ ਇਕ ਘੋੜਾ ਦੇ ਦਿੱਤਾ ਗਿਆ ਤੇ ਉਹ ਵੀ ਸਰਦਾਰ ਬਹਾਦਰ ਸਿੰਘ ਦੇ ਨਾਲ ਹੀ ਘੋੜਾ ਭਜਾਂਦੀ ਜੰਗਲ ਤੋਂ ਬਾਹਰ ਸੜਕ 'ਤੇ ਆ ਗਈ।

16

ਘੋੜਿਆਂ 'ਤੇ ਸਵਾਰ ਸਰਦਾਰ ਬਹਾਦਰ ਸਿੰਘ ਤੇ ਫ਼ਾਤਮਾ ਨਾਲ ਨਾਲ ਜਾ ਰਹੇ ਸਨ। ਸਿੰਘਾਂ ਦੇ ਪਾਲੇ ਹੋਏ ਸ਼ਾਨਦਾਰ ਘੋੜਿਆਂ ਵਰਗੇ ਸਰਕਾਰੀ ਘੋੜੇ ਵੀ ਨਹੀਂ ਸਨ। ਫ਼ਾਤਮਾ ਇਸ ਗੱਲੋਂ ਬੜੀ ਹੈਰਾਨ ਸੀ ਕਿ ਸਿੱਖਾਂ ਦਾ ਆਚਰਣ ਕਿਤਨਾ ਉੱਚਾ ਹੈ। ਇਹਨਾਂ ਦਾ ਕਿਤਨਾ ਸਵੈ-ਕਾਬੂ ਹੈ ਕਿ ਇਕ ਜਵਾਨ ਰੂਪਮਤੀ ਮੁਟਿਆਰ ਇਹਨਾਂ ਦੇ ਕਾਬੂ ਆਈ ਹੋਈ ਹੈ, ਉਹਨਾਂ ਦੇ ਨਾਲ ਨਾਲ ਜਾ ਰਹੀ ਹੈ, ਪਰ ਕਿਸੇ ਦੀ ਅੱਖ ਮੈਲੀ ਨਹੀਂ। ਇਸ ਵੇਲੇ ਜੇ ਕੋਈ ਨਜ਼ਰ ਕਰਦਾ ਵੀ ਹੈ ਤਾਂ ਇਹਨੂੰ ਇਉਂ ਜਾਪਦਾ ਹੈ, ਜਿਵੇਂ ਕਿ ਜਾਫ਼ਰ ਬੇਗ ਜਾਂ ਕਾਦਰ ਬਖ਼ਸ਼ ਦੀਆਂ ਅੱਖਾਂ ਦੇਖ ਰਹੀਆਂ ਹਨ। ਫ਼ਾਤਮਾ ਸੋਚੀਂ ਪੈ ਗਈ ਕਿ ਜਦ ਕਦੇ ਉਹ ਪੱਟੀ ਦੀਆਂ ਗਲੀਆਂ ਵਿੱਚੋਂ ਲੰਘਦੀ ਸੀ ਤਾਂ ਹਰ ਮਰਦ ਉਹਦੇ ਵੱਲ ਆਨੇ ਪਾੜ ਪਾੜ ਵੇਖਦਾ ਸੀ। ਜੇ ਉਸ ਬੁਰਕਾ ਪਾਇਆ ਹੁੰਦਾ ਸੀ ਤਾਂ ਹਰ ਮਰਦ ਦੀ ਇਹ ਇੱਛਾ ਹੁੰਦੀ ਸੀ ਕਿ ਉਹਦਾ ਅੰਗ ਤਾਂ ਦਿਸ ਪਏ। ਜੇ ਕਿਸੇ ਨੂੰ ਕਿਸੇ ਵੇਲੇ ਹਵਾ ਨਾਲ ਬੁਰਕੇ ਦੇ ਜ਼ਰਾ ਚੁੱਕੇ ਜਾਣ 'ਤੇ ਚਿਹਰਾ ਦਿੱਸ ਪੈਂਦਾ ਜਾਂ ਹੱਥ ਪੈਰ ਹੀ ਨਜ਼ਰ ਆ ਜਾਂਦੇ ਤਾਂ ਉਸ ਖ਼ੁਸ਼ ਹੋ ਜਾਣਾ ਤੇ ਇੰਨੇ ਵਿਚ ਹੀ ਉਹ ਹਵਸ ਪੂਰੀ ਕਰ ਲੈਂਦਾ, ਪਰ ਅੱਜ ਉਹ ਦਰਜਨਾਂ ਜਵਾਨਾਂ ਦੇ ਵਿਚਕਾਰ ਜਾ ਰਹੀ ਸੀ, ਕਿਸੇ ਦੀ ਨਜ਼ਰ ਭੁੱਖੀ ਇਸ ਵੱਲ ਨਹੀਂ ਸੀ ਦੇਖ ਰਹੀ। ਉਹਦਾ ਮਨ ਕਹਿੰਦਾ ਕਿ ਸਿੱਖਾਂ ਦੀ ਸਫਲਤਾ ਦਾ ਵੱਡਾ ਭੇਦ ਹੀ ਇਹਨਾਂ ਦੇ ਇਸ ਸਵੈ-ਕਾਬੂ ਤੇ ਇਖ਼ਲਾਕੀ ਉੱਚਤਾ ਵਿਚ ਹੈ।

ਫ਼ਾਤਮਾ ਨੇ ਇਕ ਵਾਰ ਬੁਰਕੇ ਅੱਗੇ ਲੱਗੀ ਜਾਲੀ ਵਿੱਚੋਂ ਫਿਰ ਸਾਰੇ ਸਿੱਖਾਂ 'ਤੇ ਨਜ਼ਰ ਮਾਰੀ। ਕਈਆਂ ਦੇ ਹਿਲਦੇ ਮੂੰਹਾਂ ਤੋਂ ਉਸ ਅਨੁਮਾਨ ਲਾ ਲਿਆ ਕਿ ਇਹ ਪਾਠ ਕਰ ਰਹੇ ਹਨ। ਕੁਝ ਇਧਰ ਉਧਰ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਮਾਣ ਰਹੇ ਸਨ। ਜਦ ਉਸ ਸਰਦਾਰ ਬਹਾਦਰ ਸਿੰਘ ਵੱਲ ਨਜ਼ਰ ਮਾਰੀ ਤਾਂ ਉਹਦਾ ਭਖਦਾ ਲਾਲ ਚਿਹਰਾ ਤੇ ਉਪਰ ਕਾਲਾ ਸਿਆਹ ਪ੍ਰਭਾਵਸ਼ਾਲੀ ਦਾੜ੍ਹਾ ਬੜਾ ਮਨਮੋਹਣਾ ਲੱਗਾ ਤੇ ਉਸ ਦੇ ਦਿਲ ਵਿਚ ਇਕ ਖਿਚ ਜਿਹੀ ਪੈਦਾ ਹੋ ਗਈ। ਫ਼ਾਤਮਾ ਨੇ ਇਸ ਖਿਚ ਨੂੰ ਮਹਿਸੂਸ ਕੀਤਾ ਤੇ ਇਸ ਬਾਰੇ ਸੋਚਣ ਲੱਗ ਪਈ। ਉਹ ਅਖ਼ੀਰ ਇਸੇ ਨਤੀਜੇ ਉੱਤੇ ਪੁੱਜੀ ਕਿ ਕੇਵਲ ਇਸਤਰੀਆਂ ਹੀ ਸੋਹਣੀਆਂ ਤੇ ਖਿੱਚ-ਭਰੀਆਂ ਨਹੀਂ ਹੁੰਦੀਆਂ, ਮਰਦਾਂ ਵਿਚ ਵੀ ਸੁੰਦਰਤਾ ਹੁੰਦੀ ਹੈ ਜੋ ਮਨ ਮੋਹਣ ਦੀ ਸ਼ਕਤੀ ਰੱਖਦੀ ਹੈ। ਉਸ ਦਾ ਦਿਲ ਕੀਤਾ ਕਿ ਸਰਦਾਰ ਬਹਾਦਰ ਸਿੰਘ ਗੱਲ-ਬਾਤ ਛੇੜੇ ਤੇ ਪੱਟੀ ਤਕ ਦਾ ਸਫ਼ਰ ਇਸ ਰਸ-ਭਿੰਨੀ ਗੱਲ-ਬਾਤ ਨਾਲ ਬਿਤਾਏ ਪਰ ਉਹਦਾ ਹੀਆ ਨਾ ਪਿਆ। ਉਸ ਕਈ ਵਾਰ ਚਾਹਿਆ ਕਿ ਸਰਦਾਰ ਬਹਾਦਰ ਸਿੰਘ ਉਸ ਨੂੰ ਬੁਲਾਏ ਪਰ ਸਰਦਾਰ ਬਹਾਦਰ ਸਿੰਘ ਆਪਣੇ ਵਿਚਾਰਾਂ ਦੇ ਵਹਿਣ

ਵਿਚ ਘੋੜਾ ਟੋਰੀ ਗਿਆ।

ਵਿਚ ਵਿਚ ਕਦੇ ਜੇ ਸਰਦਾਰ ਬਹਾਦਰ ਸਿੰਘ ਸਾਹਮਣਿਉਂ ਮੂੰਹ ਮੋੜ ਕੇ ਉਸ ਵੱਲ ਕਰਦਾ ਤਾਂ ਫ਼ਾਤਮਾ ਦਾ ਰੋਮ ਰੋਮ ਖ਼ੁਸ਼ੀ ਨਾਲ ਭਰਿਆ ਜਾਂਦਾ ਪਰ ਜਦ ਫਿਰ ਬਿਨ ਬੁਲਾਏ ਸਰਦਾਰ ਬਹਾਦਰ ਸਿੰਘ ਮੂੰਹ ਮੋੜ ਲੈਂਦਾ ਤਾਂ ਉਹਦਾ ਦਿਲ ਬੁਝ ਜਾਂਦਾ, ਕੁਝ ਖੁਤਖੁਤੀ ਜਿਹੀ ਮਹਿਸੂਸ ਹੋਣ ਲੱਗ ਪੈਂਦੀ ਤੇ ਕੁਝ ਗੁਆਚਾ ਗੁਆਚਾ ਲੱਗਦਾ। ਜਦ ਰਹੀਮ ਖ਼ਾਨ ਪਿਆਰ ਦੀਆਂ ਗੱਲਾਂ ਕਰਦਾ ਤੇ ਆਪਣੀ ਤੜਪ ਦੱਸਦਾ ਸੀ ਤਾਂ ਫ਼ਾਤਮਾ ਹੱਸ ਛੱਡਿਆ ਕਰਦੀ ਸੀ, ਪਰ ਅੱਜ ਉਹਨੂੰ ਪਿਆਰ ਖਿੱਚ ਤੇ ਪਿਆਸ ਪੀੜ ਦਾ ਕੁਝ ਅਹਿਸਾਸ ਹੋਇਆ।

ਅਖ਼ੀਰ ਫ਼ਾਤਮਾ ਦਾ ਸਬਰ ਛਲਕ ਪਿਆ ਤੇ ਉਸ ਆਪ ਹੀ ਗੱਲ-ਬਾਤ ਸ਼ੁਰੂ ਕਰ ਦਿੱਤੀ, "ਤੁਸੀਂ ਜਾਣਦੇ ਹੋ ਸਰਦਾਰ ਸ਼ੇਰ ਸਿੰਘ ਦਾ ਸੁਭਾ ਕਿਸ ਤਰ੍ਹਾਂ ਦਾ ਹੈ?" ਫ਼ਾਤਮਾ ਨੇ ਪੁੱਛਿਆ।

"ਕਿਉਂ ਨਹੀਂ ਜਾਣਦਾ, ਉਹ ਮੇਰੇ ਕੋਲ ਕਈ ਦਿਨ ਰਿਹਾ ਹੈ, ਮੈਂ ਜਾਣਦਾ ਹਾਂ ਕਿ ਉਹ ਬੜੇ ਚੰਗੇ ਸੁਭਾ ਦਾ ਬੰਦਾ ਏ।"

"ਨਹੀਂ, ਮੇਰਾ ਮਤਲਬ ਹੋਰ ਸੀ," ਫ਼ਾਤਮਾ ਨੇ ਕਿਹਾ, "ਕਿਧਰੇ ਉਹ ਜੀਤੋ ਨੂੰ ਸਵੀਕਾਰ ਹੀ ਨਾ ਕਰੇ ਤੇ ਫਿਰ ਵਿਚਾਰੀ ਕਿਧਰ ਧੱਕੇ ਖਾਏਗੀ?"

"ਮੇਰਾ ਖ਼ਿਆਲ ਨਹੀਂ ਕਿ ਸਰਦਾਰ ਸ਼ੇਰ ਸਿੰਘ ਇਸ ਤਰ੍ਹਾਂ ਕਰੇ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਉਹਦੀ ਗੱਲ-ਬਾਤ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਸੀ ਕਿ ਉਹਨੂੰ ਜੀਤੋ ਨਾਲ ਹੁਣ ਤਕ ਬੜਾ ਪਿਆਰ ਏ ਤੇ ਇਸ ਵਿਛੋੜੇ ਨੇ ਪਿਆਰ ਦੀ ਤਾਂਘ ਵਧਾਈ ਏ ਘਟਾਈ ਨਹੀਂ। ਜੇ ਉਹਦੇ ਮਨੋਂ ਜੀਤੋ ਉਤਰ ਗਈ ਹੁੰਦੀ ਤਾਂ ਕਦੇ ਉਹ ਕਾਦਰ ਬਖ਼ਸ਼ ਨੂੰ ਇਹ ਗੱਲ ਨਾ ਕਹਿੰਦਾ ਕਿ ਜੀਤੋ ਨੂੰ ਉਹਦੇ ਘਰ ਪਹੁੰਚਾ ਦਿਓ। ਫਿਰ ਤਾਂ ਉਹ ਇਹੀ ਕਹਿੰਦਾ ਕਿ ਜਿਥੇ ਟੁਰ ਮਰ ਗਈ ਏ ਉਥੇ ਹੀ ਰਹੇ ਪਰ ਉਹਦਾ ਮਨ ਤਾਂ ਅਜੇ ਤਕ ਜੀਤੋ ਲਈ ਬੇਕਰਾਰ ਏ।"

ਗੱਲ-ਬਾਤ ਦਾ ਸਿਲਸਿਲਾ ਫਿਰ ਰੁਕ ਗਿਆ। ਫ਼ਾਤਮਾ ਦਾ ਖ਼ਿਆਲ ਸੀ ਕਿ ਉਹ ਗੱਲ-ਬਾਤ ਟੋਰ ਦੇਵੇਗੀ ਤੇ ਸਰਦਾਰ ਬਹਾਦਰ ਸਿੰਘ ਵੀ ਗੱਲ-ਬਾਤ ਵਿਚ ਦਿਲਚਸਪੀ ਲੈਣ ਲੱਗ ਪਵੇਗਾ ਤੇ ਆਪੇ ਗੱਲ ਵਿੱਚੋਂ ਗੱਲ ਨਿਕਲ ਆਵੇਗੀ। ਉਹ ਜਾਣਦੀ ਸੀ ਕਿ ਮਰਦਾਂ ਨੂੰ ਜ਼ਨਾਨੀਆਂ ਨਾਲ ਗੱਲਾਂ ਕਰਨ ਵਿਚ ਵੀ ਸੁਆਦ ਮਹਿਸੂਸ ਹੁੰਦਾ ਏ ਤੇ ਆਮ ਕਰਕੇ ਅਜਿਹੇ ਮੌਕਿਆਂ 'ਤੇ ਮਰਦ ਗੱਲ-ਬਾਤ ਦਾ ਸਿਲਸਿਲਾ ਘੱਟ ਵੱਧ ਹੀ ਖ਼ਤਮ ਕਰਦੇ ਹਨ ਪਰ ਉਹਦੀ ਆਸ ਦੇ ਉਲਟ ਸਰਦਾਰ ਬਹਾਦਰ ਸਿੰਘ ਬਿਲਕੁਲ ਹੋਰ ਤਬੀਅਤ ਦਾ ਨਿਕਲਿਆ। ਜਦ ਉਹਦੇ ਉੱਤਰ ਪਿੱਛੋਂ ਫ਼ਾਤਮਾ ਚੁੱਪ ਹੋ ਗਈ ਤਾਂ

ਉਹ ਵੀ ਚੁੱਪ ਹੋ ਗਿਆ।

ਝੱਟ ਉਡੀਕਣ ਪਿੱਛੋਂ ਫਿਰ ਫ਼ਾਤਮਾ ਨੇ ਹੀ ਚੁੱਪ ਨੂੰ ਤੋੜਿਆ ਤੇ ਪੁੱਛਿਆ, "ਹੁਣ ਪੱਟੀ ਕਿੰਨੀ ਕੁ ਦੂਰ ਏ ?"

"ਇਥੋਂ ਪੱਟੀ ਦਸ ਕੁ ਮੀਲ ਹੋਵੇਗੀ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਕਿਉਂ ਥੱਕ ਗਈ ਏਂ ?"

"ਨਹੀਂ।"

"ਫਿਰ ਕੀ ਗੱਲ, ਮੰਜ਼ਲ ਬਾਰੇ ਬੰਦਾ ਉਦੋਂ ਹੀ ਆਮ ਕਰਕੇ ਪੁੱਛ ਕਰਦਾ ਏ ਜਦੋਂ ਥੱਕ ਜਾਏ ਜਾਂ ਅੱਕ ਜਾਏ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਫਿਰ ਤੁਸਾਂ ਗ਼ਲਤ ਅਨੁਮਾਨ ਲਾਇਆ ਏ। ਮੈਂ ਥੱਕ ਕਿਵੇਂ ਸਕਦੀ ਹਾਂ ਜਦ ਕਿ ਤੁਸੀਂ ਨਾਲ ਜਾ ਰਹੇ ਹੋ। ਇਹ ਤਾਂ ਮੇਰੀ ਖ਼ੁਸ਼ਕਿਸਮਤੀ ਏ ਕਿ ਤੁਹਾਡੇ ਨਾਲ ਨਾਲ ਜਾ ਰਹੀ ਹਾਂ।"

ਸਰਦਾਰ ਬਹਾਦਰ ਸਿੰਘ ਨੂੰ ਹੁਣ ਉਹਦੀਆਂ ਗੱਲਾਂ ਤੋਂ ਉਹਦੇ ਮਨ ਦੀ ਅਵਸਥਾ ਦਾ ਪਤਾ ਲੱਗਾ। ਹੁਣ ਤਕ ਉਸ ਨੂੰ ਖ਼ਿਆਲ ਹੀ ਨਹੀਂ ਸੀ ਕਿ ਉਹਦੇ ਨਾਲ ਨਾਲ ਇਕ ਜਵਾਨ ਦਿਲ ਜੋਬਨ-ਮੱਤੀ ਨਾਰ ਜਾ ਰਹੀ ਏ ਤੇ ਉਹਦੇ ਮਨ ਵਿਚ ਇਸ ਸਮੇਂ ਕੀ ਬੀਤ ਰਹੀ ਏ। ਫ਼ਾਤਮਾ ਨੇ ਵੀ ਉਕਤ ਸ਼ਬਦ ਕਹਿ ਕੇ ਬੜੇ ਧਿਆਨ ਨਾਲ ਸਰਦਾਰ ਬਹਾਦਰ ਸਿੰਘ ਵੱਲ ਦੇਖਿਆ ਤਾਕਿ ਉਹ ਅਨੁਮਾਨ ਲਾ ਸਕੇ ਕਿ ਉਸ ਦੀਆਂ ਗੱਲਾਂ ਦਾ ਸਰਦਾਰ ਬਹਾਦਰ ਸਿੰਘ 'ਤੇ ਕੀ ਅਸਰ ਹੋ ਰਿਹਾ ਹੈ। ਉਹਨੂੰ ਵੀ ਮਹਿਸੂਸ ਹੋਇਆ ਕਿ ਸਰਦਾਰ ਬਹਾਦਰ ਸਿੰਘ 'ਤੇ ਉਹਦੀਆਂ ਗੱਲਾਂ ਅਸਰ ਕਰ ਰਹੀਆਂ ਹਨ। ਉਸ ਚੁੱਪ ਨੂੰ ਫਿਰ ਤੋੜਿਆ ਤੇ ਕਿਹਾ, "ਹੁਣ, ਪ੍ਰੋਗਰਾਮ ਕੀ ਏ ?"

"ਹੱਦ ਹੋ ਗਈ, ਅਜੇ ਪ੍ਰੋਗਰਾਮ ਪੁੱਛਦੀ ਏਂ। ਸਾਡਾ ਅੱਜ ਦਾ ਪ੍ਰੋਗਰਾਮ ਤਾਂ ਸਿਰਫ਼ ਜੀਤੋ ਨੂੰ ਛੁਡਾਣਾ ਤੇ ਤੈਨੂੰ ਘਰ ਪਹੁੰਚਾਣਾ ਹੀ ਹੈ।" ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਬਸ ਇਹੀ ਪ੍ਰੋਗਰਾਮ ਏ ?" ਫ਼ਾਤਮਾ ਨੇ ਪੁੱਛਿਆ। ਫ਼ਾਤਮਾ ਝੱਟ ਪਹਿਲਾਂ ਘਰ ਪਹੁੰਚਣ ਲਈ ਬੜੀ ਉਤਾਵਲੀ ਸੀ ਪਰ ਹੁਣ ਉਹਨੂੰ ਸਰਦਾਰ ਬਹਾਦਰ ਸਿੰਘ ਦੇ ਇਹਨਾਂ ਸ਼ਬਦਾਂ 'ਤੈਨੂੰ ਘਰ ਪਹੁੰਚਾਣਾ ਏ' ਨੇ ਬੜੀ ਵੱਡੀ ਸੱਟ ਮਾਰੀ। ਉਸ ਨੂੰ ਇਸ ਤਰ੍ਹਾਂ ਲੱਗਾ ਕਿ ਜਿਵੇਂ ਉਹਨੂੰ ਕਿਸੇ ਅਨੰਦ-ਮਈ ਮੰਜ਼ਲ ਵਿੱਚੋਂ ਧੱਕਾ ਦੇ ਕੇ ਸੁੱਟਿਆ ਜਾ ਰਿਹਾ ਹੋਵੇ ਪਰ ਉਸ ਆਪਣੇ ਆਪ ਉੱਤੇ ਕਾਬੂ ਪਾਣ ਦਾ ਯਤਨ ਕਰਦਿਆਂ ਕਿਹਾ, "ਪਹਿਲਾਂ ਸਰਦਾਰ ਸ਼ੇਰ ਸਿੰਘ ਕੋਲ ਨਹੀਂ ਜਾਣਾ ? ਉਹਨਾਂ ਨੂੰ ਵੀ ਨਾਲ ਲੈ ਲਓ।"

"ਸ਼ੇਰ ਸਿੰਘ ਕੋਲ ਪਹਿਲਾਂ ਚੱਲੀਏ ?" ਸਰਦਾਰ ਬਹਾਦਰ ਸਿੰਘ ਨੇ ਸੋਚਦਿਆਂ ਪੁੱਛਿਆ।

"ਮੇਰਾ ਖ਼ਿਆਲ ਤਾਂ ਇਹੀ ਏ," ਫ਼ਾਤਮਾ ਨੇ ਉੱਤਰ ਦਿੱਤਾ। ਅਸਲ ਵਿਚ ਫ਼ਾਤਮਾ ਚਾਹੁੰਦੀ ਸੀ ਕਿ ਜੀਤੋ ਦਾ ਪਤੀ ਤਾਂ ਦੇਖ ਲਏ, ਹਰ ਕੁੜੀ ਨੂੰ ਚਾਅ ਹੁੰਦਾ ਏ ਕਿ ਉਹ ਆਪਣੀ ਸਹੇਲੀ ਜਾਂ ਭੈਣ ਦੇ ਘਰਵਾਲੇ ਨੂੰ ਦੇਖੇ। ਫ਼ਾਤਮਾ ਨੇ ਸੋਚਿਆ ਕਿ ਜੇ ਪਹਿਲਾਂ ਜੀਤੋ ਵੱਲ ਗਏ ਤਾਂ ਇਹਨਾਂ ਜੀਤੋ ਨੂੰ ਲੈ ਕੇ ਚਲੇ ਜਾਣਾ ਏਂ ਤੇ ਮੈਨੂੰ ਪੱਟੀ ਛੱਡ ਜਾਣਾ ਏਂ। ਫਿਰ ਕਦੋਂ ਸ਼ੇਰ ਸਿੰਘ ਦੇ ਦਰਸ਼ਨ ਕਰ ਸਕਾਂਗੀ।

ਕੁਝ ਸੋਚ ਕੇ ਸਰਦਾਰ ਬਹਾਦਰ ਸਿੰਘ ਨੇ ਕਿਹਾ, "ਮੇਰਾ ਖ਼ਿਆਲ ਏ ਕਿ ਪਹਿਲਾਂ ਅਸੀਂ ਜੀਤੋ ਵੱਲ ਚੱਲੀਏ ਤੇ ਉਹਨੂੰ ਲੈ ਕੇ ਸਰਦਾਰ ਸ਼ੇਰ ਸਿੰਘ ਨੂੰ ਮਿਲੀਏ। ਸ਼ੇਰ ਸਿੰਘ ਦੀ ਖ਼ੁਸ਼ੀ ਦੀ ਹੱਦ ਨਹੀਂ ਰਹੇਗੀ, ਜਦੋਂ ਜੀਤੋ ਉਹਦੇ ਕੋਲ ਪਹੁੰਚ ਜਾਏਗੀ; ਜੇ ਪਹਿਲਾਂ ਉਹਨੂੰ ਦੱਸਿਆ ਤਾਂ ਫਿਰ ਓਨਾ ਸੁਆਦ ਨਹੀਂ ਆਉਣਾ।"

ਫ਼ਾਤਮਾ ਚਾਹੁੰਦੀ ਤਾਂ ਇਹ ਸੀ ਕਿ ਇਸ ਗੱਲ ਨੂੰ ਰੱਦ ਕਰ ਦੇਵੇ ਤੇ ਆਪਣੀ ਤਜਵੀਜ਼ 'ਤੇ ਜ਼ਿਦ ਕਰੇ ਪਰ ਸਰਦਾਰ ਬਹਾਦਰ ਸਿੰਘ ਦੀਆਂ ਪ੍ਰਭਾਵਸ਼ਾਲੀ ਤਜਵੀਜ਼ਾਂ ਅੱਗੇ ਉਹਨੂੰ ਝੁਕਣਾ ਪੈ ਗਿਆ ਅਤੇ ਉਸ ਕਿਹਾ, "ਚੰਗਾ, ਇਸੇ ਤਰ੍ਹਾਂ ਸਹੀ।"

ਫ਼ਾਤਮਾ ਨੇ ਸੋਚਿਆ ਕਿ ਉਹ ਜੀਤੋ ਨੂੰ ਲੈ ਕੇ ਜੰਗਲ ਤਕ ਨਾਲ ਚੱਲੇਗੀ ਤੇ ਫਿਰ ਵਾਪਸ ਆ ਜਾਏਗੀ। ਜਿਥੇ ਇੰਨੀ ਦੇਰ ਘਰੋਂ ਬਾਹਰ ਲੱਗ ਗਈ ਏ, ਉਥੇ ਹੋਰ ਝੱਟ ਸਹੀ, ਪਰ ਜਦੋਂ ਉਹਨੂੰ ਘਰ ਦਾ ਖ਼ਿਆਲ ਆਇਆ ਤਾਂ ਮਨ ਨੂੰ ਹੌਲ ਪੈਣ ਲੱਗ ਪਿਆ। ਉਸ ਸੋਚਿਆ ਕਿ ਘਰ ਦੇ ਢੂੰਡ ਢੂੰਡ ਕੇ ਨਿਰਾਸ਼ ਹੋ ਗਏ ਹੋਣਗੇ। ਪੱਟੀ ਵਿਚ ਮੇਰੀ ਬੜੀ ਚਰਚਾ ਹੋਵੇਗੀ। ਕੋਈ ਕਹਿੰਦਾ ਹੋਵੇਗਾ—'ਚਲੀ ਗਈ ਏ ਕਿਸੇ ਨਾਲ ਤੇ ਖ਼ਾਨਦਾਨ ਦਾ ਨੱਕ ਵੱਢ ਗਈ ਏ।' ਕਈ ਕਹਿੰਦੇ ਹੋਣਗੇ—'ਬੜੀ ਚੰਗੀ ਸੀ ਫ਼ਾਤਮਾ ਪਰ ਪਤਾ ਨਹੀਂ ਕਿਧਰ ਚਲੀ ਗਏ ਏ ?' ਲੋਕਾਂ ਦੇ ਭਾਣੇ ਮੈਂ ਉਧਲ ਗਈ ਹਾਂ ਜਾਂ ਮਰ ਗਈ ਹਾਂ। ਉਹਨੂੰ ਸਭ ਤੋਂ ਵੱਧ ਆਪਣੇ ਭਰਾ ਕਾਦਰ ਬਖ਼ਸ਼ ਦਾ ਖ਼ਿਆਲ ਸੀ ਕਿ ਉਹ ਰੋ ਰੋ ਕੇ ਪਾਗਲ ਹੋ ਗਿਆ ਹੋਵੇਗਾ। ਹੋਰ ਭਾਵੇਂ ਕੋਈ ਮੇਰੇ 'ਤੇ ਦੂਸ਼ਣ ਲਾਏ ਪਰ ਕਾਦਰ ਬਖ਼ਸ਼ ਦਾ ਦਿਲ ਕਦੇ ਨਹੀਂ ਮੰਨਦਾ ਹੋਵੇਗਾ ਕਿ ਮੈਂ ਕੋਈ ਗੁਨਾਹ ਕੀਤਾ ਏ। ਉਹਨੂੰ ਇਹ ਤਾਂ ਚਿੱਤ ਚੇਤੇ ਵਿਚ ਵੀ ਨਹੀਂ ਹੋਣਾ ਕਿ ਮੈਂ ਖੂਹ 'ਤੇ ਚਲੀ ਗਈ ਹੋਵਾਂਗੀ। ਹੋ ਸਕਦਾ ਹੈ ਕਿ ਰਹੀਮ ਉਹਨਾਂ ਨੂੰ ਦੱਸ ਦੇਵੇ ਕਿ ਮੈਂ ਰਾਤ ਨੂੰ ਖੂਹ 'ਤੇ ਆਈ ਸਾਂ, ਪਰ ਨਹੀਂ, ਰਹੀਮ ਇਸ ਤਰ੍ਹਾਂ ਦੱਸ ਕੇ ਆਪਣੇ ਲਈ ਮੁਸੀਬਤ ਖੜੀ ਕਰਨ ਲਈ ਤਿਆਰ ਨਹੀਂ ਹੋਵੇਗਾ।

ਫ਼ਾਤਮਾ ਨੂੰ ਇਸ ਤਰ੍ਹਾਂ ਸੋਚਾਂ ਵਿਚ ਪਿਆਂ ਦੇਖ ਕੇ ਸਰਦਾਰ ਬਹਾਦਰ ਸਿੰਘ ਨੇ ਪੁੱਛਿਆ, "ਕੀ ਗੱਲ ਏ ਫ਼ਾਤਮਾ ?"

"ਐਵੇਂ ਘਰ ਯਾਦ ਆ ਗਿਆ ਸੀ," ਫ਼ਾਤਮਾ ਨੇ ਬਨਾਉਟੀ ਜਿਹੀ ਮੁਸਕਰਾਹਟ

ਨਾਲ ਕਿਹਾ।

"ਤੂੰ ਜਾਫ਼ਰ ਬੇਗ ਦੇ ਘਰ ਹੀ ਰਹਿੰਦੀ ਏਂ ਕਿ ਵੱਖਰਾ ਮਕਾਨ ਜੇ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ।

"ਹਵੇਲੀ ਤਾਂ ਉਹੋ ਏ ਪਰ ਹਾਤਾ ਵੱਖਰਾ ਏ। ਵੱਡਾ ਫਾਟਕ ਲੰਘ ਕੇ ਇਕ ਪਾਸੇ ਦਰਵਾਜ਼ਾ ਏ, ਉਸ ਦੇ ਅੰਦਰ ਹਾਤੇ ਵਿਚ ਰਹਿੰਦੀ ਹਾਂ।" ਫ਼ਾਤਮਾ ਨੇ ਇਕ ਤਰ੍ਹਾਂ ਹਵੇਲੀ ਤੇ ਆਪਣੇ ਕਮਰੇ ਦਾ ਸਾਰਾ ਨਕਸ਼ਾ ਵਿਸਥਾਰ ਨਾਲ ਦੱਸਿਆ। ਸਰਦਾਰ ਬਹਾਦਰ ਸਿੰਘ ਬੜੇ ਧਿਆਨ ਨਾਲ ਸੁਣਦਾ ਰਿਹਾ ਤੇ ਅੱਖਾਂ ਸਾਹਮਣੇ ਉਸੇ ਤਰ੍ਹਾਂ ਨਕਸ਼ਾ ਲਿਆਉਂਦਾ ਰਿਹਾ।

ਫ਼ਾਤਮਾ ਨੇ ਘੋੜੇ ਦੀਆਂ ਵਾਗਾਂ ਇਕ ਦਮ ਖਿੱਚੀਆਂ ਅਤੇ ਉਹਦੇ ਨਾਲ ਹੀ ਸਰਦਾਰ ਬਹਾਦਰ ਸਿੰਘ ਨੇ ਘੋੜਾ ਖੜਾ ਕਰ ਲਿਆ। ਫ਼ਾਤਮਾ ਨੇ ਕਿਹਾ, "ਗੱਲਾਂ ਗੱਲਾਂ ਵਿਚ ਹੀ ਅਸੀਂ ਅੱਗੇ ਲੰਘ ਚੱਲੇ ਸਾਂ। ਜੇ ਧਿਆਨ ਨਾ ਕਰਦੀ ਤਾਂ ਅਸੀਂ ਪੱਟੀ ਵਿਚ ਹੀ ਜਾ ਵੜਨਾ ਸੀ। ਸਾਡਾ ਖੂਹ ਤਾਂ ਏਧਰ ਰਹਿ ਗਿਆ ਏ।"

ਫ਼ਾਤਮਾ ਨੇ ਖੱਬੇ ਪਾਸੇ ਹੱਥ ਦਾ ਇਸ਼ਾਰਾ ਕੀਤਾ ਤੇ ਫਿਰ ਘੋੜੇ ਦੀਆਂ ਵਾਗਾਂ ਉਧਰ ਮੋੜ ਲਈਆਂ। ਸਰਦਾਰ ਬਹਾਦਰ ਸਿੰਘ ਵੀ ਉਹਦੇ ਨਾਲ ਹੀ ਉਧਰ ਨੂੰ ਚੱਲ ਪਿਆ। ਸਰਦਾਰ ਬਹਾਦਰ ਸਿੰਘ ਨੇ ਪਿੱਛੇ ਮੁੜ ਕੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਉਹ ਤਿਆਰ ਹੋ ਜਾਣ। ਬੰਦੂਕਾਂ ਭਰ ਲੈਣ ਤੇ ਸੁਚੇਤ ਹੋ ਜਾਣ।

"ਉਹ ਸਾਹਮਣੇ ਸਾਡਾ ਖੂਹ ਏ," ਫ਼ਾਤਮਾ ਨੇ ਕਿਹਾ, "ਤੁਹਾਨੂੰ ਤਿਆਰੀ ਕਰ ਲੈਣੀ ਚਾਹੀਦੀ ਏ।"

"ਸਿੰਘ ਸਦਾ ਤਿਆਰ ਹੀ ਰਹਿੰਦੇ ਹਨ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਤੂੰ ਹੁਣ ਪਿੱਛੇ ਹਟ ਜਾਵੇਂ ਤਾਂ ਚੰਗਾ ਹੈ ਕਿਧਰੇ ਲੜਾਈ ਵਿਚ ਤੂੰ ਨਾ ਮਾਰੀ ਜਾਏਂ।"

"ਨਹੀਂ, ਮੈਂ ਪਿੱਛੇ ਕਿਵੇਂ ਰਹਿ ਸਕਦੀ ਹਾਂ?" ਫ਼ਾਤਮਾ ਨੇ ਕਿਹਾ, "ਮੇਰਾ ਅੱਗੇ ਰਹਿਣਾ ਲਾਭਦਾਇਕ ਰਹੇਗਾ।"

"ਇਹ ਕਿਵੇਂ?" ਸਰਦਾਰ ਬਹਾਦਰ ਸਿੰਘ ਨੇ ਪੁੱਛਿਆ।

"ਮੈਂ ਨਹੀਂ ਚਾਹੁੰਦੀ ਕਿ ਇਥੇ ਖ਼ੂਨ ਡੁੱਲ੍ਹੇ," ਫ਼ਾਤਮਾ ਨੇ ਕਿਹਾ।

"ਝੱਲੀ ਨਾ ਹੋਵੇ, ਖ਼ੂਨ ਡੁੱਲ੍ਹੇ ਬਿਨਾਂ ਤੁਹਾਡੇ ਫ਼ੌਜੀ ਜੀਤੋ ਸਾਡੇ ਹਵਾਲੇ ਨਹੀਂ ਕਰਨਗੇ।"

"ਨਹੀਂ, ਜੇ ਮੈਂ ਤੁਹਾਡੇ ਨਾਲ ਅੱਗੇ ਅੱਗੇ ਹੋਈ ਤਾਂ ਫ਼ੌਜੀ ਗੋਲੀ ਨਹੀਂ ਚਲਾਣਗੇ। ਮੇਰੇ ਹੁੰਦਿਆਂ ਉਹਨਾਂ ਨੂੰ ਗੋਲੀ ਚਲਾਣ ਦਾ ਹੌਸਲਾ ਨਹੀਂ ਪੈ ਸਕਦਾ। ਜੇਕਰ ਰਹੀਮ ਖ਼ਾਨ ਇਥੇ ਹੋਇਆ ਤਾਂ ਉਸ ਨੇ ਮੈਨੂੰ ਵੇਖ ਕੇ ਬੜਾ ਖ਼ੁਸ਼ ਹੋ ਜਾਣਾ ਏਂ ਅਤੇ ਝੱਟ ਜੀਤੋ

ਨੂੰ ਸਾਡੇ ਨਾਲ ਟੋਰ ਦੇਣਾ ਏਂ," ਫ਼ਾਤਮਾ ਨੇ ਕਿਹਾ।

"ਨਹੀਂ, ਮੈਨੂੰ ਇਹ ਤਜਵੀਜ਼ ਪਰਵਾਨ ਨਹੀਂ। ਇਕ ਜ਼ਨਾਨੀ ਦੀ ਆੜ ਵਿਚ ਅਸੀਂ ਚੜ੍ਹਾਈ ਕਰਨਾ ਕਾਇਰਤਾ ਸਮਝਦੇ ਹਾਂ," ਸਰਦਾਰ ਬਹਾਦਰ ਸਿੰਘ ਨੇ ਆਪਣੇ ਘੋੜੇ ਨੂੰ ਤੇਜ਼ ਕਰ ਲਿਆ।

ਖੂਹ 'ਤੇ ਕੋਈ ਬੰਦਾ ਨਜ਼ਰ ਨਹੀਂ ਸੀ ਆ ਰਿਹਾ। ਫ਼ਾਤਮਾ ਨੇ ਸੋਚਿਆ ਕਿ ਭਾਵੇਂ ਜੀਤੋ ਨੂੰ ਕਿਧਰੇ ਹੋਰ ਹੀ ਲੈ ਗਏ ਹੋਣ। ਅੱਜ ਖੂਹ 'ਤੇ ਕੋਈ ਬੰਦਾ ਨਜ਼ਰ ਨਹੀਂ ਆ ਰਿਹਾ। ਕੋਠੇ ਦਾ ਦਰਵਾਜ਼ਾ ਜਦ ਨਜ਼ਰ ਆਇਆ ਤਾਂ ਉਹ ਉਸੇ ਤਰ੍ਹਾਂ ਬੰਦ ਸੀ, ਜਿਵੇਂ ਉਸ ਦਿਨ ਫ਼ਾਤਮਾ ਨੇ ਵੇਖਿਆ ਸੀ।

ਇਕ ਆਦਮੀ ਖੂਹ ਦੇ ਪਿਛਲੇ ਪਾਸਿਉਂ ਨਿਕਲਿਆ। ਉਸ ਖੂਹ ਵੱਲ ਨੂੰ ਆਉਂਦੇ ਘੋੜਿਆਂ ਦੀ ਲੰਮੀ ਲਾਈਨ ਵੇਖੀ ਤੇ ਘਬਰਾ ਗਿਆ। ਜਦ ਉਸ ਵੇਖਿਆ ਕਿ ਇਹ ਤਾਂ ਸਿੱਖਾਂ ਦਾ ਜਥਾ ਆ ਰਿਹਾ ਹੈ ਤਾਂ ਉਹਦੇ ਪ੍ਰਾਣ ਖ਼ੁਸ਼ਕ ਹੋ ਗਏ ਤੇ ਦੌੜ ਕੇ ਖੇਤਾਂ ਵਿਚ ਲੁਕ ਗਿਆ। ਉਹਨੂੰ ਏਨਾ ਹੌਂਸਲਾ ਵੀ ਨਾ ਪਿਆ ਕਿ ਖੂਹ 'ਤੇ ਸੁੱਤੇ ਪਏ ਆਦਮੀਆਂ ਨੂੰ ਜਗਾ ਲਵੇ। ਜਦ ਸਿੰਘ ਖੂਹ ਦੇ ਬਹੁਤ ਨੇੜੇ ਆ ਗਏ ਤਾਂ ਸਰਦਾਰ ਬਹਾਦਰ ਸਿੰਘ ਨੇ ਕਿਹਾ, "ਇਹ ਹੀ ਤੁਹਾਡਾ ਖੂਹ ਏ ?"

"ਜੀ," ਫ਼ਾਤਮਾ ਨੇ ਕਿਹਾ।

"ਇਥੇ ਤਾਂ ਕੋਈ ਬੰਦਾ ਨਹੀਂ।" ਸਰਦਾਰ ਬਹਾਦਰ ਸਿੰਘ ਨੇ ਹੈਰਾਨ ਹੋ ਕੇ ਕਿਹਾ, "ਕੀ ਇਸੇ ਕੋਠੇ ਵਿਚ ਜੀਤੋ ਡੱਕੀ ਹੋਈ ਏ ?"

"ਇਸੇ ਕੋਠੇ ਵਿਚ ਕੱਲ੍ਹ ਸੀ," ਫ਼ਾਤਮਾ ਨੇ ਕਿਹਾ, "ਹੁਣ ਵੀ ਮੇਰਾ ਖ਼ਿਆਲ ਏ ਅੰਦਰ ਹੀ ਹੋਣੀ ਏ।"

ਘੋੜਿਆਂ ਦੇ ਪੈਰਾਂ ਦੀਆਂ ਆਵਾਜ਼ਾਂ ਸੁਣ ਕੇ ਖੂਹ 'ਤੇ ਸੁੱਤੇ ਪਏ ਦੋਵੇਂ ਬੰਦੇ ਜਾਗ ਪਏ। ਉਹਨਾਂ ਦੇ ਉੱਠ ਕੇ ਭੱਜਣ ਤੋਂ ਪਹਿਲਾਂ ਹੀ ਸਰਦਾਰ ਬਹਾਦਰ ਸਿੰਘ ਦੇ ਦਸਤੇ ਦੇ ਜਵਾਨਾਂ ਨੇ ਉਹਨਾਂ ਨੂੰ ਘੇਰ ਲਿਆ ਤੇ ਬੰਦੂਕਾਂ ਦੀਆਂ ਨਾਲੀਆਂ ਉਹਨਾਂ ਦੀਆਂ ਛਾਤੀਆਂ ਅੱਗੇ ਕਰ ਦਿੱਤੀਆਂ। ਸਰਦਾਰ ਬਹਾਦਰ ਸਿੰਘ ਨੇ ਗਰਜਵੀਂ ਆਵਾਜ਼ ਵਿਚ ਕਿਹਾ, "ਖ਼ਬਰਦਾਰ, ਜੇ ਹਿੱਲਣ ਜੁੱਲਣ ਦਾ ਯਤਨ ਕੀਤਾ। ਗੋਲੀ ਮਾਰ ਕੇ ਠੰਢਾ ਕਰ ਦਿਆਂਗੇ।"

ਉਹ ਦੋਵੇਂ ਹੈਰਾਨ ਸੀ ਕਿ ਫ਼ਾਤਮਾ ਇਹਨਾਂ ਦੇ ਨਾਲ ਹੈ ਤੇ ਇਹ ਹਮਲਾ ਕਰਨ ਲਈ ਸਿਖ ਕਿਧਰੋਂ ਆ ਗਏ ਹਨ। ਉਹਨਾਂ ਦੋਹਾਂ ਦਾ ਰੰਗ ਉੱਡ ਗਿਆ ਤੇ ਥਰ ਥਰ ਕੰਬਣ ਲੱਗ ਪਏ। ਸਰਦਾਰ ਬਹਾਦਰ ਸਿੰਘ ਇਹਨਾਂ ਵੱਲ ਵਧਿਆ ਹੀ ਸੀ ਕਿ ਫ਼ਾਤਮਾ ਛਾਲ ਮਾਰ ਕੇ ਘੋੜੇ ਤੋਂ ਉਤਰ ਪਈ ਤੇ ਦੌੜ ਕੇ ਕਮਰੇ ਦਾ ਦਰਵਾਜ਼ਾ ਜਾ ਖੋਲ੍ਹਿਆ।

ਉਹਦਾ ਮਨ ਜੀਤੋ ਨੂੰ ਮਿਲਣ ਲਈ ਬੜਾ ਉਤਾਵਲਾ ਹੋ ਰਿਹਾ ਸੀ। ਜਦ ਦਰਵਾਜ਼ਾ ਖੋਲ੍ਹਿਆ ਤਾਂ ਉਹ ਹੈਰਾਨ ਹੋ ਗਈ ਕਿ ਅੰਦਰ ਜੀਤੋ ਨਹੀਂ ਸੀ। ਉਹਦਾ ਉਪਰਲਾ ਸਾਹ ਉਪਰ ਤੇ ਹੇਠਲਾ ਹੇਠਾਂ ਰਹਿ ਗਿਆ। ਝੱਟ ਉਹ ਕਮਰੇ ਤੋਂ ਬਾਹਰ ਆ ਗਈ। ਸਰਦਾਰ ਬਹਾਦਰ ਸਿੰਘ ਨੇ ਉਹਨੂੰ ਖ਼ਾਲੀ ਮੁੜਦਿਆਂ ਤੇ ਉਹਦੇ ਚਿਹਰੇ ਦੇ ਹਾਵ ਭਾਵ ਤੋਂ ਹੀ ਅਨੁਮਾਨ ਲਾ ਲਿਆ ਕਿ ਜੀਤੋ ਇਸ ਕੋਠੇ ਵਿਚ ਨਹੀਂ। ਇਸ ਲਈ ਉਹਨੇ ਫ਼ਾਤਮਾ ਤੋਂ ਪੁੱਛਣ ਦੀ ਲੋੜ ਨਾ ਸਮਝੀ।

ਸਰਦਾਰ ਬਹਾਦਰ ਸਿੰਘ ਨੇ ਖੂਹ 'ਤੇ ਬੈਠੇ ਬੰਦਿਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਕਿਥੇ ਏ ਜੀਤੋ ?"

"ਕਿਹੜੀ ਜੀਤੋ ?" ਉਹਨਾਂ ਵਿੱਚੋਂ ਇਕ ਨੇ ਬੜੇ ਡਰਦਿਆਂ ਤੇ ਕੰਬਦਿਆਂ ਹੌਲੀ ਜਿਹੀ ਕਿਹਾ।

"ਉਹੀ ਜਿਹੜੀ ਇਥੇ ਕਈ ਦਿਨਾਂ ਤੋਂ ਡੱਕੀ ਹੋਈ ਸੀ," ਫ਼ਾਤਮਾ ਨੇ ਸਪੱਸ਼ਟ ਕਰ ਕੇ ਪੁੱਛਿਆ। ਫ਼ਾਤਮਾ ਨੂੰ ਇਸ ਗੱਲ ਦਾ ਡਰ ਸੀ ਕਿ ਕਿਧਰੇ ਸਰਦਾਰ ਬਹਾਦਰ ਸਿੰਘ ਇਹ ਨਾ ਸਮਝੇ ਕਿ ਮੈਂ ਇਹਨਾਂ ਨਾਲ ਧੋਖਾ ਕੀਤਾ ਸੀ ਤੇ ਐਵੇਂ ਝੂਠ ਮਾਰ ਕੇ ਇਥੇ ਲੈ ਆਂਦਾ ਏ।

"ਉਹਨੂੰ ਤੇ ਕੱਲ੍ਹ ਦਾ ਰਹੀਮ ਕਿਧਰੇ ਲੈ ਗਿਆ ਏ," ਉਹਨਾਂ ਆਦਮੀਆਂ ਨੇ ਦੱਸਿਆ।

"ਰਹੀਮ ਲੈ ਗਿਆ ?" ਫ਼ਾਤਮਾ ਨੇ ਪੁੱਛਿਆ, "ਚਾਚਾ ਜੀ ਵੀ ਇਥੇ ਆਏ ਸੀ ?"

"ਆਏ ਸੀ," ਉਹਨਾਂ ਦੱਸਿਆ।

"ਉਹਨਾਂ ਦੇ ਨਾਲ ਹੀ ਲੈ ਕੇ ਗਿਆ ਏ ਕਿ ਵੱਖਰਿਆਂ ?" ਫ਼ਾਤਮਾ ਨੇ ਹੋਰ ਪੁੱਛ ਕੀਤੀ।

"ਨਹੀਂ, ਵੱਖਰਿਆਂ ਲੈ ਗਿਆ ਏ। ਮੀਆਂ ਜੀ ਤਾਂ ਪਹਿਲਾਂ ਚਲੇ ਗਏ ਸਨ ਤੇ ਇਹ ਪਿੱਛੋਂ ਗਿਆ ਏ।"

ਫ਼ਾਤਮਾ ਨੇ ਇਸ ਉੱਤਰ 'ਤੇ ਵਿਚਾਰ ਕੀਤਾ ਤੇ ਫਿਰ ਸਰਦਾਰ ਬਹਾਦਰ ਸਿੰਘ ਨੂੰ ਸੰਬੋਧਨ ਕਰ ਕੇ ਕਿਹਾ, "ਮੇਰਾ ਖ਼ਿਆਲ ਏ ਕਿ ਰਹੀਮ ਜੀਤੋ ਨੂੰ ਸਰਦਾਰ ਸ਼ੇਰ ਸਿੰਘ ਪਾਸ ਛੱਡ ਆਇਆ ਏ ਜਾਂ ਪਿੰਡ ਪਹੁੰਚਾ ਆਇਆ ਹੋਏਗਾ।"

"ਤੁਹਾਨੂੰ ਇਹ ਕਿਵੇਂ ਪਤਾ ਲੱਗਾ ?" ਸਰਦਾਰ ਬਹਾਦਰ ਸਿੰਘ ਨੇ ਹੈਰਾਨੀ ਨਾਲ ਪੁੱਛਿਆ।

"ਰਹੀਮ ਮੈਨੂੰ ਪਿਆਰ ਕਰਦਾ ਏ ਤੇ ਉਹਨੂੰ ਪਤਾ ਏ ਕਿ ਮੈਂ ਚਾਹੁੰਦੀ ਹਾਂ ਕਿ ਜੀਤੋ ਘਰ ਪਹੁੰਚ ਜਾਏ। ਉਸ ਮੇਰੀ ਖ਼ੁਸ਼ੀ ਲਈ ਇਹ ਕੁਝ ਕੀਤਾ ਹੋਣਾ ਏਂ," ਫ਼ਾਤਮਾ

ਨੇ ਕਿਹਾ।

"ਮੇਰਾ ਖ਼ਿਆਲ ਏ ਉਹ ਇਸ ਤਰ੍ਹਾਂ ਨਹੀਂ ਕਰ ਸਕਦਾ ਕਿ ਉਹ ਜਾਫ਼ਰ ਬੇਗ ਦੀ ਮਰਜ਼ੀ ਦੇ ਉਲਟ ਜੀਤੋ ਨੂੰ ਕਿਧਰੇ ਛੱਡ ਆਏ," ਸਰਦਾਰ ਬਹਾਦਰ ਸਿੰਘ ਨੇ ਕਿਹਾ ਤੇ ਫਿਰ ਖੂਹ 'ਤੇ ਬੈਠੇ ਆਦਮੀਆਂ ਨੂੰ ਪੁੱਛਿਆ, "ਸੱਚ ਦੱਸੋ, ਜੀਤੋ ਨੂੰ ਕਿਧਰ ਲੈ ਕੇ ਗਿਆ ਏ ?"

"ਰੱਬ ਦੀ ਸਹੁੰ, ਸਾਨੂੰ ਨਹੀਂ ਪਤਾ," ਦੋਹਾਂ ਨੇ ਇਕੱਠਿਆਂ ਹੀ ਤਰਲੇ ਨਾਲ ਕਿਹਾ, "ਜੇ ਪਤਾ ਹੁੰਦਾ ਤਾਂ ਜ਼ਰੂਰ ਦੱਸ ਦੇਂਦੇ।"

"ਜੇ ਦੱਸ ਦਿਓ ਤਾਂ ਤੁਹਾਨੂੰ ਛੱਡ ਦਿਆਂਗੇ ਨਹੀਂ ਤੇ ਤੁਹਾਡੀ ਜਾਨ ਨਹੀਂ ਬਚ ਸਕਦੀ," ਸਰਦਾਰ ਬਹਾਦਰ ਸਿੰਘ ਨੇ ਜ਼ਰਾ ਰੋਹਬ ਨਾਲ ਅੱਖਾਂ ਲਾਲ ਕਰ ਕੇ ਕਿਹਾ।

"ਹਜ਼ੂਰ, ਸਾਨੂੰ ਬਿਲਕੁਲ ਪਤਾ ਨਹੀਂ, ਸਾਨੂੰ ਦੱਸ ਕੇ ਕੌਣ ਜਾਂਦਾ ਏ।"

"ਠੀਕ ਏ ਇਹਨਾਂ ਨੂੰ ਪਤਾ ਨਹੀਂ ਹੋਣਾ," ਫ਼ਾਤਮਾ ਨੇ ਕਿਹਾ, "ਹੁਣ ਦੱਸੋ ਕੀ ਕਰੀਏ ?"

"ਹੁਣ ਕੀ ਹੋ ਸਕਦਾ ਏ," ਸਰਦਾਰ ਬਹਾਦਰ ਸਿੰਘ ਨੇ ਨਿਰਾਸ਼ ਹੋ ਕੇ ਕਿਹਾ, "ਮੇਰਾ ਖ਼ਿਆਲ ਸੀ ਕਿ ਅੱਜ ਜੀਤੋ ਮਿਲ ਜਾਏਗੀ ਤੇ ਸਰਦਾਰ ਸ਼ੇਰ ਸਿੰਘ ਕੋਲ ਚੱਲਾਂਗੇ, ਪਰ ਹੁਣ ਜਾਣ ਦਾ ਕੀ ਲਾਭ ? ਚੰਗਾ ਤੁਸੀਂ ਵੀ ਹੁਣ ਪੱਟੀ ਜਾ ਸਕਦੇ ਹੋ। ਅਸੀਂ ਚੱਲਦੇ ਹਾਂ।" ਸਰਦਾਰ ਬਹਾਦਰ ਸਿੰਘ ਨੇ ਇਹ ਕਹਿ ਕੇ ਘੋੜੇ ਦੀਆਂ ਵਾਗਾਂ ਮੋੜ ਲਈਆਂ ਤੇ ਚੱਲਣ ਲਈ ਤਿਆਰ ਹੋ ਗਿਆ।

"ਮੇਰੀ ਜ਼ਰਾ ਵੱਖਰੇ ਹੋ ਕੇ ਗੱਲ ਸੁਣੋਗੇ ?" ਫ਼ਾਤਮਾ ਨੇ ਕਿਹਾ। ਸਰਦਾਰ ਬਹਾਦਰ ਸਿੰਘ ਨੇ ਘੋੜਾ ਇਕ ਸਿੰਘ ਨੂੰ ਫੜਾਇਆ ਤੇ ਫ਼ਾਤਮਾ ਦੇ ਮਗਰ ਟੁਰ ਪਿਆ। ਥੋੜ੍ਹੀ ਦੂਰ ਜਾ ਕੇ ਫ਼ਾਤਮਾ ਰੁਕ ਗਈ ਅਤੇ ਭਰੀਆਂ ਅੱਖਾਂ ਨਾਲ ਉਸ ਕਿਹਾ, "ਮੈਂ ਬੜੀ ਸ਼ਰਮਸਾਰ ਹਾਂ ਕਿ ਤੁਹਾਨੂੰ ਇਤਨੀ ਦੂਰ ਲਿਆਂਦਾ ਵੀ ਪਰ ਤੁਹਾਡਾ ਕੰਮ ਨਾ ਬਣਿਆ।"

"ਨਹੀਂ ਕੋਈ ਗੱਲ ਨਹੀਂ, ਇਹਦੇ ਵਿਚ ਤੇਰਾ ਕੀ ਕਸੂਰ ਏ। ਤੈਨੂੰ ਇਹ ਥੋੜ੍ਹਾ ਪਤਾ ਸੀ ਕਿ ਪਿੱਛੋਂ ਕੀ ਹੋ ਜਾਣਾ ਏ," ਸਰਦਾਰ ਬਹਾਦਰ ਸਿੰਘ ਨੇ ਕਿਹਾ ਅਤੇ ਟੁਰਨ ਲੱਗਾ ਪਰ ਫ਼ਾਤਮਾ ਨੇ ਫਿਰ ਕਿਹਾ, "ਇੰਨੀ ਕਾਹਲੀ ਕਰਦੇ ਹੋ। ਫਿਰ ਵੀ ਕਦੇ ਆਉਗੇ ?"

"ਆਉਣ ਨੂੰ ਕੋਈ ਹਰਜ ਨਹੀਂ ਪਰ ਮੈਂ ਚਾਹੁੰਦਾ ਹਾਂ ਕਿ ਜੀਤੋ ਛੇਤੀ ਵਾਪਸ ਲਿਆਂਦੀ ਜਾਏ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਮੈਂ ਜੀਤੋ ਦਾ ਪਤਾ ਕਰ ਰੱਖਾਂਗੀ, ਤੁਸਾਂ ਕੱਲ੍ਹ ਰਾਤ ਆਣਾ। ਹਵੇਲੀ ਦੇ ਦਰਵਾਜ਼ੇ 'ਤੇ ਮੈਂ ਤੁਹਾਨੂੰ ਮਿਲਾਂਗੀ, ਪਰ ਆਉਣਾ ਇਕੱਲੇ ਹੀ ਭੇਸ ਬਦਲ ਕੇ।" ਫ਼ਾਤਮਾ ਨੂੰ

ਬਚਨ ਦੇ ਕੇ ਸਰਦਾਰ ਬਹਾਦਰ ਸਿੰਘ ਨੇ ਘੋੜੇ 'ਤੇ ਲੱਤ ਰੱਖੀ ਅਤੇ ਪਲਾਂ ਵਿਚ ਹੀ ਘੋੜੇ ਭਜਾਂਦੇ ਅੱਖਾਂ ਤੋਂ ਉਹਲੇ ਹੋ ਗਏ।

17

ਜਿਸ ਦਿਨ ਤੋਂ ਫ਼ਾਤਮਾ ਗੁਆਚੀ ਸੀ, ਜਾਫ਼ਰ ਬੇਗ ਨੇ ਕੁਝ ਨਹੀਂ ਚੱਜ ਨਾਲ ਖਾਧਾ ਤੇ ਨਾ ਹੀ ਉਹ ਕਿਧਰੇ ਹੋਰ ਕਿਸੇ ਕੰਮ ਨਿਕਲਿਆ। ਇਕ ਦਿਨ ਉਹ ਘੋੜੇ 'ਤੇ ਚੜ੍ਹ ਕੇ ਲੱਭਦਾ ਰਿਹਾ ਪਰ ਫਿਰ ਨਿਰਾਸ ਹੋ ਕੇ ਬਹਿ ਗਿਆ, ਪਰੰਤੂ ਉਹਦੇ ਆਦਮੀ ਲਗਾਤਾਰ ਢੂੰਡਦੇ ਰਹੇ। ਖੋਜੀਆਂ ਨੂੰ ਸੱਦਿਆ ਅਤੇ ਉਹਨਾਂ ਪੈਰਾਂ ਦੇ ਨਿਸ਼ਾਨਾਂ ਦੇ ਆਧਾਰ 'ਤੇ ਦੱਸਿਆ ਕਿ ਫ਼ਾਤਮਾ ਘਰੋਂ ਇਕੱਲੀ ਨਿਕਲੀ ਏ ਤੇ ਖੂਹ ਵੱਲ ਉਸ ਦੇ ਨਿਸ਼ਾਨ ਗਏ ਹਨ ਪਰ ਅੱਗੇ ਜਾ ਕੇ ਆਮ ਰਾਹ 'ਤੇ ਸੜਕ 'ਤੇ ਆਵਾਜਾਈ ਵਧੇਰੇ ਹੋਣ ਕਰਕੇ ਉਹ ਨਿਸ਼ਾਨ ਵੀ ਮਿਟ ਗਏ ਅਤੇ ਕੁਝ ਪਤਾ ਨਾ ਲੱਗਾ।

ਜਾਫ਼ਰ ਬੇਗ ਨੂੰ ਇਹ ਵੀ ਪਤਾ ਲੱਗ ਗਿਆ ਕਿ ਉਸੇ ਰਾਤ ਪੱਟੀ ਦੇ ਨੇੜੇ ਦਿੱਲੀ ਦੀ ਸ਼ਾਹੀ ਫ਼ੌਜ ਠਹਿਰੀ ਹੋਈ ਸੀ, ਪਰ ਉਹਨੂੰ ਇਹ ਆਸ ਨਹੀਂ ਸੀ ਕਿ ਦਿੱਲੀ ਦੀ ਸ਼ਾਹੀ ਫ਼ੌਜ ਉਹਦੀ ਭਤੀਜੀ ਨੂੰ ਹੱਥ ਪਾ ਸਕਦੀ ਹੈ, ਪਰ ਉਹਨੇ ਉਸੇ ਦਿਨ ਤਸੱਲੀ ਲਈ ਆਦਮੀ ਫ਼ੌਜ ਵੱਲ ਭੇਜੇ ਤੇ ਉਥੋਂ ਕੁਝ ਪਤਾ ਨਾ ਲੱਗਾ। ਸ਼ਾਹੀ ਫ਼ੌਜ ਕੂਚ ਕਰਦੀ ਜਾ ਰਹੀ ਸੀ ਅਤੇ ਆਮ ਸਿਪਾਹੀਆਂ ਨੂੰ ਨਹੀਂ ਸੀ ਪਤਾ ਕਿ ਕੋਈ ਜ਼ਨਾਨੀ ਫੜੀ ਗਈ ਹੈ ਜਾਂ ਨਹੀਂ।

ਫ਼ਾਤਮਾ ਦੇ ਨਾ ਮਿਲਣ ਕਾਰਨ ਜਾਫ਼ਰ ਬੇਗ ਖਿਝ ਗਿਆ ਤੇ ਹਰ ਆਦਮੀ ਨੂੰ ਬੜੇ ਗੁੱਸੇ ਵਿਚ ਬੋਲਣ ਲੱਗ ਪਿਆ। ਜਦੋਂ ਕਾਦਰ ਬਖ਼ਸ਼ ਉਹਦੇ ਸਾਹਮਣੇ ਆਇਆ ਤਾਂ ਉਹਨੂੰ ਵੀ ਬੜੇ ਗੁੱਸੇ ਵਿਚ ਕਿਹਾ, "ਕੀ ਪਿਆ ਕਰਦਾ ਏਂ ਇਥੇ, ਜਾਹ ਜਾ ਕੇ ਕਿਧਰੇ ਪਤਾ ਕਰ।"

"ਮੈਂ ਤਾਂ ਸਾਰਾ ਇਲਾਕਾ ਛਾਣ ਮਾਰਿਆ ਏ, ਪਰ ਕਿਧਰੇ ਫ਼ਾਤਮਾ ਦਾ ਪਤਾ ਨਹੀਂ ਲੱਗਾ," ਕਾਦਰ ਬਖ਼ਸ਼ ਨੇ ਕਿਹਾ ਤੇ ਉਹਦੀਆਂ ਅੱਖਾਂ ਵਿੱਚੋਂ ਗਲੇਡੂ ਡਿੱਗਣ ਲੱਗ ਪਏ।

"ਹੱਦ ਹੋ ਗਈ," ਜਾਫ਼ਰ ਬੇਗ ਨੇ ਕਿਹਾ, "ਲਾਹਨਤ ਹੈ ਸਾਡੀ ਹਕੂਮਤ ਨੂੰ, ਜੇ ਅਸੀਂ ਫ਼ਾਤਮਾ ਦਾ ਵੀ ਪਤਾ ਨਹੀਂ ਕੱਢ ਸਕਦੇ। ਆਖ਼ਰ ਜਿਊਂਦੀ ਹੈ ਜਾਂ ਮੋਈ, ਕੁਝ ਤਾਂ ਪਤਾ ਲੱਗਣਾ ਚਾਹੀਦਾ ਹੈ।"

"ਮੈਂ ਆਪ ਬੜਾ ਹੈਰਾਨ ਹਾਂ ਕਿ ਹੋ ਕੀ ਗਿਆ ਏ। ਆਖ਼ਰ ਇਥੇ ਸਾਡੇ ਨਾਲੋਂ ਕਿਹੜੀ ਵੱਡੀ ਤਾਕਤ ਏ ਜਿਸ ਨੇ ਫ਼ਾਤਮਾ ਨੂੰ ਛੁਪਾਣ ਦਾ ਹੌਂਸਲਾ ਕਰ ਲਿਆ," ਕਾਦਰ ਬਖ਼ਸ਼ ਨੇ ਕਿਹਾ ਤੇ ਸੋਚਣ ਲੱਗ ਪਿਆ। ਇਕ ਦਮ ਪਤਾ ਨਹੀਂ ਉਹਨੂੰ ਕੀ ਸੁੱਝਿਆ ਤੇ ਉਹ ਉੱਠ ਕੇ ਬਾਹਰ ਚਲਾ ਗਿਆ।

ਜਾਫ਼ਰ ਬੇਗ ਨੇ ਜਾਂਦੇ ਵੱਲ ਪਿੱਛੋਂ ਤੱਕਿਆ ਤੇ ਫਿਰ ਆਪਣੇ ਆਪ ਨੂੰ ਕੋਸਣ ਲੱਗ ਪਿਆ ਕਿ ਇਸ ਵਿਚਾਰੇ ਨੂੰ ਕਿਹੜਾ ਘੱਟ ਦਰਦ ਏ। ਮੈਂ ਐਵੇਂ ਇਹਨੂੰ ਵੀ ਗੁੱਸੇ ਹੋਣ ਲੱਗ ਪਿਆ ਹਾਂ। ਇਸ ਵਿਚਾਰੇ ਵੀ ਚੱਜ ਨਾਲ ਰੋਟੀ ਨਹੀਂ ਖਾਧੀ। ਕਈ ਦਿਨਾਂ ਤੋਂ ਵਾਲ ਨਹੀਂ ਸਵਾਰੇ ਤੇ ਨਾ ਹੀ ਦਾੜ੍ਹੀ ਮੁਨਾਈ ਏ।

ਰਹੀਮ ਖ਼ਾਨ ਅੰਦਰ ਆ ਗਿਆ ਤੇ ਸਲਾਮ ਕਰ ਕੇ ਮੰਜੇ 'ਤੇ ਬੈਠ ਗਿਆ। ਜਾਫ਼ਰ ਬੇਗ ਨੇ ਬੇਧਿਆਨੀ ਵਿਚ ਉਹਦੇ ਸਲਾਮ ਦਾ ਵੀ ਉੱਤਰ ਨਾ ਦਿੱਤਾ ਤੇ ਝੱਟ ਪਿੱਛੋਂ ਜਦ ਉਹਨੂੰ ਦੇਖਿਆ ਤਾਂ ਮੱਥੇ 'ਤੇ ਵੱਟ ਪਾ ਕੇ ਗੁੱਸੇ ਵਿਚ ਕਿਹਾ, "ਕਿਥੇ ਮਰ ਗਿਆ ਸੈਂ ?"

"ਕਿਧਰੇ ਨਹੀਂ ਜਨਾਬ," ਰਹੀਮ ਖ਼ਾਨ ਨੇ ਨਿਮਰਤਾ ਨਾਲ ਕਿਹਾ।

"ਕਿਧਰੇ ਨਹੀਂ ਦਿਆ ਬੱਚਿਆ, ਤੈਨੂੰ ਕੱਲ੍ਹ ਦਾ ਵੇਖਿਆ ਨਹੀਂ," ਜਾਫ਼ਰ ਬੇਗ ਨੇ ਕਚੀਚੀ ਵੱਟ ਕੇ ਕਿਹਾ।

"ਜੀਤੋ ਕਿਥੇ ਈ ?"

"ਬਾਹਰਲੀ ਹਵੇਲੀ ਦੇ ਪਿਛਲੇ ਹਾਤੇ ਵਿਚ।"

"ਜਦੋਂ ਦੀ ਆਈ ਏ ਵਖਤ ਵਿਚ ਫਸ ਗਏ ਹਾਂ," ਜਾਫ਼ਰ ਬੇਗ ਨੇ ਕਿਹਾ, "ਇਕ ਦਿਨ ਵੀ ਸੁਖ ਦਾ ਸਾਹ ਨਹੀਂ ਆਇਆ। ਪਹਿਲਾਂ ਤਾਰਾ ਸਿੰਘ ਨੇ ਵਖਤ ਪਾਈ ਰੱਖਿਆ ਏ ਅਤੇ ਫਿਰ ਲਾਹੌਰ ਤੋਂ ਹੀ ਸੱਦੇ ਨਹੀਂ ਮੁੱਕੇ ਅਤੇ ਹੁਣ ਫ਼ਾਤਮਾ ਦਾ ਕੁਝ ਪਤਾ ਨਹੀਂ ਲੱਗਦਾ।"

"ਹਜ਼ੂਰ, ਉਹ ਵੀ ਰੋ ਰੋ ਕੇ ਮਰਨ ਲੱਗੀ ਏ," ਰਹੀਮ ਖ਼ਾਨ ਨੇ ਤਰਲੇ ਨਾਲ ਕਿਹਾ, "ਕਿਉਂ ਨਹੀਂ ਉਹ ਛੱਡ ਦੇਂਦੇ। ਐਵੇਂ ਵਖਤ ਨੂੰ ਫੜੇ ਹੋਏ ਹਾਂ।"

"ਲੈ, ਹੱਦ ਹੋ ਗਈ। ਅਜਿਹਾ ਲਾਲ ਫਿਰ ਹੱਥ ਲੱਗਣਾ ਏਂ ?" ਜਾਫ਼ਰ ਬੇਗ ਨੇ ਕਿਹਾ। ਜੀਤੋ ਦੀ ਯਾਦ ਨੇ ਉਹਦੇ ਚਿਹਰੇ ਦਾ ਰੰਗ ਕੁਝ ਨਿਖਾਰਿਆ, ਉਸ ਮਹਿੰਦੀ ਰੰਗੀ ਦਾਹੜੀ 'ਤੇ ਹੱਥ ਫੇਰਿਆ ਅਤੇ ਹੁੱਕੇ ਦਾ ਇਕ ਲੰਮਾ ਸੂਟਾ ਲਿਆ।

ਬਾਹਰੋਂ ਇਕ ਬੰਦਾ ਸਾਹੋ ਸਾਹ ਭੱਜਾ ਆਇਆ। ਉਹਨੂੰ ਵੇਖ ਕੇ ਜਾਫ਼ਰ ਬੇਗ ਤੇ ਰਹੀਮ ਨੇ ਇਕ ਦਮ ਗੱਲਾਂ ਬੰਦ ਕਰ ਦਿੱਤੀਆਂ। ਜਾਫ਼ਰ ਬੇਗ ਤੇ ਰਹੀਮ ਨੂੰ ਇਉਂ ਲੱਗਾ ਜਿਵੇਂ ਫ਼ਾਤਮਾ ਮਿਲ ਗਈ ਹੋਵੇ ਅਤੇ ਉਹ ਦੱਸਣ ਆਇਆ ਹੈ, ਪਰ ਉਸ

ਆਉਂਦਿਆਂ ਕਿਹਾ, "ਗ਼ਜ਼ਬ ਹੋ ਗਿਆ।"

"ਕੀ ਹੋ ਗਿਆ ਏ ?" ਜਾਫ਼ਰ ਬੇਗ ਨੇ ਪੁੱਛਿਆ।

"ਸਿੱਖਾਂ ਹਮਲਾ ਕਰ ਦਿੱਤਾ," ਉਸ ਘਾਬਰੇ ਹੋਏ ਨੇ ਕਿਹਾ।

"ਕਿਥੇ ?" ਜਾਫ਼ਰ ਬੇਗ ਨੇ ਉਤਾਵਲੇ ਹੋ ਕੇ ਪੁੱਛਿਆ, "ਪੱਟੀ 'ਤੇ ?"

"ਜੀ ਆ," ਉਸ ਦੱਸਿਆ, "ਮੈਂ ਆਪਣੇ ਖ਼ੂਹ 'ਤੇ ਆਪ ਵੇਖਿਆ ਏ। ਘੋੜਿਆਂ 'ਤੇ ਚੜ੍ਹੇ ਦਬਾਦਬ ਖ਼ੂਹ ਵੱਲ ਜਾ ਰਹੇ ਸਨ।"

"ਕਿੰਨੇ ਕੁ ਸਿਖ ਸਨ ?" ਰਹੀਮ ਖ਼ਾਨ ਨੇ ਪੁੱਛਿਆ।

"ਇਹ ਤੇ ਮੈਨੂੰ ਪਤਾ ਨਹੀਂ, ਮੈਂ ਤੇ ਖ਼ੂਹ ਦੇ ਕੋਠੇ ਉਹਲੇ ਸਾਂ ਤੇ ਉਹਨਾਂ ਨੂੰ ਵੇਖ ਕੇ ਉਸੇ ਵੇਲੇ ਭੱਜਾ ਆਇਆ ਹਾਂ।"

ਜਾਫ਼ਰ ਬੇਗ ਦੀ ਹਵੇਲੀ ਉੱਤੇ ਇਕ ਵੱਡਾ ਸਾਰਾ ਘੜਿਆਲ ਲੱਗਾ ਹੋਇਆ ਸੀ। ਜਦ ਕਦੇ ਖ਼ਤਰੇ ਦੀ ਚਿਤਾਵਨੀ ਦੇਣੀ ਹੁੰਦੀ ਸੀ ਜਾਂ ਫ਼ੌਜ ਦੇ ਜਵਾਨਾਂ ਨੂੰ ਇਕੱਠਾ ਕਰਨਾ ਹੁੰਦਾ ਸੀ ਤਾਂ ਉਹ ਘੜਿਆਲ ਵਜਾ ਦਿੱਤਾ ਜਾਂਦਾ ਸੀ। ਜਾਫ਼ਰ ਬੇਗ ਨੇ ਉਸੇ ਵੇਲੇ ਨੌਕਰ ਨੂੰ ਆਵਾਜ਼ ਦਿੱਤੀ ਤੇ ਘੜਿਆਲ ਵਜਾਣ ਦਾ ਹੁਕਮ ਦੇ ਦਿੱਤਾ।

ਘੜਿਆਲ ਦੇ ਖੜਕਦਿਆਂ ਸਾਰ ਪੱਟੀ ਵਿਚ ਭਾਜੜ ਪੈ ਗਈ। ਰਿਵਾਜ ਅਨੁਸਾਰ ਜ਼ਨਾਨੀਆਂ ਨੇ ਝੱਟ-ਪਟ ਦਰਵਾਜ਼ੇ ਬੰਦ ਕਰ ਲਏ ਤੇ ਮਰਦਾਂ ਨੇ ਆਪਣੇ ਆਪਣੇ ਹਥਿਆਰ ਸੰਭਾਲ ਲਏ। ਲੋਕੀਂ ਕੋਠਿਆਂ ਉੱਤੇ ਚੜ੍ਹ ਗਏ ਤੇ ਆਸੇ-ਪਾਸੇ ਦੇਖਣ ਲੱਗ ਪਏ ਕਿ ਕਿਧਰੋਂ ਹਮਲਾ ਹੋਇਆ ਹੈ। ਲੋਕਾਂ ਨੂੰ ਦੂਰ ਜਾਫ਼ਰ ਬੇਗ ਦੇ ਖ਼ੂਹ ਵੱਲ ਮਿੱਟੀ ਉੱਡਦੀ ਦਿਸਦੀ, ਪਰ ਹਮਲਾ ਕਰਨ ਵਾਲੇ ਨਜ਼ਰ ਨਾ ਆਏ।

ਜਾਫ਼ਰ ਬੇਗ ਤੇ ਕਾਦਰ ਬਖ਼ਸ਼ ਨੇ ਲੋਹੇ ਦੀਆਂ ਬਣੀਆਂ ਪੁਸ਼ਾਕਾਂ ਪਾ ਲਈਆਂ ਤੇ ਤਿਆਰ ਹੋ ਗਏ। ਜਾਫ਼ਰ ਬੇਗ ਦੀ ਹਵੇਲੀ ਦੇ ਸਿਪਾਹੀ ਵੀ ਤਿਆਰ ਹੋ ਗਏ। ਜਾਫ਼ਰ ਬੇਗ ਦੀ ਹਵੇਲੀ ਦੀ ਡਿਉਢੀ ਅੱਗੇ ਫ਼ੌਜੀ ਜਵਾਨਾਂ ਦਾ ਇਕੱਠ ਹੋ ਗਿਆ ਤੇ ਸ਼ਹਿਰ ਦੇ ਬਚਾ ਲਈ ਮੋਰਚਿਆਂ ਦੀ ਤਿਆਰੀ ਦੀ ਵਿਉਂਤ ਬਣਨ ਲੱਗੀ।

ਦੋ ਆਦਮੀ ਭੱਜੇ ਭੱਜੇ ਆਏ ਤੇ ਉਹਨਾਂ ਜਾਫ਼ਰ ਬੇਗ ਨੂੰ ਦੱਸਿਆ ਕਿ ਫ਼ਾਤਮਾ ਆ ਗਈ ਏ।

"ਹੈਂ, ਫ਼ਾਤਮਾ ਆ ਗਈ ਏ !" ਜਾਫ਼ਰ ਬੇਗ ਦੀਆਂ ਵਾਛਾਂ ਖੁੱਲ੍ਹ ਗਈਆਂ।

"ਕਿਥੇ ਵੇ ?" ਕਾਦਰ ਬਖ਼ਸ਼ ਨੇ ਉਤਾਵਲੇ ਹੋ ਕੇ ਪੁੱਛਿਆ।

"ਖ਼ੂਹ ਤੋਂ ਆ ਰਹੀ ਏ। ਅਸੀਂ ਭੱਜੇ ਆਏ ਹਾਂ ਤਾਕਿ ਪਤਾ ਦੇਈਏ। ਸਿਖ ਘੋੜਿਆਂ 'ਤੇ ਆਏ ਸਨ ਤੇ ਉਹਨੂੰ ਛੱਡ ਗਏ ਹਨ।"

"ਸਿਖ ਛੱਡ ਗਏ ਹਨ ?" ਜਾਫ਼ਰ ਬੇਗ ਨੇ ਹੈਰਾਨ ਹੋ ਕੇ ਪੁੱਛਿਆ।

"ਜੀ ਆ," ਦੋਵੇਂ ਇਕੱਠੇ ਬੋਲ ਪਏ।

"ਇਹਦਾ ਮਤਲਬ ਏ ਸਿਖ ਉਹਨੂੰ ਲੈ ਗਏ ਸਨ," ਜਾਫ਼ਰ ਬੇਗ ਨੇ ਕਿਹਾ, "ਹੁਣ ਉਹ ਆਪ ਛੱਡਣ ਆਏ ਨੇ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ।"

"ਆਹੋ, ਮੈਨੂੰ ਵੀ ਤਾਂ ਛੱਡ ਦਿੱਤਾ ਸੀ, ਸਿੱਖਾਂ ਇਸੇ ਤਰ੍ਹਾਂ ਫ਼ਾਤਮਾ ਨੂੰ ਵੀ ਛੱਡ ਦਿੱਤਾ ਹੋਣਾ ਏ। ਸਿਖ ਇਤਨੇ ਕਮੀਨੇ ਨਹੀਂ ਕਿ ਕਿਸੇ ਅਬਲਾ 'ਤੇ ਹੱਥ ਉਠਾਣ," ਕਾਦਰ ਬਖ਼ਸ਼ ਨੇ ਕਿਹਾ।

"ਪਰ ਉਹ ਲੈ ਕਿਉਂ ਗਏ ਸਨ ?" ਜਾਫ਼ਰ ਬੇਗ ਨੇ ਗੁੱਸੇ ਵਿਚ ਕਿਹਾ, "ਹੁਣ ਡਰਦੇ ਮਾਰੇ ਛੱਡ ਗਏ ਹੋਣਗੇ।"

"ਨਹੀਂ, ਇਹ ਗੱਲ ਨਹੀਂ," ਕਾਦਰ ਬਖ਼ਸ਼ ਨੇ ਕਿਹਾ, "ਅਸੀਂ ਕਿਹੜਾ ਉਹਨਾਂ ਦਾ ਪਿੱਛਾ ਕਰ ਰਹੇ ਸਾਂ। ਫ਼ਾਤਮਾ ਆ ਕੇ ਦੱਸੇਗੀ ਕੀ ਗੱਲ ਹੋਈ ਏ ?"

"ਸਿਖ ਜੀਤੋ ਨੂੰ ਲੈਣ ਆਏ ਸਨ," ਇਕ ਆਦਮੀ ਨੇ ਦੱਸਿਆ ਜੋ ਖੂਹ ਤੋਂ ਆਇਆ ਸੀ।

"ਹੈਂ, ਜੀਤੋ ਨੂੰ ਲੈਣ ਆਏ ਸਨ ?" ਕਾਦਰ ਬਖ਼ਸ਼ ਨੇ ਕਿਹਾ, "ਕੀ ਜੀਤੋ ਅਜੇ ਨਹੀਂ ਪਹੁੰਚੀ ?" ਕਾਦਰ ਬਖ਼ਸ਼ ਨੂੰ ਪਤਾ ਸੀ ਪਰ ਉਸ ਜਾਣ ਕੇ ਜਾਫ਼ਰ ਬੇਗ ਤੋਂ ਪੁੱਛਿਆ ਤਾਕਿ ਜੀਤੋ ਦਾ ਕੁਝ ਪਤਾ ਲੱਗ ਜਾਏ। ਜੀਤੋ ਦਾ ਨਾਮ ਸੁਣ ਕੇ ਜਾਫ਼ਰ ਬੇਗ ਵੀ ਘਬਰਾ ਗਿਆ ਕਿਉਂਕਿ ਉਹ ਝੂਠ ਬੋਲ ਚੁੱਕਿਆ ਸੀ ਕਿ ਜੀਤੋ ਨੂੰ ਉਸ ਪਹੁੰਚਾ ਦਿੱਤਾ ਏ।

ਫ਼ਾਤਮਾ ਬੜੀ ਘਬਰਾਈ ਹੋਈ ਘਰ ਪਹੁੰਚੀ। ਉਸ ਨੂੰ ਡਰ ਸੀ ਕਿ ਉਹਦੇ ਘਰੋਂ ਬਾਹਰ ਜਾਣ ਦਾ ਭੇਦ ਖੁੱਲ੍ਹਣ 'ਤੇ ਚਾਚਾ ਜੀ ਨਾਰਾਜ਼ ਹੋਣਗੇ। ਇਸ ਲਈ ਖੂਹ ਤੋਂ ਘਰ ਤਕ ਉਹ ਸੋਚਦੀ ਆਈ ਕਿ ਕਿਹੜਾ ਬਹਾਨਾ ਬਣਾਏ, ਜਿਸ ਨਾਲ ਸਾਰਾ ਰਾਜ਼ ਨਾ ਖੁੱਲ੍ਹੇ। ਅਖ਼ੀਰ ਉਹਨੂੰ ਇਕ ਬਹਾਨਾ ਸੁੱਝ ਪਿਆ।

ਹਵੇਲੀ ਦਾ ਦਰਵਾਜ਼ਾ ਟੱਪਦਿਆਂ ਜਦ ਜਾਫ਼ਰ ਬੇਗ ਦੀ ਨਜ਼ਰੀਂ ਪਈ ਤਾਂ ਉਸ ਝੱਟ ਮੰਜੇ ਤੋਂ ਉੱਠ ਕੇ ਉਹਨੂੰ ਜੱਫਾ ਪਾ ਲਿਆ। ਫਿਰ ਕਾਦਰ ਬਖ਼ਸ਼ ਘੁੱਟ ਕੇ ਮਿਲਿਆ। ਮਿਲਦਿਆਂ ਦੋਹਾਂ ਭੈਣ ਭਰਾ ਦਾ ਰੋਣ ਨਿਕਲ ਗਿਆ।

"ਕਿਥੇ ਟੁਰ ਗਈ ਸੈਂ ?" ਜਾਫ਼ਰ ਬੇਗ ਨੇ ਉਹੀ ਪਹਿਲਾ ਸਵਾਲ ਕੀਤਾ, ਜਿਸ ਦੀ ਫ਼ਾਤਮਾ ਨੂੰ ਆਸ ਸੀ।

"ਠਹਿਰ ਕੇ ਦੱਸਾਂਗੀ, ਅਜੇ ਹੋਸ਼ ਟਿਕਾਣੇ ਨਹੀਂ," ਫ਼ਾਤਮਾ ਨੇ ਘਬਰਾਹਟ ਵਿਚ ਹੀ ਮੰਜੇ 'ਤੇ ਬੈਠਦਿਆਂ ਕਿਹਾ। ਫ਼ਾਤਮਾ ਦੇ ਆਉਣ ਦੀ ਖ਼ਬਰ ਵੀ ਗਲੀ ਮੁਹੱਲੇ ਵਿਚ ਤੇ ਹਵੇਲੀ ਦੇ ਨੌਕਰਾਂ ਵਿਚ ਜੰਗਲ ਦੀ ਅੱਗ ਦੀ ਤਰ੍ਹਾਂ ਝੱਟ ਖਿੱਲਰ ਗਈ ਤੇ ਫ਼ਾਤਮਾ ਤੇ ਉਹਦੇ ਚਾਚੇ ਨੂੰ ਵਧਾਈ ਦੇਣ ਲਈ ਲੋਕ ਆਉਣ ਲੱਗ ਪਏ। ਕੁਝ ਕੁੜੀਆਂ ਵੀ

ਆ ਗਈਆਂ, ਜਿਸ ਲਈ ਫ਼ਾਤਮਾ ਇਹ ਕਹਿ ਕੇ ਚਾਚੇ ਕੋਲੋਂ ਉੱਠ ਗਈ ਕਿ ਬੜੀ ਲੰਮੀ ਕਹਾਣੀ ਏ, ਠਹਿਰ ਕੇ ਤੁਹਾਨੂੰ ਦੱਸਾਂਗੀ। ਤੁਸੀਂ ਇਹ ਖ਼ੁਸ਼ਕਿਸਮਤੀ ਸਮਝੋ ਕਿ ਮੈਂ ਬਚ ਕੇ ਆ ਗਈ ਹਾਂ।"

"ਨਹੀਂ, ਮੈਨੂੰ ਕਾਹਲ ਏ, ਸੁਣਿਆਂ ਏ ਸਿਖ ਹਮਲਾ ਕਰਨ ਆ ਗਏ ਨੇ," ਜਾਫ਼ਰ ਬੇਗ ਨੇ ਕਿਹਾ।

"ਹਮਲਾ ਕਰਨ ਨਹੀਂ ਆਏ, ਮੈਨੂੰ ਛੱਡਣ ਆਏ ਸਨ," ਫ਼ਾਤਮਾ ਨੇ ਕਿਹਾ, "ਇਸੇ ਲਈ ਤਾਂ ਤੁਹਾਨੂੰ ਕਿਹਾ ਏ ਕਿ ਠਹਿਰ ਕੇ ਵੱਖਰਿਆਂ ਸਾਰੀ ਗੱਲ ਦੱਸਾਂਗੀ।"

ਜਾਫ਼ਰ ਬੇਗ ਚਾਹੁੰਦਾ ਸੀ ਕਿ ਉਹਨੂੰ ਸਾਰੀ ਗੱਲ ਦਾ ਹੁਣੇ ਪਤਾ ਲੱਗੇ। ਇਸ ਲਈ ਫ਼ਾਤਮਾ ਨੇ ਦੱਸਿਆ ਕਿ ਦਿੱਲੀ ਦੀ ਸ਼ਾਹੀ ਫ਼ੌਜ ਦੇ ਉਹ ਕਾਬੂ ਆ ਗਈ ਸੀ, ਜੇ ਸਿਖ ਨਾ ਮਿਲਦੇ ਤਾਂ ਉਹਨਾਂ ਦਿੱਲੀ ਲੈ ਜਾਣਾ ਸੀ।

"ਤੂੰ ਫ਼ੌਜ ਦੇ ਕਾਬੂ ਕਿਵੇਂ ਆਈ ?" ਜਾਫ਼ਰ ਬੇਗ ਨੇ ਸਵਾਲ ਕੀਤਾ।

"ਮੇਰੇ ਪੇਟ ਵਿਚ ਉਸ ਦਿਨ ਦਰਦ ਸੀ ਤੇ ਮੈਂ ਘੜੀ ਮੁੜੀ ਬਾਹਰ ਜਾਂਦੀ ਸਾਂ। ਰਾਤ ਦੀ ਰੋਟੀ ਵੇਲੇ ਤੋਂ ਝੱਟ ਕੁ ਪਿੱਛੋਂ ਮੈਨੂੰ ਫਿਰ ਹਾਜਤ ਹੋਈ ਤੇ ਮੈਂ ਬਾਹਰ ਗਈ ਪਰ ਅਜੇ ਬਾਹਰਲੀ ਹਵੇਲੀ ਦੇ ਕੋਲ ਹੀ ਪਹਿਲੇ ਖੇਤ ਵੱਲ ਚੱਲੀ ਸਾਂ ਕਿ ਉਥੇ ਦੋ ਸਿਪਾਹੀ ਮਿਲ ਪਏ। ਉਹਨਾਂ ਇਕ ਦਮ ਕੱਪੜਾ ਸੁੱਟ ਕੇ ਮੇਰਾ ਮੂੰਹ ਬੰਨ੍ਹ ਦਿੱਤਾ ਤੇ ਮੈਨੂੰ ਚੁੱਕ ਕੇ ਲੈ ਗਏ। ਉਹਨਾਂ ਇਕ ਬੁਰਛੇ ਜਰਨੈਲ ਦੇ ਹਵਾਲੇ ਜਾ ਕੀਤਾ। ਉਹਨੂੰ ਦੇਖਦਿਆਂ ਤੇ ਮੂੰਹ ਬੰਨ੍ਹੇ ਹੋਣ ਦੀ ਘਬਰਾਹਟ ਨਾਲ ਹੀ ਮੈਂ ਬੇਹੋਸ਼ ਹੋ ਗਈ। ਮੈਨੂੰ ਪਾਲਕੀ ਵਿਚ ਪਾ ਕੇ ਦਿੱਲੀ ਲੈ ਟੁਰੇ। ਰਾਹ ਵਿਚ ਕਿਧਰੇ ਕੋਈ ਜੰਗਲ ਏ, ਜਿਸ ਦੇ ਨੇੜੇ ਕੋਈ ਉੱਚਾ ਜਿਹਾ ਟਿੱਬਾ ਏ, ਉਸ ਟਿੱਬੇ 'ਤੇ ਉਹਨਾਂ ਰਾਤ ਨੂੰ ਆਰਾਮ ਕੀਤਾ ਤੇ ਰਾਤੀਂ ਹੀ ਸਿਖ ਆ ਪਏ ਤੇ ਮੈਨੂੰ ਛੁਡਾ ਕੇ ਲੈ ਗਏ। ਉਹਨਾਂ ਸਾਰਿਆਂ ਨੂੰ ਕੈਦ ਕਰ ਲਿਆ।

"ਠੀਕ ਠੀਕ, ਮੈਨੂੰ ਇਤਲਾਹ ਮਿਲੀ ਸੀ ਕਿ ਦਿੱਲੀ ਦਾ ਇਕ ਜਰਨੈਲ ਕਾਸਮ ਖ਼ਾਨ ਸਿੱਖਾਂ ਨੇ ਗ੍ਰਿਫ਼ਤਾਰ ਕਰ ਲਿਆ ਏ। ਉਹ ਤਾਂ ਬਿਆਸ ਦੇ ਨੇੜੇ ਕਿਧਰੇ ਦੀ ਘਟਨਾ ਏ," ਜਾਫ਼ਰ ਬੇਗ ਨੇ ਕਿਹਾ, "ਬੜਾ ਹਰਾਮਜ਼ਾਦਾ ਨਿਕਲਿਆ, ਜਿਸ ਨੂੰ ਸ਼ਰਮ ਨਾ ਆਈ।"

"ਹਕੂਮਤ ਦਾ ਨਸ਼ਾ ਕਈਆਂ ਤੋਂ ਅਜਿਹੀਆਂ ਗ਼ਲਤੀਆਂ ਕਰਵਾਂਦਾ ਏ," ਫ਼ਾਤਮਾ ਨੇ ਵਿਅੰਗ ਨਾਲ ਕਿਹਾ, "ਜਿਹੜਾ ਕਰਦਾ ਏ, ਉਹ ਭਰ ਵੀ ਲੈਂਦਾ ਏ। ਮੈਨੂੰ ਕਾਬੂ ਕਰਦਾ ਹੋਇਆ ਆਪ ਕਾਬੂ ਆਇਆ ਹੋਇਆ ਏ.....।"

ਇਸ ਤਰ੍ਹਾਂ ਆਪਣੀ ਸਾਰੀ ਵਿਥਿਆ ਸੁਣਾ ਕੇ ਫ਼ਾਤਮਾ ਆਪਣੇ ਹਾਤੇ ਵਿਚ ਚਲੀ ਗਈ ਤੇ ਕੁੜੀਆਂ ਉਸ ਤੋਂ ਸੁੱਖ-ਸਾਂਦ ਪੁੱਛਦੀਆਂ ਰਹੀਆਂ। ਰਾਤ ਕਾਫ਼ੀ ਗਈ

ਤਕ ਲੋਕਾਂ ਦੀ ਆਵਾਜਾਈ ਰਹੀ। ਸਾਰੇ ਨਗਰ ਵਿਚ ਇਹ ਗੱਲ ਧੁੰਮ ਗਈ ਕਿ ਸਿਖ ਪੱਟੀ 'ਤੇ ਹਮਲਾ ਕਰਨ ਲਈ ਨਹੀਂ ਆਏ ਸਨ, ਸਗੋਂ ਫ਼ਾਤਮਾ ਨੂੰ ਛੱਡਣ ਆਏ ਸਨ। ਕਈਆਂ ਸਿਆਣਿਆਂ ਨੇ ਕਿਹਾ, "ਹੱਦ ਹੋ ਗਈ! ਰਾਖੇ ਲੁਟੇਰੇ ਬਣ ਗਏ ਜੇ।"

ਰਹੀਮ ਖ਼ਾਨ ਨੂੰ ਵੀ ਫ਼ਾਤਮਾ ਦੇ ਆ ਜਾਣ ਦਾ ਪਤਾ ਲੱਗ ਗਿਆ ਤੇ ਉਹ ਭੱਜਾ ਆਇਆ ਪਰ ਅੱਗੇ ਕੁੜੀਆਂ ਦਾ ਝੁਰਮਟ ਦੇਖ ਕੇ ਪਰਤ ਗਿਆ। ਉਸ ਸੋਚਿਆ ਕਿ ਇਸ ਸਮੇਂ ਬਹੁਤੀ ਗੱਲ-ਬਾਤ ਨਹੀਂ ਹੋ ਸਕੇਗੀ, ਇਸ ਲਈ ਫਿਰ ਕਿਸੇ ਵੇਲੇ ਆ ਕੇ ਪਤਾ ਕਰ ਲਵੇਗਾ। ਉਂਝ ਉਹਨੂੰ ਵੀ ਪਤਾ ਲੱਗਿਆ ਸੀ ਪਰ ਰਹੀਮ ਖ਼ਾਨ ਨੂੰ ਸਿਰਫ਼ ਇਹ ਡਰ ਸੀ ਕਿ ਕਿਧਰੇ ਫ਼ਾਤਮਾ ਨਾ ਦੱਸ ਦੇਵੇ। ਉਹ ਪਹਿਲਾਂ ਹੀ ਕਹਿ ਚੁੱਕਿਆ ਸੀ ਫ਼ਾਤਮਾ ਖੂਹ 'ਤੇ ਨਹੀਂ ਆਈ। ਇਸ ਫ਼ਿਕਰ ਵਿਚ ਉਹਨੂੰ ਨੀਂਦਰ ਵੀ ਨਾ ਪਈ।

ਦੂਜੇ ਦਿਨ ਉਹ ਸਵੇਰੇ ਫ਼ਾਤਮਾ ਨੂੰ ਮਿਲਣ ਆ ਗਿਆ। ਹਵੇਲੀ ਦਾ ਵੱਡਾ ਦਰਵਾਜ਼ਾ ਲੰਘਦਿਆਂ ਉਹ ਹੌਲੀ ਹੌਲੀ ਕਦਮ ਪੁੱਟਦਾ ਫ਼ਾਤਮਾ ਦੇ ਹਾਤੇ ਵਿਚ ਚਲਾ ਗਿਆ। ਇਸ ਗੱਲ ਦਾ ਉਸ ਨੇ ਖ਼ਿਆਲ ਰੱਖਿਆ ਕਿ ਜਾਫ਼ਰ ਬੇਗ, ਕਾਦਰ ਬਖ਼ਸ਼ ਜਾਂ ਘਰ ਦਾ ਹੋਰ ਕੋਈ ਮੈਂਬਰ ਨਾ ਦੇਖ ਲਵੇ।

ਰਾਤ ਨੂੰ ਕਾਫ਼ੀ ਦੇਰ ਤਕ ਗੱਲਾਂ ਕਰਦਿਆਂ ਫ਼ਾਤਮਾ ਬਹੁਤ ਦੇਰ ਨਾਲ ਸੁੱਤੀ, ਜਿਸ ਲਈ ਉਹਨੂੰ ਸਵੇਰੇ ਜਾਗ ਨਾ ਆਈ। ਕਈ ਦਿਨ ਘਰ ਤੋਂ ਬਾਹਰ ਰਹਿਣ ਕਾਰਨ ਆਰਾਮ ਨਾਲ ਸੌਣ ਦਾ ਮੌਕਾ ਨਾ ਮਿਲਿਆ, ਇਸ ਲਈ ਵੀ ਉਹ ਗੂੜ੍ਹੀ ਨੀਂਦਰੇ ਸੁੱਤੀ ਪਈ ਸੀ। ਇਕ ਵਾਰ ਕਾਦਰ ਬਖ਼ਸ਼ ਆਇਆ, ਪਰ ਸੁੱਤੀ ਪਈ ਵੇਖ ਕੇ ਵਾਪਸ ਮੁੜ ਗਿਆ ਤੇ ਉਸ ਜਗਾਣਾ ਠੀਕ ਨਾ ਸਮਝਿਆ।

ਦੂਜੀ ਵਾਰ ਰਹੀਮ ਖ਼ਾਨ ਨੇ ਦੇਖਿਆ ਤਾਂ ਦਰਵਾਜ਼ਾ ਭੀੜਿਆ ਹੋਇਆ ਸੀ। ਉਸ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ ਝਾਤ ਪਾਈ ਤਾਂ ਅੰਦਰ ਕੋਈ ਵੀ ਨਹੀਂ ਸੀ। ਸਾਹਮਣੇ ਇਕ ਮੰਜੇ 'ਤੇ ਫ਼ਾਤਮਾ ਚਾਦਰ ਤਾਣੀ ਸੁੱਤੀ ਪਈ ਸੀ, ਥੋੜ੍ਹਾ ਜਿਹਾ ਦਰਵਾਜ਼ਾ ਹੋਰ ਖੋਲ੍ਹ ਕੇ ਰਹੀਮ ਖ਼ਾਨ ਅੰਦਰ ਲੰਘ ਗਿਆ। ਫ਼ਾਤਮਾ ਨੇ ਦਰਵਾਜ਼ੇ ਦੇ ਖੁੱਲ੍ਹਣ ਦੀ ਮਾਮੂਲੀ ਜਿਹੀ ਆਵਾਜ਼ ਆਉਣ 'ਤੇ ਅੰਗੜਾਈ ਲਈ ਤੇ ਚਾਦਰ ਉਹਦੇ ਮੂੰਹ ਤੋਂ ਤਿਲਕ ਕੇ ਲੱਕ ਤਕ ਆ ਗਈ। ਉਸ ਪਾਸਾ ਪਰਤਿਆ ਤੇ ਫਿਰ ਸੌਂ ਗਈ। ਨੀਂਦਰ ਦੇ ਲੋਰ ਵਿਚ ਉਸ ਅੱਖ ਵੀ ਨਾ ਖੋਲ੍ਹੀ ਤੇ ਨਾ ਹੀ ਉਸ ਜਾਣਨ ਦਾ ਯਤਨ ਕੀਤਾ ਕਿ ਕੌਣ ਆਇਆ ਹੈ। ਰਹੀਮ ਖ਼ਾਨ ਪਵਾਂਦੀ ਖਲੋਤਾ ਉਹਦੀ ਸੁੰਦਰਤਾ, ਜੋਬਨ ਤੇ ਜਵਾਨੀ ਨੂੰ ਦੇਖਦਾ ਰਿਹਾ। ਉਹਦਾ ਜੀਅ ਕੀਤਾ ਕਿ ਫ਼ਾਤਮਾ ਇਸੇ ਤਰ੍ਹਾਂ ਸਾਹਮਣੇ ਸੁੱਤੀ ਰਹੇ ਅਤੇ ਇਹ ਉਹਦੇ ਦਰਸ਼ਨ ਕਰਦਾ ਰਹੇ।

ਬਾਹਰਲੇ ਦਰਵਾਜ਼ੇ ਤੋਂ ਕਿਸੇ ਦੇ ਆਉਣ ਦਾ ਖੜਾਕ ਆਇਆ। ਰਹੀਮ ਖ਼ਾਨ

ਘਬਰਾ ਗਿਆ ਤੇ ਬਿਨ ਜਗਾਏ ਕਮਰੇ ਤੋਂ ਬਾਹਰ ਆ ਗਿਆ ਤੇ ਦਰਵਾਜ਼ਾ ਫਿਰ ਭੀੜ ਦਿੱਤਾ। ਜਦ ਉਸ ਝਾਤੀ ਮਾਰੀ ਤਾਂ ਬਾਹਰਲੇ ਦਰਵਾਜ਼ੇ 'ਤੇ ਸਫ਼ਾਈ ਕਰਨ ਵਾਲੀ ਭੰਗਣ ਸੀ, ਜੋ ਸਫ਼ਾਈ ਲਈ ਆਈ ਹੋਈ ਸੀ ਤੇ ਦਰਵਾਜ਼ੇ ਦੇ ਪਿਛਲੇ ਪਾਸਿਉਂ ਸਫ਼ਾਈ ਕਰਨ ਲਈ ਦਰਵਾਜ਼ਾ ਭੀੜ ਰਹੀ ਸੀ।

ਰਹੀਮ ਪਿਛਲੇ ਪੈਰੀਂ ਫਿਰ ਮੁੜ ਗਿਆ ਤੇ ਫ਼ਾਤਮਾ ਦੇ ਕਮਰੇ ਵਿਚ ਜਾ ਵੜਿਆ। ਹੁਣ ਉਸ ਦੇ ਅੰਦਰ ਆਉਣ ਦੇ ਖੜਾਕ ਨਾਲ ਫ਼ਾਤਮਾ ਜਾਗ ਪਈ ਤੇ ਉੱਠ ਕੇ ਬੈਠ ਗਈ। ਰਹੀਮ ਖ਼ਾਨ ਨੂੰ ਸਾਹਮਣੇ ਦੇਖ ਕੇ ਮੁਸਕਰਾ ਪਈ ਤੇ ਉਹਨੂੰ ਕਿਹਾ, "ਰਾਤ ਨਹੀਂ ਆਏ। ਸਾਰਾ ਨਗਰ ਰਾਤੀਂ ਮਿਲਣ ਆਇਆ ਪਰ ਤੁਸੀਂ ਪਤਾ ਨਹੀਂ ਕਿਧਰ ਚਲੇ ਗਏ ਸਓ।"

"ਆਉਣਾ ਤੇ ਮੈਂ ਵੀ ਰਾਤ ਨੂੰ ਹੀ ਸੀ ਪਰ ਜੀਤੋ ਦਾ ਪੁਆੜਾ ਜੁ ਮੇਰੇ ਗਲ ਪਿਆ ਹੋਇਆ ਏ। ਪਤਾ ਨਹੀਂ ਮੀਆਂ ਜੀ ਨੂੰ ਕੀ ਠਰਕ ਏ, ਨਾ ਉਹਨੂੰ ਛੱਡਦੇ ਨੇ ਤੇ ਨਾ ਮੇਰੀ ਖਲਾਸੀ ਹੁੰਦੀ ਏ। ਮੈਂ ਚੌਕੀਦਾਰ ਵਾਂਗ ਪਹਿਰਾ ਦਈ ਜਾਂਦਾ ਹਾਂ, ਕਈ ਦਿਨਾਂ ਤੋਂ," ਰਹੀਮ ਖ਼ਾਨ ਨੇ ਕਿਹਾ।

"ਜੀਤੋ, ਅੱਜ ਕੱਲ੍ਹ ਹੈ ਕਿਥੇ?" ਫ਼ਾਤਮਾ ਨੇ ਪੁੱਛਿਆ।

"ਇਥੇ ਈ ਏ, ਜਾਣਾ ਕਿਥੇ ਸੂ। ਸੱਚ ਫ਼ਾਤਮਾ ਮੈਂ ਬੜੀ ਕੁੜਿੱਕੀ ਵਿਚ ਫਸਿਆ ਹੋਇਆ ਹਾਂ। ਸਾਰਾ ਦਿਨ ਤੇ ਸਾਰੀ ਰਾਤ ਉਹਦੀ ਰਾਖੀ ਕਰਨੀ ਪੈਂਦੀ ਏ। ਤੂੰ ਕਹਿ ਨਹੀਂ ਦੇਂਦੀ ਮੀਆਂ ਜੀ ਨੂੰ ਕਿ ਉਹਦੀ ਜਾਨ ਛੱਡਣ। ਰੋ ਰੋ ਕੇ ਮਰਨ ਲੱਗੀ ਏ। ਉਂਝ ਫ਼ਾਤਮਾ ਕੁੜੀ ਬੜੀ ਸਿਰੜੀ ਏ। ਮੀਆਂ ਜੀ ਨੇ ਉਹਨੂੰ ਬੜੇ ਸਬਜ਼ ਬਾਗ ਦਿਖਾਏ ਹਨ ਤੇ ਸਮਝਾਇਆ ਹੈ ਕਿ ਉਹ ਛੱਡੇ ਪਿਛਲਿਆਂ ਦਾ ਖਹਿੜਾ ਪਰ ਉਸ 'ਤੇ ਕਿਸੇ ਦਾ ਅਸਰ ਨਹੀਂ," ਰਹੀਮ ਖ਼ਾਨ ਨੇ ਕਿਹਾ।

"ਤੁਹਾਨੂੰ ਨਹੀਂ ਪਤਾ ਰਹੀਮ ਖ਼ਾਨ ਜੀ, ਜ਼ਨਾਨੀ ਖਾਣ ਪੀਣ ਤੇ ਧਨ ਦੀ ਭੁੱਖੀ ਨਹੀਂ ਹੁੰਦੀ। ਇਹਨੂੰ ਪਿਆਰ ਚਾਹੀਦਾ ਏ ਤੇ ਉਹ ਵੀ ਸੱਚਾ ਪਿਆਰ। ਜੀਤੋ ਜਾਣਦੀ ਏ ਕਿ ਉਹਨੂੰ ਇਥੇ ਸੱਚਾ ਪਿਆਰ ਨਹੀਂ ਮਿਲ ਸਕਦਾ, ਉਹ ਤੁਹਾਡੇ ਮਹਿਲ ਮਾੜੀਆਂ ਨੂੰ ਫੂਕੇ, ਦਿਆਲੇ ਦਾ ਘਰ ਭਾਵੇਂ ਝੁੱਗੀ ਹੀ ਹੋਵੇ ਉਹ ਵੀ ਚੰਗਾ ਹੈ," ਫ਼ਾਤਮਾ ਨੇ ਕਿਹਾ।

"ਅੱਛਾ ਦੱਸੋ ਕਿ ਤੁਸੀਂ ਮੀਆਂ ਜੀ ਨੂੰ ਇਹ ਤਾਂ ਨਹੀਂ ਕਿਹਾ ਕਿ ਖੂਹ 'ਤੇ ਗਈ ਸੀ?" ਰਹੀਮ ਖ਼ਾਨ ਨੇ ਉਤਾਵਲੇ ਹੋ ਕੇ ਪੁੱਛਿਆ।

"ਨਹੀਂ," ਫ਼ਾਤਮਾ ਨੇ ਕਿਹਾ, "ਮੈਂ ਝੱਲੀ ਨਹੀਂ ਕਿ ਇਸ ਤਰ੍ਹਾਂ ਕਹਿ ਕੇ ਆਪਣੇ ਗਲ ਮੁਸੀਬਤ ਪਾ ਲੈਂਦੀ। ਤੁਸਾਂ ਤੇ ਨਹੀਂ ਦੱਸਿਆ?"

"ਨਹੀਂ, ਮੈਂ ਵੀ ਨਹੀਂ ਦੱਸਿਆ। ਮੈਨੂੰ ਇਹੀ ਡਰ ਸੀ ਕਿ ਕਿਧਰੇ ਤੁਸਾਂ ਨਾ ਦੱਸ

ਦਿੱਤਾ ਹੋਵੇ। ਇਸ ਲਈ ਮੈਂ ਉਚੇਚਾ ਪੁੱਛ ਲਿਆ ਏ." ਰਹੀਮ ਖ਼ਾਨ ਨੇ ਕਿਹਾ।

"ਤੁਸਾਂ ਦੱਸਿਆ ਨਹੀਂ ਕਿ ਜੀਤੋ ਕਿਥੇ ਏ ?" ਫ਼ਾਤਮਾ ਨੇ ਪੁੱਛਿਆ।

"ਜ਼ਰੂਰ ਦੱਸਾਂ ?" ਰਹੀਮ ਖ਼ਾਨ ਨੇ ਪਿਆਰ ਨਾਲ ਫ਼ਾਤਮਾ ਦੇ ਮੋਢੇ 'ਤੇ ਹੱਥ ਰੱਖਣਾ ਚਾਹਿਆ ਪਰ ਉਹ ਜ਼ਰਾ ਖਿਸਕ ਕੇ ਪਰੇ ਹਟ ਗਈ।

"ਜ਼ਰੂਰ ਦੱਸੋ," ਫ਼ਾਤਮਾ ਨੇ ਕਿਹਾ।

"ਬਾਹਰਲੀ ਹਵੇਲੀ ਵਿਚ," ਰਹੀਮ ਖ਼ਾਨ ਨੇ ਦੱਸਿਆ।

"ਉਥੇ ਹੋਰ ਕੌਣ ਕੌਣ ਹੁੰਦਾ ਏ ?"

"ਕੋਈ ਵੀ ਨਹੀਂ।"

"ਸਿਰਫ਼ ਤੁਸੀਂ ?"

"ਨਹੀਂ, ਦੋ ਚਾਰ ਸਿਪਾਹੀ ਮੇਰੇ ਨਾਲ ਹੁੰਦੇ ਹਨ," ਰਹੀਮ ਨੇ ਦੱਸਿਆ।

"ਫਿਰ ਅੱਜ ਰਾਤ ਜੇ ਮੈਂ ਜੀਤੋ ਨੂੰ ਮਿਲਣਾ ਹੋਵੇ ਤਾਂ ਆ ਜਾਵਾਂ ?" ਫ਼ਾਤਮਾ ਨੇ ਪੁੱਛਿਆ।

"ਨਾ ਬਾਬਾ, ਅੱਗੇ ਥੋੜ੍ਹਾ ਵਖਤ ਪਿਆ ਏ ! ਮਿਲਣ ਗਈ ਨੂੰ। ਛੱਡ ਪਰੇ ਜੀਤੋ ਨੂੰ ਮਿਲ ਕੇ ਤੂੰ ਕੀ ਕਰਨਾ ਏਂ," ਰਹੀਮ ਨੇ ਕਿਹਾ।

"ਨਹੀਂ ਰਹੀਮ ! ਤੁਸੀਂ ਨਹੀਂ ਜਾਣਦੇ, ਮੈਨੂੰ ਉਹ ਬਹੁਤ ਪਿਆਰੀ ਲੱਗਦੀ ਏ ਤੇ ਮੈਂ ਉਹਨੂੰ ਜ਼ਰੂਰ ਮਿਲਣ ਜਾਵਾਂਗੀ, ਉਹ ਵੀ ਮੈਨੂੰ ਜ਼ਰੂਰ ਯਾਦ ਕਰਦੀ ਹੋਣੀ ਏਂ।" ਫ਼ਾਤਮਾ ਨੇ ਕਿਹਾ।

"ਤੁਹਾਨੂੰ ਤੇ ਉਹ ਬਹੁਤ ਯਾਦ ਕਰਦੀ ਏ ਪਰ ਮੈਂ ਉਸ ਤੋਂ ਵੱਧ ਯਾਦ ਕਰਦਾ ਹਾਂ।"

"ਫਿਰ ਮੈਂ ਦੋਹਾਂ ਨੂੰ ਮਿਲਣ ਆਵਾਂਗੀ," ਫ਼ਾਤਮਾ ਨੇ ਮੁਸਕਰਾਂਦਿਆਂ ਕਿਹਾ।

"ਚੰਗਾ, ਹੁਣ ਮੈਂ ਚੱਲਦਾ ਹਾਂ। ਹੁਣੇ ਕੋਈ ਉੱਤੋਂ ਆ ਗਿਆ ਤਾਂ ਕਿਧਰੇ ਮਾਮਲਾ ਵਿਗੜ ਨਾ ਜਾਏ।"

"ਚੰਗਾ ਜ਼ਰਾ ਖ਼ਿਆਲ ਰੱਖਣਾ, ਰਾਤ ਨੂੰ ਸਿਪਾਹੀ ਅੱਗੇ ਪਿੱਛੇ ਕਰ ਦੇਣੇ," ਫ਼ਾਤਮਾ ਨੇ ਕਿਹਾ।

"ਫ਼ਿਕਰ ਨਾ ਕਰੋ, ਮੈਂ ਸਭ ਪ੍ਰਬੰਧ ਕਰ ਲਵਾਂਗਾ," ਇਹ ਕਹਿ ਕੇ ਰਹੀਮ ਖ਼ਾਨ ਚਲਾ ਗਿਆ।

18

ਸਰਦਾਰ ਬਹਾਦਰ ਸਿੰਘ ਨੇ ਸ਼ੇਰ ਸਿੰਘ ਨੂੰ ਜਾ ਕੇ ਜੰਗਲ ਵਿਚ ਸਾਰੀ ਵਿਥਿਆ ਸੁਣਾਈ ਕਿ ਕਿਵੇਂ ਜਾਫ਼ਰ ਬੇਗ ਦੀ ਭਤੀਜੀ ਫ਼ਾਤਮਾ ਨੂੰ ਕਾਸਮ ਖ਼ਾਨ ਚੁੱਕ ਕੇ ਦਿੱਲੀ ਲਿਜਾ ਰਿਹਾ ਸੀ ਤੇ ਬਿਆਸਾ ਦੇ ਕੋਲ ਇਹਨੂੰ ਛੁਡਾ ਲਿਆ ਗਿਆ। ਫ਼ਾਤਮਾ ਰਾਹੀਂ ਪਤਾ ਲੱਗਾ ਕਿ ਜੀਤੋ ਜਾਫ਼ਰ ਬੇਗ ਦੇ ਬਾਹਰਲੇ ਖੂਹ 'ਤੇ ਕੈਦ ਹੈ, ਇਸ ਲਈ ਉਹ ਚੜ੍ਹਾਈ ਕਰ ਕੇ ਪੱਟੀ ਦੇ ਨੇੜੇ ਜਾਫ਼ਰ ਬੇਗ ਦੇ ਖੂਹ 'ਤੇ ਪਹੁੰਚੇ ਪਰ ਬਦਕਿਸਮਤੀ ਨਾਲ ਜੀਤੋ ਉਥੇ ਨਹੀਂ ਸੀ। ਸਰਦਾਰ ਬਹਾਦਰ ਸਿੰਘ ਜਿਤਨੀ ਦੇਰ ਇਹ ਸਾਰੀ ਘਟਨਾ ਸੁਣਾਂਦਾ ਰਿਹਾ, ਸਰਦਾਰ ਸ਼ੇਰ ਸਿੰਘ ਚੁੱਪ ਕਰ ਕੇ ਸੁਣ ਦਾ ਰਿਹਾ ਪਰ ਜਦੋਂ ਜੀਤੋ ਨੂੰ ਛੁਡਾਣ ਲਈ ਖੂਹ 'ਤੇ ਪਹੁੰਚਣ ਦਾ ਜ਼ਿਕਰ ਆਇਆ ਤਾਂ ਸ਼ੇਰ ਸਿੰਘ ਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਉਸ ਦਾ ਮਨ ਅੱਗੇ ਜਾਣਨ ਲਈ ਉਤਾਵਲਾ ਸੀ ਪਰ ਬਹਾਦਰ ਸਿੰਘ ਦੇ ਇਹਨਾਂ ਸ਼ਬਦਾਂ ਨੇ ਕਿ 'ਜੀਤੋ ਉਥੇ ਨਹੀਂ ਸੀ' ਉਹਦੇ ਜਜ਼ਬੇ ਉੱਤੇ ਪਾਣੀ ਪਾ ਦਿੱਤਾ ਤੇ ਸ਼ੇਰ ਸਿੰਘ ਨੇ ਇਕ ਠੰਢਾ ਹਉਕਾ ਲਿਆ।

"ਹਉਕਾ ਲੈਣ ਵਾਲੀ ਕੋਈ ਗੱਲ ਨਹੀਂ," ਬਹਾਦਰ ਸਿੰਘ ਨੇ ਕਿਹਾ।

"ਗੱਲ ਕਿਉਂ ਨਹੀਂ, ਮੈਂ ਮਸਾਂ ਮਸਾਂ ਇਸ ਦਰਦ ਨੂੰ ਦਬਾਇਆ ਸੀ ਪਰ ਤੁਸਾਂ ਅੱਜ ਫਿਰ ਤਾਜ਼ਾ ਕਰ ਦਿੱਤਾ। ਜੀਤੋ ਨੂੰ ਮੈਂ ਭੁੱਲਣ ਦਾ ਬੜਾ ਯਤਨ ਕੀਤਾ ਪਰ ਭੁਲਾ ਨਹੀਂ ਸਕਿਆ। ਇਹ ਮੇਰੀ ਕਮਜ਼ੋਰੀ ਏ," ਸ਼ੇਰ ਸਿੰਘ ਨੇ ਬੜੇ ਦੁੱਖ ਨਾਲ ਉਕਤ ਸ਼ਬਦ ਕਹੇ।

"ਇਹਨੂੰ ਤੁਸੀਂ ਕਮਜ਼ੋਰੀ ਕਿਉਂ ਸਮਝਦੇ ਹੋ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਇਹ ਤਾਂ ਮਨੁੱਖ ਦਾ ਮੁੱਢਲਾ ਜਜ਼ਬਾ ਏ, ਪਿਆਰ ਪਾਣਾ ਜਾਂ ਤੋੜਨਾ ਮਨੁੱਖ ਦੇ ਵੱਸ ਦੀ ਗੱਲ ਨਹੀਂ। ਜੇ ਇਹ ਵੱਸ ਵਿਚ ਹੈ ਤਾਂ ਬਨਾਉਟੀ ਹੈ। ਇਹ ਦਿਲ ਦਾ ਮਾਮਲਾ ਏ। ਬਾਕੀ ਤੁਸੀਂ ਫ਼ਿਕਰ ਨਾ ਕਰੋ, ਮੈਂ ਹੁਣ ਵਾਪਸ ਉਦੋਂ ਜਾਵਾਂਗਾ ਜਦੋਂ ਜੀਤੋ ਮਿਲ ਗਈ। ਜਦ ਤਕ ਜੀਤੋ ਨਹੀਂ ਮਿਲਦੀ ਮੈਂ ਇਥੇ ਹੀ ਰਹਾਂਗਾ।"

"ਅਸੀਂ ਕਰ ਕੀ ਸਕਦੇ ਹਾਂ ?" ਸ਼ੇਰ ਸਿੰਘ ਨੇ ਉਤਾਵਲੇ ਹੋ ਕੇ ਪੁੱਛਿਆ।

"ਕੀ ਨਹੀਂ ਕਰ ਸਕਦੇ," ਬਹਾਦਰ ਸਿੰਘ ਨੇ ਕਿਹਾ, "ਜਾਫ਼ਰ ਬੇਗ ਕੋਲ ਬਹੁਤੀ ਫ਼ੌਜ ਤਾਂ ਨਹੀਂ। ਜੇ ਅਸੀਂ ਦਿੱਲੀ ਤੇ ਲਾਹੌਰ ਦੀਆਂ ਸ਼ਾਹੀ ਫ਼ੌਜਾਂ ਨਾਲ ਟੱਕਰ ਲੈ ਕੇ ਉਹਨਾਂ ਨੂੰ ਭਜਾ ਦਿੱਤਾ ਹੈ ਤਾਂ ਨਿਸਚੇ ਹੀ ਅਸੀਂ ਜਾਫ਼ਰ ਬੇਗ ਨੂੰ ਵੀ ਭਜਾ ਸਕਦੇ ਹਾਂ।"

"ਇਸ ਵਿਚ ਤਾਂ ਮੈਨੂੰ ਕੋਈ ਸ਼ੱਕ ਨਹੀਂ ਕਿ ਅਸੀਂ ਜਾਫ਼ਰ ਬੇਗ ਦਾ ਮੁਕਾਬਲਾ ਕਰ ਸਕਦੇ ਹਾਂ, ਪਰ ਮੈਂ ਕਹਿੰਦਾ ਹਾਂ ਕਿ ਲੋਕੀ ਕੀ ਕਹਿਣਗੇ," ਸ਼ੇਰ ਸਿੰਘ ਨੇ ਕਿਹਾ।

"ਹੱਦ ਹੋ ਗਈ, ਲੋਕ ਕੀ ਕਹਿਣਗੇ ? ਇਹੀ ਕਿ ਸਿਖ ਅਣਖ ਵਾਲੇ ਨਿਕਲੇ

ਨੇ, ਜਿਨ੍ਹਾਂ ਆਪਣੀ ਜ਼ਨਾਨੀ ਤਾਕਤ ਨਾਲ ਛੁਡਾ ਲਈ ਏ। ਇਹਦੇ ਵਿਚ ਨਮੋਸ਼ੀ ਵਾਲੀ ਕਿਹੜੀ ਗੱਲ ਏ ? ਮੈਂ ਪ੍ਰਬੰਧ ਕਰ ਆਇਆ ਹਾਂ," ਸਰਦਾਰ ਬਹਾਦਰ ਸਿੰਘ ਨੇ ਦੱਸਿਆ।

"ਕੀ ਪ੍ਰਬੰਧ ਕਰ ਆਏ ਹੋ ?" ਸਰਦਾਰ ਸ਼ੇਰ ਸਿੰਘ ਨੇ ਕਿਹਾ, "ਜੀਤੋ ਤਾਂ ਖੂਹ 'ਤੇ ਹੈ ਨਹੀਂ ਹੁਣ ਕਿਥੋਂ ਪਤਾ ਲੱਗੇਗਾ ਕਿ ਉਹਨੂੰ ਕਿਧਰ ਲੈ ਗਏ ਨੇ ? ਕਿਧਰੇ ਤੁਹਾਨੂੰ ਜਾਫ਼ਰ ਬੇਗ ਦੀ ਭਤੀਜੀ ਨੇ ਐਵੇਂ ਟਰਕਾਇਆ ਤਾਂ ਨਹੀਂ ?"

"ਨਹੀਂ, ਇਹ ਨਹੀਂ ਹੋ ਸਕਦਾ। ਉਹਦੀਆਂ ਗੱਲਾਂ ਤੋਂ ਮੈਂ ਇਹੀ ਅਨੁਮਾਨ ਲਾਇਆ ਹੈ ਕਿ ਉਹ ਸਿੱਖਾਂ ਦੀ ਦੁਸ਼ਮਣ ਨਹੀਂ, ਹਮਦਰਦ ਏ। ਉਹਨੂੰ ਜੀਤੋ ਨਾਲ ਪਿਆਰ ਏ ਤੇ ਉਹ ਚਾਹੁੰਦੀ ਹੈ ਕਿ ਜੀਤੋ ਜ਼ਾਲਮਾਂ ਦੇ ਪੰਜੇ ਵਿੱਚੋਂ ਨਿਕਲ ਜਾਏ। ਜਦ ਅਸੀਂ ਖੂਹ 'ਤੇ ਗਏ ਸਾਂ ਤਾਂ ਉਥੇ ਦੋ ਆਦਮੀਆਂ ਨੇ ਦੱਸਿਆ ਕਿ ਇਕ ਦਿਨ ਪਹਿਲਾਂ ਹੀ ਜੀਤੋ ਨੂੰ ਕਿਧਰੇ ਲੈ ਗਏ ਹਨ।

"ਇਹ ਨਹੀਂ ਉਹਨਾਂ ਦੱਸਿਆ ਕਿ ਜੀਤੋ ਨੂੰ ਕਿਧਰ ਲੈ ਗਏ ਹਨ ?" ਸ਼ੇਰ ਸਿੰਘ ਨੇ ਪੁੱਛਿਆ।

"ਇਸ ਬਾਰੇ ਉਥੇ ਕਿਸੇ ਨੂੰ ਪਤਾ ਨਹੀਂ ਸੀ, ਪਰ ਫ਼ਾਤਮਾ ਨਾਲ ਪ੍ਰੋਗਰਾਮ ਬਣਾ ਆਇਆ ਹਾਂ, ਉਹ ਰਾਤ ਸਾਡੀ ਉਡੀਕ ਕਰੇਗੀ," ਸਰਦਾਰ ਬਹਾਦਰ ਸਿੰਘ ਨੇ ਦੱਸਿਆ।

"ਕਿਥੇ ਉਡੀਕ ਕਰੇਗੀ ?"

"ਆਪਣੀ ਹਵੇਲੀ ਦੇ ਦਰਵਾਜ਼ੇ 'ਤੇ।"

"ਸਾਨੂੰ ਨਹੀਂ ਜਾਣਾ ਚਾਹੀਦਾ।"

"ਕਿਉਂ ?"

"ਕਿਧਰੇ ਕੋਈ ਸਾਜ਼ਸ਼ ਹੀ ਨਾ ਹੋਵੇ," ਸ਼ੇਰ ਸਿੰਘ ਨੇ ਕਿਹਾ।

"ਨਹੀਂ, ਫ਼ਾਤਮਾ ਬਾਰੇ ਮੈਂ ਇਸ ਤਰ੍ਹਾਂ ਨਹੀਂ ਸੋਚ ਸਕਦਾ ਕਿ ਉਹ ਧੋਖਾ ਦੇਵੇਗੀ ਪਰ ਜੇ ਤੁਹਾਨੂੰ ਸ਼ੰਕਾ ਹੈ ਤਾਂ ਅਸੀਂ ਜਥਾ ਨਾਲ ਲੈ ਚੱਲਦੇ ਹਾਂ ਤੇ ਉਹਨੂੰ ਪੱਟੀ ਦੇ ਬਾਹਰ ਖੜਾ ਕਰ ਦਿਆਂਗੇ। ਜੇ ਲੋੜ ਪਈ ਤਾਂ ਸੱਦ ਲਵਾਂਗੇ।"

"ਪੱਟੀ ਵਿਚ ਤੁਸੀਂ ਇਕੱਲੇ ਜਾਓਗੇ ?" ਸ਼ੇਰ ਸਿੰਘ ਨੇ ਕਿਹਾ, "ਜੇ ਮੈਨੂੰ ਵੀ ਲੈ ਚੱਲੋ ਤਾਂ ਠੀਕ ਰਹੇਗਾ। ਇਕ ਇਕ ਤੇ ਦੋ ਯਾਰਾਂ ਹੁੰਦੇ ਹਨ।"

"ਚਲੋ ਇਸੇ ਤਰ੍ਹਾਂ ਸਹੀ। ਤੁਸੀਂ ਵੀ ਮੇਰੇ ਨਾਲ ਚਲੇ ਚਲਣਾ ਪਰ ਸਾਨੂੰ ਪੱਟੀ ਵਿਚ ਕਿਵੇਂ ਜਾਣਾ ਚਾਹੀਦਾ ਹੈ ? ਸਿੱਖਾਂ ਨੂੰ ਬਜ਼ਾਰਾਂ ਗਲੀਆਂ ਵਿੱਚੋਂ ਲੰਘਦਿਆਂ ਦੇਖਦੇ ਰੌਲਾ ਪੈ ਜਾਏਗਾ। ਇਸ ਲਈ ਕੋਈ ਹੋਰ ਤਰੀਕਾ ਸੋਚਣਾ ਚਾਹੀਦਾ ਹੈ।"

ਸ਼ੇਰ ਸਿੰਘ ਨੇ ਜ਼ਰਾ ਕੁ ਸੋਚਿਆ ਤੇ ਕਿਹਾ, "ਅਸੀਂ ਪਠਾਣਾਂ ਦਾ ਵੇਸ ਸੌਖਣਾ ਬਣਾ ਸਕਦੇ ਹਾਂ। ਲੁੰਗੀਆਂ ਸਿਰ 'ਤੇ ਬੰਨ੍ਹ ਲਈਏ ਤੇ ਲੱਕ ਤੰਬੇ ਬੰਨ੍ਹ ਲਈਏ, ਬੋਲੀ

ਜ਼ਰਾ ਕੁ ਜੀਭ ਮਰੋੜ ਕੇ ਬੋਲੀਏ ਤਾਂ ਪਠਾਣਾਂ ਵਰਗੀ ਹੋ ਜਾਏਗੀ।" ਇਸ ਤਰ੍ਹਾਂ ਪ੍ਰੋਗਰਾਮ ਤਿਆਰ ਕਰ ਕੇ ਉਸੇ ਵੇਲੇ ਜਥੇ ਨੂੰ ਤਿਆਰੀ ਦਾ ਹੁਕਮ ਦੇ ਦਿੱਤਾ ਗਿਆ।

ਅੱਜ ਤਕ ਸਿੱਖਾਂ ਨੇ ਖੇਤਾਂ ਤੇ ਜੰਗਲਾਂ ਵਿਚ ਹੀ ਸ਼ਾਹੀ ਫ਼ੌਜਾਂ ਨਾਲ ਟੱਕਰ ਲਈ ਸੀ। ਕਿਸੇ ਸ਼ਹਿਰ ਜਾਂ ਪਿੰਡ ਦੀਆਂ ਗਲੀਆਂ ਵਿਚ ਸਿੰਘ ਜਾ ਕੇ ਨਹੀਂ ਸਨ ਲੜੇ, ਇਸ ਲਈ ਪੱਟੀ ਸ਼ਹਿਰ ਜਾਣ ਤੋਂ ਪਹਿਲਾਂ ਵੱਡੀ ਪੱਧਰ 'ਤੇ ਤਿਆਰੀ ਕੀਤੀ ਜਾਣੀ ਜ਼ਰੂਰੀ ਸੀ।

ਸ਼ੇਰ ਸਿੰਘ ਘੜੀ ਮੁੜੀ ਸੂਰਜ ਵੱਲ ਦੇਖਦਾ ਪਰ ਉਹ ਅਜੇ ਤਕ ਆਕਾਸ਼ ਵਿੱਚੋਂ ਆਪਣੀ ਰੌਸ਼ਨੀ ਤੇ ਤਪਸ਼ ਲਈ ਬੜੀ ਹੌਲੀ ਹੌਲੀ ਜਾ ਰਿਹਾ ਸੀ। ਉਹਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਸੂਰਜ ਦੀ ਚਾਲ ਅੱਜ ਮੱਧਮ ਹੋ ਗਈ ਏ। ਮਸਾਂ ਮਸਾਂ ਕਿਧਰੇ ਬੜੀ ਉਡੀਕ ਪਿੱਛੋਂ ਪੱਛਮ ਦੀ ਨੁੱਕਰੇ ਪੁੱਜਾ ਤੇ ਆਪਣੀ ਅਖ਼ੀਰੀ ਲਾਲੀ ਚਾਰ-ਚੁਫ਼ੇਰੇ ਖਿਲਾਰ ਕੇ ਅਲੋਪ ਹੋ ਗਿਆ। ਸਿੱਖਾਂ ਨੇ ਪਾਠ ਕੀਤਾ ਤੇ ਫਿਰ ਪ੍ਰਸ਼ਾਦਾ ਛਕ ਕੇ ਚੜ੍ਹਾਈ ਲਈ ਤਿਆਰ ਹੋ ਗਏ। ਅਰਦਾਸਾ ਸੋਧ ਕੇ ਸਿੰਘਾਂ ਦਾ ਜਥਾ ਜੰਗਲ ਵਿੱਚੋਂ ਨਿਕਲ ਪਿਆ। ਇਸ ਸਮੇਂ ਕਾਫ਼ੀ ਹਨੇਰਾ ਚਾਰ-ਚੁਫ਼ੇਰੇ ਪਸਰ ਚੁੱਕਿਆ ਸੀ। ਬਹੁਤ ਨੇੜੇ ਦੇ ਆਦਮੀ ਹੀ ਇਕ ਦੂਜੇ ਨੂੰ ਦਿਸਦੇ ਸਨ।

ਪੱਟੀ ਦੇ ਨੇੜੇ ਆ ਕੇ ਉਹਨਾਂ ਸਿੰਘਾਂ ਨੂੰ ਅੱਗੇ ਲਾਇਆ ਗਿਆ ਜੋ ਜਾਸੂਸੀ ਲਈ ਪੱਟੀ ਆਇਆ ਕਰਦੇ ਸਨ ਤੇ ਜਿਨ੍ਹਾਂ ਨੂੰ ਪੱਟੀ ਬਾਰੇ ਪੂਰੀ ਵਾਕਫ਼ੀਅਤ ਸੀ। ਉਹਨਾਂ ਅਜਿਹਾ ਰਾਹ ਦੱਸਿਆ ਕਿ ਜਥਾ ਬਿਨਾਂ ਨਗਰ ਵਿਚ ਦਾਖ਼ਲ ਹੋਏ ਜਾਫ਼ਰ ਬੇਗ ਦੀ ਹਵੇਲੀ ਦੇ ਬਹੁਤ ਨੇੜੇ ਪਹੁੰਚ ਗਿਆ। ਇਥੋਂ ਅੱਗੇ ਘੋੜਿਆਂ ਦਾ ਜਾਣਾ ਖ਼ਤਰਨਾਕ ਸੀ ਤੇ ਲੋਕਾਂ ਨੂੰ ਪਤਾ ਲੱਗ ਸਕਦਾ ਸੀ, ਇਸ ਲਈ ਜਥਾ ਇਥੇ ਹੀ ਠਹਿਰ ਗਿਆ।

ਰਾਤ ਨੂੰ ਚਾਰ-ਚੁਫ਼ੇਰੇ ਚੁੱਪ-ਚਾਂ ਸੀ। ਸਭ ਮਨੁੱਖ ਤੇ ਪੰਛੀ ਸਾਰੇ ਦਿਨ ਦੇ ਕੰਮ ਕਾਜ ਦੇ ਥੱਕੇ ਨੀਂਦਰ ਦੀ ਗੋਦੀ ਵਿਚ ਆਰਾਮ ਕਰ ਰਹੇ ਸਨ। ਸਰਦਾਰ ਬਹਾਦਰ ਸਿੰਘ ਤੇ ਸ਼ੇਰ ਸਿੰਘ ਨੇ ਪੁਸ਼ਾਕਾਂ ਬਦਲੀਆਂ ਤੇ ਪਠਾਣੀ ਵੇਸ ਵਿਚ ਜਾਫ਼ਰ ਬੇਗ ਦੀ ਹਵੇਲੀ ਵੱਲ ਚੱਲ ਪਏ। ਇਕ ਜਾਸੂਸ ਨੂੰ ਨਾਲ ਲੈ ਲਿਆ ਤੇ ਪੈਦਲ ਹੀ ਚਾਲੇ ਪਾ ਦਿੱਤੇ।

ਜਾਫ਼ਰ ਬੇਗ ਦੀ ਹਵੇਲੀ ਦੇ ਨੇੜੇ ਪਹੁੰਚ ਕੇ ਸਿੰਘ ਨੂੰ ਮੋੜ ਦਿੱਤਾ ਤੇ ਦੋਵੇਂ ਸਰਦਾਰ ਅੱਗੇ ਵਧੇ। ਵੱਡੇ ਪਠਾਣੀ ਚੋਗਿਆਂ ਦੇ ਥੱਲੇ ਵੱਡੀਆਂ ਕਿਰਪਾਨਾਂ ਤੇ ਉਪਰ ਬੰਦੂਕਾਂ ਭਰੀਆਂ ਹੋਈਆਂ ਪਾਈਆਂ ਹੋਈਆਂ ਸਨ। ਬੰਦੂਕਾਂ ਦੇ ਉਪਰ ਇਕ ਇਕ ਕਾਲਾ ਕੱਪੜਾ ਚਾਦਰ ਵਾਂਗ ਮਾਰਿਆ ਹੋਇਆ ਸੀ।

ਦਰਵਾਜ਼ੇ ਨੇੜੇ ਪਹੁੰਚੇ ਤਾਂ ਬੜੇ ਹੈਰਾਨ ਹੋਏ ਕਿ ਫ਼ੌਜੀ ਪਹਿਰੇਦਾਰ ਬਾਹਰ ਨਹੀਂ ਸੀ। ਦੋਵੇਂ ਦਰਵਾਜ਼ੇ ਅੱਗੇ ਖੜੇ ਸੋਚਣ ਲੱਗੇ ਕਿ ਅੰਦਰ ਕਿਸ ਤਰ੍ਹਾਂ ਜਾ ਸਕਦੇ ਹਨ ? ਫ਼ਾਤਮਾ ਨੇ ਗੇਟ 'ਤੇ ਮਿਲਣ ਲਈ ਕਿਹਾ ਸੀ, ਪਰ ਉਹ ਇਥੇ ਕੋਈ ਨਹੀਂ। ਫਿਰ ਖ਼ਿਆਲ

ਆਇਆ ਕਿ ਕਿਧਰੇ ਦੇਰ ਤਾਂ ਨਹੀਂ ਹੋ ਗਈ। ਮਤੇ ਉਹ ਉਡੀਕ ਉਡੀਕ ਕੇ ਚਲੀ ਗਈ ਹੋਵੇ, ਪਰ ਪਹਿਰੇਦਾਰਾਂ ਦੀ ਅਣਹੋਂਦ ਤੋਂ ਉਹਨਾਂ ਨੂੰ ਨਿਸਚਾ ਸੀ ਕਿ ਫ਼ਾਤਮਾ ਨੇ ਹੀ ਅਜਿਹਾ ਕੀਤਾ ਹੋਵੇਗਾ।

"ਹੁਣ ਕੀ ਕਰੀਏ ?" ਸ਼ੇਰ ਸਿੰਘ ਨੇ ਪੁੱਛਿਆ, "ਤੁਹਾਡੀ ਫ਼ਾਤਮਾ ਤਾਂ ਹੈ ਨਹੀਂ।"

"ਆਵੇਗੀ ਜ਼ਰੂਰ," ਬਹਾਦਰ ਸਿੰਘ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਉਹ ਕੀਤਾ ਇਕਰਾਰ ਜ਼ਰੂਰ ਪੂਰਾ ਕਰੇਗੀ।"

ਦਰਵਾਜ਼ੇ ਵਿਚ ਲੱਗੀ ਨਿੱਕੀ ਤਾਕੀ ਖੁੱਲ੍ਹਣ ਦੀ ਆਵਾਜ਼ ਆਈ। ਦੋਹਾਂ ਸਰਦਾਰਾਂ ਨੇ ਕਿਰਪਾਨਾਂ ਦੇ ਦਸਤਿਆਂ 'ਤੇ ਹੱਥ ਪਾ ਲਏ ਤੇ ਸੁਚੇਤ ਹੋ ਗਏ। ਫ਼ਾਤਮਾ ਤਾਕੀ ਵਿੱਚੋਂ ਬਾਹਰ ਨਿਕਲ ਆਈ ਤੇ ਉਸ ਹੌਲੀ ਜਿਹੀ ਕਿਹਾ, "ਬਸ ਡਰ ਗਏ, ਤਾਕੀ ਦੀ ਆਵਾਜ਼ ਸੁਣ ਕੇ ?"

"ਨਹੀਂ, ਡਰਨ ਵਾਲੀ ਕੋਈ ਗੱਲ ਨਹੀਂ ਪਰ ਦੁਸ਼ਮਣ ਦਾ ਕੋਈ ਵਸਾਹ ਨਹੀਂ ਹੁੰਦਾ, ਇਸ ਲਈ ਤਿਆਰ ਰਹਿਣਾ ਕੋਈ ਬੁਜ਼ਦਿਲੀ ਨਹੀਂ, ਸਗੋਂ ਦਲੇਰੀ ਦੀ ਨਿਸ਼ਾਨੀ ਹੁੰਦੀ ਏ," ਸਰਦਾਰ ਬਹਾਦਰ ਸਿੰਘ ਨੇ ਕਿਹਾ, "ਵੇਖ ਲਓ, ਇਕਰਾਰ ਕੀਤਾ ਸੀ ਤੇ ਆ ਗਏ ਹਾਂ। ਸ਼ੇਰ ਸਿੰਘ ਹੋਰੀਂ ਹੁਣ ਕਹਿੰਦੇ ਪਏ ਸਨ ਕਿ ਫ਼ਾਤਮਾ ਨਹੀਂ ਆਈ ਪਰ ਮੈਂ ਕਹਿ ਰਿਹਾ ਸਾਂ ਕਿ ਜ਼ਰੂਰ ਆਏਗੀ।"

"ਮੈਂ ਬੜੀ ਦੇਰ ਤੋਂ ਉਡੀਕ ਰਹੀ ਸਾਂ ਤੇ ਹੁਣ ਵੀ ਮੈਂ ਦਰਵਾਜ਼ੇ ਦੇ ਪਿੱਛੇ ਖਲੋਤੀ ਸਾਂ, ਪਰ ਪੈਰਾਂ ਦੇ ਖੜਾਕ ਤੋਂ ਮੈਂ ਸਮਝਿਆ ਕਿ ਸ਼ਾਇਦ ਕੋਈ ਹੋਰ ਹੈ, ਪਰ ਜਦੋਂ ਤੁਸਾਂ ਗੱਲਾਂ ਕੀਤੀਆਂ ਤਾਂ ਮੈਂ ਤੁਹਾਡੀ ਆਵਾਜ਼ ਪਛਾਣ ਲਈ," ਫ਼ਾਤਮਾ ਨੇ ਕਿਹਾ ਤੇ ਬੜੇ ਪਿਆਰ ਨਾਲ ਸ਼ੇਰ ਸਿੰਘ ਦਾ ਚਿਹਰਾ ਦੇਖਣਾ ਚਾਹਿਆ, ਪਰ ਹਨੇਰਾ ਹੋਣ ਕਾਰਨ ਉਹ ਚੰਗੀ ਤਰ੍ਹਾਂ ਦਰਸ਼ਨ ਨਾ ਕਰ ਸਕੀ। ਐਵੇਂ ਧੁੰਦਲਾ ਜਿਹਾ ਚਿਹਰਾ ਹੀ ਉਹਨੂੰ ਦਿਸਿਆ, ਉਸ ਕਿਹਾ, "ਇਹ ਤਾਂ ਮੇਰੀ ਬੜੀ ਖ਼ੁਸ਼ਕਿਸਮਤੀ ਏ ਕਿ ਕਿਸੇ ਬਹਾਨੇ ਸ਼ੇਰ ਸਿੰਘ ਹੋਰਾਂ ਦੇ ਵੀ ਦਰਸ਼ਨ ਹੋ ਗਏ ਹਨ, ਨਹੀਂ ਤੇ ਇਹਨਾਂ ਕਿਥੇ ਆਉਣਾ ਸੀ।"

"ਅੱਛਾ, ਦੱਸੋ ਜੀਤੋ ਦਾ ਕੁਝ ਪਤਾ ਲੱਗਾ ਏ ?" ਸਰਦਾਰ ਬਹਾਦਰ ਸਿੰਘ ਨੇ ਉਹਦੀ ਗੱਲ ਵਿੱਚੇ ਟੋਕ ਕੇ ਪੁੱਛਿਆ।

"ਇਥੇ ਖਲੋ ਕੇ ਸਾਡਾ ਗੱਲਾਂ ਕਰਨਾ ਖ਼ਤਰਨਾਕ ਏ," ਫ਼ਾਤਮਾ ਨੇ ਕਿਹਾ, "ਇਸ ਲਈ ਸਾਨੂੰ ਇਕ ਪਾਸੇ ਹੋ ਜਾਣਾ ਚਾਹੀਦਾ ਹੈ। ਮੈਂ ਤੁਹਾਨੂੰ ਅੰਦਰ ਲੈ ਚੱਲਦੀ ਜੇਕਰ ਚਾਚਾ ਜੀ ਆ ਗਏ ਹੁੰਦੇ ਤੇ ਆਪਣੇ ਹਾਤੇ ਵਿਚ ਹੁੰਦੇ। ਹੁਣ ਉਹ ਕਿਧਰੇ ਬਾਹਰ ਗਏ ਹੋਏ ਹਨ ਤੇ ਡਰ ਹੈ ਕਿ ਕਿਧਰੇ ਉੱਤੋਂ ਨਾ ਆ ਜਾਣ। ਇਸ ਲਈ ਮੈਂ ਦਰਵਾਜ਼ੇ ਦੇ ਬਾਹਰ ਨਹੀਂ ਸਾਂ ਖਲੋਤੀ।"

"ਜਾਫ਼ਰ ਬੇਗ ਕਿਥੇ ਗਿਆ ਏ ?" ਸ਼ੇਰ ਸਿੰਘ ਨੇ ਪੁੱਛਿਆ।

"ਇਹ ਤਾਂ ਸਾਨੂੰ ਦੱਸਿਆ ਨਹੀਂ, ਪਰ ਜਾਪਦਾ ਏ ਕਿ ਇਥੇ ਹੀ ਕਿਧਰੇ ਹੋਣੇ ਨੇ, ਇਸ ਲਈ ਚੱਲੋ ਇਥੋਂ ਇਕ ਪਾਸੇ ਹੋ ਜਾਈਏ," ਫ਼ਾਤਮਾ ਨੇ ਕਿਹਾ ਤੇ ਆਪ ਅੱਗੇ ਹੋ ਕੇ ਟੁਰ ਪਈ। ਸਰਦਾਰ ਬਹਾਦਰ ਸਿੰਘ ਤੇ ਸ਼ੇਰ ਸਿੰਘ ਉਹਦੇ ਪਿੱਛੇ ਪਿੱਛੇ ਚੱਲ ਪਏ।

ਜਾਫ਼ਰ ਬੇਗ ਦੀ ਹਵੇਲੀ ਦੇ ਨਾਲ ਹੀ ਕੁਝ ਮਕਾਨ ਡਿੱਗੇ ਪਏ ਸਨ ਤੇ ਉਹਨਾਂ ਖੋਲਿਆਂ ਦੇ ਵਿੱਚੋਂ ਦੀ ਲੰਘ ਕੇ ਇਕ ਰਾਹ ਬਾਹਰ ਨੂੰ ਜਾਂਦਾ ਸੀ। ਫ਼ਾਤਮਾ ਇਸ ਰਾਹ 'ਤੇ ਤੁਰਦੀ ਗਈ ਤੇ ਦੋਵੇਂ ਉਹਦੇ ਪਿੱਛੇ ਖੋਲਿਆਂ ਦੇ ਇੱਟਾਂ ਵੱਟਿਆਂ ਤੇ ਨਿੱਕੀਆਂ ਢਹੀਆਂ ਕੰਧਾਂ ਟੱਪਦੇ ਗਏ। ਹਨੇਰੇ ਵਿਚ ਇਕ ਦੋ ਵਾਰ ਠੁੱਡੇ ਵੀ ਲੱਗੇ ਪਰ ਛੇਤੀ ਹੀ ਸੰਭਲ ਕੇ ਟੁਰਦੇ ਗਏ। ਸੇਵਾਦਾਰ ਜਾਸੂਸ ਵਾਪਸ ਨਹੀਂ ਸੀ ਗਿਆ, ਸਗੋਂ ਇਹਨਾਂ ਦਾ ਪਿੱਛਾ ਕਰਦਾ ਚਲਿਆ ਆ ਰਿਹਾ ਸੀ, ਪਰ ਹਨੇਰਾ ਹੋਣ ਕਾਰਨ ਉਹਨੂੰ ਦੇਖਿਆ ਨਹੀਂ ਸੀ ਜਾ ਸਕਦਾ।

ਜਾਫ਼ਰ ਬੇਗ ਦੀ ਬਾਹਰਲੀ ਹਵੇਲੀ ਦੇ ਦਰਵਾਜ਼ੇ 'ਤੇ ਆ ਕੇ ਫ਼ਾਤਮਾ ਰੁਕ ਗਈ। ਉਸ ਰਹੀਮ ਖ਼ਾਨ ਨਾਲ ਪ੍ਰੋਗਰਾਮ ਬਣਾਇਆ ਹੋਇਆ ਸੀ ਕਿ ਉਹ ਰਾਤ ਨੂੰ ਜੀਤੋ ਨੂੰ ਮਿਲਣ ਆਏਗੀ ਅਤੇ ਉਹਨੂੰ ਆਸ ਸੀ ਕਿ ਰਹੀਮ ਖ਼ਾਨ ਜ਼ਰੂਰ ਸੁਹਣੇ ਕੱਪੜੇ ਪਾ ਕੇ ਬਣ ਠਣ ਕੇ ਹਵੇਲੀ ਦੇ ਦਰਵਾਜ਼ੇ 'ਤੇ ਉਹਦੀ ਉਡੀਕ ਕਰ ਰਿਹਾ ਹੋਵੇਗਾ, ਪਰ ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਹਵੇਲੀ ਦੇ ਬਾਹਰ ਰਹੀਮ ਖ਼ਾਨ ਨਾ ਮਿਲਿਆ। ਉਸ ਹਵੇਲੀ ਦੇ ਦਰਵਾਜ਼ੇ 'ਤੇ ਆ ਕੇ ਸਰਦਾਰ ਬਹਾਦਰ ਸਿੰਘ ਤੇ ਸ਼ੇਰ ਸਿੰਘ ਨੂੰ ਜ਼ਰਾ ਇਕ ਪਾਸੇ ਕਰ ਦਿੱਤਾ ਤੇ ਆਪ ਦਰਵਾਜ਼ਾ ਖੜਕਾਇਆ। ਇਕ ਸਿਪਾਹੀ ਨੇ ਝੱਟ ਦਰਵਾਜ਼ਾ ਖੋਲ੍ਹਿਆ ਤੇ ਪੁੱਛਿਆ, "ਕੌਣ ਏਂ ?"

"ਮੈਂ ਹਾਂ," ਫ਼ਾਤਮਾ ਨੇ ਕਿਹਾ।

"ਮੈਂ ਕੌਣ ?" ਸਿਪਾਹੀ ਨੇ ਪੁੱਛਿਆ। ਫ਼ਾਤਮਾ ਜਾਣ ਗਈ ਕਿ ਇਹ ਸਿਪਾਹੀ ਮੇਰੀ ਆਵਾਜ਼ ਨਹੀਂ ਜਾਣਦਾ, ਇਸ ਲਈ ਇਹਨੂੰ ਨਹੀਂ ਪਤਾ ਕਿ ਮੈਂ ਕੌਣ ਹਾਂ। ਫ਼ਾਤਮਾ ਨੇ ਕਿਹਾ, "ਰਹੀਮ ਖ਼ਾਨ ਹੋਰੀਂ ਕਿਥੇ ਨੇ ?"

"ਅੰਦਰ ਨੇ," ਸਿਪਾਹੀ ਨੇ ਕਿਹਾ, "ਕੀ ਕੰਮ ਏ ਉਹਨਾਂ ਨਾਲ ?"

"ਤੈਨੂੰ ਕਿਉਂ ਦੱਸਾਂ ? ਤੂੰ ਉਹਨਾਂ ਨੂੰ ਬੁਲਾ," ਫ਼ਾਤਮਾ ਨੇ ਕਿਹਾ।

"ਤੇਰਾ ਨਾਂ ਕੀ ਏ ?" ਸਿਪਾਹੀ ਨੇ ਪੁੱਛਿਆ।

"ਜਾਣਾ ਏਂ ਕਿ ਨਹੀਂ, ਦੱਸਾਂ ਤੈਨੂੰ ਮੈਂ ਕੌਣ ਹਾਂ," ਫ਼ਾਤਮਾ ਨੇ ਜ਼ਰਾ ਗੁੱਸੇ ਵਿਚ ਉੱਚੀ ਸਾਰੀ ਕਿਹਾ ਤੇ ਸਿਪਾਹੀ ਡਰ ਗਿਆ। ਉਸ ਸਮਝਿਆ ਕਿ ਇਹ ਜ਼ਰੂਰ ਕੋਈ ਰਹੀਮ ਖ਼ਾਨ ਦੀ ਨੇੜੇ ਦੀ ਕੋਈ ਜ਼ਨਾਨੀ ਏ। ਉਸ ਤਾਕੀ ਦਾ ਦਰਵਾਜ਼ਾ ਬੰਦ ਕੀਤਾ

ਤੇ ਅੰਦਰ ਚਲਾ ਗਿਆ।

ਹਵੇਲੀ ਵਿਚ ਰਹੀਮ ਤੇ ਜਾਫ਼ਰ ਬੇਗ ਬੈਠੇ ਸ਼ਰਾਬ ਪੀ ਰਹੇ ਸਨ। ਰਹੀਮ ਖ਼ਾਨ ਸੁਰਾਹੀ ਵਿੱਚੋਂ ਪਿਆਲਾ ਭਰ ਕੇ ਦੇਂਦਾ ਤੇ ਜਾਫ਼ਰ ਬੇਗ ਪੀ ਲੈਂਦਾ। ਅਖ਼ੀਰ ਪਿਆਲੇ ਨੂੰ ਹੱਥ ਵਿਚ ਫੜ ਕੇ ਜਾਫ਼ਰ ਬੇਗ ਨੇ ਇਕ ਦੋ ਸ਼ੇਅਰ ਕਹੇ ਤੇ ਫਿਰ ਕਿਹਾ, "ਰਹੀਮਿਆ, ਜੇ ਅੱਜ ਵੀ ਜੀਤੋ ਸਾਡੇ ਨਾਲ ਹੱਸ ਕੇ ਨਾ ਬੋਲੀ ਤਾਂ ਸਾਡਾ ਗੁੱਸਾ ਫਿਰ ਕੁਝ ਕਰ ਬਹੇਗਾ।" ਜਾਫ਼ਰ ਬੇਗ ਤੀਜਾ ਪਿਆਲਾ ਵੀ ਪੀ ਗਿਆ। ਰਹੀਮ ਖ਼ਾਨ ਨੇ ਹੋਰ ਸ਼ਰਾਬ ਪਾਣ ਲਈ ਸੁਰਾਹੀ ਚੁੱਕੀ ਤੇ ਅਜੇ ਉਲਟਾਈ ਹੀ ਸੀ ਕਿ ਸਿਪਾਹੀ ਨੇ ਜਾ ਕੇ ਕੰਨ ਦੇ ਕੋਲ ਹੌਲੀ ਜਿਹੀ ਕਿਹਾ, "ਤੁਹਾਨੂੰ ਕੋਈ ਜ਼ਨਾਨੀ ਮਿਲਣ ਆਈ ਏ।" ਰਹੀਮ ਖ਼ਾਨ ਦੀ ਸੁਰਾਹੀ ਉਥੇ ਰੁਕ ਗਈ ਤੇ ਸਰੀਰ ਸੁੰਨ ਹੋ ਗਿਆ।

"ਕੀ ਕਿਹਾ ਈ ਉਏ ?" ਜਾਫ਼ਰ ਬੇਗ ਨੇ ਨਸ਼ੇ ਵਿਚ ਬੜੇ ਲਮਕਾ ਕੇ ਇਹ ਸ਼ਬਦ ਕਹੇ।

"ਕੁਝ ਨਹੀਂ ਜਨਾਬ," ਸਿਪਾਹੀ ਨੇ ਕਿਹਾ ਤੇ ਡਰਦੇ ਮਾਰੇ ਪਿੱਛੇ ਹਟ ਗਿਆ।

"ਕੁਝ ਨਹੀਂ ਦਿਆ ਪੁੱਤਰਾ! ਕੰਨਾਂ ਵਿਚ ਕੁਝ ਘੁਸਰ ਮੁਸਰ ਤੇ ਕਰਨ ਲੱਗਾ ਏਂ," ਜਾਫ਼ਰ ਬੇਗ ਨੇ ਕਿਹਾ, ਫਿਰ ਉਹਦਾ ਧਿਆਨ ਪਿਆਲੇ ਵੱਲ ਚਲਾ ਗਿਆ ਤੇ ਉਹ ਸ਼ਰਾਬ ਪੀਣ ਲੱਗ ਪਿਆ।

ਦੋ ਕੁ ਮਿੰਟ ਪਿੱਛੋਂ ਰਹੀਮ ਖ਼ਾਨ ਉਠਿਆ ਤੇ ਡਿਉਢੀ ਵਿਚ ਆ ਗਿਆ। ਫ਼ਾਤਮਾ ਨੂੰ ਉਸ ਅੰਦਰ ਬੁਲਾਇਆ ਤੇ ਉਹਨੂੰ ਸਮਝਾਇਆ ਕਿ ਮੀਆਂ ਜੀ ਅੰਦਰ ਹਨ, ਇਸ ਲਈ ਤੂੰ ਝੱਟ-ਪਟ ਚਲੀ ਜਾਹ।

ਉਹ ਅਜੇ ਸਮਝਾ ਹੀ ਰਿਹਾ ਸੀ ਕਿ ਬਾਹਰ ਰੌਲਾ ਪੈ ਗਿਆ। 'ਚੋਰ ਓਏ, ਚੋਰ ਓਏ' ਦੀ ਆਵਾਜ਼ ਸੁਣ ਕੇ ਸਿਪਾਹੀ ਨੇ ਝੱਟ-ਪਟ ਦਰਵਾਜ਼ਾ ਖੋਲ੍ਹਿਆ ਤੇ ਬਾਹਰ ਨਿਕਲ ਆਇਆ। ਰਹੀਮ ਖ਼ਾਨ ਵੀ ਉਹਦੇ ਪਿੱਛੇ ਪਿੱਛੇ ਨਿਕਲ ਆਇਆ। ਇਹਨਾਂ ਦੇ ਸਿਪਾਹੀ ਖਾਣ ਪੀਣ ਦਾ ਸਾਮਾਨ ਲੈ ਕੇ ਬਾਹਰੋਂ ਆਏ ਸਨ ਤੇ ਉਹਨਾਂ ਗੇਟ ਦੇ ਨਾਲ ਕੰਧਾਂ ਨਾਲ ਲੱਗ ਕੇ ਖੜੇ ਬਹਾਦਰ ਸਿੰਘ ਤੇ ਸ਼ੇਰ ਸਿੰਘ ਨੂੰ ਦੇਖ ਲਿਆ। ਇਕ ਸਿਪਾਹੀ ਨੇ ਆਵਾਜ਼ ਦਿੱਤੀ ਤੇ ਇਹ ਦੋਵੇਂ ਪਿੱਛੇ ਹਟ ਗਏ ਤਾਕਿ ਹੋਰ ਹਨੇਰੇ ਵਿਚ ਹੋ ਜਾਣ ਤੇ ਪਛਾਣੇ ਨਾ ਜਾ ਸਕਣ। ਇਹਨਾਂ ਦੇ ਪਿੱਛੇ ਹਟਣ 'ਤੇ ਸਿਪਾਹੀਆਂ ਨੂੰ ਸ਼ੱਕ ਪੈ ਗਿਆ ਕਿ ਇਹ ਤਾਂ ਚੋਰ ਹਨ ਜਿਸ ਕਰਕੇ ਉਹਨਾਂ ਰੌਲਾ ਪਾ ਦਿੱਤਾ।

ਜਦ ਅੰਦਰੋਂ ਵੀ ਬੰਦੇ ਨਿਕਲ ਆਏ ਤਾਂ ਬਹਾਦਰ ਸਿੰਘ ਨੇ ਕਿਰਪਾਨ ਨੂੰ ਹੱਥ ਪਾ ਲਿਆ। ਸਰਦਾਰ ਬਹਾਦਰ ਸਿੰਘ ਨੇ ਕਿਰਪਾਨ ਮਿਆਨ ਤੋਂ ਅੱਧੀ ਕੁ ਬਾਹਰ ਕੱਢ ਲਈ। ਉਹ ਕੰਧ ਦੇ ਨਾਲ ਨਾਲ ਹਟਦੇ ਗਏ ਤਾਕਿ ਇਹਨਾਂ ਦੇ ਘੇਰੇ ਤੋਂ ਨਿਕਲ ਜਾਣ

ਪਰ ਸਿਪਾਹੀਆਂ ਨੇ ਝੱਟ ਹੀ ਘੇਰਾ ਪਾ ਲਿਆ।

ਆਵਾਜ਼ ਸੁਣ ਕੇ ਜਾਫ਼ਰ ਬੇਗ ਵੀ ਆ ਗਿਆ ਤੇ ਉਸ ਇਕ ਸਿਪਾਹੀ ਤੋਂ ਬੰਦੂਕ ਫੜ ਲਈ ਤੇ ਪੁੱਛਿਆ, "ਕੌਣ ਹਨ ?"

"ਚੋਰ ਜਾਪਦੇ ਨੇ," ਇਕ ਸਿਪਾਹੀ ਨੇ ਦੱਸਿਆ। ਦੋ ਆਦਮੀ ਦੌੜ ਕੇ ਮਸ਼ਾਲਾਂ ਤੇ ਬੱਤੀਆਂ ਲੈ ਆਏ। ਸਿੰਘਾਂ ਲਈ ਹੁਣ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਕਿ ਉਹ ਵਾਰ ਕਰਨ। ਖੁੱਲ੍ਹੇ ਜਿਹੇ ਪਠਾਣੀ ਕੱਪੜਿਆਂ ਵਿਚ ਸਿੰਘਾਂ ਲਈ ਚੁਸਤੀ ਨਾਲ ਲੜਨਾ ਮੁਸ਼ਕਲ ਸੀ ਇਸ ਲਈ ਉਹ ਉਤਾਰ ਦਿੱਤੇ। ਬੱਤੀ ਦੀ ਰੌਸ਼ਨੀ ਪੈਂਦਿਆਂ ਝੱਟ ਪਛਾਣੇ ਗਏ ਤੇ ਰੌਲਾ ਪੈ ਗਿਆ, "ਸਿਖ ਆ ਗਏ, ਸਿਖ ਆ ਗਏ।" ਸਿਪਾਹੀ ਦੌੜ ਕੇ ਡਿਉਢੀ ਵਿਚ ਵੜ ਗਏ ਪਰ ਜਾਫ਼ਰ ਬੇਗ ਸ਼ਰਾਬ ਦੇ ਨਸ਼ੇ ਵਿਚ ਬੰਦੂਕ ਲਈ ਖਲੋਤਾ ਰਿਹਾ ਤੇ ਜਦੋਂ ਉਹਨੂੰ ਇਕ ਸਿਖ ਦਾ ਥੋੜ੍ਹਾ ਜਿਹਾ ਚਿਹਰਾ ਨਜ਼ਰ ਆਇਆ ਤਾਂ ਉਸ ਗੋਲੀ ਚਲਾ ਦਿੱਤੀ। ਇਹ ਗੋਲੀ ਨਿਸ਼ਾਨੇ ਤੋਂ ਖੁੰਝ ਗਈ ਤੇ ਕੰਧ ਵਿਚ ਜਾ ਲੱਗੀ।

ਰਾਤ ਦੇ ਵੇਲੇ ਗੋਲੀ ਚੱਲਣ ਦੀ ਆਵਾਜ਼ ਦੂਰ ਤਕ ਗਈ ਪਰ ਉਹਦੇ ਦੂਜੀ ਵਾਰ ਗੋਲੀ ਚਲਾਣ ਤੋਂ ਪਹਿਲਾਂ ਹੀ ਸ਼ੇਰ ਸਿੰਘ ਨੇ ਝਪਟ ਕੇ ਕਿਰਪਾਨ ਦਾ ਅਜਿਹਾ ਵਾਰ ਕੀਤਾ ਜੋ ਜਾਫ਼ਰ ਬੇਗ ਦੇ ਮੋਢੇ 'ਤੇ ਲੱਗਾ ਤੇ ਉਹ ਉਥੇ ਹੀ ਮੋਢਾ ਫੜ ਕੇ ਬਹਿ ਗਿਆ।

ਇਤਨੇ ਵਿਚ ਜਾਫ਼ਰ ਬੇਗ ਦੇ ਬਹੁਤ ਸਾਰੇ ਸਿਪਾਹੀ ਅੰਦਰੋਂ ਹਥਿਆਰ ਲੈ ਕੇ ਆ ਗਏ ਤੇ ਘੇਰਾ ਪਾ ਲਿਆ। ਫ਼ਾਤਮਾ ਦਰਵਾਜ਼ੇ ਨਾਲ ਲੱਗੀ ਸਭ ਕੁਝ ਵੇਖ ਰਹੀ ਸੀ। ਸ਼ੇਰ ਸਿੰਘ ਵੀ ਦਰਵਾਜ਼ੇ ਦੇ ਬਿਲਕੁਲ ਨਾਲ ਆ ਗਿਆ ਤੇ ਉਸ ਹਨੇਰੇ ਦੀ ਆੜ ਵਿਚ ਅੰਦਰ ਜਾਣ ਦਾ ਯਤਨ ਕੀਤਾ, ਪਰ ਇਕ ਸਿਪਾਹੀ ਨੇ ਝੱਟ ਬੰਦੂਕ ਸਿੱਧੀ ਕਰ ਕੇ ਨਿਸ਼ਾਨਾ ਬੰਨ੍ਹ ਲਿਆ।

"ਨਾ ਮਾਰੀਂ," ਫ਼ਾਤਮਾ ਇਹ ਕਹਿ ਕੇ ਉਸ ਸਿਪਾਹੀ ਵੱਲ ਦੌੜੀ ਪਰ ਸਿਪਾਹੀ ਨੇ ਘੋੜਾ ਦਬਾ ਦਿੱਤਾ ਤੇ ਉਹ ਗੋਲੀ ਸਿੱਧੀ ਫ਼ਾਤਮਾ ਦੀ ਛਾਤੀ ਵਿਚ ਲੱਗੀ। ਉਹ ਉਥੇ ਹੀ ਢੇਰੀ ਹੋ ਗਈ।

ਸਰਦਾਰ ਬਹਾਦਰ ਸਿੰਘ ਨੇ ਬੰਦੂਕ ਸੰਭਾਲ ਲਈ ਤੇ ਗੋਲੀ ਮਾਰ ਕੇ ਉਸ ਸਿਪਾਹੀ ਨੂੰ ਉਥੇ ਹੀ ਠੰਢਾ ਕਰ ਦਿੱਤਾ। ਸਰਦਾਰ ਸ਼ੇਰ ਸਿੰਘ ਆਪਣੀ ਕਿਰਪਾਨ ਨਾਲ ਗਤਕਾ ਖੇਡਦਾ ਅੰਦਰ ਲੰਘ ਗਿਆ। ਜੋ ਵੀ ਉਹਦੇ ਸਾਹਮਣੇ ਆਇਆ, ਉਸ ਸਭ ਨੂੰ ਪਾਰ ਬੁਲਾਇਆ।

ਸਿੰਘਾਂ ਦਾ ਜਥਾ ਵੀ ਗੋਲੀ ਦੀ ਆਵਾਜ਼ ਸੁਣ ਕੇ ਜੈਕਾਰੇ ਛੱਡਦਾ ਆ ਗਿਆ। ਜੈਕਾਰਿਆਂ ਦੀ ਆਵਾਜ਼ ਨੇ ਜਾਫ਼ਰ ਬੇਗ ਦੇ ਸਿਪਾਹੀਆਂ ਦੇ ਹੌਂਸਲੇ ਢਾਹ ਦਿੱਤੇ ਤੇ ਉਥੋਂ ਨੱਸ ਗਏ। ਜ਼ਖ਼ਮੀ ਹਾਲਤ ਵਿਚ ਜਾਫ਼ਰ ਬੇਗ ਨੂੰ ਵੀ ਚੁੱਕ ਕੇ ਨਾਲ ਲੈ ਗਏ।

ਪੰਜ ਮਿੰਟ ਤੋਂ ਵੱਧ ਉਹ ਸਿੰਘਾਂ ਨਾਲ ਟੱਕਰ ਨਾ ਲੈ ਸਕੇ।

ਜੀਤੋ ਦੇ ਕਮਰੇ ਦਾ ਬੂਹਾ ਜਾਫ਼ਰ ਬੇਗ ਦੇ ਸ਼ਾਮ ਨੂੰ ਆਉਣ 'ਤੇ ਖੋਲ੍ਹ ਦਿੱਤਾ ਗਿਆ ਸੀ ਤੇ ਹੁਣ ਜਦੋਂ ਗੋਲੀ ਚੱਲਣ ਤੇ 'ਹਾਏ ਹਾਏ' ਦੀਆਂ ਆਵਾਜ਼ਾਂ ਆਈਆਂ ਤਾਂ ਉਹ ਸਹਿਮ ਗਈ ਪਰ ਜਦੋਂ 'ਸਿਖ ਆ ਗਏ' ਦਾ ਰੌਲਾ ਸੁਣਿਆ ਤਾਂ ਉਹ ਬਾਹਰ ਨਿਕਲ ਆਈ।

"ਜੀਤੋ," ਸ਼ੇਰ ਸਿੰਘ ਨੇ ਉਹਨੂੰ ਦੇਖਦਿਆਂ ਦੂਰੋਂ ਆਵਾਜ਼ ਦਿੱਤੀ।

"ਜੀ!" ਕਹਿ ਕੇ ਉਹ ਚੁੱਪ ਹੋ ਗਈ। ਉਹਦਾ ਦਿਲ ਤਾਂ ਕੀਤਾ ਕਿ ਦੌੜ ਕੇ ਸ਼ੇਰ ਸਿੰਘ ਕੋਲ ਆ ਜਾਏ ਪਰ ਝਕ ਗਈ। ਸ਼ੇਰ ਸਿੰਘ ਉਹਦੇ ਕੋਲ ਪਹੁੰਚ ਗਿਆ ਤੇ ਉਹਨੂੰ ਕਿਹਾ, "ਚੱਲ, ਛੇਤੀ ਚੱਲੀਏ।"

ਇਤਨੇ ਵਿਚ ਸਿੰਘਾਂ ਦਾ ਜਥਾ ਵੀ ਹਵੇਲੀ ਵਿਚ ਆ ਵੜਿਆ। ਸਰਦਾਰ ਬਹਾਦਰ ਸਿੰਘ ਦੇ ਪੈਰ ਨੂੰ ਠੁਡਾ ਲੱਗਾ ਤੇ ਜਦ ਬੱਤੀ ਦੀ ਰੌਸ਼ਨੀ ਕਰ ਕੇ ਦੇਖਿਆ ਤਾਂ ਉਹ ਫ਼ਾਤਮਾ ਪਈ ਸੀ।

"ਹੈਂ, ਫ਼ਾਤਮਾ ਤੂੰ!" ਸਰਦਾਰ ਬਹਾਦਰ ਸਿੰਘ ਨੇ ਕਿਹਾ ਤੇ ਉਹਨੂੰ ਹਿਲਾਇਆ। ਫ਼ਾਤਮਾ ਦਰਦ ਨਾਲ ਬੇਸੁੱਧ ਸੀ। ਜੀਤੋ ਦੌੜ ਕੇ ਪਾਣੀ ਲੈ ਆਈ ਤੇ ਉਹਦੇ ਮੂੰਹ ਵਿਚ ਪਾਇਆ।

ਫ਼ਾਤਮਾ ਨੇ ਅੱਖਾਂ ਖੋਲ੍ਹੀਆਂ। ਉਹਦੇ ਸਰ੍ਹਾਣੇ ਇਕ ਪਾਸੇ ਜੀਤੋ ਅਤੇ ਦੂਜੇ ਪਾਸੇ ਸ਼ੇਰ ਸਿੰਘ ਸੀ। ਆਪਣੇ ਕੰਬਦੇ ਹੱਥਾਂ ਨਾਲ ਉਸ ਦੋਹਾਂ ਦੀਆਂ ਬਾਹਾਂ ਫੜੀਆਂ। ਜੀਤੋ ਦਾ ਹੱਥ ਸ਼ੇਰ ਸਿੰਘ ਨੂੰ ਫੜਾ ਕੇ ਕਿਹਾ, "ਮੈਂ ਇਕਰਾਰ ਪੂਰਾ ਕਰ ਦਿੱਤਾ ਏ।"

"ਨਹੀਂ, ਫ਼ਾਤਮਾ ਭੈਣ," ਕਹਿ ਕੇ ਜੀਤੋ ਰੋਣ ਲੱਗ ਪਈ।

"ਤੇਰਾ ਖ਼ੂਨ ਨਿਹੱਕ ਹੋ ਗਿਆ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਨਹੀਂ, ਸਾਡੇ ਗੁਨਾਹ ਤਾਂ ਕਈ ਖ਼ੂਨ ਦਿੱਤਿਆਂ ਵੀ ਨਹੀਂ ਧੁਪਣੇ, ਤੁਸੀਂ ਹੁਣ ਚੱਲੋ, ਕਿਧਰੇ ਹੋਰ ਖ਼ੂਨ ਨਾ ਹੋ ਜਾਣ।"


"ਤੈਨੂੰ ਇਸ ਤਰ੍ਹਾਂ ਛੱਡ ਕੇ ਕਿਵੇਂ ਜਾ ਸਕਦੇ ਹਾਂ," ਸਰਦਾਰ ਬਹਾਦਰ ਸਿੰਘ ਨੇ ਕਿਹਾ।

"ਨਹੀਂ, ਤੁਸੀਂ ਮੇਰੀ ਪਰਵਾਹ ਨਾ ਕਰੋ, ਮੈਂ ਬਚ ਨਹੀਂ ਸਕਦੀ। ਤੁਸੀਂ ਜੀਤੋ ਨੂੰ ਲੈ ਕੇ ਛੇਤੀ ਚਲੇ ਜਾਓ," ਫ਼ਾਤਮਾ ਨੇ ਕਿਹਾ।

ਸਿੰਘਾਂ ਨੇ ਹੋਰ ਇਥੇ ਠਹਿਰਨਾ ਖ਼ਤਰਨਾਕ ਸਮਝਿਆ ਤੇ ਝੱਟ ਘੋੜਿਆਂ 'ਤੇ ਸਵਾਰ ਹੋ ਕੇ ਪੱਟੀ ਤੋਂ ਬਾਹਰ ਆ ਗਏ।

•

ISBN 81-7205-182-4



ISBN 81-7205-182-4
9 788172 051822